
PREMIUM PUNJABI TIMEPIECES

WWW.FATEH.CO

PRIDE OF PUNJAB

ਸ਼ਾਨਦਾਰ ਪੰਜਾਬੀ ਘੜੀਆਂ: ਸਾਡਾ ਵਕਤ, ਸਾਡੀ ਪਹਿਚਾਣ

WWW.FATEH.CO



Twenty-Fifth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 25, Issue 51; December 21, 2024 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਪੰਜਾਬ ਮਹਿਲਾ ਕਮਿਸ਼ਨ ਅੱਗੇ ਪੇਸ਼ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ

ਮੋਹਾਲੀ : ਪੰਜਾਬ ਮਹਿਲਾ ਕਮਿਸ਼ਨ ਵੱਲੋਂ ਸਮਨ ਜਾਰੀ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੋਹਾਲੀ ਸਥਿਤ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਦਫਤਰ ਵਿਖੇ ਪੁੱਜੇ। ਇਸ ਮੌਕੇ ਮਹਿਲਾ ਕਮਿਸ਼ਨ ਨੂੰ ਲਿਖਤੀ ਤੌਰ ਤੇ ਦਿੱਤੇ ਆਪਣੇ ਜਵਾਬ ਵਿੱਚ ਧਾਮੀ ਨੇ ਦੱਸਿਆ ਕਿ ਉਹਨਾਂ ਤੋਂ ਗਲਤੀ ਹੋਈ ਹੈ ਅਤੇ ਉਹ ਇਸ ਲਈ ਮੁਆਫ਼ੀ ਵੀ ਮੰਗਦੇ ਹਨ। ਪਰ ਮਹਿਲਾ ਕਮਿਸ਼ਨ ਦੀ ਚੇਅਰ ਪਰਸਨ ਰਾਜ ਲਾਲੀ ਗਿੱਲ ਨੇ ਸਪਸ਼ਟ ਕੀਤਾ ਕਿ ਇਹ ਮਾਮਲਾ ਸਿਰਫ਼ ਮੁਆਫ਼ੀ ਮੰਗਣ ਨਾਲ ਹੀ ਖਤਮ ਨਹੀਂ ਹੋਵੇਗਾ, ਕਿਉਂਕਿ ਜੋ ਵੀ ਦਿਲ ਵਿੱਚ ਹੁੰਦਾ ਹੈ ਉਹ ਬਾਹਰ ਆ ਹੀ ਜਾਂਦਾ




(ਬਾਕੀ ਸਫਾ 6 'ਤੇ)

## ਜਾਰਜੀਆ ਦੇ ਰੈਸਟੋਰਾਂ 'ਚ 11 ਪੰਜਾਬੀਆਂ ਸਣੇ 12 ਦੀ ਮੌਤ

ਤਬਲੀਸੀ : ਜਾਰਜੀਆ ਦੇ ਗਦੌਰੀ ਚ ਇੱਕ ਪਹਾੜੀ ਰੈਸਟੋਰਾਂ ਚ 11 ਭਾਰਤੀਆਂ ਸਮੇਤ 12 ਵਿਅਕਤੀ ਮ੍ਰਿਤ ਪਾਏ ਗਏ। ਜੋਰਜੀਆ ਦੇ ਅੰਦਰੂਨੀ ਮਾਮਲਿਆਂ ਦੇ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਰੈਸਟੋਰਾਂ ਚ ਮਰਨ ਵਾਲੇ ਵਿਅਕਤੀਆਂ ਦੇ ਸਰੀਰਾਂ ਤੇ ਕੋਈ ਜ਼ਖਮ ਨਹੀਂ ਹਨ ਤੇ ਨਾ ਹੀ ਕੋਈ ਹਿੰਸਾ ਦੇ ਸਬੂਤ ਹਨ। ਇਹਨਾਂ ਸਾਰਿਆਂ ਦੀ ਮੌਤ ਕਾਰਬਨ ਮੋਨੋਆਕਸਾਈਡ ਗੈਸ ਕਾਰਨ ਹੋਈ ਹੈ। ਤਬਲੀਸੀ ਸਥਿਤ ਭਾਰਤੀ ਮਿਸ਼ਨ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕਾਂ ਵਿੱਚ ਇੱਕ ਸਥਾਨਕ ਲੜਕੀ ਤੋਂ ਇਲਾਵਾ 11 ਭਾਰਤੀ ਹਨ। ਇਹਨਾਂ ਵਿੱਚੋਂ 10 ਪੰਜਾਬੀ ਹਨ। ਇਹਨਾਂ ਦੀ ਪਛਾਣ ਗੁਰਵਿੰਦਰ ਕੌਰ ਅਮਰਿੰਦਰ ਕੌਰ ਮਨਿੰਦਰ ਕੌਰ ਗਗਨਦੀਪ ਸਿੰਘ, ਰਵਿੰਦਰ ਪਾਲ ,ਵਰਿੰਦਰ ਸਿੰਘ ਸੰਦੀਪ ਸਿੰਘ ,ਸਮੀਰ ਕੁਮਾਰ, ਹਰਵਿੰਦਰ, ਪ੍ਰੀਤਮ ਲਾਲ ਰਵਿੰਦਰ ਕੁਮਾਰ ਵਜੋਂ ਹੋਈ ਹੈ। ਰਵਿੰਦਰ ਸਿੰਘ ਤੇ ਗੁਰਵਿੰਦਰ ਕੌਰ ਪਤੀ ਪਤਨੀ ਹਨ ਅਤੇ ਇਹ ਸੁਨਾਮ ਦੇ ਰਹਿਣ ਵਾਲੇ ਹਨ। ਗਿਆਰਵਾਂ ਭਾਰਤੀ ਉੱਤਰਾਖੰਡ ਦਾ ਰਹਿਣ ਵਾਲਾ ਹੈ। ਸੂਤਰਾਂ ਮੁਤਾਬਿਕ ਇਸ ਘਟਨਾ ਤੋਂ ਬਾਅਦ ਇਲਾਕੇ ਚ ਸੁਰੱਖਿਆ ਵਧਾ ਦਿੱਤੀ ਗਈ ਹੈ ਤੇ ਕਿਸੇ ਨੂੰ ਵੀ ਰੈਸਟੋਰਾਂ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਮ੍ਰਿਤਕਾਂ ਦੇ ਸਾਰੇ ਦਸਤਾਵੇਜ਼ ਪੁਲਿਸ ਨੇ ਕਬਜ਼ੇ ਵਿੱਚ ਲੈ ਲਏ ਹਨ ਤੇ ਫਿਲਹਾਲ ਸਾਰੀਆਂ ਲਾਸ਼ਾਂ ਪੁਲਿਸ ਦੇ ਕਬਜ਼ੇ ਵਿੱਚ ਹਨ।



## ਅਮਿਤ ਸ਼ਾਹ ਦਾ ਬਿਆਨ ਗੁਮਰਾਹਕੁਨ: ਡੱਲੇਵਾਲ



ਖਨੌਰੀ (ਸੰਗਰੂਰ) – ਕੇਂਦਰ ਸਰਕਾਰ ਵਲੋਂ ਕੀਤੇ ਗਏ ਵਾਅਦਿਆਂ ਨੂੰ ਅਤੇ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖਨੌਰੀ ਸਰਹੱਦ ਉੱਪਰ ਲਗਾਤਾਰ ਜਾਰੀ ਹੈ। ਅੱਜ ਡਾਕਟਰਾਂ ਨੇ ਜਗਜੀਤ ਸਿੰਘ ਡੱਲੇਵਾਲ ਦਾ ਮੈਡੀਕਲ ਬੁਲੇਟਿਨ ਜਾਰੀ ਕਰਦਿਆਂ ਦੱਸਿਆ ਕਿ ਬਹੁਤ ਦਿਨਾਂ ਤੋਂ ਭੁੱਖੇ ਰਹਿਣ ਕਾਰਨ ਹੁਣ ਡੱਲੇਵਾਲ ਦਾ ਸਰੀਰ ਹੀ ਸਰੀਰ ਨੂੰ ਅੰਦਰੋਂ ਅੰਦਰੀ ਖਾ ਰਿਹਾ ਹੈ ਅਤੇ ਉਨ੍ਹਾਂ ਦੀ ਹਾਲਤ ਵਿਗੜਦੀ ਜਾ ਰਹੀ ਹੈ। ਅੱਜ ਦੁਪਹਿਰ ਬਾਅਦ ਸਟੇਜ 'ਤੇ ਲਿਆਂਦੇ ਗਏ ਡੱਲੇਵਾਲ ਨੇ ਮੋਰਚੇ 'ਤੇ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਹਿਮ ਜ਼ੰਮੇਵਾਰੀ ਵਾਲੇ ਅਹੁਦੇ ਉੱਪਰ ਬੈਠੇ ਹੋਣ ਦੇ ਬਾਵਜੂਦ ਗੁੰਮਰਾਹਕੁੰਨ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜਿਵੇਂ ਜਿਵੇਂ ਤਕਨੀਕ ਵਧੇਗੀ ਤਾਂ ਸੁਭਾਵਿਕ ਹੀ ਹੈ ਕਿ ਫ਼ਸਲਾਂ ਦੀ ਪੈਦਾਵਾਰ ਵੀ ਵਧੇਗੀ ਅਤੇ ਖ਼ਰੀਦ ਦਾ ਅੰਕੜਾ ਵੀ ਵਧੇਗਾ। ਪਰ ਅਸਲ ਸਵਾਲ ਇਹ ਹੈ ਕਿ ਕੀ ਸਾਰੇ ਕਿਸਾਨਾਂ ਨੂੰ ਐਮ.ਐਸ.ਪੀ. ਮਿਲ ਰਹੀ ਹੈ? ਕੀ ਐਮ.ਐਸ.ਪੀ. ਪ੍ਰਾਪਤ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਵਧੀ ਹੈ ?

ਇਸ ਦੌਰਾਨ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਲਈ ਅੱਜ ਵੀ ਰਾਜਨੀਤਿਕ ਆਗੂਆਂ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਦਾ ਦੇ ਤਾਂਤਾ ਲੱਗਾ ਰਿਹਾ। ਇਸ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਮਲਵਿੰਦਰ ਸਿੰਘ ਕੰਗ ਸੰਸਦ ਮੈਂਬਰ, ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਕਾਂਗਰਸ ਜ਼ਿਲ੍ਹਾ ਪ੍ਰਧਾਨ - ਹਰਦਿਆਲ ਸਿੰਘ ਕੰਬੋਜ, ਅਭੈ ਚੌਟਾਲਾ ਇਨੈਲੋ ਹਰਿਆਣਾ, ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਬਰਨਾਲਾ, ਸਾਬਕਾ 7 ਵਿਧਾਇਕ ਮਦਨ ਲਾਲ ਜਲਾਲਪੁਰ, ਸਾਬਕਾ ਵਿਧਾਇਕ ਕਾਕਾ ਰਜਿੰਦਰ ਸਿੰਘ, ਰਾਹੁਲ ਇੰਦਰ ਭੱਠਲ, ਭਾਨਾ ਸਿੱਧੂ ਸਮੇਤ ਕਈ ਸ਼ਖ਼ਸੀਅਤਾਂ ਨੇ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ।

## ਤਬਲਾ ਉਦਾਸ ਹੋਇਆ–ਉਸਤਾਦ ਜ਼ਾਕਿਰ ਹੁਸੈਨ ਨਹੀਂ ਰਹੇ

ਸਾਨ ਫਰਾਂਸਸਕੋ : ਤਬਲਾ ਵਾਦਕ ਤੇ ਪਦਮ ਵਿਭੂਸ਼ਣ ਨਾਲ ਸਨਮਾਨਿਤ ਉਸਤਾਦ ਜ਼ਾਕਿਰ ਹੁਸੈਨ ਦਾ ਦੇਹਾਂਤ ਹੋ ਗਿਆ । ਫੇਫੜੇ ਅਤੇ ਦਿਲ ਦੀਆਂ ਬਿਮਾਰੀਆਂ ਨਾਲ ਜੂਝਦਿਆਂ ਯੂਨੀਵਰਸਿਟੀ ਆਫ ਕੈਲੀਫੋਰਨੀਆ ਸਾਨ ਫਰਾਂਸਿਸਕੋ ਵਿਖੇ ਇਲਾਜ ਦੌਰਾਨ ਉਹਨਾਂ ਦਾ ਦੇਹਾਂਤ ਹੋ ਗਿਆ। 9 ਮਾਰਚ 1951 ਨੂੰ ਮੁੰਬਈ ਜਨਮੇ ਉਸਤਾਦ ਜ਼ਾਕਿਰ ਹੁਸੈਨ ਨੇ ਸੇਂਟ ਮਾਈਕਲ ਹਾਈ ਸਕੂਲ ਤੋਂ ਦਸਵੀਂ ਅਤੇ ਸੇਂਟ ਜ਼ੇਵੀਅਰ ਕਾਲਜ ਤੋਂ ਗ੍ਰੈਜੂਏਸ਼ਨ ਪਾਸ ਕੀਤੀ ਸੀ। ਉਹ ਆਪਣੇ ਪਿੱਛੇ ਡਾਂਸਰ ਅਤੇ ਮੈਨੇਜਰ ਪਤਨੀ ਐਂਟੋਨੀਆ ਮੈਨਕੋਲਾ, ਦੋ ਧੀਆਂ ਅਨੀਸ਼ਾ ਕੁਰੈਸ਼ੀ ਤੇ ਇਜਾਬੇਲਾ ਕੁਰੈਸ਼ੀ ਛੱਡ ਗਏ ਹਨ। ਭਾਰਤੀ ਤਾਲ ਪਰੰਪਰਾ ਦੇ ਵਾਰਿਸ ਉੱਘੇ ਤਬਲਾ ਵਾਦਕ ਮਰਹੂਮ ਅੱਲਾ ਰੱਖਾ ਦੇ 73 ਸਾਲਾ ਪੁੱਤਰ ਜ਼ਾਕਿਰ ਹੁਸੈਨ ਨੂੰ ਦੇਸ਼ ਦੇ ਵਿਕਾਰੀ ਪੁਰਸਕਾਰ ਪਦਮਸ਼੍ਰੀ 1988, ਸੰਗੀਤ ਨਾਟਕ ਅਕੈਡਮੀ ਪੁਰਸਕਾਰ 1990, ਪਦਮ ਭੂਸ਼ਣ ਪੁਰਸਕਾਰ 2002 ਅਤੇ ਪਦਮ ਵਿਭੂਸ਼ਣ ਪੁਰਸਕਾਰ ਨਾਲ 2023 ਵਿੱਚ ਨਿਵਾਜਿਆ ਗਿਆ ਸੀ। ਇਸ ਦੇ ਨਾਲ ਉਹਨਾਂ ਨੂੰ ਤਿੰਨ ਕੌਮੀ ਪੁਰਸਕਾਰ ਵੀ ਪ੍ਰਾਪਤ ਹੋਏ ਸਨ। ਭਾਰਤ ਦੀ ਅਮੀਰ ਸੰਗੀਤ ਪਰੰਪਰਾ ਵਿੱਚ ਪਹਿਲੀ ਵਾਰ ਹੋਇਆ ਕਿ ਜਦੋਂ ਤਬਲਾ ਵਾਦਨ ਦਾ ਅਰਥ ਸਿਰਫ ਜ਼ਾਕਿਰ ਹੁਸੈਨ ਹੀ ਹੋ ਗਿਆ। ਉਹ ਦੁਨੀਆਂ ਭਰ ਵਿੱਚ ਵਸਦੇ ਸੰਗੀਤ ਪ੍ਰੇਮੀਆਂ ਲਈ ਇੱਕ ਚਾਨਣ ਮੁਨਾਰਾ ਸਨ। ਜਿਹਨਾਂ ਤੋਂ ਆਉਣ ਵਾਲੀਆਂ ਸੰਗੀਤਕ ਨਸਲਾਂ ਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ। ਸੰਗੀਤ ਦੇ ਖੇਤਰ ਵਿੱਚ ਉਹਨਾਂ ਦਾ ਰੁਤਬਾ ਇਏਨਾ ਵੱਡਾ ਸੀ ਕਿ ਜਿੱਥੇ ਉਹਨਾਂ ਲਈ ਕੋਈ ਵੀ ਹੱਦ ਜਾਂ ਸਰਹੱਦ ਨਹੀਂ ਸੀ ਇਸ ਲਈ ਜਾਕਰ ਹੁਸੈਨ ਨੂੰ ਵਿਸ਼ਵ ਸੱਭਿਆਚਾਰ ਦੇ ਰਾਜਦੂਤ ਵਜੋਂ ਜਾਣਿਆ ਜਾਂਦਾ ਰਹੇਗਾ।



ਸੰਗੀਤ ਪ੍ਰੇਮੀਆਂ ਤੇ ਦੁਨੀਆਂ ਦੀਆਂ ਮਹਾਨ ਸੰਗੀਤਕ ਹਸਤੀਆਂ ਨੇ ਉਸਤਾਦ ਤਬਲਾ ਵਾਦਕ ਜ਼ਾਕਿਰ ਹੁਸੈਨ ਦੇ ਦਿਹਾਂਤ ਨੂੰ ਵਿਸ਼ਵ ਸੰਗੀਤ ਲਈ ਇੱਕ ਬਹੁਤ ਵੱਡਾ ਘਾਟਾ ਦੱਸਿਆ।


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property — Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com (516) 441-0188

8624 239th Street, Bellerose, NY11426




Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# 'ਇਕ ਰਾਸ਼ਟਰ ਇਕ ਚੋਣ' ਬਿੱਲ ਲੋਕ ਸਭਾ ਵਿਚ ਪੇਸ਼


## ਹੱਕ ਵਿਚ 269 ਤੇ ਵਿਰੋਧ 'ਚ 198 ਵੋਟਾਂ ਪਈਆਂ-ਜੇ.ਪੀ.ਸੀ. ਨੂੰ ਭੇਜਿਆ ਬਿੱਲ

ਨਵੀਂ ਦਿੱਲੀ - ਲੋਕ ਸਭਾ 'ਚ ਜ਼ੋਰਦਾਰ ਬਹਿਸ ਦੇ ਬਾਅਦ ਅੱਜ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਲੋਕ ਸਭਾ ਤੇ ਵਿਧਾਨ ਚੋਣਾਂ ਇਕੋ ਵੇਲੇ ਕਰਵਾਉਣ ਸੰਬੰਧੀ 'ਇਕ ਰਾਸ਼ਟਰ ਇਕ ਚੋਣ' ਸੰਵਿਧਾਨਕ ਸੋਧ ਬਿੱਲ ਲੋਕ ਸਭਾ ਵਿਚ ਪੇਸ਼ ਕੀਤਾ। ਵਿਰੋਧੀ ਪਾਰਟੀਆਂ ਨੇ ਕੇਂਦਰ ਦੇ ਇਸ ਕਦਮ ਨੂੰ 'ਤਾਨਾਸ਼ਾਹੀ' ਕਰਾਰ ਦਿੱਤਾ। ਜਦੋਂਕਿ ਕਾਨੂੰਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਾਨੂੰਨ ਸੂਬਿਆਂ ਨੂੰ ਪ੍ਰਾਪਤ ਸ਼ਕਤੀਆਂ ਨਾਲ ਛੇੜਛਾੜ ਨਹੀਂ ਕਰੇਗਾ। ਸੰਵਿਧਾਨ (129ਵਾਂ) ਸੋਧ ਬਿੱਲ ਨੂੰ ਮੇਘਵਾਲ ਨੇ ਕਰੀਬ 90 ਮਿੰਟ ਦੀ ਬਹਿਸ ਅਤੇ ਬਿੱਲ 'ਤੇ ਪਈਆਂ ਵੋਟਾਂ ਦੇ ਬਾਅਦ ਲੋਕ ਸਭਾ 'ਚ ਪੇਸ਼ ਕੀਤਾ। ਬਿੱਲ ਦੇ ਹੱਕ 'ਚ 269 ਭਠੇ ਦਿਤਝਯ 'ਸ 198 ਦੇਟਾਂ ਪਈਆਂ। ਬਿੱਲ ਪੇਸ਼ ਕਰਨ ਤੋਂ ਪਹਿਲਾਂ ਵਿਰੋਧੀ ਧਿਰਾਂ ਨੇ ਵੋਟਿੰਗ ਦੀ ਮੰਗ ਕੀਤੀ ਸੀ। ਬਿੱਲ ਨੂੰ ਪਾਸ ਕਰਵਾਉਣ ਲਈ ਸਦਨ 'ਚ ਦੋ-ਤਿਹਾਈ ਬਹੁਮਤ ਜ਼ਰੂਰੀ ਹੈ। ਬਿੱਲ ਲਈ ਪਹਿਲਾਂ ਇਲੈਕਟ੍ਰਾਨਿਕ ਵੋਟਿੰਗ ਕਰਵਾਈ ਦੇ ਬਾਅਦ ਫਿਰ ਪਰਚੀਆਂ ਨਾਲ ਵੋਟਿੰਗ ਹੋਈ। ਇਲੈਕਟ੍ਰਾਨਿਕ ਵੋਟਿੰਗ ਤੇ ਪੇਪਰ ਸਲਿੱਪਾਂ ਦੀ ਗਿਣਤੀ ਮਗਰੋਂ ਬਿੱਲ ਹੇਠਲੇ ਸਦਨ 'ਚ ਪੇਸ਼ ਕੀਤਾ ਗਿਆ। ਇਹ ਪਹਿਲੀ ਵਾਰ ਸੀ ਜਦੋਂ ਨਵੇਂ ਸੰਸਦ ਭਵਨ ਵਿਚ ਲੋਕ ਸਭਾ 'ਚ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀ ਦੀ ਵਰਤੋਂ ਕੀਤੀ ਗਈ ਹੈ। ਬਿੱਲ ਨੂੰ ਵਿਆਪਕ ਵਿਚਾਰ ਚਰਚਾ ਲਈ ਦੋਵੇਂ ਸਦਨਾਂ ਦੀ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ) ਕੋਲ ਭੇਜ ਦਿੱਤਾ ਗਿਆ ਹੈ। ਮੇਘਵਾਲ ਨੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਬਿੱਲ ਵਿਆਪਕ ਵਿਚਾਰ ਚਰਚਾ ਲਈ ਸੰਸਦ ਦੀ ਸਾਂਝੀ ਕਮੇਟੀ ਨੂੰ ਸੌਂਪਣ ਦੀ ਗੁਜ਼ਾਰਿਸ਼ ਕੀਤੀ ਸੀ। ਕੇਂਦਰੀ ਮੰਤਰੀ ਵਲੋਂ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ 2024 ਵੀ ਪੇਸ਼ ਕੀਤਾ ਗਿਆ, ਜਿਸ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜੰਮੂ- ਕਸ਼ਮੀਰ, ਪੁਡੂਚੇਰੀ ਤੇ ਦਿੱਲੀ ਦੇ ਕੌਮੀ ਰਾਜਧਾਨੀ ਖੇਤਰ ਦੀ ਮਿਆਦ ਨੂੰ ਹੋਰਨਾਂ ਸੂਬਾਈ ਵਿਧਾਨ ਸਭਾਵਾਂ ਦੇ ਬਰਾਬਰ ਲਿਆਉਣ ਦੀ ਵਿਵਸਥਾ ਹੈ।



## ਪ੍ਰਧਾਨ ਮੰਤਰੀ ਨੇ ਬਿੱਲ ਜੇ.ਪੀ.ਸੀ. ਕੋਲ ਭੇਜਣ ਦਾ ਸਮਰਥਨ ਕੀਤਾ: ਅਮਿਤ ਸ਼ਾਹ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਪੱਧਰ 'ਤੇ ਵਿਆਪਕ ਵਿਚਾਰ- ਵਟਾਂਦਰੇ ਲਈ ਇਨ੍ਹਾਂ ਬਿੱਲਾਂ ਨੂੰ ਸੰਸਦ ਦੀ ਸਾਂਝੀ ਕਮੇਟੀ (ਜੇ.ਪੀ.ਸੀ.) ਕੋਲ ਭੇਜਣ ਦਾ ਸਮਰਥਨ ਕੀਤਾ



ਹੈ। ਉਨਾਂ ਕਿਹਾ ਕਿ ਜੇ.ਪੀ.ਸੀ ਵਿਚ ਬਿੱਲ 'ਤੇ ਵਿਸਥਾਰਤ ਚਰਚਾ ਹੋ ਸਕਦੀ ਹੈ। ਅਮਿਤ ਸ਼ਾਹ ਨੇ ਕਿਹਾ ਕਿ ਜਦੋਂ 'ਇੱਕ ਰਾਸ਼ਟਰ ਇੱਕ ਚੋਣ ਬਿੱਲ ਕੈਬਨਿਟ ਵਿਚ ਆਇਆ, ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਨੂੰ ਸੰਸਦ ਦੀ ਸਾਂਝੀ ਕਮੇਟੀ ਕੋਲ ਭੇਜਿਆ ਜਾਣਾ ਚਾਹੀਦਾ ਹੈ। ਇਸ 'ਤੇ ਹਰ ਪੱਧਰ 'ਤੇ ਵਿਸਥਾਰ 'ਚ ਚਰਚਾ ਹੋਣੀ ਚਾਹੀਦੀ ਹੈ। ਗ੍ਰਹਿ ਮੰਤਰੀ ਨੇ ਇਸ਼ਾਰਾ ਕੀਤਾ ਕਿ ਡੀ.ਐਮ.ਕੇ ਮੈਂਬਰ ਟੀ. ਆਰ. ਬਾਲੂ ਨੇ ਵੀ ਬਿੱਲ ਨੂੰ ਸੰਸਦੀ ਕਮੇਟੀ ਕੋਲ ਭੇਜਣ ਦਾ ਸਮਰਥਨ ਕੀਤਾ ਸੀ। ਜੇ.ਪੀ.ਸੀ ਦੀ ਰਿਪੋਰਟ ਨੂੰ ਕੈਬਨਿਟ ਵਲੋਂ ਮਨਜ਼ੂਰੀ ਦਿੱਤੀ ਜਾਵੇਗੀ। ਫਿਰ ਸਦਨ ਵਿਚ ਇਸ (ਬਿੱਲਾਂ) 'ਤੇ ਦੁਬਾਰਾ ਚਰਚਾ ਹੋਵੇਗੀ।

## ਕਾਂਗਰਸ ਸੰਸਦ ਮੈਂਬਰ ਨੇ ਮਨੀਪੁਰ ਵਿਵਾਦ ਨਾਲ ਨਜਿੱਠਣ ਸਬੰਧੀ ਕੇਂਦਰ ਦੇ ਤਰੀਕੇ 'ਤੇ ਸਵਾਲ ਚੁੱਕੇ

ਨਵੀਂ ਦਿੱਲੀ : ਮਨੀਪੁਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਲਫਰੈਡ ਆਰਥਰ ਨੇ ਉੱਤਰ-ਪੂਰਬੀ ਸੂਬੇ 'ਚ ਸਥਿਤੀ ਨਾਲ ਨਜਿੱਠਣ ਨੂੰ ਲੈ



ਕੇ ਅੱਜ ਭਾਜਪਾ ਦੀ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਜਵਾਬ ਮੰਗਿਆ ਕਿ ਕੀ ਦੇਸ਼ ਇੰਨਾ ਕਮਜ਼ੋਰ ਹੈ ਕਿ ਆ ਪ ਣੇ ਨਾਗਰਿਕਾਂ ਦੀ ਜਾਨ ਦੀ ਰੱਖਿਆ ਨਹੀਂ ਕਰ ਸਕਦਾ। ਲੋਕ ਸਭਾ ਵਿੱਚ 'ਭਾਰਤ ਦੇ ਸੰਵਿਧਾਨ : ਦਾ 75 ਸਾਲਾਂ ਦਾ ਸ਼ਾਨਦਾਰ ਸਫ਼ਰ ਉੱਤੇ : ਦੋ ਰੋਜ਼ਾ ਚਰਚਾ 'ਚ ਹਿੱਸਾ ਲੈਂਦਿਆਂ : ਮਨੀਪੁਰ ਤੋਂ ਸੰਸਦ ਮੈਂਬਰ ਆਰਥਰ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਅਜਿਹੇ ਮੁੱਦੇ ਲਈ ਸਕਿਾਰ ਨਹੀਂ ਬਣਾਇਆ ਜਾ ਸਕਦਾ, ਜਿਸ ਨਾਲ ਦੇਸ਼ ਨਜਿੱਠ ਨਹੀਂ ਸਕਦਾਂ। ਆਰਥਰ ਨੇ ਆਖਿਆ, ''ਮੈਨੂੰ ਇਸ ਸਦਨ ਜਾਂ ਦੇਸ਼ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ 3 ਮਈ 2023 ਨੂੰ ਮਨੀਪੁਰ ਸੂਬੇ ਵਿੱਚ ਕੀ ਹੋਇਆ ਸੀ। ਪਿਛਲੇ 19 ਮਹੀਨਿਆਂ ਤੋਂ ਕੀ ਹੋ ਰਿਹਾ ਹੈ। ਮੈਂ ਪਿਛਲੀ ਵਾਰ ਅਗਸਤ ਮਹੀਨੇ ਸੰਸਦ 'ਚ ਬੋਲਿਆ ਸੀ।

## ਮੇਰੀ ਜਾਨ ਨਾਲੋਂ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਜਾਨ ਵੱਧ ਕੀਮਤੀ: ਡੱਲੇਵਾਲ



ਪਾਤੜਾਂ : ਇਥੇ ਖਨੌਰੀ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ

ਅੱਜ ਵੀ ਜਾਰੀ ਰਿਹਾ। ਕਿਸਾਨ ਆਗੂ ਨੇ ਕਿਹਾ ਕਿ ਉਨ੍ਹਾਂ ਦੀ ਜਾਨ ਨਾਲੋਂ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਜਾਨ ਜ਼ਿਆਦਾ ਕੀਮਤੀ ਸੀ। ਲੋਕਾਂ ਦੇ ਦਰਸ਼ਨਾਂ ਲਈ ਮੁੱਖ ਪੰਡਾਲ ਵਿਚ ਲਿਆਂਦੇ ਡੱਲੇਵਾਲ ਨੇ ਮੰਜੇ 'ਤੇ ਲੰਮੇ ਪਿਆਂ ਹੀ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਕਹਿੰਦੀ ਹੈ ਕਿ ਉਸ ਦੀ ਜਾਨ ਅੰਦੋਲਨ ਨਾਲੋਂ ਵੱਧ ਕੀਮਤੀ ਹੈ, ਪਰ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪਿਛਲੇ 25 ਸਾਲਾਂ ਵਿਚ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀਆਂ ਜਾਨਾਂ ਵੱਧ ਕੀਮਤੀ ਸਨ।

## ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ: ਹਰਸਿਮਰਤ

ਚੰਡੀਗੜ੍ਹ : ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਨੂੰ ਐੱਮਐੱਸਪੀ ਨੂੰ ਕਾਨੂੰਨੀ ਗਰੰਟੀ ਬਣਾਉਣ ਸਮੇਤ ਕਿਸਾਨਾਂ ਦੀਆਂ ਹੋਰ ਮੰਗਾਂ ਮੰਨਣ ਦੀ ਅਪੀਲ ਕੀਤੀ ਹੈ ਤਾਂ ਜੋ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾ ਸਕੇ।

ਉਨ੍ਹਾਂ ਸੰਸਦ ਵਿਚ ਕਿਸਾਨ ਆਗੂ ਦੀ ਨਾਜ਼ੁਕ ਹਾਲਤ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਚਾਰ ਸਾਲ ਪਹਿਲਾਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਮੇਂ ਵਾਅਦਾ ਕੀਤਾ ਸੀ ਕਿ ਉਹਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣਗੀਆਂ।

ਉਹਨਾਂ ਕਿਹਾ ਕਿ ਇਕ ਕਮੇਟੀ ਗਠਿਤ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਕਿਸਾਨਾਂ ਦੀਆਂ ਸਾਰੀਆਂ ਮੰਗਾਂ 'ਤੇ ਵਿਚਾਰ ਕਰੇਗੀ ਪਰ ਕਿਸਾਨ ਅੰਦੋਲਨ ਵਿਚ 700 ਕਿਸਾਨਾਂ ਵੱਲੋਂ ਸ਼ਹਾਦਤ ਦੇਣ ਦੇ ਬਾਵਜੂਦ ਉਹਨਾਂ ਦੀਆਂ ਮੰਗਾਂ ਹਾਲੇ ਤੱਕ ਨਹੀਂ ਮੰਨੀਆਂ ਗਈਆਂ।



ਇਹ ਬਹੁਤ ਹੀ ਮੰਦਭਾਗਾ ਹੈ ਕਿ ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰ ਨੂੰ ਕਿਸਾਨ ਨੇਤਾ ਡੱਲੇਵਾਲ ਨੂੰ ਮਰਨ ਵਰਤ ਖਤਮ ਕਰਨ ਲਈ ਰਾਜ਼ੀ ਕਰਨ ਦੀ ਹਦਾਇਤ ਦਿੱਤੀ ਸੀ, ਪਰ ਕੇਂਦਰ ਨੇ ਇਕ ਜੂਨੀਅਰ ਅਧਿਕਾਰੀ ਨੂੰ ਭੇਜ ਦਿੱਤਾ ਜੋ ਕੋਈ ਫੈਸਲਾ ਲੈਣ ਦੇ ਸਮਰੱਥ ਨਹੀ ਸੀ।

## ਬਿਜਲੀ ਦੀ ਬੱਚਤ ਕਰਨਾ ਬੁਨਿਆਦੀ ਫਰਜ਼: ਰਾਣਾ ਗੁਰਜੀਤ

ਕਪੂਰਥਲਾ: ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਅੱਜ ਪੰਜਾਬ ਦੇ ਲੋਕਾਂ ਨੂੰ ਆਉਣ ਵਾਲੀਆਂ ਪੀੜੀਆਂ ਦੇ ਉੱਜਵਲ ਅਤੇ ਅਗਾਂਹਵਧੂ ਭਵਿੱਖ ਲਈ ਬਿਜਲੀ ਦੇ ਰੂਪ ਵਿੱਚ ਊਰਜਾ ਬਚਾਉਣ ਦਾ ਪ੍ਰਣ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਇਹ ਗੱਲ ਰਾਸ਼ਟਰੀ ਊਰਜਾ ਬੱਚਤ ਦਿਵਸ ਦੇ ਮੌਕੇ 'ਤੇ ਕਹੀ। ਵਿਧਾਇਕ ਨੇ ਕਿਹਾ ਕਿ ਬਿਜਲੀ ਕੌਮੀ ਸਰਮਾਇਆ ਹੈ। ਇਸ ਦੀ ਬੱਚਤ ਕਰਨਾ ਦੇਸ਼ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਰੂਪ ਵਿੱਚ ਬੁਨਿਆਦੀ ਫਰਜ਼ ਨਿਭਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸਾਰੇ ਨਾਗਰਿਕਾਂ ਦਾ ਫਰਜ਼ ਬਣਦਾ ਹੈ ਕਿ ਉਹ ਬਿਜਲੀ ਦੀ ਬੱਚਤ ਕਰਨ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ।

### *ਇਨੈਲੋ ਅਤੇ ਹਰਿਆਣਾ ਦੇ ਕਿਸਾਨ ਕਰਨਗੇ ਕਿਸਾਨ ਮੋਰਚੇ ਦਾ ਸਮਰਥਨ: ਅਭੈ ਚੌਟਾਲਾ*

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਜਾਨਣ ਲਈ ਆਏ ਹਰਿਆਣਾ ਤੋਂ ਇੰਡੀਅਨ ਨੈਸ਼ਨਲ ਲੋਕ ਦਲ ਦੇ ਕੌਮੀ ਪ੍ਰਧਾਨ ਅਭੈ ਚੌਟਾਲਾ ਨੇ ਕਿਹਾ ਕਿ ਉਹ ਆਪਣੀ ਪਾਰਟੀ ਦੀਆਂ ਭਾਵਨਾਵਾਂ ਲੈ ਕੇ ਇੱਥੇ ਆਏ ਹਨ। ਉਨ੍ਹਾਂ ਕਿਹਾ ਕਿ ਮਰਨ ਵਰਤ ਜ਼ਰੂਰੀ ਹੈ, ਉਸ ਤੋਂ ਜ਼ਿਆਦਾ ਜ਼ਰੂਰੀ ਸੰਘਰਸ਼ ਹੈ। ਇਸ ਲਈ ਮਰਨ ਵਰਤ ਛੱਡ ਕੇ ਉਹ ਕਿਸਾਨ ਅੰਦੋਲਨ ਦੀ ਅਗਵਾਈ ਕਰਨ। ਉਹ ਅਤੇ ਉਨ੍ਹਾਂ ਦੇ ਸਾਥੀ ਇਸ ਸੰਘਰਸ਼ ਵਿਚ ਪੂਰੀ ਤਰ੍ਹਾਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਸੰਘਰਸ਼ ਦੀ ਨਵੀ ਰੂਪਰੇਖਾ ਤਿਆਰ ਕਰੇ।

## ਰਾਹੁਲ ਨਾਲੋਂ ਪ੍ਰਿਯੰਕਾ ਦਾ ਭਾਸ਼ਣ ਵਧੀਆ ਸੀ: ਸਿਨਹਾ

ਨਵੀਂ ਦਿੱਲੀ: ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਦੇ ਭਾਸ਼ਣ ਨੂੰ ਰਾਹੁਲ ਗਾਂਧੀ ਦੇ ਭਾਸ਼ਣ ਤੋਂ ਵਧੀਆ ਕਰਾਰ ਦਿੱਤਾ ਹੈ। ਉਨ੍ਹਾਂ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੇ ਉਸ ਦੀ ਭੈਣ ਪ੍ਰਿਯੰਕਾ ਗਾਂਧੀ ਦੇ ਭਾਸ਼ਣ ਦੀ ਤੁਲਨਾ ਕਰਦਿਆਂ ਅੱਜ ਕਿਹਾ ਕਿ ਰਾਹੁਲ ਦਾ ਭਾਸ਼ਣ 'ਚੰਗਾ' ਸੀ ਪਰ ਪ੍ਰਿਯੰਕਾ ਗਾਂਧੀ ਦਾ 'ਭਾਸ਼ਣ ਵਧੀਆਂ ਸੀ। ਟੀਐਮਸੀ ਸੰਸਦ ਮੈਂਬਰ ਸਿਨਹਾ ਨੇ ਕਿਹਾ, ''ਲੋਕਾਂ ਨੂੰ ਲੱਗਦਾ ਹੈ ਕਿ ਇਹ ਛੋਟਾ ਭਾਸ਼ਣ ਛੋਟਾ ਸੀ ਤੇ ਉਸ ਨੂੰ ਥੋੜ੍ਹਾ ਹੋਰ ਬੋਲਣਾ ਚਾਹੀਦਾ ਸੀ। ਪਰ ਅਸਲ ਵਿੱਚ ਇਹ ਇੱਕ ਬਹੁਤ ਵਧੀਆ ਭਾਸ਼ਣ ਸੀ। ਜਦਕਿ ਮੈਨੂੰ ਲੱਗਦਾ ਹੈ ਕਿ ਹੁਣ ਤੱਕ ਪ੍ਰਿਯੰਕਾ ਗਾਂਧੀ ਦਾ ਇਹ ਭਾਸ਼ਣ ਕਿਤੇ ਬਿਹਤਰ ਸੀ। ਅਖਿਲੇਸ਼ ਯਾਦਵ ਅਤੇ ਕਲਿਆਣ ਬੈਨਰਜੀ ਵੀ ਬਹੁਤ ਵਧੀਆ ਬੋਲੇ। ਪ੍ਰਿਯੰਕਾ ਗਾਂਧੀ ਨੇ ਡੂੰਘਾਈ ਤੋਂ ਅਤੇ ਵਿਸ਼ਵਾਸ ਨਾਲ ਗੱਲ ਕੀਤੀ। ਉਨ੍ਹਾਂ ਸਾਰੇ ਮੁੱਦਿਆਂ ਨੂੰ ਕਵਰ ਕੀਤਾ। ਅੱਜ ਰਾਹੁਲ ਗਾਂਧੀ ਵੀ ਜੋਸ਼ ਨਾਲ ਵਧੀਆ ਬੋਲੇ ਪਰ ਉਨ੍ਹਾਂ ਨੂੰ ਹੋਰ ਬੋਲਣਾ ਚਾਹੀਦਾ ਸੀ''

## ਕੇਂਦਰ ਸਰਕਾਰ ਬਿਨਾਂ ਦੇਰੀ ਕੀਤੇ ਕਿਸਾਨਾਂ ਦੇ ਮਸਲੇ ਹੱਲ ਕਰੇ: ਰਾਜਾ ਵੜਿੰਗ

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਵਾਲਿਆਂ ਦਾ ਵੀ ਪੂਰਾ ਦਿਨ ਆਉਣਾ ਜਾਣਾ ਲੱਗਿਆ ਰਿਹਾ। ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਖਨੌਰੀ ਬਾਰਡਰ 'ਤੇ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਕਾਫ਼ੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਬਿਨਾਂ ਕਿਸੇ ਦੇਰੀ ਕੀਤੇ ਕਿਸਾਨਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਖਨੌਰੀ ਬਾਰਡਰ 'ਤੇ ਆ ਕੇ ਗੱਲ ਸੁਣਨੀ ਚਾਹੀਦੀ ਹੈ।

ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਸੰਪਰਕ ਕਰੋ:

ਮਿ. ਸਿੰਘ ਫੋਨ: 515-291-1961

Singh Tax & Accounting Services LLC.

SINGH AUTO & HOME INSURANCE

Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Office Locations

Michigan:
36167 Ford Rd.Westland, MI 48185


Minnesota:
6043 Hudson Rd, Suite#399A
Woodbury, Minnesota 55125

Email:
STS2021@SinghTaxServices.com;
www.SinghTaxServices.com

Mohan Singh MST
IRS Enrolled agent,
Insurance Agent-
Casualty & Property
Notary Public

# ਫਰਿਜ਼ਨੋ: ਸੜਕ ਹਾਦਸੇ ਵਿਚ ਦੋ ਮੋਟਰਸਾਈਕਲ ਸਵਾਰ ਸਿੱਖ ਲੜਕਿਆਂ ਦੀ ਮੌਤ

**ਫਰਿਜ਼ਨੋ:** ਬੀਤੇ ਦਿਨੀਂ ਫਰਿਜ਼ਨੋ ਵਿਖੇ ਮੋਟਰਸਾਈਕਲ ਸਵਾਰ ਦੋ ਸਿੱਖ ਲੜਕਿਆਂ ਦੀ ਹਾਦਸੇ ਵਿਚ ਮੌਤ ਹੋ ਗਈ। ਸਥਾਨਕ ਪੁਲਿਸ ਅਨੁਸਾਰ ਐਤਵਾਰ ਰਾਤ 8 ਵਜੇ ਦੇ ਕਰੀਬ ਸੰਨੀਸਾਈਡ ਅਤੇ ਬਰਡ ਐਵੇਨਿਊਜ਼ 'ਤੇ ਇਹ ਹਾਦਸਾ ਵਾਪਰਿਆ। ਉਨ੍ਹਾਂ ਦੇ ਮੋਟਰਸਾਈਕਲ ਅਤੇ ਐਮਾਜ਼ਾਨ ਦੇ ਡਿਲਿਵਰੀ ਵੈਨ ਵਿਚ ਟੱਕਰ ਹੋਣ ਨਾਲ ਇਨ੍ਹਾਂ ਬੱਚਿਆ ਦੀ ਮੌਤ ਹੋ ਗਈ। ਦੋਹਾਂ ਨੇ ਸੁਰੱਖਿਆ ਗੀਅਰ (ਹੈਲਮਟ) ਵੀ ਨਹੀਂ ਪਹਿਨਿਆ ਸੀ। ਜਦ ਕਿ ਐਮਾਜ਼ਾਨ ਦੇ ਵੈਨ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਇਸ ਘਟਨਾ ਸੰਬੰਧੀ ਸਥਾਨਕ ਪੁਲਿਸ ਜਾਂਚ ਕਰ ਰਹੀ ਹੈ।




ਇਸ ਹਾਦਸੇ ਵਿਚ ਮਾਰੇ ਜਾਣ ਵਾਲੇ ਦੋਨੋਂ ਬੱਚੇ ਗੁਰਸਿੱਖ ਪਰਿਵਾਰਾਂ ਨਾਲ ਸਬੰਧਤ ਸਨ। ਹਾਦਸੇ ਦੇ ਸ਼ਿਕਾਰ ਹੋਏ ਅੰਤਰਪ੍ਰੀਤ ਸਿੰਘ ਪੁੱਤਰ ਖੁਸ਼ਪਾਲ ਸਿੰਘ ਅਤੇ ਹਰਜਾਪ ਸਿੰਘ ਪੁੱਤਰ ਰਾਜ ਸਿੰਘ ਦੀ ਉਮਰ 13 ਤੋਂ 15 ਸਾਲ ਦੱਸੀ ਜੀ ਰਹੀ ਹੈ। ਦੋਵੇਂ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਘਰੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਨਿੱਕਲੇ, ਤੇ ਐਮਾਜ਼ਨ ਦੀ ਵੈਨ ਨਾਲ ਜਾ ਟਕਰਾਏ। ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੋਵੇਂ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਗੱਤਕਾ ਟੀਮ ਦੇ ਹੋਣਹਾਰ ਮੈਂਬਰ ਸਨ। ਸੋਮਵਾਰ ਸ਼ਾਮ ਨੂੰ ਇਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਐਕਸੀਡੈਂਟ ਵਾਲੀ ਜਗ੍ਹਾ 'ਤੇ ਸੰਗਤਾਂ ਵੱਲੋਂ ਜਾਪ ਕੀਤਾ ਗਿਆ। ਇਸ ਮੰਦਭਾਗੀ ਘਟਨਾ ਕਰਕੇ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਸੋਗ ਵਿਚ ਹੈ।

ਦੁੱਖ ਸਾਂਝਾ ਕਰਨ ਲਈ ਰਾਜ ਸਿੰਘ ਨਾਲ ਫੋਨ ਨੰਬਰ 559-892-3006 ਅਤੇ ਖੁਸ਼ਪਾਲ ਸਿੰਘ ਨਾਲ 559-289-4121 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਡਰਾਈਵਰਾਂ ਲਈ ਸੁਨਹਿਰੀ ਮੌਕਾ!
*ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।*




ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।

WE'RE HIRING!

OTR Drivers
Michigan Terminal
MI to TX dedicated runs

Contact Us For Details
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
+1 (734) 209-1964
+1 (734) 228 6300





UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ। 41-44


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India


Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਕੇਂਦਰ ਸਰਕਾਰ ਵਲੋਂ ਨਕਸਲਬਾੜੀਆਂ ’ਤੇ ਦਬਾਅ

ਛੱਤੀਸਗੜ੍ਹ ਵਿਚ ਨਕਸਲੀ ਸੰਗਠਨਾਂ ਦੇ ਗੜ੍ਹ ਵਿਚ ਪੁੱਜ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਕਸਲੀਆਂ ਨੂੰ ਆਤਮ-ਸਮਰਪਣ ਕਰਨ ਦੀ ਅਪੀਲ ਕੀਤੀ ਹੈ। ਅਜਿਹਾ ਕਹਿਣਾ ਇਸ ਲਈ ਜ਼ਰੂਰੀ ਸੀ ਕਿਉਂਕਿ ਨਕਸਲੀ ਅਜੇ ਵੀ ਮੁੱਖਧਾਰਾ ਵਿਚ ਪਰਤਣ ਵਾਸਤੇ ਤਿਆਰ ਨਹੀਂ ਦਿਸ ਰਹੇ ਹਨ। ਅਜਿਹੇ ਹਾਲਾਤ ਵਿਚ ਇਹੀ ਵਾਜਬ ਹੋਵੇਗਾ ਕਿ ਉਨ੍ਹਾਂ ਦੇ ਆਤਮ-ਸਮਰਪਣ ਦਾ ਰਾਹ ਖੁੱਲ੍ਹਾ ਰੱਖਣ ਦੇ ਨਾਲ ਹੀ ਉਨ੍ਹਾਂ ‘ਤੇ ਨਿਰੰਤਰ ਦਬਾਅ ਬਣਾਈ ਰੱਖਿਆ ਜਾਵੇ। ਉਨ੍ਹਾਂ ਦੇ ਸਾਹਮਣੇ ਇਹ ਵਾਰ- ਵਾਰ ਸਪਸ਼ਟ ਕਰਨਾ ਹੋਵੇਗਾ ਕਿ ਉਹ ਬੰਦੂਕ ਦੇ ਬਲਬੂਤੇ ਸੱਤਾ ਅਤੇ ਵਿਵਸਥਾ ਤਬਦੀਲੀ ਦਾ ਜੋ ਸੁਪਨਾ ਦੇਖ ਰਹੇ ਹਨ, ਉਹ ਕਦੇ ਪੂਰਾ ਹੋਣ ਵਾਲਾ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਬੀਤੇ ਕੁਝ ਸਮੇ ਤੋਂ ਇਹ ਦੁਹਰਾਅ ਰਹੇ ਹਨ ਕਿ ਕੇਂਦਰ ਸਰਕਾਰ ਮਾਰਚ 2026 ਤੱਕ ਨਕਸਲਵਾਦ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗੀ। ਇਸ ਟੀਚੇ ਨੂੰ ਹਾਸਲ ਕਰਨ ਲਈ ਜਿੱਥੇ ਇਹ ਜ਼ਰੂਰੀ ਹੈ ਕਿ ਨਕਸਲ ਪ੍ਰਭਾਵਿਤ ਸੂਬਿਆਂ ਦੀਆਂ ਸਰਕਾਰਾਂ ਕੇਂਦਰ ਸਰਕਾਰ ਨੂੰ ਪੂਰਾ ਸਹਿਯੋਗ ਦੇਣ, ਉਥੇ ਹੀ ਨਕਸਲੀਆਂ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਵਿਕਾਸ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਤੇਜ਼ੀ ਨਾਲ ਅੱਗੇ ਵਧਾਈਆਂ ਜਾਣ। ਅਜਿਹਾ ਇਸ ਲਈ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਨਕਸਲੀ ਸੰਗਠਨ ਅਤੇ ਉਨ੍ਹਾਂ ਦੇ ਵਿਚਾਰਕ ਹਮਾਇਤੀ ਕਹੇ ਜਾਣ ਵਾਲੇ ਅਨਸਰ ਯਾਨੀ ਅਰਬਨ ਨਕਸਲ ਇਹ ਨਾ ਕਹਿ ਸਕਣ ਕਿ ਦੂਰ-



ਦਰਾਜ ਦੇ ਇਲਾਕਿਆਂ ਵਿਚ ਸ਼ਾਸਨ ਵਿਕਾਸ ‘ਤੇ ਧਿਆਨ ਨਹੀਂ ਦਿੰਦਾ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਨਕਸ਼ਲੀ ਕਿਸ ਤਰ੍ਹਾਂ ਆਪਣੇ ਇਲਾਕਿਆਂ ਵਿਚ ਸੜਕਾਂ ਨਹੀਂ ਬਣਨ ਦਿੰਦੇ ਅਤੇ ਸਕੂਲਾਂ ਤੇ ਹਸਪਤਾਲਾਂ ਦੇ ਨਿਰਮਾਣ ਵਿਚ ਅੜਿੱਕਾ ਬਣਦੇ ਹਨ। ਇਹ ਜ਼ਿਕਰਯੋਗ ਹੈ ਕਿ ਬੀਤੇ ਕੁਝ ਸਾਲਾਂ ਵਿਚ ਨਕਸਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ ਵਿਚ ਕਮੀ ਦਰਜ ਕੀਤੀ ਗਈ ਹੈ। ਸੰਨ 2019 ਵਿਚ ਨਕਸਲੀ ਹਿੰਸਾ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ 90 ਸੀ। ਹੁਣ ਇਹ ਤਾਦਾਦ 40 ਤੋਂ ਵੀ ਘੱਟ ਰਹਿ ਗਈ ਹੈ। ਇਸ ਗਿਣਤੀ ਵਿਚਤ ਹੋਰ ਜ਼ਿਆਦਾ ਕਮੀ ਉਦੋਂ ਆਵੇਗੀ ਜਦ ਨਕਸਲੀਆਂ ਨੂੰ ਇਹ ਮਹਿਸੂਸ ਹੋਵੇਗਾ ਕਿ ਉਨ੍ਹਾਂ ਦੇ ਛਪਣ ਲਈ ਕੋਈ ਜਗ੍ਹਾ ਨਹੀਂ ਰਹਿ ਗਈ ਹੈ। ਸ਼ਾਇਦ ਤਦ ਹੀ ਉਹ ਆਪਣੇ ਵਿਅਰਥ ਸੰਘਰਸ਼ ਨੂੰ ਵਿਰਾਮ ਦੇਣ ਲਈ ਤਿਆਰ ਹੋਣਗੇ। ਜਦ ਤੱਕ ਉਹ ਅਜਿਹਾ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਵਿਰੁੱਧ ਸਖ਼ਤੀ ਦਾ ਸਬੂਤ ਦੇਣ ਵਿਚ ਝਿਜਕ ਨਹੀਂ ਦਿਖਾਈ ਜਾਣੀ ਚਾਹੀਦੀ। ਇਸ ਲਈ ਹੋਰ ਵੀ ਨਹੀਂ ਕਿਉਂਕਿ ਉਹ ਅਕਸਰ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਉਂਦੇ ਰਹਿੰਦੇ ਹਨ। ਇਹ ਸਹੀ ਹੈ ਕਿ ਨਕਸਲੀਆਂ ਦੀ ਤਾਕਤ ਘੱਟ ਹੋਈ ਹੈ ਪਰ ਉਨ੍ਹਾਂ ਵਿਰੁੱਧ ਮੁਹਿੰਮ ਇਸ ਲਈ ਜਾਰੀ ਰੱਖਣੀ ਚਾਹੀਦੀ ਹੈ ਤਾਂ ਕਿ ਉਹ ਨਵੇਂ ਸਿਰੇ ਤੋਂ ਖ਼ੁਦ ਨੂੰ ਸੰਗਠਿਤ ਨਾ ਕਰ ਸਕਣ। ਨਕਸਲੀਆਂ ਵਿਰੁੱਧ ਜਾਰੀ ਮੁਹਿੰਮ ਤਹਿਤ ਇਹ ਜ਼ਰੂਰ ਦੇਖਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਤੱਕ ਅਤਿ-ਆਧੁਨਿਕ ਹਥਿਆਰ ਕਿਵੇਂ ਪੁੱਜ ਰਹੇ ਹਨ?

## ਨਸ਼ੀਲੀਆਂ ਗੋਲੀਆਂ ਸਣੇ ਪੰਜ ਕਾਬੂ

ਫਿਲੌਰ: ਪੁਲੀਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਪੰਜ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਡੀਐੱਸਪੀ ਫਿਲੌਰ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਸੰਜੀਵ ਕਪੂਰ ਦੀ ਟੀਮ ਵੱਲੋਂ ਅੱਡਾ ਲਸਾੜਾ ‘ਚ ਚਲਾਏ ਸਪੈਸ਼ਲ ਅਪਰੇਸ਼ਨ ਦੌਰਾਨ ਮਹਿੰਦਰਾ ਗੱਡੀ ‘ਚ ਸਵਾਰ ਗੇਜਾ ਰਾਮ ਵਾਸੀ ਸਮਰਾੜੀ ਥਾਣਾ ਫਿਲੌਰ, ਜੋਗਿੰਦਰੋ ਉਰਫ ਭੋਲੀ ਵਾਸੀ ਸਮਰਾੜੀ, ਜਸਵਿੰਦਰ ਕੌਰ ਵਾਸੀ ਸਮਰਾੜੀ, ਬਿੰਬੋ ਵਾਸੀ ਸਮਰਾੜੀ ਅਤੇ ਜਸਵਿੰਦਰ ਉਰਫ ਰਾਣੇ ਵਾਸੀ ਧੁਲੇਤਾ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 225 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਬੱਲ ਨੇ ਅੱਗੇ ਦੱਸਿਆ ਕਿ ਇਨ੍ਹਾਂ ਖ਼ਿਲਾਫ਼ ਪਹਿਲਾਂ ਵੀ ਐੱਨਡੀਪੀਐੱਸ ਐਕਟ ਦੇ ਕੇਸ ਦਰਜ ਹਨ।



# ਕਿਸਾਨ ਥੋੜ੍ਹੇ ਸਮੇਂ ਲਈ ਅੰਦੋਲਨ ਰੋਕ ਦੇਣ: ਵਿੱਜ



ਅੰਬਾਲਾ: ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਅੱਜ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਤੇ ਕਿਸਾਨਾਂ ਦਰਮਿਆਨ ਗੱਲਬਾਤ ਜਾਰੀ ਹੈ, ਲਿਹਾਜ਼ਾ ਕਿਸਾਨਾਂ ਨੂੰ ਥੋੜ੍ਹੇ ਸਮੇਂ ਲਈ ਆਪਣਾ ਅੰਦੋਲਨ ਰੋਕ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਾਣਯੋਗ ਸੁਪਰੀਮ ਕੋਰਟ ਦੀ ਰਾਏ ਮੰਨ ਲੈਣੀ ਚਾਹੀਦੀ ਹੈ।

ਉਂਝ ਵਿੱਜ ਨੇ ਕਿਹਾ ਕਿ ਇਹ ਗੱਲਬਾਤ ਕਿਸ ਪੜਾਅ ਉੱਤੇ ਹੈ, ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਧਰ ਅੰਬਾਲਾ ਦੇ ਐੱਸਪੀ ਸੁਰਿੰਦਰ ਸਿੰਘ ਭੋਰੀਆ ਨੇ ਕਿਸਾਨ ਆਗੂਆਂ ਦੇ ਤਰਕਾਂ ਨੂੰ ਦਰਕਿਨਾਰ ਕਰਦਿਆਂ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਅਤੇ 24 ਜੁਲਾਈ ਦੇ ਬਾਰਡਰ ‘ਤੇ ਸਥਿਤੀ ਜਿਉਂ ਦੀ ਤਿਉਂ ਕਾਇਮ ਰੱਖਣ ਦੇ ਆਦੇਸ਼ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਹਾਈ ਪਾਵਰ ਕਮੇਟੀ ਦੀ ਮੀਟਿੰਗ 34 ਦਿਨਾਂ ਵਿਚ ਹੋਵੇਗੀ। ਐੱਸਪੀ ਨੇ ਕਿਸਾਨਾਂ ਨੂੰ ਸ਼ਾਂਤਮਈ ਢੰਗ ਨਾਲ ਬੈਠਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਦਿੱਲੀ ਜਾਣ ਦੀ ਮਨਜ਼ੂਰੀ ਮਿਲੇਗੀ ਉਹ ਆਪ ਦਿੱਲੀ ਛੱਡ ਕੇ ਆਉਣਗੇ।

## ਗੋਲੀ ਕਾਂਡ ਦਾ ਤੀਜਾ ਮੁਲਜ਼ਮ ਕਾਬੂ

ਕਪੂਰਥਲਾ : ਪਿੰਡ ਬਲੇਰਖਾਨਪੁਰ ਵਿੱਚ ਕਰੀਬ ਦੋ ਮਹੀਨੇ ਪਹਿਲਾਂ ਕਥਿਤ ਗੋਲੀ ਚਲਾਉਣ ਵਾਲੇ ਕਥਿਤ ਦੋਸ਼ੀਆਂ ਦਾ ਤੀਜਾ ਸਾਥੀ ਕਾਲਾ ਸੰਘਿਆਂ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਕਾਲਾ ਸੰਘਿਆ ਚੌਕੀ ਇੰਚਾਰਜ ਏਐਸਆਈ ਅਮਰਜੀਤ ਸਿੰਘ ਨੇ ਦੱਸਿਆ ਕਿ ਬੀਤੇ ਅਕਤੂਬਰ ਮਹੀਨੇ ਦੌਰਾਨ ਪਿੰਡ ਬਲੇਰਖਾਨਪੁਰ ਵਿੱਚ ਗੋਲੀ ਚੱਲੀ ਸੀ ਜਿਸ ਸਬੰਧੀ ਪੁਲੀਸ ਵੱਲੋਂ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿਚ ਸ਼ਾਮਲ ਦੋ ਮੁਲਜ਼ਮਾਂ ਨੂੰ ਪੁਲੀਸ ਨੇ ਪਹਿਲਾਂ ਹੀ ਕਾਬੂ ਕਰ ਲਿਆ ਸੀ। ਲੋੜੀਂਦੇ ਤੀਜੇ ਮੁਲਜ਼ਮ ਲਈ ਜੀਨੀਅਰ ਪੁਲੀਸ ਅਧਿਕਾਰੀ ਅਤੇ ਡੀਐੱਸਪੀ ਦੀਪਕਰਨ ਸਿੰਘ ਅਤੇ ਥਾਣਾ ਸਦਰ ਮੁਖੀ ਗੌਰਵ ਧੀਰ ਵੱਲੋਂ ਬਣਾਈਆਂ ਟੀਮਾਂ ਵੱਲੋਂ ਮਾਰੇ ਛਾਪੇ ਦੌਰਾਨ ਉਕਤ ਮੁਕੱਦਮੇ ਵਿੱਚ ਨਾਮਜ਼ਦ ਲੋੜੀਂਦਾ ਤੀਜਾ ਮੁਲਜ਼ਮ ਕਥਿਤ ਦੋਸ਼ੀ ਲਵਪ੍ਰੀਤ ਸਿੰਘ ਉਰਫ ਲਵ ਨੂੰ ਪੁਲੀਸ ਵੱਲੋਂ ਪਿੰਡ ਧੁੰਦਲ ਨੇੜਿਓਂ ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਲਿਆ ਗਿਆ ਹੈ।

# ਪੰਜਾਬ ਪੁਲਿਸ ਦੇ ਅੱਠ ਆਈ.ਪੀ.ਐੱਸ. ਅਧਿਕਾਰੀਆਂ ਦੀ ਤਰੱਕੀ ਲਟਕੀ

ਚੰਡੀਗੜ੍ਹ : ਪੰਜਾਬ ਵਿੱਚ ਅੱਠ ਅਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਏ.ਡੀ.ਜੀ.ਪੀ.) ਪੱਧਰ ਦੇ ਅਧਿਕਾਰੀਆਂ ਨੂੰ ਤਰੱਕੀ ਦੇ ਕੇ ਡੀ.ਜੀ.ਪੀ. ਬਣਾਇਆ ਜਾਣਾ ਹੈ। ਪਰ ਇਹ ਫਾਈਲ ਅਜੇ ਰੁਕ ਗਈ ਹੈ।ਸੂਬੇ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨ੍ਹਾ ਵੱਲੋਂ ਇਹ ਰੋਕ ਲਗਾਈ ਗਈ ਹੈ। ਮੁੱਖ ਸਕੱਤਰ ਨੇ ਮਾਮਲੇ ਵਿਚ ਕੁਝ ਜਾਣਕਾਰੀਆਂ ਮੰਗੀਆਂ ਹਨ, ਜਿਸ ‘ਚ ਗ੍ਰਹਿ ਵਿਭਾਗ ਤੋਂ ਇਹ ਪੁੱਛਿਆ ਗਿਆ ਹੈ ਕਿ ਸੂਬੇ ਵਿਚ ਡੀ.ਜੀ.ਪੀ. ਦੇ ਕਿੰਨੇ ਅਹੁਦੇ ਹੋ ਸਕਦੇ ਹਨ। ਗ੍ਰਹਿ ਵਿਭਾਗ ਨੇ ਲੰਘੀ ਨਵੰਬਰ ਵਿਚ 1994 ਬੈਚ ਦੇ ਅੱਠ ਏਡੀਜੀਪੀਜ਼ ਨੂੰ ਡੀਜੀਪੀ ਦੇ ਅਹੁਦੇ ‘ਤੇ ਤਰੱਕੀ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ।



ਸੂਬੇ ਵਿਚ ਪਹਿਲਾਂ ਤੋਂ ਹੀ 15 ਡੀਜੀਪੀ ਰੈਂਕ ਦੇ ਅਧਿਕਾਰੀ ਹਨ। ਜੇਕਰ ਅੱਠ ਏਡੀਜੀਪੀ ਪੱਧਰ ਦੇ ਅਧਿਕਾਰੀਆਂ ਨੂੰ ਹੋਰ ਤਰੱਕੀ ਦਿੱਤੀ ਜਾਂਦੀ ਹੈ ਤਾਂ ਇਨ੍ਹਾਂ ਦੀ ਗਿਣਤੀ 23 ਹੋ ਜਾਵੇਗੀ। ਦਿਲਸਚਸਪ ਗੱਲ ਇਹ ਹੈ ਕਿ ਪੰਜਾਬ ਵਿਚ ਇੰਨੇ ਹੀ ਜ਼ਿਲ੍ਹੇ ਹਨ।

ਗ੍ਰਹਿ ਵਿਭਾਗ ਨੇ 1994 ਬੈਚ ਦੇ ਆਈਪੀਐੱਸ ਅਧਿਕਾਰੀਆਂ ਦੀ ਤਰੱਕੀ ਲਈ ਫਾਈਲ ਅੱਗੇ ਵਧਾਈ, ਜਿਸ ਵਿਚ ਡਾ. ਨਰੇਸ਼ ਕੁਮਾਰ, ਰਾਮ ਸਿੰਘ, ਐੱਸਐੱਸ ਸ੍ਰੀਵਾਸਤਵ, ਵੀ. ਨੀਰਜਾ, ਅਮਰਦੀਪ ਸਿੰਘ ਰਾਏ, ਪਰਵੀਨ ਕੁਮਾਰ ਸਿਨ੍ਹਾ, ਬੀ. ਚੰਦਰ ਸ਼ੇਖਰ ਅਤੇ ਅਨੀਤਾ ਪੁੰਜ ਸ਼ਾਮਲ ਹਨ।

ਪੁਲਿਸ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਰੇ ਸੂਬਿਆਂ ਵਿਚ ਇਹ ਰਿਵਾਜ਼ ਬਣ ਗਿਆ ਹੈ ਕਿ 30 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਕਿਸੇ ਵੀ ਆਈਪੀਐੱਸ ਅਧਿਕਾਰੀ ਨੂੰ ਡੀਜੀਪੀ ਦੇ ਰੂਪ ਵਿਚ ਤਰੱਕੀ ਦਿੱਤੀ ਜਾਂਦੀ ਹੈ। ਗ੍ਰਹਿ ਵਿਭਾਗ ਮੁਤਾਬਕ, ਪੰਜਾਬ ਵਿਚ 30, 25 ਅਤੇ 18 ਸਾਲ ਦੀ ਸੇਵਾ ਕਰਨ ਵਾਲਾ ਕੋਈ ਵੀ ਵਿਅਕਤੀ ਡੀਜੀਪੀ, ਏਡੀਜੀਪੀ ਅਤੇ ਆਈਜੀ ਬਣਨ ਦੇ ਯੋਗ ਹੈ।

ਰੈਂਕ ਤੋਂ ਇਲਾਵਾ ਅਧਿਕਾਰੀ ਤਨਖ਼ਾਹ, ਹੋਰ ਭੱਤੇ ਅਤੇ ਸਹੂਲਤਾਂ ਦਾ ਹੱਕਦਾਰ ਹੈ।

## ਡੀ.ਜੀ.ਪੀ. ਬਣਾਉਣ ਲਈ ਹਨ ਆਪਾਵਿਰੋਧੀ ਨਿਯਮ

ਆਲ ਇੰਡੀਆ ਸੇਵਾ ਕਾਨੂੰਨ, 1951 (1951 ਦਾਜ ਐੱਲਐਕਸਆਈ) ਤਹਿਤ ਕੇਂਦਰ ਸਰਕਾਰ ਵੱਲੋਂ 2010 ਵਿਚ ਜਾਰੀ ਨੋਟੀਫਿਕੇਸ਼ਨ ਮੁਤਾਬਕ, ਭਾਰਤੀ ਪੁਲਿਸ ਪੁਲਿਸ ਸੇਵਾ (ਕੈਡਰ) ਨਿਯਮ, 1954 ਦੇ ਨਿਯਮ 4 ਦੇ ਉਪ-ਨਿਯਮ (1) ਅਤੇ (2) ਦੇ ਨਾਲ ਪੜ੍ਹਿਆ ਜਾਣ ਵਾਲਾ, ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਸਲਾਹ ਨਾਲ ਨਿਯਮ ਬਣਾਇਆ, ਜਿਸ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਡੀਜੀਪੀ (ਪੁਲਿਸ ਬਲ ਦਾ ਪ੍ਰਮੁੱਖ) ਇਕ ਅਹੁਦਾ ਅਤੇ ਹੋਮਗਾਰਡ ਤੇ ਨਾਗਰਿਕ ਸੁਰੱਖਿਆ ਲਈ ਇਕ ਹੋਰ ਡੀਜੀਪੀ ਹੋ ਸਕਦਾ ਹੈ।

ਹਾਲਾਂਕਿ, ਕੇਂਦਰ ਦੇ ਆਈਪੀਐੱਸ ਕੈਡਰ ਨਿਯਮ ਸਰਕਾਰ ਨੂੰ ਵੱਧ ਤੋਂ ਵੱਧ ਦੋ ਸਾਲ ਲਈ ਅਸਥਾਈ ਆਧਾਰ ’ਤੇ ਡੀਜੀਪੀ ਦੇ ਹੋਰ ਅਹੁਦੇ ਸਿਰਜਣ ਦੀ ਇਜਾਜ਼ਤ ਦਿੰਦੇ ਹਨ। ਤਨਖ਼ਾਰ ਨਿਯਮਾਂ ਵਿਚ ਕਿਹਾ ਗਿਆ ਹੈ ਕਿ ਕੋਈ ਸੂਬਾ ਕੇਂਦਰ ਦੇ ਕੈਡਰ ਨਿਯਮਾਂ ਮੁਤਾਬਕ ਹੀ ਹਮਰੁਤਬਾ ਅਹੁਦਾ ਸਿਰਜ ਸਕਦਾ ਹੈ, ਜਿਸਦਾ ਅਰਥ ਹੈ ਕਿ ਪੰਜਾਬ ਸੂਬੇ ਵਿਚ ਡੀਜੀਪੀ ਦੇ ਸਿਰਫ਼ ਦੋ ਹੋਰ ਅਹੁਦੇ ਸਿਰਜ ਸਕਦਾ ਹੈ। ਇਨ੍ਹਾਂ ਆਪਾ ਵਿਰੋਧੀ ਨਿਯਮਾਂ ਦੇ ਨਾਲ ਮੁੱਖ ਸਕੱਤਰ ਨੇ ਵੱਧ ਅਹੁਦੇ ਸਿਰਜਣ ‘ਤੇ ਸਵਾਲ ਚੁੱਕਿਆ ਹੈ।

## ਈ.ਡੀ. ਵਲੋਂ ਪਾਕਿ ਨਾਗਰਿਕਾਂ ਦੀ ਮਲਕੀਅਤ ਵਾਲੇ ਸੱਟੇਬਾਜ਼ੀ ਪੋਰਟਲ ਮਾਮਲੇ ’ਚ ਛਾਪੇਮਾਰੀ

ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਕਿਹਾ ਹੈ ਕਿ ਉਸ ਨੇ ਕੁਝ ਪਾਕਿਸਤਾਨੀ ਨਾਗਰਿਕਾਂ ਦੀ ਮਲਕੀਅਤ ਵਾਲੀ ਸੱਟੇਬਾਜ਼ੀ ਵੈੱਬਸਾਈਟ, ਜੋ ਪੁਰਸ਼ਾਂ ਦੇ ਟੀ-20 ਕ੍ਰਿਕਟ ਵਿਸ਼ਵ ਕੱਪ ਮੈਚਾਂ ਦੇ ਗੈਰ- ਕਾਨੂੰਨੀ ਪ੍ਰਸਾਰਣ ‘ਚ ਵੀ ਸ਼ਾਮਿਲ ਸੀ, ਦੇ ਸੰਚਾਲਕਾਂ ਖਿਲਾਫ ਤਾਜ਼ਾ ਛਾਪੇਮਾਰੀ ਕੀਤੀ ਹੈ। ਕੇਂਦਰੀ ਏਜੰਸੀ ਵਲੋਂ 10 ਤੋਂ 12 ਦਸੰਬਰ ਦਰਮਿਆਨ ਦਿੱਲੀ, ਮੁੰਬਈ ਤੇ ਪੁਣੇ ‘ਚ ‘ਮੈਗਿਨਵਿਨ’ ਨਾਂਅ ਦੇ ਪੋਰਟਲ ਵਿਰੁੱਧ ਮਾਮਲੇ ਦੀ ਤਲਾਸ਼ੀ ਲਈ ਗਈ। ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐਮ.ਐਲ.ਏ.) ਤਹਿਤ ਦਾਇਰ ਕੀਤਾ ਗਿਆ ਈ.ਡੀ. ਦਾ ਕੇਸ ਗੁਜਰਾਤ ‘ਚ ਅਹਿਮਦਾਬਾਦ ਪੁਲਿਸ ਦੀ ਸਾਈਬਰ ਕ੍ਰਾਈਮ ਯੂਨਿਟ ਦੁਆਰਾ ਦਰਜ ਕੀਤੀ ਗਈ ਐਫ.ਆਈ.ਆਰ. ‘ਤੇ ਆਧਾਰਿਤ ਹੈ। ਈ.ਡੀ. ਨੇ ਇਕ ਬਿਆਨ ‘ਚ ਕਿਹਾ ਕਿ ਛਾਪੇ ਦੌਰਾਨ 30 ਲੱਖ ਰੁਪਏ ਦੀ ਬੈਂਕ ਜਮਾਂ ਰਾਸ਼ੀ ਤੇ ਇਤਰਾਜ਼ਯੋਗ ਦਸਤਾਵੇਜ਼ਾਂ ਨੂੰ ਜ਼ਬਤ ਕੀਤਾ ਗਿਆ ।

## ਸੁਰੱਖਿਆ ਮੁਲਾਜ਼ਮ ਤਾਇਨਾਤ ਕਰਨ ਦੇ ਹੁਕਮ

ਚੰਡੀਗੜ੍ਹ - ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਜ ਚੋਣ ਕਮਿਸ਼ਨ ਨੂੰ ਹੁਕਮ ਦਿੱਤਾ ਹੈ ਕਿ ਉਹ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਵਿਚ ਹਰ ਬੂਥ ‘ਤੇ ਲੋੜੀਂਦੇ। ਸੁਰੱਖਿਆ ਮੁਲਾਜ਼ਮ ਤਾਇਨਾਤ ਕਰੋ। ਇਸ ਤੋਂ ਪਹਿਲਾਂ ਹਾਈ ਕੋਰਟ ਇਨ੍ਹਾਂ ਚੋਣਾਂ ਦੀ ਪੂਰੀ ਚੋਣ 5 ਪ੍ਰਕਿਰਿਆ ਦੀ ਵੀਡੀਓਗ੍ਰਾਫੀ ਦੇ ਹੁਕਮ ਵੀ ਦੇ ਚੁੱਕੀ ਹੈ। ਹਾਈ ਕੋਰਟ ਨੇ ਇਹ ਹੁਕਮ ਪਟਿਆਲਾ ਵਾਸੀ ਨਿਖਿਲ ਕੁਮਾਰ ਦੀ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਕੀਤਾ। ਜ਼ਿਕਰਯੋਗ ਹੈ ਕਿ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਦੌਰਾਨ ਕੋਈ ਧਾਂਦਲੀ ਨਾ ਹੋਵੇ ਅਤੇ ਵੋਟਰਾਂ ਨੂੰ ਬਿਨਾਂ ਰੋਕ ਟੋਕ ਦੇ ਵੋਟ ਪਾਉਣ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਚੋਣਾਂ ਵਾਲੇ ਦਿਨ ਹਰ ਪੋਲਿੰਗ ਬੂਥ ‘ਤੇ ਪੂਰੀ ਸੁਰੱਖਿਆ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਦਾਖਲ ਕਈ ਪਟੀਸ਼ਨਾਂ ‘ਤੇ ਹਾਈ ਕੋਰਟ ਨੇ ਹੁਣ ਰਾਜ ਚੋਣ ਕਮਿਸ਼ਨ ਨੂੰ ਹੁਕਮ ਦੇ ਦਿੱਤਾ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰ ਕਰ ਰਹੀ ਹੈ ਉਪਰਾਲੇ: ਚੌਹਾਨ

### ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ



ਕੇਂਦਰੀ ਖੇਤੀਬਾੜੀ ਮੰਤਰੀ ਸਿਵਰਾਜ ਸਿੰਘ ਚੌਹਾਨ ਨੇ ਕਿਹਾ ਹੈ ਕਿ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਰੂਸੀ ਲਗਾਤਾਰ ਯਤਨ ਕਰ ਰਹੀ ਹੈ ਤੇ ਇਸ ਲਈ ਕਈ ਯੋਜਨਾਵਾਂ ਲਾਗੂ ਹਨ। ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਨੇ ਲੋਕ ਸਭਾ ਨੂੰ ਇਹ ਵੀ ਦੱਸਿਆ ਕਿ ਕਿਸਾਨਾਂ ਦੀ ਆਮਦਨ ਮਜ਼ਦੂਰਾਂ ਨਾਲੋਂ ਘੱਟ ਨਹੀਂ ਹੈ। ਪ੍ਰਸ਼ਨ ਕਾਲ ਦੌਰਾਨ ਪੂਰਕ ਸਵਾਲਾਂ ਦੇ ਜਵਾਬ ਦਿੰਦਿਆਂ ਚੌਹਾਨ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਸਾਲ ਵੀ ਖਾਦ ਸਬਸਿਡੀ ‘ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਉਤਪਾਦਨ ਵਧਾਉਣ, ਉਤਪਾਦਨ ਦੀ ਲਾਗਤ ਘਟਾਉਣ ਤੇ ਉਪਜ ਦੀ ਢੁਕਵੀਂ ਕੀਮਤ ਯਕੀਨੀ ਬਣਾਉਣ ‘ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਪੀਕਰ ਓਮ ਬਿਰਲਾ ਨੇ ਸਦਨ ‘ਚ ਮੌਜੂਦ ਆਰਮੀਨੀਆ ਦੇ ਨੁਮਾਇੰਦਿਆਂ ਦਾ ਸਵਾਗਤ ਕੀਤਾ। ਉਹ ਭਾਰਤ ਦੌਰੇ ‘ਤੇ ਹਨ।

# ਕੁਲਵੰਤ ਸਿੰਘ ਧਾਲੀਵਾਲ ਦੀਆਂ ਲਿਖੀਆਂ ਰੁਬਾਈਆਂ ਦੀ ਪੁਸਤਕ 'ਰਤਨਮਾਲ਼ਾ' ਵਿਰਾਸਤ ਮੰਚ ਵੱਲੋਂ ਲੋਕ ਅਰਪਣ

## ਧਾਲੀਵਾਲ ਇਕ ਸੰਜੀਦਾ ਸ਼ਾਇਰ: ਡਾ. ਲਖਵਿੰਦਰ ਜੌਹਲ



**ਮੋਗਾ :** "ਕੁਲਵੰਤ ਸਿੰਘ ਧਾਲੀਵਾਲ ਇਕ ਸੰਜੀਦਾ ਸ਼ਾਇਰ ਹੈ ਜਿਸਦੀਆਂ ਰੁਬਾਈਆਂ ਪੜ੍ਹਦਿਆਂ ਮਹਿਸੂਸ ਹੁੰਦਾ ਕਿ ਉਸ ਕੋਲ ਤਕਨੀਕ ਦੀ ਸਮਝ ਹੈ, ਭਾਸ਼ਾ ਦੀ ਅਮੀਰੀ ਹੈ, ਕਵਿਤਾ ਦਾ ਸਹਿਜ ਅਤੇ ਵਿਚਾਰਾਂ ਦੀ ਗਹਿਰਾਈ ਹੈ। ਇਹ ਰੁਬਾਈਆਂ ਪਾਠਕਾਂ ਦੀ ਪੜ੍ਹਨ ਯੋਗਤਾ ਵਿਚ ਵਾਧਾ ਕਰਨ 'ਚ ਸਹਾਈ ਹੋਣਗੀਆਂ।" ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਡ ਲੁਧਿਆਣਾ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਡਾ: ਲਖਵਿੰਦਰ ਸਿੰਘ ਜੌਹਲ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਧੇਵਾਲਾ (ਮੋਗਾ) ਵਿਖੇ ਪੰਜਾਬ ਵਿਰਾਸਤ ਮੰਚ ਵੱਲੋਂ ਕਰਵਾਏ ਕੁਲਵੰਤ ਸਿੰਘ ਧਾਲੀਵਾਲ ਦੀ ਪੁਸਤਕ ਲੋਕ ਅਰਪਣ ਸਮਾਗਮ ਦੌਰਾਨ ਕੀਤਾ। ਸਮਾਗਮ ਦੀ ਪ੍ਰਧਾਨਗੀ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਡਾ.ਨਿਰਮਲ ਜੌੜਾ ਡਾਇਰੈਕਟਰ ਸਟੂਡੈਂਟ ਵੈਲਫੇਅਰ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਕੀਤੀ।

ਪੰਜਾਬ ਵਿਰਾਸਤ ਮੰਚ ਦੇ ਪ੍ਰਧਾਨ ਨਿਧੜਕ ਸਿੰਘ ਬਰਾੜ ਸਾਬਕਾ ਸੂਚਨਾ ਕਮਿਸ਼ਨਰ ਪੰਜਾਬ ਅਤੇ ਵਿਰਾਸਤ ਮੰਚ ਦੇ ਅਹੁਦੇਦਾਰਾਂ ਡਾ ਜਸਕਰਨਜੀਤ ਸਿੰਘ, ਸਰਬਜੀਤ ਸਿੰਘ ਸਿਧੂ, ਡਾ: ਗੌਰਵ ਸ਼ਰਮਾ, ਹਰਪ੍ਰੀਤ ਸਹਿਗਲ, ਨਿਰਮਲ ਸਿੰਘ, ਸੁਖਮੰਦਰ ਸਿੰਘ, ਦੀਪਕ ਸ਼ਰਮਾ ਨੇ ਆਏ ਮਹਿਮਾਨਾਂ ਨੂੰ ਬੁੱਕੇ ਦੇ ਕੇ ਸਨਮਾਨਿਤ ਕੀਤਾ। ਨਿਧੜਕ ਸਿੰਘ ਬਰਾੜ ਨੇ ਵਿਰਾਸਤ ਮੰਚ ਬਾਰੇ ਕਿਹਾ ਕਿ ਮੰਚ ਦਾ ਮਨੋਰਥ ਪੰਜਾਬ ਦੇ ਸਾਹਿਤਕ ਸਭਿਆਚਾਰਕ ਅਤੇ ਵਿਰਾਸਤ ਨੂੰ ਅਮੀਰ ਕਰਨ ਵਾਲੀਆਂ ਸਖਸ਼ੀਅਤਾਂ ਨੂੰ ਸਮੇਂ ਸਮੇਂ ਤੇ ਸਨਮਾਨਿਤ ਕਰਨਾ ਹੈ।

ਇਸ ਮੌਕੇ ਬੋਲਦਿਆਂ ਸ੍ਰੀ ਰਾਮੂਵਾਲੀਆ ਨੇ "ਰਤਨਮਾਲ਼ਾ" ਪੁਸਤਕ ਦੇ ਲੇਖਕ ਕੁਲਵੰਤ ਸਿੰਘ ਧਾਲੀਵਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਵਿਤਾ ਹੀ ਹੈ ਜਿਹੜੀ ਸਦੀਆਂ ਤੱਕ ਲੋਕ ਮਨਾਂ 'ਚ ਵਸੀ ਰਹਿੰਦੀ ਹੈ। ਉਹਨਾਂ ਕਿਹਾ ਕਿ ਜੇਕਰ ਮੈਂ ਕਵਿਤਾ ਨਾਲ ਨਾ ਜੁੜਿਆ ਹੁੰਦਾ ਤਾਂ ਏਥੋਂ ਤੱਕ ਨਹੀਂ ਸੀ ਪਹੁੰਚ ਸਕਦਾ।

ਡਾ: ਨਿਰਮਲ ਜੌੜਾ ਨੇ ਪੰਜਾਬੀ ਕਾਵਿ ਵਿਚ ਰੁਬਾਈ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਇਹ ਛੰਦ ਬੱਧ ਕਾਵਿ ਰੂਪ ਜਨ ਸਧਾਰਨ ਲੋਕਾਂ ਨੂੰ ਵਧੇਰੇ ਖਿੱਚਦਾ ਹੈ। ਮੰਚ ਸੰਚਾਲਕ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਰੁਬਾਈ ਦੇ ਇਤਿਹਾਸ ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਵਿਸ਼ੇ ਅਤੇ ਵਿਚਾਰ ਦੇ ਪੱਖ ਤੋਂ ਕੁਲਵੰਤ ਸਿੰਘ ਧਾਲੀਵਾਲ ਦੀਆਂ ਲਿਖੀਆਂ ਰੁਬਾਈਆਂ ਜਨ ਸਧਾਰਨ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦੀਆਂ ਹਨ। ਡਾ: ਸੁਰਜੀਤ ਦੌਧਰ ਬੋਲਦਿਆਂ ਕਿਹਾ ਲਿਖਣ ਸ਼ੈਲੀ ਬਹੁਤ ਪ੍ਰਭਾਵਿਤ ਕਰਦੀ ਹੈ

ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਬਿਨਾਂ ਮਿਹਨਤ, ਵਿਚਾਰਧਾਰਾ ਅਤੇ ਸਪੱਸ਼ਟ ਦ੍ਰਿਸ਼ਟੀਕੋਣ ਤੋਂ ਕਵਿਤਾ ਨਹੀਂ ਲਿਖੀ ਜਾ ਸਕਦੀ। ਬੁਲਾਰਿਆਂ ਦਾ ਇਕਮੱਤ ਸੀ ਕਿ ਉਹੀ ਰਚਨਾ ਪ੍ਰਵਾਨ ਚੜ੍ਹਦੀ ਹੈ ਜੋ ਆਮ ਲੋਕਾਂ ਲਈ ਲਿਖੀ ਗਈ ਹੋਵੇ।

ਇਸ ਸ਼ਾਨਦਾਰ ਸਾਹਿਤਕ ਸਮਾਗਮ ਵਿਚ ਪ੍ਰਸਿੱਧ ਆਗੂ ਪਰਮਜੀਤ ਸਿੰਘ ਸਿੱਧਵਾਂ, ਉਜਾਗਰ ਸਿੰਘ ਬੱਦੋਵਾਲ, ਜਸਵਿੰਦਰ ਸਿੰਘ ਕੁੱਸਾ, ਨਿਸ਼ਾਨ ਸਿੰਘ ਡਿਪਟੀ ਡੀ ਈ ਓ ਮੋਗਾ,ਅਜਾਇਬ ਸਿੰਘ ਬਹੋਨਾ, ਸ਼ਾਇਰਾ ਅਮਰਪ੍ਰੀਤ ਕੌਰ ਸੰਘਾ, ਜਸਵਿੰਦਰ ਧਰਮਕੋਟ, ਚਰਨਜੀਤ ਸਮਾਲਸਰ, ਜਸਵਿੰਦਰ ਸੋਨੀ, ਧਾਮੀ ਗਿੱਲ, ਨਾਟਕਕਾਰ ਦਵਿੰਦਰ ਗਿੱਲ, ਜਸਪ੍ਰੀਤ ਸਿੰਘ ਸਰਪੰਚ ਸੰਤ ਨਗਰ, ਤੀਰਥ ਸਿੰਘ ਸਰਪੰਚ ਸਿੰਘਾਵਾਲਾ, ਨਿਹਾਲ ਸਿੰਘ ਤਲਵੰਡੀ,ਸਰਪੰਚ ਪਰਮਜੀਤ ਕੌਰ ਤਲਵੰਡੀ, ਗੁਰਜੰਟ ਸਿੰਘ ਤਲਵੰਡੀ, ਮਨਜੀਤ ਕੁਮਾਰ, ਪ੍ਰਕਾਸ਼ ਵਿਸ਼ਵਾਸ, ਰੇਸ਼ਮ ਸਿੰਘ ਔਲਖ ਸਾਬਕਾ ਜਿਲਾ ਸਿਖਿਆ ਅਫਸਰ, ਗਿਆਨ ਸਿੰਘ ਡੀ ਪੀ ਆਰ ਓ, ਪ੍ਰਿੰਸੀਪਲ ਗੁਰਦੀਪ ਸਿੰਘ, ਅਵਤਾਰ ਸਿੰਘ ਕਰੀਰ, ਲੇਖਕ ਗੁਰਜੀਤ ਸਿੰਘ, ਜਗਜੀਤ ਸਿੰਘ ਸੰਘਾ, ਡਾ. ਜਗਮਿੰਦਰ ਸਿੰਘ, ਅਕਾਲੀ ਆਗੂ ਬੂਟਾ ਸਿੰਘ ਦੌਲਤਪੁਰਾ, ਆਂਟੂ ਸਰਪੰਚ ਚੋਟੀਆਂ, ਲਾਲੀ ਬੁਟਰ, ਗੀਤਕਾਰ ਰਣਜੀਤ ਸਿੰਘ ਹਠੂਰ, ਨਾਵਲਕਾਰ ਹਰੀ ਸਿੰਘ ਢੁੱਡੀਕੇ, ਨਾਟਕਕਾਰ ਮੋਹੀ ਅਮਰਜੀਤ, ਇੰਸਪੈਕਟਰ ਸੁਰਿੰਦਰ ਸਿੰਘ, ਗਿਆਨੀ ਛਿੰਦਰ ਸਿੰਘ ਦੋਸਾਂਝ, ਡਾ: ਸਰਬਜੀਤ ਕੌਰ, ਧਰਮਿੰਦਰ ਸਿੰਘ ਫਰੀਦਕੋਟ ਅਤੇ ਵੱਖ ਵੱਖ ਸਾਹਿਤਕ ਸਭਿਆਚਾਰਕ ਸੰਸਥਾਵਾਂ ਨਾਲ ਜੁੜੇ ਵਿਅਕਤੀ ਹਾਜ਼ਰ ਸਨ।

ਸਮਾਗਮ ਦੇ ਅੰਤ 'ਚ ਕੁਲਵੰਤ ਸਿੰਘ ਧਾਲੀਵਾਲ ਨੇ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਹੋਂਦ ਬਚਾਉਣ ਖ਼ਾਤਿਰ ਅਖ਼ੀਰ ਕੁਦਰਤ ਵੱਲ ਹੀ ਪਰਤੇਗਾ ਅਜੋਕਾ ਮਨੁੱਖ

**ਕੁਦਰਤ ਨੂੰ ਬਚਾਉਣ ਤੇ ਕੁਦਰਤ ਨੂੰ ਸਾਂਭਣ ਦੀ ਗੱਲ ਹੁਣ ਤੁਰ ਪਈ ਹੈ ਤੇ ਆਸ ਹੈ ਕਿ ਚਾਹੇ ਦੇਰ ਨਾਲ ਹੀ ਸਹੀ ਪਰ 'ਡੈਮੇਜ ਕੰਟ੍ਰੋਲ' ਭਾਵ ਹੋ ਚੁੱਕੇ ਨੁਕਸਾਨ ਦੀ ਪੂਰਤੀ ਖ਼ਾਤਿਰ ਇਹ ਸ਼ੁਰੂ ਹੋ ਚੁੱਕੀ ਕਵਾਇਦ ਸ਼ਾਇਦ ਕੁਝ ਰੰਗ ਜ਼ਰੂਰ ਲਿਆਏਗੀ। ਹੁਣ ਸਚਮੁੱਚ ਹੀ ਵੇਲ਼ਾ ਆ ਗਿਆ ਹੈ ਕਿ ਹਵਾ,ਪਾਣੀ ਤੇ ਮਿੱਟੀ ਦਾ ਪ੍ਰਦੂਸ਼ਣ ਖ਼ਤਮ ਕਰਨ ਲਈ ਇਕ ਵੱਡੀ ਤੇ ਜ਼ਬਰਦਸਤ ਲਹਿਰ ਸਾਡੇ ਮੁਲਕ ਤੇ ਸਾਡੇ ਚੁਗਿਰਦੇ 'ਚ ਉੱਠ ਪਏ ਤੇ ਆਪਣੇ ਅਸਲ ਮਾਰਗ ਤੋਂ ਭਟਕਣ ਦੇ ਫ਼ਲਸਰੂਪ ਕੁਦਰਤ ਤੋਂ ਦੂਰ ਚਲਾ ਗਿਆ ਮਨੁੱਖ ਇਕ ਵਾਰ ਮੁੜ ਤੋਂ ਕੁਦਰਤ ਦੇ ਚਰਨੀਂ ਲੱਗ ਕੇ ਆਪਣਾ ਪਾਰ ਉਤਾਰਾ ਕਰ ਲਏ।**

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ: 97816-46008

ਇਸ ਧਰਤੀ 'ਤੇ ਜਾਂ ਇਸ ਬ੍ਰਹਿਮੰਡ ਵਿਚ ਮਨੁੱਖ ਨੂੰ 'ਅਸ਼ਰਫ਼-ਉਲ-ਮਖ਼ਲੂਕਾਤ' ਭਾਵ ਕੁਦਰਤ ਦੀ ਸਰਬੋਤਮ ਰਚਨਾ ਮੰਨਿਆ ਜਾਂਦਾ ਹੈ ਪਰ ਹੰਕਾਰ ਅਤੇ ਅਗਿਆਨਤਾ ਵੱਸ ਹੋ ਕੇ ਅਜੋਕਾ ਮਨੁੱਖ ਇਹ ਭੁੱਲ ਗਿਆ ਹੈ ਕਿ ਇਸ ਦੁਨੀਆਂ ਦੀ ਸਾਰੀ ਕਾਇਨਾਤ, ਸਾਰੇ ਕੁਦਰਤੀ ਨਜ਼ਾਰੇ ਤੇ ਸਮੂਹ ਕੁਦਰਤੀ ਸ੍ਰੋਤ, ਮਨੁੱਖ ਸਮੇਤ ਧਰਤੀ ਤੇ ਵੱਸਦੇ ਸਮੂਹ ਜੀਵ-ਜੰਤੂਆਂ ਦੇ ਉਪਭੋਗ ਅਤੇ ਸਦਉਪਯੋਗ ਲਈ ਹਨ ਨਾ ਕਿ ਮਨੁੱਖ ਵੱਲੋਂ ਕੁਦਰਤੀ ਸ੍ਰੋਤਾਂ ਨੂੰ ਤਬਾਹ-ਬਰਬਾਦ ਕਰਕੇ ਆਪਣੀ ਹੀ ਬਰਬਾਦੀ ਦੀ ਇਬਾਰਤ ਲਿਖਣ ਲਈ।

ਇਹ ਇਕ ਹਕੀਕਤ ਹੈ ਕਿ ਮਨੁੱਖ ਕੁਦਰਤ ਦੀ ਸੰਤਾਨ ਹੈ ਤੇ ਕੁਦਰਤ ਵਿਚ ਹੀ ਇਸਦੇ ਵਿਕਾਸ,ਇਸਦੀ ਸਿਹਤਮੰਦੀ ਤੇ ਖ਼ੁਸ਼ਹਾਲੀ ਦੇ ਸਾਰੇ ਤੱਤ ਮੌਜੂਦ ਹਨ। ਮਨੁੱਖ ਜਦੋਂ ਕੁਦਰਤ ਦੇ ਨੇੜੇ ਰਹਿੰਦਾ ਸੀ ਤੇ ਕੁਦਰਤ ਦੀ ਰਾਖੀ ਕਰਦਾ ਸੀ ਉਦੋਂ ਕੁਦਰਤ ਵੀ ਇਸਦੀ ਰਾਖੀ ਕਰਦੀ ਸੀ ਤੇ ਇਸਦਾ ਪੂਰਾ-ਪੂਰਾ ਖ਼ਿਆਲ ਰੱਖਦੀ ਸੀ। ਫਿਰ ਮਸ਼ੀਨੀਕਰਣ ਦੇ ਆਉਣ ਨਾਲ ਮਨੁੱਖ ਨੂੰ ਇਹ ਲੱਗਣ ਲੱਗ ਪਿਆ ਕਿ ਉਸਦੀ ਤਰੱਕੀ ਪਦਾਰਥਕ ਸੁੱਖਾਂ ਵਿਚ ਲੁਕੀ ਹੋਈ ਤੇ ਉਹ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਖ਼ਾਤਿਰ ਸੰਘਰਸ਼ ਕਰਨ ਲੱਗ ਪਿਆ। ਉਸਨੇ ਵਿੱਦਿਆ ਦਾ ਭਰਵਾਂ ਪ੍ਰਸਾਰ ਤੇ ਪ੍ਰਚਾਰ ਕੀਤਾ ਤੇ ਗਿਆਨ ਦੇ ਦੀਵੇ ਬਾਲ੍ਹ ਕੇ ਆਪਣੇ ਜੀਵਨ ਵਿਚ ਚਾਨਣ ਭਰਨ ਦੀ ਕੋਸ਼ਿਸ਼ ਕੀਤੀ ਪਰ ਪਦਾਰਥਕ ਸੁੱਖਾਂ ਦੀ ਦੌੜ ਵਿਚ ਉਹ ਬੇਤਹਾਸ਼ਾ ਭੱਜ-ਨੱਸ ਕਰਨ ਲੱਗ ਪਿਆ ਤੇ ਫਿਰ ਉਸਨੂੰ ਲੱਗਣ ਲੱਗ ਪਿਆ ਕਿ ਉਹ ਥੱਕਣ ਲੱਗ ਪਿਆ ਹੈ। ਉਸ ਨੇ ਸ਼ਰੀਰਕ ਤੇ ਮਾਨਸਿਕ ਥਕਾਵਟ ਉਤਾਰਨ ਲਈ ਆਰਾਮਦਾਇਕ ਸਹੂਲਤਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਤੇ ਉਨ੍ਹਾ ਸਹੂਲਤਾਂ ਲਈ ਸਾਧਨ ਜੁਟਾਉਣ ਹਿਤ ਮੁੜ ਤੋਂ ਸੰਘਰਸ਼ਸ਼ੀਲ ਹੋ ਗਿਆ। ਇਸ ਸਾਰੀ ਦੌੜ-ਭੱਜ ਵਿਚ ਉਹ ਭੁੱਲ ਹੀ ਗਿਆ ਕਿ ਕੁਦਰਤ ਤਾਂ ਉਸਦੀ ਮਾਂ ਸੀ ਤੇ ਮਾਂ ਦੀ ਗੋਦ ਤੋਂ ਵੱਧ ਨਿੱਘ, ਆਰਾਮ, ਚੈਨ ਅਤੇ ਸੁੱਖ ਭਲਾ ਉਸਨੂੰ ਹੋਰ ਕੌਣ ਦੇ ਸਕਦਾ ਹੈ?ਪਰ ਉਸਦਾ ਦੁਖਾਂਤ ਇਹ ਹੈ ਕਿ ਮਾਇਕ ਅਤੇ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੀ ਹੋੜ ਵਿਚ 'ਬੇ-ਹੋਸ਼' ਭੱਜਦਿਆਂ-ਭੱਜਦਿਆਂ ਉਹ ਕੁਦਰਤ ਤੋਂ ਬਹੁਤ ਦੂਰ ਹੋ ਗਿਆ ਹੈ ਤੇ ਕੁਦਰਤ ਮਾਂ ਦਾ ਘਾਣ ਕਰਕੇ ਉਹ ਉਸਦਾ 'ਗੁਨਾਹਗਾਰ' ਵੀ ਹੋ ਨਿੱਬੜਿਆ ਹੈ। ਹੁਣ ਸੁਖੀ ਤੇ ਖ਼ੁਸ਼ਹਾਲ ਜੀਵਨ ਦੇ ਤਿੰਨ ਪ੍ਰਮੁੱਖ ਤੱਤ ਕਹੇ ਜਾਂਦੇ 'ਸ਼ੁੱਧ ਹਵਾ', 'ਉਪਜਾਊ ਮਿੱਟੀ' ਤੇ 'ਨਿਰਮਲ ਜਲ' ਆਦਿ ਨੂੰ ਹੱਥੀਂ ਬਰਬਾਦ ਕਰਨ ਪਿੱਛੋਂ ਬਿਮਾਰੀ ਤੇ ਨਿਰਾਸ਼ਤਾ ਭਰਪੂਰ ਜੀਵਨ ਜਿਊਣ ਵਾਲਾ ਅਜੋਕਾ ਮਨੁੱਖ ਹੁਣ ਮੁੜ ਕੁਦਰਤ ਵੱਲ ਵਾਪਿਸ ਪਰਤਣਾ ਲੋਚ ਰਿਹਾ ਹੈ ਪਰ ਹੁਣ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੈ ਤੇ ਵਰਤਮਾਨ ਮਨੁੱਖਾਂ ਵੱਲੋਂ 'ਕੁਦਰਤ ਅੰਮੜੀ' ਨਾਲ ਕਮਾਏ 'ਧ੍ਰੋਹ' ਦਾ ਸਿਲਾ ਹੁਣ ਇਸਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਹੀ ਪਏਗਾ।



ਅਜੋਕੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਿਰੇਬਾਨ ਵਿਚ ਝਾਤੀ ਮਾਰ ਕੇ ਵੇਖੇ ਕਿ ਕੀ ਇਸਦੇ ਵੱਡ-ਵਡੇਰੇ ਉਸਨੂੰ ਰੁੱਖਾਂ ਵਾਲੇ ਜੰਗਲ ਦੀ ਥਾਂ ਕੰਕਰੀਟ ਦਾ ਜੰਗਲ ਦੇ ਕੇ ਗਏ ਸਨ?ਕੀ ਇਸਦੇ ਪੁਰਖੇ ਸ਼ੁੱਧ ਤੇ ਸੀਤਲ ਜਲ ਨਾਲ ਭਰਪੂਰ ਨਦੀਆਂ,ਨਾਲਿਆਂ ਦੀ ਥਾਂ ਇਸਨੂੰ ਗੰਦਗੀ ਅਤੇ ਰਸਾਇਣ ਭਰੇ ਗੰਦੇ ਨਾਲੇ ਤੇ ਨਦੀਆਂ ਦੇ ਕੇ ਗਏ ਸਨ? ਕੀ ਇਸਦੇ ਅਧਿਆਤਮਿਕ ਰਹਿਬਰਾਂ ਨੇ ਇਸਨੂੰ ਪੁਕਾਰ-ਪੁਕਾਰ ਕੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤਿ।।" ਦਾ ਪਾਠ ਨਹੀਂ ਪੜ੍ਹਾਇਆ ਸੀ? ਕੀ ਇਸਦੀਆਂ ਪਿਛਲੀਆਂ ਪੀੜ੍ਹੀਆਂ ਨੇ ਇਸਨੂੰ ਰੁੱਖਾਂ 'ਤੇ,ਪਸ਼ੂਆਂ 'ਤੇ ਅਤੇ ਪੰਛੀਆਂ 'ਤੇ ਦਇਆ ਕਰਨ ਦੀ ਮੱਤ ਨਹੀਂ ਦਿੱਤੀ ਸੀ? ਜੇਕਰ ਉਕਤ ਸਭ ਕੁਝ ਜਾਣਦਿਆਂ-ਬੁਝਦਿਆਂ ਹੋਇਆਂ ਵੀ ਅਜੋਕੇ ਮਨੁੱਖ ਨੇ ਉਕਤ ਸਾਰੇ 'ਪਾਪ' ਖੱਟੇ ਹਨ ਤਾਂ ਫਿਰ ਇਸਦੇ ਕੀਤੇ ਪਾਪਾਂ ਦੀ,ਇਸਦੇ ਕੁਕਰਮਾਂ ਦੀ ਸਜ਼ਾ ਤਾਂ ਇਸਨੂੰ ਮਿਲਣੀ ਬਣਦੀ ਸੀ ਤੇ ਹੁਣ ਕਦੇ ਕਹਿਰ ਮਚਾਉਂਦੀ ਗਰਮੀ ਤੇ ਕਦੇ ਹੱਡੀਆਂ ਨੂੰ ਕੜਕਾਉਂਦੀ ਸਰਦੀ ਤੇ ਕਦੇ ਬੇਮੌਸਮੇ ਤੇ ਬੇਤਹਾਸ਼ੇ ਹੜ੍ਹ ਇਸਨੂੰ ਸਜ਼ਾ ਦੇ ਰੂਪ ਵਿਚ ਮਿਲ ਰਹੇ ਹਨ ਤੇ ਹੁਣ ਸਜ਼ਾ ਦੇ ਪ੍ਰਕੋਪ ਨਾਲ ਚੀਕਾਂ ਮਾਰਦਾ ਮਾਰਦਾ ਮਨੁੱਖ 'ਰੁੱਖ ਲਗਾਓ', 'ਜਲ ਬਚਾਓ' ਤੇ 'ਪ੍ਰਦੂਸ਼ਣ ਘਟਾਓ' ਦਾ ਹੋਕਾ ਦਿੰਦਾ ਫਿਰ ਰਿਹਾ ਹੈ।ਜਦੋਂ ਵੇਲ਼ਾ ਕੁਦਰਤ ਨੂੰ ਸੰਭਾਲਣ ਦਾ ਸੀ,ਉਦੋਂ ਇਹ ਅਵੇਸਲਾ,ਲਾਪ੍ਰਵਾਹ,ਸਵਾਰਥੀ ਤੇ ਲਾਲਚੀ ਬਣ ਗਿਆ ਤੇ ਹੁਣ ਇਹ 'ਆਰਗੈਨਿਕ ਖੇਤੀ ਕਰਨ,ਝੋਨੇ ਦੀ ਕਾਸ਼ਤ ਬੰਦ ਕਰਨ,ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਘੱਟ ਕਰਨ,ਘੜੇ ਦਾ ਪਾਣੀ ਪੀਣ,ਰੋਜ਼ਾਨਾ ਸੈਰ,ਕਸਰਤ ਜਾਂ ਯੋਗਾ ਕਰਨ, ਮੋਟੇ ਅਨਾਜ ਖਾਣ,ਤਲੀਆਂ ਤੇ ਮਸਾਲਾ ਭਰਪੂਰ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ ਦੀਆਂ ਗੱਲਾਂ ਕਰਦਾ ਫਿਰ ਰਿਹਾ ਹੈ। 'ਪੱਥਰ ਚੱਟ ਕੇ ਮੁੜੀ ਮੱਛੀ' ਵਾਂਗ ਇਸਨੂੰ ਹੁਣ ਸਮਝ ਆ ਗਈ ਹੈ ਕਿ ਕਈ ਵਰ੍ਹੇ ਪਹਿਲਾਂ ਇਸਦੇ ਸਿਆਣੇ ਬਜ਼ੁਰਗਾਂ ਵੱਲੋਂ ਦਿੱਤਾ 'ਬੈਕ ਟੂ ਨੇਚਰ' ਭਾਵ 'ਕੁਦਰਤ ਵੱਲ ਨੂੰ ਪਰਤੋ' ਦਾ ਨਾਅਰਾ ਹੀ ਇਸਦੇ ਅਸਲ ਅਤੇ ਸਫ਼ਲ ਜੀਵਨ ਦਾ ਸਾਰ ਹੈ। 'ਬਲਿਹਾਰੀ ਕੁਦਰਤਿ ਵਸਿਆ' ਦਾ ਸੰਕਲਪ ਇਸਨੂੰ ਹੁਣ ਥੋੜ੍ਹਾ-ਥੋੜ੍ਹਾ ਸਮਝ ਲੱਗਣ ਲੱਗ ਗਿਆ ਹੈ। 'ਜੇਕਰ ਨਹੀਂ ਇਹ ਰੁੱਖ ਰਹਿਣਗੇ,ਦੱਸੋ ਕਿੰਜ ਮਨੁੱਖ ਰਹਿਣਗੇ?' ਜਿਹੇ ਭਾਵਪੂਰਤ ਅਤੇ ਸਮਕਾਲੀ ਸਵਾਲ ਹੁਣ ਇਸਦੀ ਅੰਤਰਆਤਮਾ ਨੂੰ ਝੰਜੋੜਨ ਲੱਗ ਪਏ ਹਨ।

ਅਜੋਕਾ ਮਨੁੱਖ ਹੁਣ ਜ਼ਿੰਦਗੀ ਦੀ ਭੱਜ-ਨੱਸ ਨੂੰ ਤਿਆਗ ਕੇ ਕਿਸੇ ਸ਼ਾਂਤ ਅਤੇ ਨਿਰਮਲ ਵਾਤਾਵਰਣ ਵਿਚ ਬੈਠਣਾ ਲੋਚਦਾ ਹੈ। ਇਸਨੂੰ ਸੋਝੀ ਆ ਰਹੀ ਹੈ ਕਿ ਕੁਦਰਤ ਤੋਂ ਵਿੱਛੜ ਕੇ ਇਸਨੇ ਪ੍ਰੇਸ਼ਾਨੀਆਂ ਅਤੇ ਦੁੱਖ ਹੀ ਸਹੇੜੇ ਹਨ ਤੇ ਸੁੱਖ ਲੈਣ ਲਈ ਉਸਨੂੰ ਹੁਣ ਮੁੜ ਤੋਂ ਕੁਦਰਤ ਦੀ ਹੀ ਸ਼ਰਣ ਵਿਚ ਜਾਣਾ ਪਵੇਗਾ। ਇਸ ਲਈ ਚਿਰੋਕਣੇ ਚਿਰ ਪਿੱਛੋਂ 'ਜਾਗਿਆ' ਮਨੁੱਖ ਹੁਣ ਕੁਦਰਤ ਅਤੇ ਕੁਦਰਤ ਵਿਚ ਵੱਸੇ ਕਾਦਰ ਦੇ ਨੇੜੇ ਹੋਣ ਦੀ ਚਾਹਤ ਰੱਖਦਾ ਹੈ। ਸੋ 'ਕੁਦਰਤ ਤੋਂ ਸ਼ੁਰੂ ਹੋਈ ਗੱਲ ਆਖ਼ਿਰ ਕੁਦਰਤ 'ਤੇ ਹੀ ਆ ਕੇ ਹੀ ਮੁੱਕਣੀ ਹੈ',ਰੂਪੀ ਗਿਆਨ ਅਜੋਕੇ ਮਨੁੱਖ ਨੂੰ ਹੋ ਗਿਆ ਹੈ ਤੇ ਹੁਣ ਉਹ ਵੇਲ਼ਾ ਸੰਭਾਲਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਣ ਲੱਗ ਪਿਆ ਹੈ। 'ਪਵਣੁ', 'ਪਾਣੀ' ਅਤੇ 'ਧਰਤਿ' ਦੀ ਰਾਖੀ ਲਈ ਹੰਭਲਾ ਮਾਰਨ ਦਾ ਯਤਨ ਕਰਦਾ ਇਹ ਮਨੁੱਖ ਹੁਣ 'ਬੂਟਿਆਂ ਦਾ ਪ੍ਰਸ਼ਾਦ' ਵੰਡਣ ਲੱਗ ਪਿਆ ਹੈ।'ਜਲ ਬਚਾਓ' ਦੇ ਨਾਅਰੇ ਹੁਣ ਗਾਹੇ-ਬ-ਗਾਹੇ ਚੁਗਿਰਦੇ ਵਿਚ ਗੂੰਜਣ ਲੱਗ ਪਏ ਹਨ। ਕੁਦਰਤ ਨੂੰ ਬਚਾਉਣ ਤੇ ਕੁਦਰਤ ਨੂੰ ਸਾਂਭਣ ਦੀ ਗੱਲ ਹੁਣ ਤੁਰ ਪਈ ਹੈ ਤੇ ਆਸ ਹੈ ਕਿ ਚਾਹੇ ਦੇਰ ਨਾਲ ਹੀ ਸਹੀ ਪਰ 'ਡੈਮੇਜ ਕੰਟ੍ਰੋਲ' ਭਾਵ ਹੋ ਚੁੱਕੇ ਨੁਕਸਾਨ ਦੀ ਪੂਰਤੀ ਖ਼ਾਤਿਰ ਇਹ ਸ਼ੁਰੂ ਹੋ ਚੁੱਕੀ ਕਵਾਇਦ ਸ਼ਾਇਦ ਕੁਝ ਰੰਗ ਜ਼ਰੂਰ ਲਿਆਏਗੀ। ਹੁਣ ਸਚਮੁੱਚ ਹੀ ਵੇਲ਼ਾ ਆ ਗਿਆ ਹੈ ਕਿ ਹਵਾ,ਪਾਣੀ ਤੇ ਮਿੱਟੀ ਦਾ ਪ੍ਰਦੂਸ਼ਣ ਖ਼ਤਮ ਕਰਨ ਲਈ ਇਕ ਵੱਡੀ ਤੇ ਜ਼ਬਰਦਸਤ ਲਹਿਰ ਸਾਡੇ ਮੁਲਕ ਤੇ ਸਾਡੇ ਚੁਗਿਰਦੇ 'ਚ ਉੱਠ ਪਏ ਤੇ ਆਪਣੇ ਅਸਲ ਮਾਰਗ ਤੋਂ ਭਟਕਣ ਦੇ ਫ਼ਲਸਰੂਪ ਕੁਦਰਤ ਤੋਂ ਦੂਰ ਚਲਾ ਗਿਆ ਮਨੁੱਖ ਇਕ ਵਾਰ ਮੁੜ ਤੋਂ ਕੁਦਰਤ ਦੇ ਚਰਨੀਂ ਲੱਗ ਕੇ ਆਪਣਾ ਪਾਰ ਉਤਾਰਾ ਕਰ ਲਏ। ਇਸ ਵੱਡਆਕਾਰੀ ਕਾਰਜ ਲਈ ਸਮਾਜ ਦੇ ਹਰੇਕ ਵਰਗ ਨੂੰ ਤੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਹੀ ਪਵੇਗਾ। ਆਓ ਸੁਆਮੀ ਵਿਵੇਕਾਨੰਦ ਦੇ ਕਹੇ ਬੋਲਾਂ ਨੂੰ ਕੁਦਰਤ ਅਤੇ ਕੁਦਰਤੀ ਸਰੋਤਾਂ ਦੀ ਰਾਖੀ ਹਿਤ ਵਰਤੀਏ।ਉਨ੍ਹਾ ਆਖਿਆ ਸੀ-" ਉੱਠੋ,ਜਾਗੋ ਤੇ ਓਨਾ ਚਿਰ ਨਾ ਰੁਕੋ ਜਦੋਂ ਤੱਕ ਤੁਹਾਡਾ ਉਦੇਸ਼ ਹਾਸਿਲ ਨਾ ਹੋ ਜਾਵੇ"।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ 'ਚ ਡੀ.ਐਸ.ਪੀ ਗੁਰਸ਼ੇਰ ਸਿੰਘ ਨੂੰ ਬਰਖਾਸਤ ਕਰਨ ਦੀ ਮਨਜ਼ੂਰੀ

**ਚੰਡੀਗੜ੍ਹ :** ਲਾਰੈਂਸ ਬਿਸ਼ਨੋਈ ਦੀ ਪੁਲਿਸ ਹਿਰਾਸਤ ਵਿੱਚ ਇੰਟਰਵਿਊ ਦੇ ਮਾਮਲੇ ਵਿੱਚ ਹੁਣ ਮੁਅਤਲ ਡੀ.ਐਸ.ਪੀ ਗੁਰਸ਼ੇਰ ਸਿੰਘ ਉੱਤੇ ਗਾਜ਼ ਡਿੱਗਣ ਵਾਲੀ ਹੈ ।ਪੰਜਾਬ ਸਰਕਾਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਸ ਦੀ ਬਰਖਾਸਤਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਪਬਲਿਕ ਸਰਵਿਸ ਕਮਿਸ਼ਨ ਨੂੰ ਇਸ ਸੰਬੰਧੀ ਫਾਈਲ ਭੇਜ ਦਿੱਤੀ ਗਈ ਹੈ। ਹੁਣ ਕਮਿਸ਼ਨ ਇਸ ਉੱਤੇ ਫੈਸਲਾ ਲਵੇਗਾ। ਇਹ ਵੀ ਦੱਸਿਆ ਗਿਆ ਹੈ ਕਿ ਲਾਰੈਂਸ ਬਿਸ਼ਨੋਈ ਖਰੜ ਸੀ.ਆਈ.ਏ ਕੰਪਲੈਕਸ ਵਿੱਚ ਜਾਂਚ ਦੌਰਾਨ ਰੁਕਿਆ ਸੀ ।ਪੰਜਾਬ ਸਰਕਾਰ ਨੇ ਜਨਹਿਤ ਪਟੀਸ਼ਨ ਤੇ ਸੁਣਵਾਈ ਦੌਰਾਨ ਹਾਈਕੋਰਟ ਨੂੰ ਇਹ ਜਾਣਕਾਰੀ ਦਿੱਤੀ ਸੀ। ਸੁਣਵਾਈ ਦੌਰਾਨ ਹਾਈਕੋਰਟ ਨੇ ਡੀ.ਜੀ.ਪੀ. ਨੂੰ ਪੁੱਛਿਆ ਕਿ ਕਿਸ ਆਧਾਰ ਉੱਤੇ ਇਹ ਇੰਟਰਵਿਊ ਪੰਜਾਬ ਵਿੱਚ ਨਹੀਂ ਹੋਣ




ਦੀ ਗੱਲ ਕੀਤੀ ਜਾ ਰਹੀ ਹੈ। ਤਾਂ ਡੀਜੀਪੀ ਨੇ ਕਿਉਂ ਪੰਜਾਬ ਦੀਆਂ ਜੇਲਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

ਜਦੋਂ ਕਿ ਜੇਲ੍ਹਾਂ ਦੇ ਅਧਿਕਾਰ ਉਹਨਾਂ ਕੋਲ ਨਹੀਂ ਸਨ। ਡੀਜੀਪੀ ਨੇ ਹਲਫਨਾਮੇ ਵਿੱਚ ਕਿਹਾ ਸੀ ਕਿ ਇਹ ਬਿਆਨ ਜੇਲ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਹੀ ਦਿੱਤਾ ਗਿਆ ਸੀ ਜੋ ਕਿ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਸਨ।

ਡੀ.ਜੀ.ਪੀ. ਦੇ ਹਲਫਨਾਮੇ ਤੋਂ ਇਹ ਸਪਸ਼ਟ ਹੈ ਕਿ ਲਾਰੈਂਸ ਬਿਸ਼ਨੋਈ ਪੰਜ ਮਹੀਨੇ ਸੀ.ਆਈ.ਏ ਸਟਾਫ ਖਰੜ ਵਿੱਚ ਸੀ ਅਤੇ ਕੇਵਲ ਦੋ ਮਹੀਨੇ ਤੋਂ ਵੀ ਘੱਟ ਸਮੇਂ ਲਈ ਬਠਿੰਡਾ ਜੇਲ ਵਿੱਚ ਸੀ। ਹਾਈਕੋਰਟ ਨੇ ਪੁੱਛਿਆ ਕਿ ਆਖਰ ਕਿਉਂ ਵਾਰ-ਵਾਰ ਉਸ ਦਾ ਰਿਮਾਂਡ ਮੰਗਿਆ ਗਿਆ। ਹਾਈਕੋਰਟ ਨੇ ਕਿਹਾ ਕਿ ਡੀ.ਜੀ.ਪੀ. ਦਾ ਹਲਫਨਾਮਾ ਤਸੱਲੀ ਬਖਸ਼ ਨਹੀਂ ਹੈ।

## ਮੋਦੀ ਨੇ ਰਾਜ ਕਪੂਰ ਦੇ 100ਵੇਂ ਜਨਮ ਦਿਨ ਮੌਕੇ ਦਿੱਤੀ ਸ਼ਰਧਾਂਜਲੀ


ਨਵੀਂ ਦਿੱਲੀ-ਦੇਸ਼ ਦੇ ਮਸ਼ਹੂਰ ਅਦਾਕਾਰ ਰਾਜ ਕਪੂਰ ਦੇ 100ਵੇਂ ਜਨਮ ਦਿਨ ਮੌਕੇ ਦੇਸ਼ ਦੇ ਮੰਤਰੀ ਨੇਰਿੰਦਰ ਮੋਦੀ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਮੋਦੀ ਨੇ ਸੋਸ਼ਲ ਮੀਡੀਆ 'ਤੇ ਪੋਸਟ 'ਚ ਲਿਖਿਆ ਕਿ ਰਾਜ ਕਪੂਰ ਸਿਰਫ਼ ਫ਼ਿਲਮ ਨਿਰਮਾਤਾ ਹੀ ਨਹੀਂ ਸਨ, ਉਹ ਇਕ ਸੱਭਿਆਚਾਰਕ ਰਾਜਦੂਤ ਦੀ ਭੂਮਿਕਾ 'ਚ ਵੀ ਸਨ ।



ਉਨ੍ਹਾਂ ਲਿਖਿਆ ਕਿ ਰਾਜ ਕਪੂਰ ਦਾ ਸਿਨੇਮਾ ਲਈ ਜਨੂਨ ਛੋਟੀ ਉਮਰ ਤੋਂ ਸ਼ੁਰੂ ਹੋ ਗਿਆ ਸੀ ਅਤੇ ਉਨ੍ਹਾਂ ਨੇ ਇਕ ਮਹਾਨ ਕਹਾਣੀਕਾਰ ਵਜੋਂ ਉਭਰਨ ਲਈ ਸਖ਼ਤ ਮਿਹਨਤ ਕੀਤੀ। ਉਨ੍ਹਾਂ ਦੀਆਂ ਫ਼ਿਲਮਾਂ ਕਲਾਤਮਕਤਾ, ਭਾਵਨਾਵਾਂ ਅਤੇ ਇੱਥੋਂ ਤੱਕ ਕਿ ਸਮਾਜਿਕ ਟਿੱਪਣੀਆਂ ਦਾ ਸੁਮੇਲ ਸੀ। ਉਨ੍ਹਾਂ ਨੇ ਆਮ ਨਾਗਰਿਕਾਂ ਦੀਆਂ ਖ਼ਾਹਿਸ਼ਾਂ ਅਤੇ ਸੰਘਰਸ਼ਾਂ ਨੂੰ ਆਮ ਲੋਕਾਂ ਤੱਕ ਪਹੁੰਚਾਇਆ।

## ਸੱਜਣ ਕੁਮਾਰ ਖਿਲਾਫ਼ ਹੱਤਿਆ ਦੇ ਮਾਮਲੇ 'ਚ ਫੈਸਲਾ ਟਲਿਆ

ਨਵੀਂ ਦਿੱਲੀ : ਵਾਊ ਐਵੇਨਿਊ ਸਥਿਤ ਵਿਸ਼ੇਸ਼ ਅਦਾਲਤ ਵਿਚ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਲੁਏ ਆਪਣੇ 'ਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਤੇ ਮੁਲਾਜ਼ਮ ਸੱਜਣ ਕੁਮਾਰ ਖ਼ਿਲਾਫ਼ ਫੈਸਲਾ ਹਲ ਗਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਕਾਰਜੀ ਨੇ ਇਹ ਕਹਿੰਦੇ ਹੋਏ ਫ਼ੈਸਲਾ ਟਾਲ ਦਿੱਤਾ ਕਿ ਫੈਸਲਾ ਤਿਆਰ ਨਹੀਂ ਹੈ। ਤਿਹਾੜ ਜੇਲ੍ਹ 'ਚ ਬੰਦ ਸੱਜਣ ਕੁਮਾਰ ਇਸ ਦੌਰਾਨ ਵੀਡੀਓ ਕਾਨਫਰੰਸਿੰਗ ਜ਼ਰੀਏ ਅਦਾਲਤ ਸਾਹਮਣੇ ਪੇਸ਼ ਹੋਏ। ਅਦਾਲਤ



ਹੁਣ ਅੱਠ ਜਨਵਰੀ ਨੂੰ ਫੈਸਲਾ ਸੁਣਾ ਸਕਦੀ ਹੈ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ 'ਚ ਦੋ ਲੋਕਾਂ ਦੀ ਹੱਤਿਆ ਨਾਲ ਜੁੜਿਆ ਹੈ। ਅਦਾਲਤ ਨੇ ਪਹਿਲੀ ਨਵੰਬਰ 1984 ਨੂੰ ਜਸ਼ਵੰਤ ਸਿੰਘ ਤੇ ਉਨ੍ਹਾਂ ਦੇ ਬੇਟੇ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ 'ਚ ਆਖ਼ਰੀ ਦਲੀਲਾ ਸੁਣਨ ਮਗਰੋਂ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।

## ਫਰਜ਼ੀ ਯੂਨੀਵਰਸਿਟੀਆਂ ਦੀ ਸੂਚੀ ਹੋਵੇ ਜਨਤਕ

ਨਵੀਂ ਦਿੱਲੀ : ਸਰਕਾਰ ਨੇ ਸੰਸਦ ਮੈਂਬਰਾਂ ਨੂੰ ਦੇਸ਼ ਭਰ 'ਚ ਚੱਲ ਰਹੀਆਂ 21 ਫਰਜ਼ੀ ਯੂਨੀਵਰਸਿਟੀਆਂ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸੂਬਾ ਸਰਕਾਰਾਂ ਨੂੰ ਇਨ੍ਹਾਂ ਅਦਾਰਿਆਂ ਨੂੰ ਬੰਦ ਕਰਨ ਤੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਹੈ। ਸਰਕਾਰ ਨੇ ਸੂਬਿਆਂ ਨੂੰ ਯੂਜੀਸੀ ਦੀ ਸੂਚੀ 'ਚ ਸ਼ਾਮਲ ਨਹੀਂ ਹੋਣ ਵਾਲੀਆਂ ਹੋਰ ਫਰਜ਼ੀ ਯੂਨੀਵਰਸਿਟੀਆਂ ਦੀ ਵੀ ਰਿਪੋਰਟ ਦੇਣ ਲਈ ਕਿਹਾ ਹੈ। 2014 ਤੋਂ ਹੁਣ ਤੱਕ ਅਜਿਹੇ 12 ਅਦਾਰੇ ਬੰਦ ਕੀਤੇ ਜਾ ਚੁੱਕੇ ਹਨ। ਲੋਕ ਸਭਾ 'ਚ ਪ੍ਰਸ਼ਨਕਾਲ ਦੌਰਾਨ ਕੇਂਦਰੀ ਸਿੱਖਿਆ ਰਾਜ ਮੰਤਰੀ ਸੁਕਾਂਤ ਮਜੂਮਦਾਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਇਨ੍ਹਾਂ ਅਦਾਰਿਆਂ ਨੂੰ ਬੰਦ ਕਰਨ ਲਈ ਕਾਨੂੰਨੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਮਜੂਮਦਾਰ ਨੇ ਕਿਹਾ ਕਿ ਮੈਂ ਸੰਸਦ ਮੈਂਬਰਾਂ ਨੂੰ ਆਪਣੇ ਇੰਟਰਨੈੱਟ ਮੀਡੀਆ ਪਲੇਟਪਾਰਮ 'ਤੇ ਫਰਜ਼ੀ ਯੂਨੀਵਰਸਿਟੀਆਂ ਦੀ ਸੂਚੀ ਨੂੰ ਪ੍ਰਚਾਰਿਤ ਕਰਨ ਦੀ ਅਪੀਲ ਕਰਦਾ ਹਾਂ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਫਰਜ਼ੀ ਦਾਅਵਿਆਂ ਦਾ ਸ਼ਿਕਾਰ ਹੋਣ ਤੋਂ ਰੋਕਿਆ ਜਾ ਸਕੇਗਾ।

## ਪੰਜਾਬ ਮਹਿਲਾ ਕਮਿਸ਼ਨ

*(ਪਿਛਲੇ ਸਫੇ ਦਾ ਬਾਕੀ)*

ਹੈ। ਉਹਨਾਂ ਦੱਸਿਆ ਕਿ ਉਹਨਾਂ ਨੇ ਬੀਬੀ ਜਗੀਰ ਕੌਰ ਨਾਲ ਵੀ ਫੋਨ ਤੇ ਗੱਲ ਕੀਤੀ ਹੈ ਅਤੇ ਜਲਦ ਹੀ ਬੀਬੀ ਜਗੀਰ ਕੌਰ ਨੂੰ ਵੀ ਕਮਿਸ਼ਨ ਦੇ ਦਫ਼ਤਰ ਵਿਖੇ ਸੱਦਿਆ ਜਾਵੇਗਾ। ਤੇ ਉਹਨਾਂ ਦਾ ਪੱਖ ਸੁਣਿਆ ਜਾਵੇਗਾ। ਇਸ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ। ਬੀਤੇ ਸਨਿਚਰਵਾਰ ਨੂੰ ਸ਼ੁਰੂ ਹੋਏ ਇਸ ਵਿਵਾਦ ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਜਗੀਰ ਕੌਰ ਖਿਲਾਫ ਇੱਕ ਪੱਤਰਕਾਰ ਨਾਲ ਫੋਨ ਤੇ ਵਾਰਤਾਲਾਪ ਕਰਦਿਆਂ ਕੁਝ ਅਪਸ਼ਬਦ ਬੋਲੇ ਸਨ। ਇਹ ਮਾਮਲਾ ਮੀਡੀਆ ਵਿੱਚ ਆਉਣ ਤੋਂ ਬਾਅਦ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰ ਪਰਸਨ ਰਾਜ ਲਾਲੀ ਗਿੱਲ ਨੇ ਇਸ ਮਾਮਲੇ ਸੰਬੰਧੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਨੋਟਿਸ ਜਾਰੀ ਕੀਤਾ ਸੀ ਜਿਸ ਚ ਲਿਖਿਆ ਸੀ ਕਿ ਉਹ 17 ਦਸੰਬਰ ਤੱਕ ਕਮਿਸ਼ਨ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਨਹੀਂ ਤਾਂ ਉਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਐਡਵੋਕੇਟ ਧਾਮੀ ਆਪਣਾ ਪੱਖ ਪੇਸ਼ ਕਰਨ ਲਈ ਮਹਿਲਾ ਕਮਿਸ਼ਨ ਦੇ ਦਫਤਰ ਪੁੱਜੇ ਸਨ।

# ਸੰਵਿਧਾਨ ਸਾਡੀ ਏਕਤਾ ਦੀ ਬੁਨਿਆਦ ਹੈ: ਨਰਿੰਦਰ ਮੋਦੀ

ਨਵੀਂ ਦਿੱਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨ ਦੇ 75 ਸਾਲ ਪੂਰੇ ਹੋਣ ਤੇ ਲੋਕ ਸਭਾ ਵਿੱਚ ਦੋ ਦਿਨਾ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਸੰਵਿਧਾਨ ਹੀ ਸਾਡੀ ਏਕਤਾ ਦੀ ਬੁਨਿਆਦ ਹੈ ।ਉਹਨਾਂ ਕਿਹਾ ਕਿ ਸਾਡੇ ਸਾਰਿਆਂ ਲਈ, ਅਤੇ ਸਾਰੇ ਦੇਸ਼ ਵਾਸੀਆਂ ਲਈ ਹੀ ਨਹੀਂ ਬਲਕਿ ਵਿਸ਼ਵ ਦੇ ਲੋਕਤੰਤਰਿਕ ਦੇਸ਼ਾਂ ਦੇ ਨਾਗਰਿਕਾਂ ਲਈ ਇਹ ਮਾਣ ਦਾ ਮੌਕਾ ਹੈ। ਉਹਨਾਂ ਕਿਹਾ ਕਿ ਭਾਰਤ ਨਾ ਕੇਵਲ ਇੱਕ ਵੱਡਾ ਲੋਕਤੰਤਰ ਹੈ ਬਲਕਿ ਇਹ ਲੋਕਤੰਤਰ ਦੀ ਮਾਂ ਹੈ।



ਆਪਣੇ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨੇ ਕਾਂਗਰਸ ਨੂੰ ਸੰਵਿਧਾਨ ਦਾ ਸ਼ਿਕਾਰ ਕਰਨ ਵਾਲੀ ਪਾਰਟੀ ਦੱਸਿਆ। ਉਹਨਾਂ ਇੱਕ ਘੰਟਾ 49 ਮਿੰਟ ਦੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਸੰਵਿਧਾਨ ਚ ਸੋਧ ਕਰਨ ਦਾ ਖੂਨ ਕਾਂਗਰਸ ਦੇ ਮੂੰਹ ਨੂੰ ਅਜਿਹਾ ਲੱਗਾ ਕਿ ਉਹ ਸਮੇਂ ਸਮੇਂ ਸੰਵਿਧਾਨ ਦਾ ਸ਼ਿਕਾਰ ਕਰਦੀ ਰਹੀ ਹੈ। ਸੰਵਿਧਾਨ ਦੀ ਆਤਮਾ ਨੂੰ ਲਹੂ ਲੁਹਾਣ ਕਰਦੀ ਰਹੀ ਹੈ ਅਤੇ ਕਰੀਬ 6 ਦਹਾਕਿਆਂ ਚ 75 ਵਾਰ ਸੰਵਿਧਾਨ ਬਦਲਿਆ ਗਿਆ ਹੈ।


ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੇ 2047 ਤੱਕ ਇੱਕ ਵਿਕਸਿਤ ਦੇਸ਼ ਬਣਨ ਦਾ ਸੰਕਲਪ ਲਿਆ ਹੈ ਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਏਕਤਾ ਦੀ ਸਭ ਤੋਂ ਵੱਡੀ ਲੋੜ ਹੈ ।ਅਤੇ ਸਾਡਾ ਸੰਵਿਧਾਨ ਹੀ ਇਸ ਏਕਤਾ ਦੀ ਬੁਨਿਆਦ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 2014 ਵਿੱਚ ਸੱਤਾ ਚ ਆਉਣ ਤੋਂ ਬਾਅਦ ਉਹਨਾਂ ਦੀ ਸਰਕਾਰ ਦੀਆਂ ਨੀਤੀਆਂ ਅਤੇ ਫੈਸਲਿਆਂ ਦਾ ਉਦੇਸ਼ ਸੰਵਿਧਾਨ ਅਨੁਸਾਰ ਭਾਰਤ ਦੀ ਏਕਤਾ ਅਤੇ ਤਾਕਤ ਨੂੰ ਵਧਾਉਣਾ ਹੈ, ਜਦੋਂ ਕਿ ਕਾਂਗਰਸ ਨੇ ਸੰਵਿਧਾਨ ਨੂੰ ਵਾਰ-ਵਾਰ ਜ਼ਖਮੀ ਕੀਤਾ ਹੈ। ਉਹਨਾਂ ਪਿਛਲੀਆਂ ਕਾਂਗਰਸ ਸਰਕਾਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਦੇਸ਼ ਦੀ ਵਿਭਿੰਨਤਾ ਵਿੱਚ ਜ਼ਹਿਰੀਲੇ ਬੀਜ ਬੀਜਣ ਦਾ ਦੋਸ਼ ਲਗਾਇਆ।

ਉਹਨਾਂ ਕਿਹਾ ਕਿ ਉਹ ਇਸ ਪਰਿਵਾਰ ਨੂੰ ਨਿਸ਼ਾਨਾ ਇਸ ਲਈ ਬਣਾ ਰਹੇ ਹਨ ਕਿਉਂਕਿ ਇਸ ਦੇ ਮੈਂਬਰ 55 ਸਾਲ ਤੱਕ ਸੱਤਾ ਚ ਰਹੇ ਹਨ ।ਉਹਨਾਂ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਰਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਹੁੰਦਿਆਂ ਕੀਤੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਪਰਿਵਾਰ ਨੇ ਖੂਨ ਦਾ ਸਵਾਦ ਚਖਿਆ ਹੈ ਅਤੇ ਸੰਵਿਧਾਨ ਨੂੰ ਵਾਰ-ਵਾਰ ਜ਼ਖਮੀ ਕੀਤਾ ਹੈ। ਰਾਹੁਲ ਅਤੇ ਪ੍ਰਿਅੰਕਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਹਨਾਂ ਕਿਹਾ ਕਿ ਇਸ ਪਰਿਵਾਰ ਦੀ ਅਗਲੀ ਪੀੜੀ ਵੀ ਉਸੇ ਰਾਹ ਉੱਤੇ ਹੈ।

ਰਾਹੁਲ ਗਾਂਧੀ ਦਾ ਨਾਂ ਲਏ ਬਗੈਰ ਉਹਨਾਂ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ।ਪੀ।ਏ। ਸਰਕਾਰ ਦੇ ਸਮੇਂ ਇੱਕ ਹੰਕਾਰੀ ਵਿਅਕਤੀ ਨੇ ਕੈਬਨਿਟ ਦੇ ਫੈਸਲੇ ਨੂੰ ਪਾੜ ਦਿੱਤਾ ਸੀ। ਯੂ।ਪੀ।ਏ। ਦੇ ਸ਼ਾਸਨ ਦੌਰਾਨ ਸੋਨੀਆ ਗਾਂਧੀ ਦੀ ਅਗਵਾਈ ਵਾਲੀ ਰਾਸ਼ਟਰੀ ਸਲਾਹਕਾਰ ਕੌਂਸਲ ਨੂੰ ਕੈਬਨਟ ਤੋਂ ਉੱਪਰ ਰੱਖਿਆ ਗਿਆ ਸੀ।

## ਰਿਜ਼ਰਵ ਬੈਂਕ ਨੇ ਕਿਸਾਨਾਂ ਲਈ ਬਿਨਾਂ ਗਾਰੰਟੀ ਕਰਜ਼ੇ ਦੀ ਹੱਦ 2 ਲੱਖ ਤੱਕ ਵਧਾਈ

ਨਵੀਂ ਦਿੱਲੀ- ਭਾਰਤੀ ਰਿਜ਼ਰਵ ਬੈਂਕ (ਆਰ। ਬੀ। ਆਈ।) ਨੇ ਕਿਸਾਨਾਂ ਲਈ ਬਿਨਾਂ ਗਾਰੰਟੀ ਕਰਜ਼ੇ ਦੀ ਸੀਮਾ 1।6 ਲੱਖ ਰੁਪਏ ਤੋਂ ਵਧਾ ਕੇ 2 ਲੱਖ ਰੁਪਏ ਕਰ ਦਿੱਤੀ ਹੈ ਇਹ ਕਦਮ ਵਧਦੀ ਲਾਗਤ ਦੇ ਵਿਚਕਾਰ ਛੋਟੇ ਅਤੇ ਮੱਧ ਵਰਗੀ ਕਿਸਾਨਾਂ ਦੀ ਸਹਾਇਤਾ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ, ਜੋ ਕਿ 1 ਜਨਵਰੀ, 2025 ਤੋਂ ਲਾਗੂ ਹੋਵੇਗਾ। ਨਵੇਂ ਨਿਰਦੇਸ਼ ਦੇਸ਼ ਭਰ ਦੇ ਬੈਂਕਾਂ ਨੂੰ ਪ੍ਰਤੀ ਕਰਜ਼ਾ ਤੇ ਲੈਣ ਵਾਲੇ 2 ਲੱਖ ਰੁਪਏ ਤੱਕ ਦੇ ਖੇਤੀਬਾੜੀ



ਅਤੇ ਸਹਾਇਕ ਗਤੀਵਿਧੀਆਂ ਦੇ ਕਰਜ਼ਿਆਂ ਲਈ ਗਾਰੰਟੀ ਅਤੇ ਮਾਰਜਿਨ ਦੀਆਂ ਜ਼ਰੂਰਤਾਂ ਨੂੰ ਮੁਆਫ ਕਰਨ ਦੀ ਹਦਾਇਤ ਕਰਦੇ ਹਨ। ਖੇਤੀਬਾੜੀ ਮੰਤਰਾਲੇ ਦੇ ਅਨੁਸਾਰ ਇਹ ਫੈਸਲਾ ਵਧਦੀ ਲਾਗਤ ਤੇ ਕਿਸਾਨਾਂ ਲਈ ਕਰਜ਼ੇ ਦੀ ਪਹੁੰਚ 'ਚ ਸੁਧਾਰ ਦੀ ਲੋੜ ਦੇ ਜਵਾਬ 'ਚ ਲਿਆ। ਗਿਆ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਇਸ ਨੂੰ ਉਪਾਅ ਨਾਲ 86 ਫੀਸਦੀ ਤੋਂ ਵੱਧ ਛੋਟੇ ਤੇ ਮੱਧ ਵਰਗੀ ਕਿਸਾਨਾਂ ਨੂੰ ਕਾਫੀ ਫਾਇਦਾ ਹੋਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਜੰਗ-ਏ-ਆਜ਼ਾਦੀ ਯਾਦਗਾਰ ਸ਼ਹੀਦਾਂ ਨੂੰ ਅਮਰ ਕਰਨ ਲਈ ਉਸਾਰੀ ਗਈ: ਰਾਜਪਾਲ

## ਨਸ਼ਿਆਂ ਦੇ ਖਾਤਮੇ ਲਈ ਸਾਰੇ ਧਰਮਾਂ ਦੇ ਲੋਕਾਂ ਨੂੰ ਨਾਲ ਲੈ ਕੇ ਲੋਕ ਲਹਿਰ ਉਸਾਰਨ ਦੀ ਲੋੜ 'ਤੇ ਜ਼ੋਰ



*ਜੰਗ-ਏ-ਆਜ਼ਾਦੀ ਯਾਦਗਾਰ 'ਚ ਸ਼ਹੀਦੀ ਸਮਾਰਕ ਉੱਪਰ ਫੁੱਲ ਮਲ਼ਾਵਾਂ ਭੇਟ ਕਰਦੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ।*



*ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਜੰਗ-ਏ-ਆਜ਼ਾਦੀ ਯਾਦਗਾਰ ਪਹੁੰਚਣ 'ਤੇ ਸਵਾਗਤ ਕਰਦੇ ਐਸ.ਡੀ.ਐਮ. ਬਲਬੀਰ ਰਾਜ ਸਿੰਘ ਤੇ ਅਧਿਕਾਰੀ।*

**ਕਰਤਾਰਪੁਰ:** ਨਸ਼ਾ ਮੁਕਤ ਰੰਗਲਾ ਪੰਜਾਬ ਮੁਹਿੰਮ ਦੇ ਦੂਸਰੇ ਤੇ ਆਖ਼ਰੀ ਦਿਨ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਪਿੰਡ ਭੱਠੇ ਨੋਬਲ ਸਕੂਲ ਪੁੱਜੇ। ਜਿੱਥੇ ਉਨ੍ਹਾਂ ਦਾ ਸਕੂਲ ਪ੍ਰਬੰਧਕ ਕਮੇਟੀ ਤੇ ਜਿਲ੍ਹਾ ਪ੍ਰਸ਼ਾਸਨ ਵਲੋਂ ਫੁੱਲਾਂ ਦੇ ਬੁੱਕੇ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਜਨ ਸਭਾ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਨਸ਼ਿਆਂ ਜਿਹੀ ਲਾਹਨਤ ਨੂੰ ਖਤਮ ਕਰਨ ਲਈ ਤੁਹਾਡੇ ਸਭ ਦੀ ਜ਼ਰੂਰਤ ਹੈ ਇਸ ਵਿੱਚ ਮਾਵਾਂ ਤੇ ਭੈਣਾਂ ਸਭ ਤੋਂ ਵੱਡਾ ਯੋਗਦਾਨ ਪਾ ਸਕਦੀਆਂ ਹਨ ਉਨ੍ਹਾਂ ਆਖਿਆ ਕਿ ਉਹ ਨਸ਼ਿਆਂ ਖਿਲਾਫ ਜਲਦ ਜਨ ਯਾਤਰਾ ਸ਼ੁਰੂ ਕਰਨਗੇ ਜਿਸ ਵਿਚ ਹਰੇਕ ਵਿਅਕਤੀ ਤੇ ਹਰੇਕ ਵਰਗ ਨੂੰ ਸਾਮਿਲ ਹੋਣ ਦਾ ਸੱਦਾ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਹਵਾ ਵਿੱਚ ਗੁਬਾਰੇ ਛੱਡ ਕੇ ਨਸ਼ਾ ਮੁਕਤ ਰੰਗਲਾ ਪੰਜਾਬ ਯਾਤਰਾ ਦੀ ਅੱਜ ਦੀ ਸ਼ੁਰੂਆਤ ਕੀਤੀ। ਜਿਸ ਦੀ ਅਗਵਾਈ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵਲੋਂ 7 ਕਿਲੋਮੀਟਰ ਨਾਲ ਪੈਦਲ ਚੱਲ ਕੇ ਕੀਤੀ ਗਈ। ਕਿਸ਼ਨਗੜ੍ਹ ਰੋਡ ਦੇ ਵੱਖ ਵੱਖ ਪਿੰਡਾਂ ਤੇ ਕਰਤਾਰਪੁਰ ਸ਼ਹਿਰ ਵਿੱਚ ਦੀ ਹੁੰਦੀ ਯਾਤਰਾ ਜੰਗ-ਏ-ਆਜ਼ਾਦੀ ਯਾਦਗਾਰ ਪਹੁੰਚੀ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਐਸ.ਡੀ.ਐਮ. ਬਲਬੀਰ ਰਾਜ ਸਿੰਘ ਤੇ ਨਾਇਬ ਤਹਿਸੀਲਦਾਰ ਅਮਰਜੀਤ ਸਿੰਘ ਵਲੋਂ ਫੁੱਲਾਂ ਦੇ ਬੁੱਕੇ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ।

ਉਨ੍ਹਾਂ ਪਹਿਲਾਂ ਸ਼ਹੀਦੀ ਸਮਾਰਕ ਉੱਪਰ ਫੁੱਲ ਮਲ਼ਾਵਾਂ ਭੇਟ ਕਰਦਿਆਂ ਸ਼ਹੀਦਾਂ ਨੂੰ ਨਮਨ ਕੀਤਾ ਉਪਰੰਤ ਉਨ੍ਹਾਂ ਸ਼ਹੀਦੀ ਸਮਾਰਕ ਅੰਦਰ ਬਣੀ ਗੈਲਰੀ ਨੂੰ ਬੜੇ ਗਹੁ ਨਾਲ ਦੇਖਿਆ।ਇਸ ਉਪਰੰਤ ਉਨ੍ਹਾਂ ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਅੱਜ ਸ਼ਹੀਦਾਂ ਦੀ ਪਵਿੱਤਰ ਧਰਤੀ ਜੰਗ-ਏ-ਆਜ਼ਾਦੀ ਯਾਦਗਾਰ ਵਿੱਚ ਪੁੱਜਾ ਹਾ ਬੜੇ ਮਾਣ ਦੀ ਗੱਲ ਹੈ। ਜੰਗ-ਏ-ਆਜ਼ਾਦੀ ਯਾਦਗਾਰ ਸ਼ਹੀਦਾਂ ਨੂੰ ਅਮਰ ਕਰਨ ਲਈ ਬਣਾਇਆ ਗਿਆ ਹੈ। ਰਾਜਪਾਲ ਕਟਾਰੀਆ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿਨ੍ਹਾਂ ਸੂਬੇ, ਦੇਸ਼ ਅਤੇ ਕੌਮ ਲਈ ਮਹਾਨ ਕੁਰਬਾਨੀਆਂ ਦਿੱਤੀਆਂ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਅਤੇ ਪੰਜਾਬ ਦੀ ਅਮੀਰ ਵਿਰਾਸਤ ਦੀ ਬਹਾਲੀ ਲਈ ਨਸ਼ਿਆਂ ਖਿਲਾਫ਼ ਲੜਾਈ ਵਿੱਚ ਯੋਗਦਾਨ ਪਾਈਏ। ਉਨ੍ਹਾਂ ਕਿਹਾ ਕਿ 10 ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ 'ਤੇ ਚੱਲ ਕੇ ਇਸ ਅਲਾਮਤ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਦਿੱਤੀਆਂ ਲਾਸਾਨੀ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਸ਼੍ਰੀ ਕਟਾਰੀਆ ਨੇ ਪੰਜਾਬ ਦੇ ਲੋਕਾਂ ਖਾਸ ਕਰ ਮਹਿਲਾਵਾਂ ਨੂੰ ਨਸ਼ਿਆਂ ਖਿਲਾਫ਼ ਮੈਦਾਨ ਵਿੱਚ ਨਿੱਤਰਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਸਮਾਜ ਵਿੱਚ ਬਹੁਤ ਅਹਿਮ ਸਥਾਨ ਰੱਖਦੀਆਂ ਹਨ, ਖਾਸ ਕਰ ਮਾਵਾਂ ਤੇ ਭੈਣਾਂ ਜੋ ਆਪਣੇ ਬੱਚਿਆਂ ਨੂੰ ਸਹੀ ਸੇਧ ਦੇ ਕੇ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਵਿੱਚ ਮਹੱਤਵਪੂਰਣ ਰੋਲ ਅਦਾ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਨਸ਼ੇ ਵਿਰੁੱਧ ਜੰਗ ਨੂੰ ਸਿਰਫ਼ ਸਰਕਾਰਾਂ ਦੀਆਂ ਕੋਸ਼ਿਸ਼ਾਂ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ, ਸਗੋਂ ਜਦੋਂ ਲੋਕ ਆਪਸੀ ਸਮਝ ਅਤੇ ਜ਼ਿੰਮੇਵਾਰੀ ਨਾਲ ਇਸ ਲੜਾਈ ਵਿੱਚ ਸ਼ਾਮਲ ਹੁੰਦੇ ਹਨ, ਤਾਂ ਅਜਿਹੀਆਂ ਮੁਹਿੰਮਾਂ ਦੀ ਸਫ਼ਲਤਾ ਹੋਰ ਯਕੀਨੀ ਬਣਦੀ ਹੈ। ਰਾਜਪਾਲ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਜਲਦ ਹੀ ਗਵਰਨਰ ਹਾਊਸ ਵਿੱਚ ਅੰਤਰ-ਧਰਮ ਸੰਵਾਦ ਕਰਵਾਇਆ ਜਾਵੇਗਾ ਜਿਸ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਨਾਲ ਲੈ ਕੇ ਨਸ਼ਿਆਂ ਖਿਲਾਫ਼ ਲੋਕ ਲਹਿਰ ਉਸਾਰੀ ਜਾਵੇਗੀ। ਸੂਬੇ ਦੀ ਅਮੀਰ ਵਿਰਾਸਤ ਅਤੇ ਸਿਰੜੀ ਤੇ ਉੱਦਮੀ ਲੋਕਾਂ ਦੀ ਸ਼ਲਾਘਾ ਕਰਦਿਆਂ ਸ਼੍ਰੀ ਕਟਾਰੀਆ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਅਤੇ ਹਰੇ ਇਨਕਲਾਬ ਵਿੱਚ ਪੰਜਾਬ ਦਾ ਮੋਹਰੀ ਰੋਲ ਰਿਹਾ ਹੈ ਅਤੇ ਨਸ਼ਿਆਂ ਨੂੰ ਠੱਲ੍ਹ ਪਾ ਕੇ ਸੂਬਾ ਜਿਥੇ ਦੇਸ਼ ਵਿੱਚ ਹੋਰ ਤਾਕਤਵਰ ਬਣ ਕੇ ਉੱਭਰ ਸਕਦਾ ਹੈ ਉਥੇ ਵਿਕਸਤ ਭਾਰਤ ਵਿੱਚ ਵੀ ਮਹੱਤਵਪੂਰਣ ਭੂਮਿਕਾ ਅਦਾ ਕਰ ਸਕਦਾ ਹੈ। ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦੇ ਅਭਿਆਨ ਨੂੰ ਅੱਗੇ ਵਧਾਉਣ ਲਈ ਯਾਤਰਾ ਵਿੱਚ ਸ਼ਮੂਲੀਅਤ ਕਰਨ ਵਾਲੇ ਲੋਕਾਂ, ਔਰਤਾਂ, ਨੌਜਵਾਨਾਂ, ਸਮਾਜਿਕ ਸੰਸਥਾਵਾਂ, ਪੰਚਾਇਤਾਂ, ਸਕੂਲਾਂ, ਕਾਲਜਾਂ ਦਾ ਧੰਨਵਾਦ ਕਰਦਿਆਂ ਰਾਜਪਾਲ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਅਧੀਨ ਨਸ਼ਾ ਮੁਕਤ ਰੰਗਲਾ ਪੰਜਾਬ ਤਹਿਤ 10 ਦਿਨ ਲਗਾਤਾਰ ਪੈਦਲ ਯਾਤਰਾ ਕੀਤੀ ਜਾਵੇਗੀ ਅਤੇ ਨਸ਼ਿਆਂ ਦੇ ਖਾਤਮੇ ਲਈ ਘਰ-ਘਰ ਸੁਨੇਹਾ ਪਹੁੰਚਾਇਆ ਜਾਵੇਗਾ। ਇਸ ਮੌਕੇ ਰਾਜਪਾਲ ਕਟਾਰੀਆ ਵਲੋਂ ਬਜ਼ੁਰਗ ਮੈਰਾਥਨ ਦੌੜਾਕ ਫੌਜਾ ਸਿੰਘ ਤੇ ਲੇਖਕ ਖੁਸ਼ਵੰਤ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ੍ਵਿ ਦੁਲਾਰ ਸਿੰਘ ਢਿੱਲੋਂ, ਡਾਇਰੈਕਟਰ ਐਮ.ਐਚ.ਏ. ਲਲਿਤ ਜੈਨ, ਸਾਬਕਾ ਸੂਚਨਾ ਕਮਿਸ਼ਨਰ ਤੇ ਲੇਖਕ ਖੁਸ਼ਵੰਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ, ਐਸ.ਡੀ.ਐਮ. ਬਲਬੀਰ ਰਾਜ ਸਿੰਘ, ਮਨਦੀਪ ਸਿੰਘ ਢਿੱਲੋਂ ਐਸ.ਪੀ., ਸੁਰਿੰਦਰਪਾਲ ਧੋਗੜੀ ਡੀ.ਐਸ.ਪੀ., ਨਾਇਬ ਤਹਿਸੀਲਦਾਰ ਅਮਰਜੀਤ ਸਿੰਘ, ਜਥੇਦਾਰ ਰਣਜੀਤ ਸਿੰਘ ਕਾਹਲੋਂ, ਡਾ. ਸੁਰਜੀਤ ਲਾਲ, ਸੁਰਿੰਦਰ ਸਿੰਘ ਕਾਹਲੋਂ, ਸਮਾਜਿਕ ਸੰਸਥਾਵਾਂ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।





*ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਯਾਦਗਰੀ ਤਸਵੀਰ ਕਰਵਾਉਂਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਦੌੜਾਕ ਫੌਜਾ ਸਿੰਘ, ਲੇਖਕ ਖੁਸ਼ਵੰਤ ਸਿੰਘ ਤੇ ਹੋਰ।*

# ਸੰਵਿਧਾਨ ਉੱਤੇ ਚਰਚਾ ਦੌਰਾਨ ਸਰਕਾਰ ਅਤੇ ਵਿਰੋਧੀ ਧਿਰਾਂ ਆਹਮੋ-ਸਾਹਮਣੇ



**ਨਵੀਂ ਦਿੱਲੀ :** ਲੋਕ ਸਭਾ 'ਚ ਸ਼ੁੱਕਰਵਾਰ ਨੂੰ ਸੰਵਿਧਾਨ ਉਤੇ ਹੋਈ ਚਰਚਾ ਵੇਲੇ ਸੱਤਾ ਅਤੇ ਵਿਰੋਧੀ ਧਿਰਾਂ ਨੇ ਸੰਵਿਧਾਨ ਨੂੰ ਵਿਕਾਸ, ਨਿਆਂ ਅਤੇ ਭਾਈਚਾਰੇ ਦਾ ਰੋਡ ਮੈਪ ਅਤੇ ਲੋਕਾਂ ਦੀਆਂ ਆਸਾਂ ਅਤੇ 'ਪ੍ਰਗਟਾਉਣ ਦੀ ਜੋਤ' ਦੱਸਦਿਆਂ ਇਸ ਦੀ ਅਹਿਮੀਅਤ ਨੂੰ ਉਲੀਕਿਆ ਪਰ ਭਾਜਪਾ ਬਨਾਮ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਈਆਂ ਵਧੀਕੀਆਂ ਨੂੰ ਸੰਵਿਧਾਨ ਉਤੇ ਕੀਤਾ ਗਿਆ ਹਮਲਾ ਦੱਸਦਿਆਂ, ਇੱਕ ਦੂਜੇ ਨੂੰ ਜੰਮ ਕੇ ਰਗੜੇ ਲਗਾਏ। ਸੱਤਾ ਧਿਰ ਵੱਲੋਂ ਲੋਕ ਸਭਾ ਚ ਸਦਨ ਦੇ ਉਪ ਨੇਤਾ ਰਾਜਨਾਥ ਸਿੰਘ ਨੇ ਸੰਵਿਧਾਨ ਤੇ ਚਰਚਾ ਦੀ ਸ਼ੁਰੂਆਤ ਕਰਦਿਆਂ ਕਾਂਗਰਸ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸੰਵਿਧਾਨ ਕਿਸੇ ਇੱਕ ਪਾਰਟੀ ਦੀ ਦੇਣ ਨਹੀਂ ਹੈ। ਇਸ ਦੌਰਾਨ ਉਹਨਾਂ ਐਮਰਜੰਸੀ ਦਾ ਜ਼ਿਕਰ ਕਰਦਿਆਂ ,ਉਸ ਦੌਰ ਚ ਸੰਵਿਧਾਨ ਵਿੱਚ ਕੀਤੀਆਂ ਸੋਧਾਂ ਨੂੰ ਉਚੇਚੇ ਤੌਰ ਤੇ ਆਪਣੇ ਭਾਸ਼ਣ ਵਿੱਚ ਥਾਂ ਦਿੱਤੀ। ਵਿਰੋਧੀ ਧਿਰ ਵੱਲੋਂ ਚਰਚਾ ਦੀ ਸ਼ੁਰੂਆਤ ਵਾਇਨਾਡ ਤੋਂ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੇ ਕੀਤੀ। ਲੋਕ ਸਭਾ ਚ ਦਿੱਤੇ ਆਪਣੇ ਪਹਿਲੇ ਭਾਸ਼ਣ ਚ ਪ੍ਰਿਅੰਕਾ ਗਾਂਧੀ ਨੇ ਭਾਜਪਾ ਨੂੰ ਜੰਮ ਕੇ ਨਿਸ਼ਾਨਾ ਬਣਾਇਆ। ਉਹਨਾਂ ਸੰਵਿਧਾਨ ਨੂੰ ਦੇਸ਼ ਦੇ ਲੋਕਾਂ ਦਾ, ਨਿਆਂ ਦਾ, ਏਕਤਾ ਦਾ, ਅਤੇ ਪ੍ਰਗਟਾਉਣ ਦੀ ਆਜ਼ਾਦੀ ਦਾ ਕਵਚ ਦੱਸਦਿਆਂ ਕੇਂਦਰ ਸਰਕਾਰ ਤੇ ਹਮਲਾ ਕਰਦਿਆਂ ਕਿਹਾ ਕਿ ਸੱਤਾ ਧਿਰ ਨੇ ਪਿਛਲੇ 10 ਸਾਲਾਂ ਵਿੱਚ ਇਹ ਕਵਚ ਤੋੜਨ ਦੀ ਪੂਰੀ ਕੋਸ਼ਿਸ਼ਿ ਕੀਤੀ ਹੈ। ਪ੍ਰਿਅੰਕਾ ਗਾਂਧੀ ਨੇ ਸਰਕਾਰ ਤੇ ਲਗਾਤਾਰ ਸੰਵਿਧਾਨ ਬਦਲਣ ਦੀ ਕੋਸ਼ਿਸ਼ਿ ਦਾ ਦੋਸ਼ ਲਗਾਉਂਦੇ ਹੋਏ , ਨਿਜੀਕਰਨ ਰਾਹੀਂ ਰਾਖਵੇਂਕਰਨ ਨੂੰ ਬਦਲਣ ਦੀ ਕੋਸ਼ਿਸ਼ ਕਿਹਾ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਇਸ ਕਰਕੇ ਬਚਾ ਹੋ ਗਿਆ, ਨਹੀਂ ਤਾਂ ਭਾਜਪਾ ਨੇ ਸੰਵਿਧਾਨ ਬਦਲ ਦੇਣਾ ਸੀ। ਇਸ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੀ ਸਰਕਾਰ ਨੂੰ ਗਰੀਬਾਂ ਮਜ਼ਦੂਰਾਂ ਅਤੇ ਮਜ਼ਲੂਮਾਂ ਦੀ ਹਮਾਇਤੀ ਦੱਸਦਿਆਂ ਕਿਹਾ ਕਿ ਸਾਡੀ ਸਰਕਾਰ ਕਦੇ ਵੀ ਸੰਵਿਧਾਨ ਦਾ ਮੂਲ ਰਚਨਾ ਬਦਲਣ ਨਹੀਂ ਦੇਵੇਗੀ। ਰਾਜਨਾਥ ਨੇ ਆਪਣੇ ਇੱਕ ਘੰਟੇ ਦੇ ਭਾਸ਼ਣ ਚ ਨਹਿਰੂ ਗਾਂਧੀ ਪਰਿਵਾਰ ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਇੱਕ ਪਾਰਟੀ ਵਿਸ਼ੇਸ਼ ਨੇ ਸੰਵਿਧਾਨ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਸਰਕਾਰ ਬਣਨ ਤੋਂ ਕੁਝ ਸਮਾਂ ਬਾਅਦ ਹੀ ਇਸਦੀਆਂ ਮੂਲ ਭਾਵਨਾਵਾਂ ਨੂੰ ਤਾਕ ਤੇ ਰੱਖ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸੰਵਿਧਾਨ ਨੂੰ ਬਦਲਣ ਦੀ ਵਾਰ ਵਾਰ ਕੋਸ਼ਿਸ਼ ਕੀਤੀ। ਕਾਂਗਰਸ ਨੇ ਸੱਤਾ ਅਤੇ ਸੰਵਿਧਾਨ ਵਿੱਚੋਂ ਹਮੇਸ਼ਾ ਸੱਤਾ ਨੂੰ ਚੁਣਿਆ। ਉਨ੍ਹਾਂ ਫਿਰ ਅੱਗੇ ਬੋਲਦਿਆ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ 17 ਵਾਰ, ਇੰਦਰਾ ਗਾਂਧੀ ਦੇ ਸਮੇਂ 28 ਵਾਰ, ਰਜੀਵ ਗਾਂਧੀ ਦੇ ਸਮੇਂ 10 ਵਾਰ, ਅਤੇ ਮਨਮੋਹਨ ਸਿੰਘ ਦੀ ਸਰਕਾਰ ਸਮੇਂ ਸੱਤ ਵਾਰ ਸੰਵਿਧਾਨ ਵਿੱਚ ਸੋਧਾਂ ਕੀਤੀਆਂ ਗਈਆਂ। ਜਿਹਨਾਂ ਚੋਂ ਜ਼ਿਆਦਾਤਰ ਵਿਰੋਧੀਆਂ ਨੂੰ ਸ਼ਾਂਤ ਕਰਨ ਲਈ ਸੀ। ਰੱਖਿਆ ਮੰਤਰੀ ਨੇ ਐਨਡੀਏ ਸਰਕਾਰ ਵੱਲੋਂ ਸੰਵਿਧਾਨ 'ਚ ਕੀਤੀਆਂ ਸੋਧਾਂ ਨੂੰ ਲੋਕ ਪੱਖੀ ਦੱਸਦਿਆਂ ਧਾਰਾ 370 ਹਟਾਉਣ ਨਵੇਂ ਕਾਨੂੰਨ ਲਿਆਉਣ ਆਦਿ ਦੀਆਂ ਮਿਸਾਲਾਂ ਵੀ ਦਿੱਤੀਆਂ। ਰਾਜਨਾਥ ਨੇ ਐਮਰਜੈਂਸੀ ਦੌਰਾਨ ਸੁਪਰੀਮ ਕੋਰਟ ਦੇ ਜੱਜ ਹੰਸ ਰਾਜ ਖੰਨਾ ਦਾ ਵੀ ਜ਼ਿਕਰ ਕੀਤਾ। ਜਿਸ ਵੇਲੇ ਹੰਸ ਰਾਜ ਖੰਨਾ ਨੂੰ ਇਸ ਲਈ ਚੀਫ ਜਸਟਿਸ ਨਹੀਂ ਬਣਾਇਆ ਗਿਆ ਸੀ ਕਿਉਂਕਿ ਉਹਨਾਂ ਨੇ ਸਰਕਾਰ ਦੇ ਮੁਤਾਬਿਕ ਫੈਸਲਾ ਨਹੀਂ ਦਿੱਤਾ ਸੀ। ਰਾਜਨਾਥ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਸਿੱਧੇ ਤੌਰ ਤੇ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਹੁਣ ਕਈ ਨੇਤਾ ਸੰਵਿਧਾਨ ਦੀ ਕਾਪੀ ਜੇਬ ਵਿੱਚ ਰੱਖ ਕੇ ਘੁੰਮਦੇ ਫਿਰਦੇ ਹਨ, ਕਿਉਂਕਿ ਉਹਨਾਂ ਨੇ ਬਚਪਨ ਤੋਂ ਇਹ ਨਹੀਂ ਸਿੱਖਿਆ ਹੈ। ਜਦੋਂ ਕਿ ਭਾਜਪਾ ਨੇ ਸੰਵਿਧਾਨ ਨੂੰ ਹਮੇਸ਼ਾ ਸਿਰ ਮੱਥੇ ਤੇ ਰੱਖਿਆ ਹੈ।

## ਸਾਊਦੀ ਅਰਬ ਕਰੇਗਾ 2034 ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ

**ਜਿਊਰਖ:** ਸਾਊਦੀ ਅਰਬ 2034 ਵਿਚ ਵੀਵਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ, ਜਦੋਂਕਿ 2030 'ਚ ਫੁੱਟਬਾਲ ਦਾ ਮਹਾਂਕੁੰਭ ਸਾਂਝੇ ਤੌਰ 'ਤੇ ਸਪੇਨ, ਪੁਰਤਗਾਲ ਅਤੇ ਮੋਰੱਕੋ 'ਚ ਹੋਵੇਗਾ। ਇਸ ਦਾ ਐਲਾਨ ਅੱਜ ਇਥੇ ਹੋਈ ਮੀਟਿੰਗ ਦੌਰਾਨ ਫੀਫਾ ਦੇ ਪ੍ਰਧਾਨ ਜਿਯਾਨੀ ਇਨਫੈਂਟਿਨੋ ਨੇ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਫੁੱਟਬਾਲ ਨੂੰ ਹੋਰ ਜ਼ਿਆਦਾ ਦੇਸ਼ਾਂ 'ਚ ਲਿਆ ਰਹੇ ਹਾਂ ਅਤੇ ਟੀਮਾਂ ਦੀ ਗਿਣਤੀ ਨਾਲ ਗੁਣਵੱਤਾ ਨੂੰ ਘੱਟ ਨਹੀਂ ਕੀਤਾ ਗਿਆ ਹੈ। ਇਸ ਨੇ ਮੌਕਿਆਂ ਨੂੰ ਵਧਾਇਆ ਹੈ।



# ਕਿਸਾਨਾਂ ਦੀ ਜ਼ਮੀਨ ਅਧਿਗ੍ਰਹਿਣ ਕਰਨ ਵਿਚ ਪੱਖਪਾਤ

## ਜਮਹੂਰੀ ਅਧਿਕਾਰ ਸਭਾ ਵਲੋਂ ਤੱਥ ਖੋਜ ਰਿਪੋਰਟ ਜਾਰੀ

ਬਠਿੰਡਾ : ਕਿਸਾਨਾਂ ਵਲੋਂ ਜ਼ਮੀਨ ਅਧਿਗ੍ਰਹਿਣ ਦੌਰਾਨ ਕੀਤੇ ਜਾ ਰਹੇ ਵਿਰੋਧ ਦੇ ਵਾਜਬ ਕਾਰਨ ਹਨ ਅਤੇ ਪੰਜਾਬ ਦੇ ਲੋਕਾਂ ਨੂੰ ਸਰਕਾਰਾਂ ਵਲੋਂ ਕਿਸਾਨਾਂ ਨੂੰ ਵਿਕਾਸ ਵਿਰੋਧੀ ਗਰਦਾਨ ਦੇਣ ਦੇ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ ਹੈ। ਜ਼ਮੀਨ ਅਧਿਗ੍ਰਹਿਣ ਦੌਰਾਨ ਕਿਸਾਨਾਂ ਅਤੇ ਹੋਰ ਪ੍ਰਭਾਵਿਤ ਲੋਕਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਨੇ ਵਿਸਥਾਰਤ ਰਿਪੋਰਟ ਇਥੇ ਪ੍ਰੈਸ ਨੂੰ ਜਾਰੀ ਕੀਤੀ। ਪ੍ਰੈਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਦੱਸਿਆ ਕਿ ਦੂਨੇਵਾਲਾ ਵਿਖੇ ਕਿਸਾਨਾਂ ਤੇ ਹੋਏ ਲਾਠੀਚਾਰਜ ਸੰਬੰਧੀ ਜਮਹੂਰੀ ਅਧਿਕਾਰ ਸਭਾ ਨੇ ਸੁਦੀਪ ਸਿੰਘ, ਮੰਦਰ ਰਾਹੀ ਅਤੇ ਜਗਦੇਵ ਸਿੰਘ ਬੰਗੀ 'ਤੇ ਅਧਾਰਿਤ ਤਿੰਨ ਮੈਂਬਰੀ ਤੱਥ ਖੋਜ ਕਮੇਟੀ ਗਠਿਤ ਕੀਤੀ ਗਈ ਸੀ। ਦੂਨੇਵਾਲਾ ਵਿਖੇ ਕਿਸਾਨਾਂ ਦਾ ਪ੍ਰਸ਼ਾਸਨ ਨਾਲ ਭਾਵੇਂ ਸਮਝੌਤਾ ਹੋ ਗਿਆ ਹੈ ਪਰ ਇਸ ਘਟਨਾ ਨੇ ਕਿਸਾਨਾਂ ਅੰਦਰ ਮੌਜੂਦ ਗਹਿਰੇ ਅਸੰਤੋਸ਼ ਨੂੰ ਸਾਹਮਣੇ ਲਿਆਂਦਾ ਜਿਸਦੇ ਕਾਰਣਾਂ ਨੂੰ ਸਭਾ ਦੀ ਤੱਥ ਖੋਜ ਰਿਪੋਰਟ 'ਚ ਸਾਹਮਣੇ ਲਿਆਂਦਾ ਗਿਆ ਹੈ।

ਰਿਪੋਰਟ ਨੇ ਨੋਟ ਕੀਤਾ ਹੈ ਕਿ ਸਰਕਾਰ ਵਲੋਂ ਯੂਐਨ ਦੇ ਵੱਖ ਵੱਖ ਮਤਿਆਂ ਅਤੇ ਜਮੀਨ ਅਧਿਗ੍ਰਹਿਣ ਬਾਰੇ 2013 ਦੇ ਕਾਨੂੰਨ ਅਨੁਸਾਰ ਜਮੀਨ ਅਧਿਗ੍ਰਹਿਣ ਤੋਂ ਪ੍ਰਭਾਵਿਤ ਹੋਣ ਵਾਲੇ ਮਾਲਕਾਂ ਅਤੇ ਗੈਰ-ਮਾਲਕਾਂ ਨੂੰ ਅਧਿਗ੍ਰਹਿਣ ਦੇ ਬਹੁੱ-ਪੱਖੀ ਸੰਭਾਵੀ ਨਤੀਜਿਆਂ ਬਾਰੇ ਭਰਵੀਂ ਅਤੇ ਪੂਰੀ ਅਗਾਊਂ ਜਾਣਕਾਰੀ ਨਹੀਂ ਦਿਤੀ ਜਾ ਰਹੀ। ਜਿਸ ਕਰਕੇ ਲੋਕਾਂ ਨੂੰ ਅਧਿਗ੍ਰਹਿਣ ਦੇ ਪੂਰੇ ਨਤੀਜਿਆ ਬਾਰੇ ਪ੍ਰਜੈਕਟਾਂ ਦੀ ਉਸਾਰੀ ਹੋਣ ਤੋਂ ਬਾਅਦ ਹੀ ਪਤਾ ਲਗਦਾ ਹੈ ਅਤੇ ਉਦੋਂ ਤੱਕ ਉਹਨਾਂ ਦੇ ਉਜਰ ਦੀ ਮਿਆਦ ਲੰਘ ਜਾਂਦੀ ਹੈ। ਲੋਕਾਂ ਦੀ ਸੁਚੇਤ ਅਤੇ ਹਕੀਕੀ ਸ਼ਮੂਲੀਅਤ ਤੋਂ ਬਿਨਾਂ ਪ੍ਰਜੈਕਟ ਦੇ ਅਸਰਾਂ ਬਾਰੇ ਅਸੈਸਮੈਂਟ ਰਿਪੋਰਟਾਂ ਖਾਨਾਪੂਰਤੀ ਲਈ ਬਣਾਈਆਂ ਜਾਂਦੀਆਂ ਹਨ। ਐਸ.ਡੀ.ਐਮ. ਜਾਂ ਡੀ.ਆਰ.ਓ. ਸਰਕਾਰ ਦੇ ਪ੍ਰਭਾਵ ਅਧੀਨ, ਅਧਿਗ੍ਰਹਿਣ ਕਰਨ ਵਾਲੀ ਕੇਂਦਰੀ ਏਜੰਸੀ ਐਨਐਚਆਈ ਦੇ ਨਿਰਦੇਸ਼ਾਂ ਅਨੁਸਾਰ ਹੀ ਅਵਾਰਡ ਪਾਸ ਕਰ ਰਹੇ ਹਨ। ਪੰਜਾਬ ਅੰਦਰ ਅਵਾਰਡਾਂ ਦੀ ਕੋਈ ਇਕਸਾਰ ਨੀਤੀ ਨਹੀਂ ਹੈ। ਮਨਮਰਜੀ ਨਾਲ ਮੁਆਵਜੇ ਤਹਿ ਕਰਕੇ ਉਹਨਾਂ ਦੀ ਵਾਜਬੀਅਤ ਬਣਾਈ ਜਾ ਰਹੀ ਹੈ। ਦੂਨੇਵਾਲਾ, ਸ਼ੇਰਗੜ੍ਹ ਅਤੇ ਭਗਵਾਨਪਗੜ੍ਹ ਨੂੰ ਕਰੀਬ 49.88 ਰੁ ਲੱਖ ਪ੍ਰਤੀ ਏਕੜ ਜਦਕਿ ਬਿਲਕੁਲ ਨਾਲ ਲਗਦੇ ਪਿੰਡਾਂ ਨੂੰ 56.73 ਲੱਖ ਪ੍ਰਤੀ ਏਕੜ ਦਾ ਮੁਆਵਜਾ ਦਿਤਾ ਗਿਆ। ਦੂਨੇਵਾਲਾ ਦੇ ਇਕੋ ਏਕੜ ਵਿਚੋਂ ਭਾਰਤ ਮਾਲਾ ਪ੍ਰਜੈਕਟ ਲਈ 49.88 ਲੱਖ ਰੁਪਏ ਪ੍ਰਤੀ ਏਕੜ ਜਦਕਿ ਪਾਈਪ ਲਾਈਨ ਪ੍ਰਜੈਕਟ ਲਈ 60 ਲੱਖ ਰੁ: ਏਕੜ ਦਾ ਮੁਆਵਜਾ ਦਿਤਾ ਗਿਆ। ਛਾਂਟ ਲਿਸਟ ਤਿਆਰ ਕਰਨ ਵਕਤ ਮਹਿੰਗੀਆਂ ਰਜਿਸਟਰੀਆਂ ਨੂੰ ਮਨਮਰਜੀ ਤਰੀਕੇ ਨਾਲ ਅੱਖੋਂ-ਪਰੋਖੇ ਕੀਤਾ ਗਿਆ ਹੈ। ਕੁਲੈਕਟਰ ਰੇਟਾਂ 'ਤੇ ਮੁਆਵਜੇ ਤਹਿ ਕਰਕੇ ਮਗਰੋਂ ਕੁਲੈਕਟਰ ਰੇਟ ਵਧਾਏ ਗਏ ਹਨ। ਜਿਹਨਾਂ ਲੋਕਾਂ ਦੀਆਂ ਜਮੀਨਾਂ ਦੋਫਾੜ ਹੋ ਗੋਈਆਂ ਹਨ ਉਹਨਾਂ ਲਈ ਸਿੰਜਾਈ, ਰਸਤਿਆਂ ਦਾ ਕੋਈ ਇੰਤਜਾਮ ਨਹੀਂ ਕੀਤਾ ਗਿਆ। ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਉਪਜੀਵਕਾ ਦੇ ਉਜਾੜੇ ਦਾ ਕੋਈ ਮੁਆਵਜਾ ਨਹੀਂ ਦਿਤਾ ਗਿਆ। ਕੇਂਦਰੀ ਨੋਟੀਫਿਕੇਸ਼ਨਾਂ ਵਲੋਂ ਪੇਂਡੂ ਖੇਤਰਾਂ 'ਚ 2 ਦਾ ਗੁਣਾਂਕ ਦੇਣ ਦੇ ਨਿਰਦੇਸ਼ ਦੇ ਉਲਟ ਪੰਜਾਬ 'ਚ ਕਈ ਥਾਵਾਂ ਤੇ 1.5 ਦਾ ਗੁਣਾਂਕ ਦਿਤਾ ਜਾ ਰਿਹਾ ਹੈ। ਸੀਐਲਯੂ ਦਾ ਬਹਾਨਾ ਲਗਾ ਕੇ ਕਿਸਾਨਾਂ ਦੀ ਰਿਹਾਇਸ਼ਾਂ ਅਤੇ ਕਾਰੋਬਾਰਾਂ ਲਈ ਖੇਤੀ ਜਮੀਨ ਦਾ ਘੱਟ ਮੁਆਵਜਾ ਹੀ ਦਿਤਾ ਜਾ ਰਿਹਾ ਹੈ। ਬਰਸਾਤੀ ਪਾਣੀਆਂ ਦੇ ਲਾਂਘੇ ਦਾ ਕੋਈ ਸਰਵੇ ਨਹੀਂ ਕੀਤਾ ਗਿਆ। ਸ਼ਹਿਰੀ ਪਲਾਂਟਾਂ ਨੂੰ ਖੇਤੀ ਜਮੀਨਾਂ ਦਾ ਮੁਆਵਜਾ ਦਿਤਾ ਗਿਆ ਹੈ। ਜਮੀਨ



ਅਧਿਗ੍ਰਹਿਣ ਬਾਰੇ 2013 ਦੇ ਕਾਨੂੰਨ ਦੇ ਪ੍ਰਾਵਧਾਨ ਦਿਖਾਵਟ ਬਣਕੇ ਰਹਿ ਗਏ ਹਨ ਅਤੇ ਸਰਕਾਰ ਵਲੋਂ ਹਕੀਕਤ ਵਿਚ ਜਮੀਨ ਐਕੁਆਇਰ ਸੰਬਧੀ 1894 ਦਾ ਬਸਤੀਵਾਦੀ ਕਾਨੂੰਨ ਹੀ ਲਾਗੂ ਕੀਤਾ ਜਾ ਰਿਹਾ ਹੈ। ਮੁਆਵਜੇ ਵਾਧੇ ਦੀ ਸੁਣਵਾਈ ਲਈ ਸਿਵਲ ਅਦਾਲਤਾਂ ਅਤੇ ਪ੍ਰਕਿਰਿਆ ਦਾ ਕਿਸਾਨਾਂ ਪਾਸ ਕੋਈ ਅਧਿਕਾਰ ਨਹੀਂ। ਮਾਲ ਅਧਿਕਾਰੀਆਂ ਨੂੰ ਸਾਲਸੀ ਅਦਾਲਤਾਂ ਤਹਿ ਕੀਤਾ ਗਿਆ ਹੈ ਜੋ ਪੂਰੀ ਤਰ੍ਹਾਂ ਸਰਕਾਰ ਦੀ ਐਗਜੈਕਟਿਵ ਪਾਲਸੀ ਅਧੀਨ ਹਨ। ਕਾਰਪੋਰਟਾਂ ਨਾਲ ਸਰਕਾਰ ਦੇ ਵਿਵਾਦ ਵਕਤ ਕਾਰਪੋਰਟਾਂ ਦਾ ਸਾਲਸ ਤਹਿ ਕਰਨ 'ਚ ਦਖਲ ਹੁੰਦਾ ਹੈ ਪਰ ਕਿਸਾਨਾਂ ਨੂੰ ਇਸ ਹੱਕ ਤੋਂ ਵਾਂਝੇ ਕੀਤਾ ਗਿਆ ਹੈ। ਹਾਈਕੋਰਟ ਤੋਂ ਥੱਲੇ ਸਾਲਸੀ ਫੈਸਲਿਆਂ ਨੂੰ ਸੋਧਣ ਦਾ ਕਿਸੇ ਅਦਾਲਤ ਨੂੰ ਕੋਈ ਅਖਤਿਆਰ ਨਹੀਂ। ਐਨਐਚਆਈ ਕਿਸਾਨਾਂ ਨਾਲ ਕੇਸਾਂ ਤੇ ਅੰਨਾ ਖਰਚ ਕਰ ਰਹੀ ਹੈ ਅਤੇ ਕਿਸਾਨਾਂ ਨੂੰ ਲੰਮੀ ਖਰਚੀਲੀ ਪ੍ਰਕਿਰਿਆ 'ਚ ਉਲਝਾਇਆ ਜਾ ਰਿਹਾ ਹੈ। ਜਮੀਨ ਅਧਿਗ੍ਰਹਿਣ ਦੇ ਹਰ ਪੜਾਅ ਤੇ ਐਨਐਚਆਈ ਹੀ ਇਕਪਾਸੜ ਤੌਰ ਤੇ ਭਾਰੂ ਹੈ ਅਤੇ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਰਿਪੋਰਟ 'ਚ ਨੋਟ ਕੀਤਾ ਗਿਆ ਕਿ ਭਾਰਤ ਮਾਲਾ ਪ੍ਰਜੈਕਟ ਦਾ ਅਸਲ ਮੰਤਵ ਸਾਮਰਾਜੀ ਸੁਧਾਰਾਂ ਦੀਆਂ ਨੀਤੀਆਂ ਤਹਿਤ ਦੇਸ਼ ਦੇ ਕੁਦਰਤੀ ਸਰੋਤਾਂ ਤੱਕ ਕਾਰਪੋਰੇਟੀ ਵਪਾਰ ਅਤੇ ਪੈਦਾਵਾਰ ਦੇ ਤਾਣੇਬਾਣੇ ਦੀ ਰਸਾਈ ਨੂੰ ਮਜ਼ਬੂਤ ਕਰਨਾ ਹੈ। ਅੰਮ੍ਰਿਤਸਿਰ-ਜਾਮ ਨਗਰ ਐਕਸਪ੍ਰੈਸ ਵੇਅ ਲਕਸ਼ਮੀ ਮਿਤਲ ਅਤੇ ਅੰਬਾਨੀ ਦੀਆਂ ਤੇਲ ਰਿਫਾਇਨਰੀਆਂ ਨੂੰ ਜੋੜਨ ਦੇ ਮਕਸਦ ਨਾਲ ਬਣਾਈ ਜਾ ਰਹੀ ਹੈ। ਇਸ ਵੱਡੇ ਪ੍ਰਜੈਕਟ ਦੀ ਫੰਡਿੰਗ ਲਈ ਪੈਟਰੋਲ/ਡੀਜ਼ਲ ਦੇ ਕਰ, ਐਲਆਈਸੀ, ਐਸਬੀਆਈ ਵਰਗੇ ਜਨਤਕ ਅਦਾਰਿਆਂ ਦਾ ਪੈਸਾ, ਜਨਤਕ ਅਦਾਰੇ ਅਤੇ ਸੰਪਤੀਆਂ ਨੂੰ ਵੇਚ-ਵੱਟ ਕੇ, ਮਹਿੰਗੇ ਟੋਲ ਟੈਕਸ ਮੜ੍ਹ ਕੇ, ਜਨਤਕ ਸੇਵਾਵਾਂ ਤੋਂ ਬਜਟਾਂ ਦੀ ਛਾਂਟੀ ਕਰਕੇ, ਵਿਦੇਸ਼ੀ ਵਿਤੀ ਸੰਸਥਾਵਾਂ ਤੋਂ ਮਹਿੰਗੇ ਵਿਆਗ ਦੇ ਕਰਜੇ ਚੁੱਕ ਕੇ ਧਨ ਜੁਟਾਇਆ ਗਿਆ ਹੈ। ਜਦਕਿ ਇਸ ਪ੍ਰਜੈਕਟ ਲਈ ਸੜਕ ਉਸਾਰੀ ਅਤੇ ਰੱਖ-ਰਖਾਅ ਦੀ ਮਸ਼ੀਨਰੀ ਲਈ ਬਦੇਸ਼ੀ ਕੰਪਨੀਆਂ ਲਈ ਵੱਡੀ ਮੰਡੀ ਪੈਦਾ ਕੀਤੀ ਗਈ ਹੈ। ਸੜਕ ਉਸਾਰੀ ਦੇ ਠੇਕੇ ਸੱਤਾ ਦੇ ਨਜ਼ਦੀਕੀ ਵੱਡੇ ਕਾਰੋਬਾਰੀ ਅਦਾਰਿਆਂ ਨੇ ਹਥਿਆਏ ਹਨ। ਇਹ ਪ੍ਰਜੈਕਟ ਨੇ ਪ੍ਰਸ਼ਾਸਨਿਕ ਅਤੇ ਸਿਆਸੀ ਪੱਧਰਾਂ ਤੇ ਭ੍ਰਿਸ਼ਟਾਚਾਰ ਦਾ ਸਾਧਨ ਵੀ ਬਣੇ ਹਨ। ਦੂਸਰੇ ਪਾਸੇ ਲੋਕਾਂ ਦੀ ਆਮ ਸੜਕਾਂ ਵਾਂਗ ਇਸ ਹਾਈਵੇ 'ਤੇ ਰਸਾਈ ਵੀ ਨਹੀਂ ਹੈ। ਨਾ ਹੀ ਇਸ ਹਾਈਵੇ ਨਾਲ ਲਗਦੀਆਂ ਜਮੀਨਾਂ 'ਤੇ ਆਮ ਸੜਕਾਂ ਵਾਂਗ ਦੁਕਾਨਾਂ ਅਤੇ ਕਾਰੋਬਾਰ ਕਰਨ ਦੀ ਇਜਾਜਤ ਹੈ। ਲੋਕ ਭਾਰੀ ਟੋਲ ਅਦਾ ਕਰਕੇ ਹੀ ਇਹਨਾਂ ਹਾਈਵੇਜ਼ ਦੀ ਵਰਤੋਂ ਕਰ ਸਕਣਗੇ।

ਰਿਪੋਰਟ 'ਚ ਮੰਗ ਕੀਤੀ ਗਈ ਕਿ ਇਹਨਾਂ ਪ੍ਰਜੈਕਟਾਂ ਲਈ ਕਿਸਾਨਾਂ ਦੀ ਜਾਣਕਾਰੀ ਅਧਾਰਤ ਸਹਿਮਤੀ ਹਾਸਲ ਕੀਤੀ ਜਾਵੇ ਅਤੇ ਜਮੀਨ ਅਧਿਗ੍ਰਹਿਣ ਦੇ ਹਰ ਪੜਾਅ ਤੇ ਲੋਕਾਂ ਦੀ ਹਕੀਕੀ ਭਾਗੀਦਾਰੀ ਯਕੀਨੀ ਕੀਤੀ ਜਾਵੇ। ਹੱਕੀ ਮੁਆਵਜੇ ਦੇਣਾ ਯਕੀਨੀ ਕੀਤਾ ਜਾਵੇ। ਸੜਕ ਗੁਜਰਣ ਕਾਰਣ ਪਾਣੀ, ਪਹੀਆਂ ਦੀਆਂ ਦਿਕਤਾਂ ਦੂਰ ਕੀਤੀਆਂ ਜਾਣ। ਸਾਲਸ ਅਦਾਲਤਾਂ ਦੀ ਨਿਯਕਤੀ 'ਚ ਕਿਸਾਨਾਂ ਦਾ ਕਾਰਪੋਰੇਟਾਂ ਦੀ ਤਰਜ ਤੇ ਦਖਲ ਦਾ ਹੱਕ ਹੋਵੇ। ਕਿਸਾਨਾਂ ਦੇ ਨੁਮਾਇੰਦਿਆਂ ਨੂੰ ਸਾਲਸ ਅਦਾਲਤਾਂ 'ਚ ਪੰਚਾਇਤੀ ਤਰਜ 'ਤੇ ਦਖਲ ਦਾ ਹੱਕ ਹੋਵੇ। ਕਿਸਾਨਾਂ ਵਲੋਂ ਮੁਆਵਜੇ ਵਾਧੇ ਦੀ ਕਾਨੂੰਨੀ ਚਾਰਜੋਈ ਦਾ ਸਾਰਾ ਖਰਚ ਐਨਐਚਆਈ ਦੇਵੇ। ਕਾਨੂੰਨੀ ਚਾਰਜੋਈ ਲਈ ਕਿਸਾਨਾਂ ਨੂੰ ਸਾਰੇ ਦਸਤਾਵੇਜ ਨਿਸ਼ੁਲਕ ਅਤੇ ਤੁਰੰਤ ਮੁਹਈਆ ਕਰਵਾਏ ਜਾਣ। ਵਿਕਾਸ ਪ੍ਰਜੈਕਟ ਕਾਰਪੋਰੇਟ ਮੁਨਾਫਿਆਂ ਨੂੰ ਕੇਂਦਰ 'ਚ ਰੱਖ ਕੇ ਨਹੀਂ ਸਗੋਂ ਦੇਸ਼ ਦੇ ਆਮ ਲੋਕਾਂ ਦੀਆਂ ਜਰੂਰਤਾਂ ਨੂੰ ਧਿਆਨ 'ਚ ਰੱਖਕੇ ਬਣਾਏ ਜਾਣ। ਪ੍ਰਜੈਕਟਾਂ ਦੀ ਉਸਾਰੀ ਜਨਤਕ ਖੇਤਰ ਰਾਹੀਂ ਕੀਤੀ ਜਾਵੇ ਅਤੇ ਮਹਿੰਗੀ ਬਦੇਸ਼ੀ ਮਸ਼ੀਨਰੀ ਦੀ ਬਜਾਇ ਰੁਜ਼ਗਾਰ-ਬਹੁਲ ਤਰੀਕੇ ਅਪਣਾਏ ਜਾਣ।

## ਸਿੰਧੀਆ ਅਤੇ ਬਿੱਟੂ ਨੂੰ ਅਸਿੱਧੇ ਢੰਗ ਨਾਲ ਬਣਾਇਆ ਨਿਸ਼ਾਨਾ


ਨਵੀਂ ਦਿੱਲੀ : ਪ੍ਰਿਅੰਕਾ ਗਾਂਧੀ ਨੇ ਕੇਂਦਰ ਸਰਕਾਰ ਨੂੰ ਵਾਸ਼ਿੰਗ ਮਸ਼ੀਨ ਦੱਸਦਿਆਂ ਕਿਹਾ ਕਿ ਜਨਤਾ ਜਾਣਦੀ ਹੈ ਕਿ ਇਨ੍ਹਾਂ ਕੋਲ ਵਾਸ਼ਿੰਗ ਮਸ਼ੀਨ ਹੈ। ਫਿਰ ਕਿਹਾ ਕਿ ਕੁਝ ਸਾਥੀ ਹਨ ਜੋ ਇਧਰੋਂ (ਕਾਂਗਰਸ ਵਲੋਂ) ਉਧਰ (ਭਾਜਪਾ) ਵੱਲ ਚਲੇ ਗਏ ਹਨ। ਉਸ ਵੇਲੇ ਸਦਨ 'ਚ ਜਿਓਤਿਰਾਦਿੱਤਿਆ ਸਿੰਧੀਆ ਅਤੇ ਰਵਨੀਤ ਸਿੰਘ ਬਿੱਟੂ ਦੀ ਗੈਰ-ਮੌਜੂਦਗੀ 'ਚ ਅਸਿੱਧਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਅੱਜ ਦਿੱਖ ਨਹੀਂ ਰਹੇ। ਫਿਰ ਮਜ਼ਾਕੀਆ ਲਹਿਜੇ 'ਚ ਕਿਹਾ ਕਿ ਸ਼ਾਇਦ ਧੋਤੇ ਗਏ।



## ਸਿਸੋਦੀਆ ਨੂੰ ਰਾਹਤ

### ਹਫ਼ਤੇ ਈ.ਡੀ. ਅੱਗੇ ਪੇਸ਼ ਹੋਣ ਦੀ ਸ਼ਰਤ ਹਟਾਈ

ਨਵੀਂ ਦਿੱਲੀ-ਦਿੱਲੀ ਦੇ ਸ਼ਰਾਬ ਘੁਟਾਲਾ ਮਾਮਲੇ 'ਚ ਮੁਲਜ਼ਮ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਹਰ ਹਫ਼ਤੇ 2 ਵਾਰੀ ਸੀ.ਬੀ.ਆਈ। ਅਤੇ ਈ.ਡੀ। ਜਾਂਚ ਅਧਿਕਾਰੀਆਂ ਦੇ ਸਾਹਮਣੇ ਪੇਸ਼ ਹੋਣ ਦੀ ਸ਼ਰਤ ਹਟਾ ਦਿੱਤੀ ਹੈ। ਸਰਬਉੱਚ ਅਦਾਲਤ ਨੇ ਅਗਸਤ ਵਿਚ ਆਮ ਆਦਮੀ ਪਾਰਟੀ ਆਗੂ ਸਿਸੋਦੀਆ ਨੂੰ 17 ਮਹੀਨੇ ਜੇਲ੍ਹ ਵਿਚ ਗੁਜ਼ਾਰਨ ਤੋਂ ਬਾਅਦ ਨਿਯਮਿਤ ਜ਼ਮਾਨਤ ਦਿੰਦੇ ਸਮੇਂ ਉਨ੍ਹਾਂ 'ਤੇ ਇਹ ਸ਼ਰਤ ਲਗਾਈ ਸੀ। ਦੱਸਣਯੋਗ ਹੈ ਕਿ ਸਿਸੋਦੀਆ ਨੇ ਹਾਲ ਹੀ 'ਚ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਕੇ ਜ਼ਮਾਨਤ ਦੀਆਂ ਸ਼ਰਤਾਂ 'ਚ ਢਿੱਲ ਦੇਣ ਦੀ



ਅਪੀਲ ਕੀਤੀ ਸੀ। ਸੁਪਰੀਮ ਕੋਰਟ ਨੇ ਅੱਜ ਉਸ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਉਨ੍ਹਾਂ ਦੀ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ ਹੈ।

## ਸਵਿਟਜ਼ਰਲੈਂਡ ਨੇ ਰੱਦ ਕੀਤਾ ਭਾਰਤ ਦਾ ਐਮ. ਐਫ. ਐਨ. ਦਰਜਾ

ਨਵੀਂ ਦਿੱਲੀ : ਸਵਿਟਜ਼ਰਲੈਂਡ ਦੀ ਸਰਕਾਰ ਨੇ ਭਾਰਤ ਤੇ ਸਵਿਟਜ਼ਰਲੈਂਡ ਦਰਮਿਆਨ ਦੋਹਰੇ ਟੈਕਸ ਤੋਂ ਬਚਣ ਵਾਲੇ ਸਮਝੌਤੇ (ਡੀ.ਟੀ.ਏ.ਏ.) 'ਚ ਸਭ ਤੋਂ ਵੱਧ ਪਸੰਦੀਦਾ ਦੇਸ਼ ਦਾ ਦਰਜਾ (ਐਮ.ਐਫ.ਐਨ.) ਧਾਰਾ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਨਾਲ ਭਾਰਤ 'ਚ ਸਵਿਸ ਨਿਵੇਸ਼ ਪ੍ਰਭਾਵਿਤ ਹੋ ਸਕਦਾ ਹੈ ਤੇ ਯੂਰਪੀਅਨ ਦੇਸ਼ 'ਚ ਕੰਮ ਕਰ ਰਹੀਆਂ ਭਾਰਤੀ ਕੰਪਨੀਆਂ 'ਤੇ ਉੱਚ ਟੈਕਸ ਲੱਗ ਸਕਦਾ ਹੈ। ਸਵਿਸ ਵਿੱਤ ਵਿਭਾਗ ਦੁਆਰਾ 11 ਦਸੰਬਰ ਦੇ ਇਕ ਬਿਆਨ ਅਨੁਸਾਰ ਇਹ ਕਦਮ ਪਿਛਲੇ ਸਾਲ ਭਾਰਤ ਦੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਲਿਆ ਗਿਆ ਹੈ ਕਿ ਜਦੋਂ ਕੋਈ ਦੇਸ਼ ਓ.ਈ.ਸੀ.ਡੀ। 'ਚ ਸ਼ਾਮਿਲ ਹੁੰਦਾ ਹੈ ਤਾਂ ਐਮ.ਐਫ.ਐਨ. ਧਾਰਾ ਆਪਣੇ ਆਪ ਚਾਲੂ ਨਹੀਂ ਹੁੰਦੀ ਹੈ ਜੇਕਰ ਭਾਰਤ ਸਰਕਾਰ ਨੇ ਪਹਿਲਾਂ ਉਸ ਦੇਸ਼ ਨਾਲ ਟੈਕਸ ਸੰਧੀ 'ਤੇ ਦਸਤਖ਼ਤ ਕੀਤੇ ਹਨ ਤੇ ਇਹ ਸੰਗਠਨ 'ਚ ਸ਼ਾਮਿਲ ਹੋ ਗਿਆ। ਭਾਰਤ ਨੇ ਕੋਲੰਬੀਆ ਤੇ ਲਿਥੁਆਨੀਆ ਨਾਲ ਟੈਕਸ ਸੰਧੀਆਂ 'ਤੇ ਹਸਤਾਖਰ ਕੀਤੇ, ਜੋ ਕੁਝ ਖਾਸ ਕਿਸਮ ਦੀ ਆਮਦਨ 'ਤੇ ਟੈਕਸ ਦਰਾਂ ਪ੍ਰਦਾਨ ਕਰਦੇ ਹਨ ਜੋ ਓ.ਈ.ਸੀ.ਡੀ. ਦੇਸ਼ਾਂ ਨੂੰ ਪ੍ਰਦਾਨ ਕੀਤੀਆਂ ਦਰਾਂ ਤੋਂ ਘੱਟ ਸਨ। ਦੋਵੇਂ ਦੇਸ਼ ਬਾਅਦ 'ਚ ਓ.ਈ.ਸੀ.ਡੀ. 'ਚ ਸ਼ਾਮਿਲ ਹੋਏ।



## ਬਟਾਲਾ ਨੇੜੇ ਥਾਣੇ 'ਚ ਧਮਾਕਾ

### ਬੱਬਰ ਖ਼ਾਲਸਾ ਨੇ ਲਈ ਜ਼ਿੰਮੇਵਾਰੀ



ਬਟਾਲਾ - ਅਣਪਛਾਤੇ ਮੋਟਰਸਾਈਕਲ ਸਵਾਰ 2 ਵਿਅਕਤੀਆਂ ਨੇ ਪੁਲਿਸ ਜ਼ਿਲ੍ਹਾ ਬਟਾਲਾ ਅਧੀਨ ਆਉਂਦੇ ਥਾਣਾ ਘਣੀਏ-ਕੇ-ਬਾਂਗਰ ਦੇ ਅਹਾਤੇ ਵਿਚ ਬੰਬ ਨੁਮਾ ਕੋਈ ਧਮਾਕਾਖੇਜ਼ ਵਸਤੂ ਸੁੱਟੀ, ਜਿਸ ਨਾਲ ਜ਼ੋਰਦਾਰ ਧਮਾਕਾ ਹੋਇਆ।

ਇਸ ਧਮਾਕੇ ਕਾਰਨ ਆਸ-ਪਾਸ ਦੇ ਇਲਾਕੇ 'ਚ ਡਰ ਦਾ ਮਾਹੌਲ ਹੈ ਪਰ ਪੁਲਿਸ ਅਧਿਕਾਰੀ ਹੈਂਡ ਨੇਡ ਸੁੱਟੇ ਜਾਣ ਤੋਂ ਇਨਕਾਰ ਕਰ ਰਹੇ ਹਨ।

ਬੱਬਰ ਖ਼ਾਲਸਾ ਇੰਟਰਨੈਸ਼ਨਲ ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਪੋਸਟ ਰਾਹੀਂ ਲਈ ਹੈ। ਇਸ ਪੋਸਟ ਰਾਹੀਂ ਬੱਬਰ ਖ਼ਾਲਸਾ ਦੇ ਗੋਪੀ ਨਵਾਂ ਸ਼ਹਿਰੀਆ ਅਤੇ ਹਰਪ੍ਰੀਤ ਸਿੰਘ ਹੈਪੀ ਪਸ਼ੀਆ ਨੇ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਪੋਸਟ ਰਾਹੀਂ ਬਟਾਲਾ ਪੁਲਿਸ ਨੂੰ ਚਿਤਾਵਨੀ ਦਿੰਦਿਆਂ ਕਿਹਾ ਗਿਆ ਹੈ ਕਿ ਜੇਕਰ ਸ਼ਾਮ 6 ਵਜੇ ਤੋਂ ਬਾਅਦ ਕਿਤੇ ਵੀ ਨਾਕਾਬੰਦੀ ਕੀਤੀ ਗਈ ਤਾਂ ਅਜਿਹੇ ਧਮਾਕੇ ਹੋਰ ਕੀਤੇ ਜਾਣਗੇ।

## ਦਰਸ਼ਕ ਗੈਲਰੀ 'ਚ ਨਜ਼ਰ ਆਇਆ ਪ੍ਰਿਅੰਕਾ ਦਾ ਪਰਿਵਾਰ

ਪ੍ਰਿਅੰਕਾ ਗਾਂਧੀ ਦੇ ਲੋਕ ਸਭਾ 'ਚ ਪਹਿਲੇ ਭਾਸ਼ਨ ਨੂੰ ਸੁਣਨ ਲਈ ਪੂਰਾ ਪਰਿਵਾਰ ਲੋਕ ਸਭਾ ਦੀ ਦਰਸ਼ਕ ਗੈਲਰੀ 'ਚ ਬੈਠਾ ਨਜ਼ਰ ਆਇਆ। ਜਿਸ 'ਚ ਮਾਂ ਸੋਨੀਆ ਗਾਂਧੀ, ਪਤੀ ਰਾਬਰਟ ਵਾਡਰਾ ਅਤੇ ਬੇਟਾ ਰਿਹਾਨ ਵਾਡਰਾ ਸ਼ਾਮਿਲ ਸੀ। ਹਾਲਾਂਕਿ ਉਨ੍ਹਾਂ ਦੀ ਬੇਟੀ ਮਿਰਾਇਆ ਗੈਲਰੀ 'ਚ ਮੌਜੂਦ ਨਹੀਂ ਸੀ।

## ਬੰਗਲਾ ਦੇਸ਼ ਦੇ ਹਾਲਾਤ 'ਤੇ ਸਰਕਾਰ ਦਾ ਪੂਰਾ ਧਿਆਨ

ਹੈਦਰਾਬਾਦ ਤੋਂ ਸੰਸਦ ਮੈਂਬਰ ਅਸਦੁਦੀਨ ਓਵੈਸੀ ਨੇ ਬੰਗਲਾਦੇਸ਼ 'ਚ ਘੱਟ ਗਿਣਤੀਆਂ ਦੀ ਸੁਰੱਖਿਆ ਬਾਰੇ ਸਵਾਲ ਪੁੱਛਦਿਆਂ ਕਿਹਾ ਕਿ ਸਰਕਾਰ ਉਥੇ ਹਿੰਦੂਆਂ 'ਤੇ ਹੋ ਰਹੇ ਜ਼ੁਲਮਾਂ ਲਈ ਕੀ ਕਰ ਰਹੀ ਹੈ, ਜਿਸ 'ਤੇ ਵਿਦੇਸ਼ ਮੰਤਰੀ



ਨੇ ਕਿਹਾ ਕਿ ਸਰਕਾਰ ਦਾ ਪੂਰਾ ਧਿਆਨ ਬੰਗਲਾਦੇਸ਼ ਦੇ ਹਾਲਾਤ 'ਤੇ ਹੈ। ਅਸੀਂ ਇਸ ਮੁੱਦੇ ਨੂੰ ਗੁਆਂਢੀ ਦੇਸ਼ ਦੀ ਸਰਕਾਰ ਅੱਗੇ ਚੁੱਕਿਆ ਵੀ ਹੈ। ਸਾਡੇ ਵਿਦੇਸ਼ ਸਕੱਤਰ ਬੰਗਲਾਦੇਸ਼ ਗਏ ਸਨ, ਜਿਥੇ ਉਨ੍ਹਾਂ ਨੇ ਇਹ ਮੁੱਦਾ ਉਠਾਇਆ ਹੈ।

## ਸੁਪਰੀਮ ਕੋਰਟ ਨੇ ਡੱਲੇਵਾਲ ਦੀ ਸਿਹਤ 'ਤੇ ਪ੍ਰਗਟਾਈ ਚਿੰਤਾ

ਨਵੀਂ ਦਿੱਲੀ-ਕਿਸਾਨੀ ਮੰਗਾਂ ਲਈ ਖਨੌਰੀ ਸਰਹੱਦ 'ਤੇ ਪਿਛਲੇ 17 ਦਿਨਾਂ ਤੋਂ ਵੱਧ ਸਮੇਂ ਤੋਂ ਮਰਨ ਵਰਤ 'ਤੇ ਬੈਠੇ ਪੰਜਾਬ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ 'ਤੇ ਸੁਪਰੀਮ ਕੋਰਟ ਨੇ ਚਿੰਤਾ ਪ੍ਰਗਟਾਈ ਹੈ।



ਜਸਟਿਸ ਸੂਰਿਆ ਕਾਂਤ ਤੇ ਉੱਜਲ ਭਈਆਂ ਦੇ ਬੈਂਚ ਨੇ ਕੇਂਦਰ ਤੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੂੰ ਤੁਰੰਤ ਡੱਲੇਵਾਲ ਨੂੰ ਮਿਲਣ ਤੇ ਉਸ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਤੇ ਉਸ ਦੀ ਜਾਨ ਕੀਮਤੀ ਦੱਸਦੇ ਹੋਏ ਮਰਨ ਵਰਤ ਨੂੰ ਤੋੜਨ ਲਈ ਮਨਾਉਣ ਦੇ ਨਿਰਦੇਸ਼ ਦਿੱਤੇ ਹਨ।

ਬੈਂਚ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਤੇ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ।

# ਖਾਣੇ ਦੇ ਬਿਹਤਰੀਨ ਸਥਾਨ ਵਜੋਂ ਵਿਸ਼ਵ ਭਰ ਵਿੱਚ ਪੰਜਾਬ ਦਾ ਸੱਤਵਾਂ ਨੰਬਰ

ਨਵੀਂ ਦਿੱਲੀ : ਖਾਣ ਪੀਣ ਦੇ ਸ਼ੌਕੀਨ ਪੰਜਾਬੀਆਂ ਨੇ ਆਪਣੀ ਇਸੇ ਆਦਤ ਕਰਕੇ ਪੰਜਾਬ ਦਾ ਨਾਂ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਖਾਣ ਅਤੇ ਸੈਰ ਸਪਾਟੇ ਲਈ ਜਾਣੀ ਜਾਂਦੀ ਮਸ਼ਹੂਰ ਗਾਈਡ ਟੈਸਟ ਐਟਲਸ ਵਲੋਂ ਹੁਣੇ ਜਿਹੇ ਜਾਰੀ ਕੀਤੇ ਦੁਨੀਆ ਦੇ 100 ਬੇਹਤਰੀਨ ਖਾਣ ਵਾਲੇ ਇਲਾਕਿਆਂ ਬਾਰੇ ਦਰਜਾ ਬੰਦੀ 'ਚ ਪੰਜਾਬ ਨੂੰ ਸੱਤਵਾਂ ਸਥਾਨ ਹਾਸਲ ਹੋਇਆ ਹੈ। ਟੈਸਟ ਐਟਲਿਸ ਵੱਲੋਂ ਜਾਰੀ ਕੀਤੀ ਸੂਚੀ ਚ ਪੰਜਾਬ ਦੇ ਲਾਜਵਾਬ ਖਾਣੇ ਚ ਅੰਮ੍ਰਿਤਸਰ ਦਾ ਕੁਲਚਾ ਤਾਂ ਸ਼ਾਮਿਲ ਹੈ ਹੀ, ਇਸ ਤੋਂ ਇਲਾਵਾ ਟਿੱਕਾ, ਤੰਦੂਰੀ ਮੁਰਗਾ, ਸ਼ਾਹੀ ਪਨੀਰ, ਅਤੇ ਸਾਗ ਪਨੀਰ ਦਾ ਨਾਂ ਵੀ ਲਜ਼ੀਜ਼ ਖਾਣਿਆਂ ਦੀ ਸੂਚੀ ਵਿੱਚ ਸ਼ਾਮਿਲ ਹੈ। ਗਾਈਡ ਚ ਪੰਜਾਬ ਦੇ ਕੁਝ ਮਕਬੂਲ ਰੈਸਟੋਰਾ ਦੇ ਨਾਂ ਵੀ ਸ਼ਾਮਿਲ ਕੀਤੇ ਗਏ ਹਨ। ਜਿਨਾਂ ਚੋਂ ਜ਼ਿਆਦਾਤਰ ਨਾਂ ਅੰਮ੍ਰਿਤਸਰ ਦੇ ਰਵਾਇਤੀ ਖਾਣਿਆਂ ਵਾਲੇ ਰੈਸਟੋਰਾਂ ਦੇ ਹਨ। ਇਹਨਾਂ ਵਿੱਚ ਕੇਸਰ ਦਾ ਢਾਬਾ, ਭਰਾਵਾਂ ਦਾ ਢਾਬਾ, ਬੜੇ ਭਾਈ ਦਾ ਬ੍ਰਦਰਸ ਦਾ ਢਾਬਾ, ਤੇ ਕ੍ਰਿਸਟਲ ਰੈਸਟੋਰਾਂ ਸ਼ਾਮਿਲ ਹੈ।

ਟੈਸਟ ਐਟਲਸ ਵੱਲੋਂ ਜਾਰੀ ਕੀਤੀ ਸੂਚੀ ਚ ਪਹਿਲਾ ਸਥਾਨ ਕੰਪੇਨੀਆ (ਇਟਲੀ) ਦੂਜਾ ਪਹਿਲੋ ਪੁਨੀਜ (ਗਰੀਸ) ਅਤੇ ਤੀਜਾ ਅਮੀਲੀਆ



ਰੋਮਾਗਨਾ (ਇਟਲੀ) ਨੂੰ ਹਾਸਲ ਹੋਇਆ ਹੈ।ਇਹ ਦਰਜਾ ਸਾਢੇ ਚਾਰ ਲੱਖ ਤੋਂ ਉੱਪਰ ਰੈਂਕਿੰਗ ਅਤੇ ਤਕਰੀਬਨ ਸਾਢੇ ਪੰਜ ਹਜ਼ਾਰ ਖਾਣਿਆਂ ਉੱਤੇ ਅਧਾਰਿਤ ਹੈ। ਪੰਜਾਬ ਤੋਂ ਇਲਾਵਾ ਜਿਹੜੇ ਖੇਤਰਾਂ ਦਾ ਨਾਂ ਸੂਚੀ ਵਿੱਚ ਸ਼ਾਮਿਲ ਹੈ ,ਉਹਨਾਂ ਵਿੱਚ ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵੀ ਸ਼ਾਮਿਲ ਹਨ। 41ਵੇਂ ਸਥਾਨ ਉੱਤੇ ਆਏ ਮਹਾਰਾਸ਼ਟਰ ਦੇ ਲਜ਼ੀਜ਼ ਖਾਣਿਆਂ ਚ ਪਾਓ ਭਾਜੀ, ਅਤੇ ਸ੍ਰੀਖੰਡ ਸ਼ਾਮਿਲ ਹਨ। ਜਦਕਿ 54ਵੇਂ ਸਥਾਨ ਉੱਤੇ ਆਏ ਪੱਛਮੀ ਬੰਗਾਲ ਦੇ ਸਵਾਦਿਸ਼ਟ ਖਾਣਿਆਂ ਵਿੱਚ ਚਿੰਗਰੀ ਮਲਾਈ ਕਰੀ, ਰਸ ਮਲਾਈ, ਕਾਠੀ ਰੋਲ ਸ਼ਾਮਿਲ ਹਨ। 59ਵੇਂ ਨੰਬਰ ਉੱਤੇ ਦੱਖਣ ਭਾਰਤ ਨੂੰ ਸਿੰਗਲ ਐਂਟਰੀ ਵਜੋਂ ਥਾਂ ਮਿਲੀ ਹੈ।

# ਮਨੁੱਖੀ ਅਧਿਕਾਰ ਦਿਵਸ ਮੌਕੇ ਯੂ.ਐਨ.ਓ. ਦਫ਼ਤਰ ਸਾਹਮਣੇ ਪ੍ਰਦਰਸ਼ਨ

ਲੰਡਨ : ਯੂਰਪ ਦੇ ਵੱਖ-ਵੱਖ ਦੇਸ਼ਾਂ ਤੋਂ ਪਹੁੰਚੇ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਭਾਰਤ ਅੰਤਰ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ ਦੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਹਨ। ਰਾਜਸੀ ਸਿੱਖ ਕੇਦੀਆਂ ਦੀ ਰਿਹਾਈ ਦੀ ਮੰਗ ਤੋਂ ਇਲਾਵਾ ਦੋਸ਼ ਲਾਇਆ ਕਿ ਪੰਜਾਬ ਦੀ ਕਿਸਾਨੀ ਪੰਜਾਬੀ ਬੋਲੀ ਪਾਣੀਆਂ ਅਤੇ ਨਸ਼ਿਆਂ ਨਾਲ ਖੁਦਕੁਸ਼ੀ ਨਸਲ ਕੁਸ਼ੀ ਕੀਤੀ ਜਾ ਰਹੀ ਹੈ ਯੂਐਨਓ ਜਨੇਵਾ ਦਫਤਰ ਦੇ ਸਾਹਮਣੇ ਵਰਡ ਸਿੱਖ ਪਾਰਲੀਮੈਂਟ ਵੱਲੋਂ ਰੋਸ ਪ੍ਰਦਰਸ਼ਨ ਕਰਦਿਆਂ ਮਨੁੱਖੀ ਅਧਿਕਾਰਾਂ ਦੀਆਂ ਕੀਤੀਆਂ ਜਾ ਰਹੀਆਂ ਘੋਰ ਉਲੰਘਣਾਵਾਂ ਨੂੰ ਦਰਸਾਉਂਦੀ ਪ੍ਰਦਰਸ਼ਨ ਵੀ ਲਗਾਈ ਗਈ। ਰੋਸ ਪ੍ਰਦਰਸ਼ਨ ਚ ਭਾਰਤ ਵੱਲੋਂ ਯੂਐਨਓ ਚਾਰਟਰ ਉੱਪਰ ਸਹਿਮਤੀ ਪਾ ਕੇ ਵੀ ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਤੇ ਕੀਤੇ ਜਾ ਰਹੇ ਜ਼ੁਲਮਾਂ ਤੇ ਉਨਾਂ ਦੇ ਮਨੁੱਖੀ ਅਧਿਕਾਰਾਂ ਨੂੰ ਜਬਰੀ ਖੂਨ ਦੇ ਅਮਲ ਨੂੰ ਇਨਸਾਫ ਰੈਲੀ ਚ ਉਜਾਗਰ ਕੀਤਾ ਗਿਆ। ਵਰਡ ਸਿੱਖ ਪਾਰਲੀਮੈਂਟ ਦੇ ਸਹਿ



ਕੋਆਰਡੀਨੇਟਰ ਭਾਈ ਗੁਰਚਰਨ ਗੁਰਾਇਆ ਜਨਰਲ ਸਕੱਤਰ ਭਾਈ ਮਨਜੀਤ ਸਿੰਘ ਇੰਗਲੈਂਡ ਸੇਵਿੰਗ ਪੰਜਾਬ ਦੇ ਡਾਇਰੈਕਟਰ ਭਾਈ ਗੁਰਪ੍ਰੀਤ ਸਿੰਘ ਇੰਗਲੈਂਡ ਸਹਿ ਕੋਆਰਡੀਨੇਟਰ ਮਨੁੱਖੀ ਅਧਿਕਾਰ ਕੌਂਸਲ ਭਾਈ ਪ੍ਰਿਤਪਾਲ ਸਿੰਘ ਸਵਿਟਜਰਲੈਂਡ ਭਾਈ ਗੁਰਪਾਲ ਸਿੰਘ ਮੀਡੀਆ ਕੌਂਸਲ ਦੇ ਭਾਈ ਜਤਿੰਦਰ ਸਿੰਘ ਭਾਈ ਹਰਮੀਤ ਸਿੰਘ ਜਰਮਨੀ ਮਨੁੱਖੀ ਅਧਿਕਾਰ ਸੋਸੀਏਸ਼ਨ ਦੇ ਮੁਖੀ ਭਾਈ ਸ਼ਿੰਗਾਰਾ ਸਿੰਘ ਮਾਨ ਫਰਾਂਸ ਭਾਈ ਜਸਵਿੰਦਰ ਸਿੰਘ ਭਾਈ ਗੁਰਦੇਵ ਸਿੰਘ ਬਾਬਾ ਜਸਵੀਰ ਸਿੰਘ ਸਵਿਟਜਰਲੈਂਡ ਅਤੇ ਆਜ਼ਾਦ ਕਸ਼ਮੀਰ ਦੇ ਅਕਵਾਲ ਹਾਸ਼ਮੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਇਸ ਮੌਕੇ ਵਰਡ ਸਿੱਖ ਪਾਰਲੀਮੈਂਟ ਯੂਰਪ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਦਾ ਸਮਰਥਨ ਕੀਤਾ ਗਿਆ।

## ਪੁਲਿਸ ਵਲੋਂ ਨਵੇਂ ਤਰੀਕੇ ਨਾਲ ਟ੍ਰੈਫਿਕ ਨਿਯਮਾਂ ਦਾ ਪ੍ਰਚਾਰ

ਤਰਨਤਾਰਨ : ਐਸ.ਐਸ.ਪੀ. ਅਭਿਮਨਿਊ ਰਾਣਾ ਨੇ ਕਿਹਾ ਕਿ ਪੁਲੀਸ ਨੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕਰਨ ਦੀ ਬਜਾਏ, ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲਿਆਂ ਨੂੰ ਫੁੱਲ ਭੇਟ ਕੀਤੇ ਜਾਂਦੇ ਹਨ। ਜਦੋਂ ਕਿ ਪਹਿਲਾਂ, ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਫੁੱਲ ਭੇਟ ਕਰਨ ਦੀ ਪ੍ਰਥਾ ਸੀ, ਜਿਸ ਨੂੰ ਗਾਂਧੀਗਿਰੀ ਕਿਹਾ ਜਾਂਦਾ ਸੀ। ਹੁਣ ਪੁਲਿਸ ਨਿਯਮਾਂ ਦੀ ਪਾਲਣਾ ਕਰਨ ਵਾਲਿਆਂ ਦੀ ਸ਼ਲਾਘਾ ਕਰ ਰਹੀ ਹੈ।



## ਗੁਰਦੁਆਰਾ ਭਾਈ ਬੰਨੂ ਦੀ ਜ਼ਮੀਨ 'ਤੇ ਨਹੀਂ ਹੋਣ ਦਿੱਤਾ ਜਾਵੇਗਾ ਕਬਜ਼ਾ: ਖੋਖਰ

ਅੰਮ੍ਰਿਤਸਰ-ਪਾਕਿਸਤਾਨ ਦੇ ਜ਼ਿਲ੍ਹਾ ਮੰਡੀ ਬਹਾਉਦੀਨ ਦੇ ਪਿੰਡ ਮਾਂਗਟ ਵਿਚਲੇ ਇਤਿਹਾਸਕ ਗੁਰਦੁਆਰਾ ਭਾਈ ਬੰਨੂ ਦੀ ਜ਼ਮੀਨ 'ਤੇ ਪਾਰਕ ਬਣਾਏ ਜਾਣ ਦੇ ਮਾਮਲੇ ਨੂੰ ਲੈ ਕੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ (ਬਰਾਈਨਜ਼) ਸੈਫਉੱਲਾ ਖੋਖਰ ਨੇ ਕਿਹਾ ਹੈ ਕਿ ਉਕਤ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬੋਰਡ ਵਲੋਂ ਸਾਂਝੇ ਤੌਰ ਜਲਦ ਗੁਰਦੁਆਰਾ ਭਾਈ ਬੰਨੂ ਦੀ ਇਮਾਰਤ ਦੀ ਮੁਰੰਮਤ ਤੇ ਸੁੰਦਰੀਕਰਨ ਦੀ ਕਾਰਵਾਈ ਮੁਕੰਮਲ ਕਰਕੇ ਉਸ 'ਚ ਪ੍ਰਕਾਸ਼ ਵੀ ਕੀਤਾ ਜਾਵੇਗਾ। ਖੋਖਰ ਨੇ ਭਰੋਸਾ ਦਿੱਤਾ ਕਿ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਕਬਜ਼ਾ ਕਰਨ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।




ਪਿੰਡ ਮਾਂਗਟ ਦੀ ਆਬਾਦੀ ਦੇ ਬਿਲਕੁਲ ਅੱਧ ਵਿਚਾਲੇ ਮੌਜੂਦ ਪਹਿਲਾਂ ਭਾਈ ਬੰਨੂ ਦਾ ਨਿਵਾਸ ਹੋਇਆ ਕਰਦਾ ਸੀ।

ਉਨ੍ਹਾਂ ਗੁਰੂ ਅਰਜਨ ਦੇਵ ਜੀ ਤੋਂ ਸ੍ਰੀ ਗ੍ਰੰਥ ਸਾਹਿਬ ਜੀ ਦੀ ਪੋਥੀ ਮੰਗ ਕੇ ਜਾਂ ਲਾਹੌਰ ਤੋਂ ਜਿਲਦ ਬਨਵਾਉਣ ਸਮੇਂ ਉਸ ਦੀ ਨਕਲ ਉਤਾਰੀ ਤੇ ਆਪਣੀ ਇੱਛਾ ਅਨੁਸਾਰ ਉਸ 'ਚ ਕੁਝ ਵਾਧੂ ਬਾਣੀ ਦਰਜ ਕਰ ਲਈ ਸੀ। ਇਸ ਤੋਂ ਬਾਅਦ ਉਸ ਬੀੜ ਦਾ ਨਾਂਅ ਭਾਈ ਬੰਨੂ ਦੀ ਬੀੜ ਹੋ ਗਿਆ।

ਇਹ ਬੀੜ ਦੇਸ਼ ਦੀ ਵੰਡ ਤੋਂ ਪਹਿਲਾਂ ਤੱਕ ਪਿੰਡ ਮਾਂਗਟ 'ਚ ਭਾਈ ਬੰਨੂ ਦੀ ਔਲਾਦ ਪਾਸ ਹੀ ਸੀ ਤੇ ਇਸ ਬੀੜ ਨੂੰ ਭਾਈ ਬੰਨੂ ਦੀ ਔਲਾਦ ਦੇ ਲੋਕ ਵਾਰੋ-ਵਾਰੀ ਆਪਣੇ ਘਰ 'ਚ ਰੱਖਦੇ ਸਨ।

## 'ਪੁਸ਼ਪਾ 2 : ਦ ਰੂਲ' ਨੇ ਪਹਿਲੇ ਛੇ ਦਿਨਾਂ 'ਚ ਕਮਾਏ ਹਜ਼ਾਰ ਕਰੋੜ

ਨਵੀਂ ਦਿੱਲੀ-ਅੱਲੂ ਅਰਜੁਨ ਦੀ ਫਿਲਮ 'ਪੁਸ਼ਪਾ 2: ਦ ਰੂਲ' ਨੇ ਪਹਿਲੇ 6 ਦਿਨਾਂ 'ਚ ਹੀ ਵਿਸ਼ਵ ਭਰ 'ਚ 1000 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ, ਜਿਸ ਨਾਲ ਸਭ ਤੋਂ ਤੇਜ਼ੀ ਨਾਲ ਅਜਿਹੀ ਉਪਲੱਬਧੀ ਹਾਸਲ ਕਰਨ ਵਾਲੀ ਭਾਰਤ ਦੀ ਇਹ ਪਹਿਲੀ ਫਿਲਮ ਬਣ ਗਈ ਹੈ। ਪ੍ਰੋਡਕਸ਼ਨ ਬੈਨਰ ਮਿਥਰੀ ਮੂਵੀ ਮੇਕਰਸ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਬਾਕਸ ਆਫਿਸ ਦੇ ਤਾਜ਼ਾ ਅੰਕੜੇ ਸਾਂਝੇ ਕਰਦੇ ਹੋਏ ਕਿਹਾ ਕਿ ਸੁਕੁਮਾਰ ਵਲੋਂ ਨਿਰਦੇਸ਼ਤਿ ਫਿਲਮ ਜੋ ਕਿ 2021 ਦੀ ਤੇਲਗੂ ਬਲਾਕਬਸਟਰ 'ਪੁਸ਼ਪਾ: ਦ ਰਾਈਜ਼' ਦੀ ਲੜੀਵਾਰ ਹੈ, ਨੇ 1002 ਕਰੋੜ ਰੁਪਏ ਦੀ ਕਮਾਈ ਕੀਤੀ ਹੈ।



## ਦਿਲਜੀਤ ਦੋਸਾਂਝ ਮਸ਼ਹੂਰ ਹਸਤੀਆਂ ਦੀ ਸੂਚੀ 'ਚ ਸਿਖਰ 'ਤੇ

ਲੰਡਨ-ਪ੍ਰਸਿੱਧ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ (40) ਨੇ ਲੰਡਨ ਵਿਚ ਦੁਨੀਆ ਦੀਆਂ ਸਿਖਰਲੀਆਂ 50 ਏਸ਼ਿਆਈ ਹਸਤੀਆਂ ਦੀ ਯੂ।ਕੇ। ਸੂਚੀ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਪਿਛਲੇ ਸਾਲ ਦੇ ਟਾੱਪਰ ਬਾਲੀਵੁੱਡ ਅਦਾਕਾਰ ਸ਼ਾਹਰੁਖ਼ ਖ਼ਾਨ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਸੂਚੀ 'ਚ ਅੱਲੂ ਅਰਜਨ ਤੀਜੇ, ਪ੍ਰਿਅੰਕਾ ਚੋਪੜਾ 5ਵੇਂ ਅਤੇ ਅਮਿਤਾਭ ਬੱਚਨ 26ਵੇਂ ਸਥਾਨ 'ਤੇ ਹਨ। ਯੂ।ਕੇ। ਦੇ ਹਫ਼ਤਾਵਾਰੀ 'ਈਸਟਰਨ' ਵਲੋਂ ਪ੍ਰਕਾਸ਼ਤਿ ਸੂਚੀ ਦੇ 2024 ਦੇ ਐਡੀਸ਼ਨ 'ਚ ਸਿਨੇਮਾ, ਟੈਲੀਵਿਜ਼ਨ, ਸੰਗੀਤ, ਕਲਾ ਅਤੇ ਸਾਹਿਤ ਦੀਆਂ ਹਸਤੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ ।



## ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਇਕ ਨਕਸਲੀ ਹਲਾਕ, 2 ਜਵਾਨ ਜ਼ਖ਼ਮੀ

ਬੀਜਾਪੁਰ-ਛੱਤੀਸਗੜ੍ਹ ਦੇ ਬੀਜਾਪੁਰ ਜਿਲ੍ਹੇ 'ਚ ਬੁੱਧਵਾਰ ਨੂੰ ਸੁਰੱਖਿਆ ਕਰਮੀਆਂ ਨਾਲ ਹੋਏ ਮੁਕਾਬਲੇ 'ਚ ਇਕ ਨਕਸਲੀ ਮਾਰਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸੇ ਮੁਹਿੰਮ ਦੌਰਾਨ ਨਕਸਲੀਆਂ ਵੱਲੋਂ ਕੀਤੇ ਗਏ ਇਕ ਆਈ ਦੀ ਡੀ। ਧਮਾਕੇ 'ਚ 2 ਸੁਰੱਖਿਆ ਕਰਮੀ ਵੀ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲਾ ਗੋਗਲੂਰ ਥਾਣਾ ਖੇਤਰ ਦੇ ਅਧੀਨ ਪੈਂਦੇ ਪਿੰਡ ਮੁੰਗਾ ਦੇ ਜੰਗਲ 'ਚ ਉਸ ਸਮੇਂ ਹੋਇਆ ਜਦੋਂ ਜ਼ਿਲ੍ਹਾ ਰਿਜ਼ਰਵ ਗਾਰਡ ਦੀ ਇਕ ਟੀਮ ਨਕਸਲ ਵਿਰੋਧੀ ਮੁਹਿੰਮ 'ਤੇ ਨਿਕਲ ਗਈ ਸੀ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਰੁਕਣ ਤੋਂ ਬਾਅਦ, ਮੌਕੇ ਤੋਂ ਇਕ ਨਕਸਲੀ ਦੀ ਲਾਸ਼, ਇਕ 9



ਐਮ.ਐਮ. ਪਿਸਤੌਲ, ਇਕ ਆਈ.ਈ.ਡੀ. ਤੇ ਆਈ.ਈ.ਡੀ. ਦੇ 6 ਰਿਮੋਟ ਸਵਿੱਚ ਤੇ ਹੋਰ ਮਾਓਵਾਦੀਆਂ ਨਾਲ ਸੰਬੰਧਤ ਸਮੱਗਰੀ ਬਰਾਮਦ ਕੀਤੀ ਗਈ ਹੈ।

## ਦਿੱਲੀ ਚੋਣਾਂ ਲਈ ਕਾਂਗਰਸ ਨਾਲ ਗੱਠਜੋੜ ਤੋਂ ਕੇਜਰੀਵਾਲ ਦਾ ਇਨਕਾਰ

ਨਵੀਂ ਦਿੱਲੀ- ਦਿੱਲੀ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨਾਲ ਗੱਠਜੋੜ ਦੀਆਂ ਕਨਸੋਆਂ ਦਰਮਿਆਨ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਨਾਲ ਗੱਠਜੋੜ ਤੋਂ ਇਨਕਾਰ ਕਰ ਦਿੱਤਾ ਹੈ । ਕੁਝ ਸਮੇਂ ਤੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਬਾਰੇ ਅਟਕਲਾਂ ਲਗਾਈਆਂ ਜਾਣ ਲੱਗ ਪਈਆਂ ਸਨ ਪਰ ਹੁਣ ਇਨ੍ਹਾਂ ਅਟਕਲਾਂ 'ਤੇ ਵਿਰਾਮ ਲਗਦਾ ਦਿਖਾਈ ਦੇ ਰਿਹਾ ਹੈ । ਆਮ ਆਦਮੀ



ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਆਪਣੇ ਐਕਸ ਹੈਂਡਲ 'ਤੇ ਲਿਖਿਆ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਆਪਣੇ ਬਲਬੂਤੇ ਚੋਣ ਲੜੇਗੀ। ਅਤੇ ਕਾਂਗਰਸ ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਦੀ ਸੰਭਾਵਨਾ ਨਹੀਂ ਹੈ। 'ਆਪ' ਸੰਸਦ ਮੈਂਬਰ ਰਾਘਵ ਚੱਢਾ ਨੇ ਕਾਂਗਰਸ ਨਾਲ ਗੱਠਜੋੜ ਦੀਆਂ ਖ਼ਬਰਾਂ ਨੂੰ ਪੂਰੀ ਤਰ੍ਹਾਂ ਨਿਰਅਧਾਰ ਦੱਸਿਆ ਅਤੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਦਾ ਸਵਾਲ ਹੀ ਨਹੀਂ ਹੈ।

## ਹਵਾਈ ਸੈਨਾ ਦੇ ਜਵਾਨ ਵਲੋਂ ਡਿਊਟੀ ਦੌਰਾਨ ਖੁਦਕੁਸ਼ੀ

ਨਾਗਪੁਰ-ਹਵਾਈ ਫ਼ੌਜ ਦੇ ਇਕ ਸਾਰਜੈਂਟ ਨੇ ਬੁੱਧਵਾਰ ਤੜਕੇ ਇਥੇ ਡਿਊਟੀ ਦੌਰਾਨ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਗਿੱਟੀਖੇਡਨ ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ ਹਰਿਆਣਾ ਦੇ ਭਿਵਾਨੀ ਦੇ ਰਹਿਣ ਵਾਲੇ ਜਵੀਰ ਸਿੰਘ (36) ਨੇ ਤੜਕੇ 2 ਵਜੇ ਦੇ ਕਰੀਬ ਆਪਣੇ ਸਰਵਿਸ ਹਥਿਆਰ ਨਾਲ ਸਿਰ 'ਚ ਗੋਲੀ ਮਾਰ ਲਈ। ਗੋਲੀ ਚੱਲਣ ਨਾਲ ਵਾਯੂਸੇਨਾ ਨਗਰ ਦੇ ਮੇਨਟੇਨੈਂਸ ਕਮਾਂਡ ਸੈਂਟਰ 'ਤੇ ਸਾਥੀ ਜਵਾਨ ਹਰਕਤ ਚ ਆਏ, ਜਿਨ੍ਹਾਂ ਨੇ ਉਸ ਨੂੰ ਖ਼ੂਨ ਨਾਲ ਲੱਥਪੱਥ ਦੇਖਿਆ। ਅਧਿਕਾਰੀ ਨੇ ਦੱਸਿਆ ਕਿ ਖੁਦਕੁਸ਼ੀ ਦੇ ਸਹੀ ਕਾਰਨਾਂ ਦਾ ਅਜੇ ਪਤਾ ਨਹੀਂ ।



# ਕੌਮੀ ਗ੍ਰੀਨ ਟ੍ਰਿਬਿਊਨਲ ਵੱਲੋਂ ਲੁਧਿਆਣੇ ਦੀਆਂ 54 ਰੰਗਾਈ ਇਕਾਈਆਂ ਬੰਦ ਕਰਨ ਦੇ ਹੁਕਮ

ਲੁਧਿਆਣਾ : ਸ਼ਹਿਰ ਦੀਆਂ 54 ਰੰਗਾਈ ਇਕਾਈਆਂ ਨੂੰ ਬੰਦ ਕਰਨ ਲਈ ਨੈਸ਼ਨਲ ਗਰੀਨ ਟਰਿਬਿਊਨਲ ਵਲੋਂ ਜਿਲ੍ਹਾ ਲੁਧਿਆਣਾ ਪ੍ਰਸ਼ਾਸਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਲਿਖਤੀ ਹੁਕਮ ਭੇਜੇ ਹਨ। ਬੁੱਢੇ ਦਰਿਆ ਦੇ ਪ੍ਰਦੂਸ਼ਤਿ ਪਾਣੀ ਲਈ ਜਿੰਮੇਵਾਰ ਰੰਗਾਈ ਇਕਾਈਆਂ ਅਤੇ ਡੇਅਰੀਆਂ ਖਿਲਾਫ ਵੀ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਸਖਤ ਨਿਰਦੇਸ਼ ਦਿੱਤੇ ਗਏ ਹਨ। ਦੱਸਣ ਯੋਗ ਹੈ ਕਿ ਰੰਗਾਈ ਇਕਾਈਆਂ ਦੇ ਕੈਮੀਕਲ ਵਾਲੇ ਗੰਦੇ ਪਾਣੀ ਨੂੰ ਸੋਧਣ ਲਈ ਕੋਈ ਕਾਮਨ ਇਨਫਲੂਐਂਟ ਟਰੀਟਮੈਂਟ ਪਲਾਂਟ ਨਹੀਂ ਲੱਗਾ ਹੋਇਆ। ਜਿਸ ਕਾਰਨ ਇਹ ਰੰਗਾਈ ਇਕਾਈਆਂ ਕਥਿਤ ਰੂਪ ਵਿੱਚ ਕੈਮੀਕਲ ਵਾਲਾ ਗੰਦਾ ਪਾਣੀ ਸੀਵਰੇਜ ਵਿਚ ਪਾਉਂਦੀਆਂ ਹਨ। ਜੋ ਸੁਧਾਈ ਲਈ ਸੀਵਰੇਜ ਟਰੀਟਮੈਂਟ ਪਲਾਂਟ ਜਮਾਲਪੁਰ ਵਿਖੇ ਪਹੁੰਚਦਾ ਹੈ, ਪਰ ਕੈਮੀਕਲ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਪਾਣੀ ਪੂਰੀ ਤਰ੍ਹਾਂ ਨਾਲ ਸੋਧ ਨਹੀਂ ਹੁੰਦਾ। ਜਿਸ ਨੂੰ ਇਸੇ




ਤਰ੍ਹਾਂ ਬੁੱਢੇ ਦਰਿਆ ਵਿੱਚ ਪਾ ਦਿੱਤਾ ਜਾਂਦਾ ਹੈ। ਜਿਸ ਕਾਰਨ ਬੁੱਢੇ ਦਰਿਆ ਦਾ ਪਾਣੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ ਤੇ ਲੋਕ ਇਸ ਜ਼ਹਿਰੀਲੇ ਪਾਣੀ ਕਾਰਨ ਕੈਂਸਰ ਜਿਹੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਜਿਸ ਨੂੰ ਲੈ ਕੇ "ਟੀਮ ਕਾਲੇ ਪਾਣੀ" ਦਾ ਮੋਰਚਾ ਵੱਲੋਂ ਐਨ।ਜੀ।ਟੀ। ਅਦਾਲਤ ਚ ਕੇਸ ਦਰਜ ਕੀਤੇ ਗਏ ਸਨ ਜਿਨਾਂ ਚੋਂ ਇੱਕ ਕੇਸ ਦੀ ਸੁਣਵਾਈ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਹੀ ਕੌਮੀ ਗਰੀਨ ਟ੍ਰਿਬਿਊਨਲ ਵੱਲੋਂ 54 ਰੰਗਾਈ ਇਕਾਈਆਂ ਨੂੰ ਬੰਦ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਇਹਨਾਂ ਰੰਗਾਈ ਇਕਾਈਆਂ ਚ 11 ਵੱਡੀਆਂ ਇਕਾਈਆਂ ਹਨ । ਬਾਕੀ ਦੀਆਂ 43 ਇਕਾਈਆਂ ਮੱਧਮ ਅਤੇ ਛੋਟੀਆਂ ਇਕਾਈਆਂ ਹਨ। ਜਿਨਾਂ ਨੂੰ 31 ਮਾਰਚ 2023 ਤੱਕ ਸਮਾਂ ਦਿੱਤਾ ਗਿਆ ਸੀ, ਜਿਸ ਨੂੰ ਪੂਰਾ ਹੋਏ ਇੱਕ ਸਾਲ ਹੋ ਗਿਆ ਹੈ, ਪਰ ਇਹ ਰੰਗਾਈ ਇਕਾਈਆਂ ਜਿਉਂ ਦਾ ਤਿਉਂ ਚੱਲ ਰਹੀਆਂ ਹਨ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 21 ਦਸੰਬਰ, 2024*

# ਨਵੀਂ ਨੀਤੀ ਨਵੀਂ ਸਾਜ਼ਿਸ਼

*ਕੇਂਦਰ ਸਰਕਾਰ ਨਵੀਂ ਖੇਤੀ ਨੀਤੀ ਦੇ ਨਾਂ ਉਤੇ ਦੇਸ਼ ਦੇ ਕਿਸਾਨਾਂ ਨਾਲ ਇਕ ਨਵੀਂ ਸਾਜਿਸ਼ ਰਚਣ ਵਾਲੀ ਹੈ, ਇਸ ਬਾਰੇ ਰਾਜਨੀਤਕ ਮਾਹਿਰਾਂ ਵਲੋਂ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।*

*ਕਿਹਾ ਜਾਂਦਾ ਹੈ ਕ ਕੁਝ ਸਾਲ ਪਹਿਲਾਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨ ਹੁਣ ਇਕ ਨਵੀਂ ਸ਼ਕਲ ਧਾਰ ਕੇ ਫੇਰ ਆ ਰਹੇ ਹਨ। ਲੰਮੇ ਸਮੇਂ ਤੋਂ ਇਹ ਸ਼ੰਕਾਵਾਂ ਪੈਦਾ ਹੋ ਰਹੀਆਂ ਸਨ, ਕਿ ਕੇਂਦਰ ਸਰਕਾਰ ਕੋਈ ਨਵੀਂ ਖਿਚੜੀ ਪਕਾਉਣਾ ਚਾਹੁੰਦੀ ਹੈ।*

*ਸਭ ਨੂੰ ਯਾਦ ਹੀ ਹੋਏਗਾ ਕਿ ਭਾਜਪਾ ਦੀ ਪਾਰਲੀਮੈਂਟ ਮੈਂਬਰ ਕੰਗਣਾ ਰਣੌਤ ਨੇ ਇੱਕ ਦਿਨ ਕਿਹਾ ਸੀ ਕਿ ਤਿੰਨ ਖੇਤੀ ਕਾਨੂੰਨ ਮੁੜ ਕੇ ਲਾਗੂ ਹੋਣੇ ਚਾਹੀਦੇ ਹਨ। ਕੀ ਇਹ ਸਿਰਫ ਕੰਗਣਾ ਦੇ ਮਨ ਦਾ ਭਾਵ ਸੀ ? ਜਾਂ ਉਹਨੂੰ ਦਿੱਲੀ ਚ ਚੱਲ ਰਹੀਆਂ ਕਾਰਵਾਈਆਂ ਦਾ ਪਤਾ ਸੀ? ਕਿਉਂਕਿ ਉਹ ਵੀ ਉਸੇ ਪਾਰਟੀ ਦੀ ਐਮ.ਪੀ ਹੈ, ਜੋ ਤਿੰਨ ਖੇਤੀ ਕਾਨੂੰਨ ਲੈ ਕੇ ਆਈ ਜੀ। ਪਿਛਲੇ ਕੁਝ ਦਿਨਾਂ ਤੋਂ ਜੋ ਕੁਝ ਕਿਸਾਨੀਂ ਨਾਲ ਵਾਪਰ ਰਿਹਾ ਹੈ,ਉਸ ਨਾਲ ਜੋ ਸ਼ੰਕੇ ਪੈਦਾ ਹੋ ਰਹੇ ਹਨ ,ਉਸ ਤੋਂ ਸਥਿਤੀ ਬਹੁਤ ਸਪਸ਼ਟ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨੀਂ ਖੇਤਰ ਵਿੱਚ ਕੁੱਝ ਨਵਾਂ ਕਰਨ ਵਾਲੀ ਹੈ। ਪਰ ਨਿਸ਼ਚਿਤ ਰੂਪ ਵਿੱਚ ਉਹ ਕਿਸਾਨ ਅਤੇ ਪੰਜਾਬ ਵਿਰੋਧੀ ਹੀ ਹੋਵੇਗਾ। ਪਰ ਪਤਾ ਕਰਨ ਵਾਲੀ ਗੱਲ ਇਹ ਹੈ ਕਿ ਇਹ ਸਿਰਫ਼ ਕੇਂਦਰ ਸਰਕਾਰ ਵਲੋਂ ਕੀਤਾ ਜਾਵੇਗਾ ਜਾਂ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੀ ਭਾਈਵਾਲ ਹੋਵੇਗੀ?*

*ਇਸ ਵਾਰ ਜਿਸ ਤਰ੍ਹਾਂ ਮੰਡੀਆਂ ਵਿੱਚ ਝੋਨਾ ਰੁਲਿਆ, ਉਸ ਨੇ ਇਹ ਸ਼ੰਕੇ ਹੋਰ ਗੂੜ੍ਹੇ ਕਰ ਦਿੱਤੇ ਕਿ ਇਹ ਮੰਡੀ ਪ੍ਰਬੰਧ ਨੂੰ ਖਤਮ ਕਰਨ ਦੀ ਕਵਾਇਦ ਹੈ। ਕੇਂਦਰ ਸਰਕਾਰ ਕਦੇ ਪੇਂਡੂ ਵਿਕਾਸ ਫੰਡ ਦੀ ਕਟੌਤੀ ਕਰਕੇ, ਕਦੇ ਮਾਰਕੀਟ ਫੀਸ ਦੀ ਕਟੌਤੀ ਕਰਕੇ,ਕਦੇ ਆੜਤੀਆਂ ਦਾ ਕਮਿਸ਼ਨ ਘਟਾ ਕੇ, ਤੇ ਫਿਰ ਕਦੇ ਮੰਡੀਆਂ ਚੋਂ ਕਣਕ ਅਤੇ ਝੋਨਾ ਰੁਲਦਾ ਛੱਡ ਕੇ ਕੀ ਸੰਦੇਸ਼ ਦੇਣ ਦਾ ਯਤਨ ਕਰ ਰਹੀ ਹੈ?ਇਹ ਸਾਰੀ ਪ੍ਰਕਿਰਿਆ ਲਗਾਤਾਰ ਜੋ ਸ਼ੰਕੇ ਪੈਦਾ ਕਰ ਰਹੀ ਸੀ,ਹੁਣ ਬਿਲਕੁਲ ਸਪਸ਼ਟ ਹੋ ਗਿਆ ਕਿ ਕੇਂਦਰ ਸਰਕਾਰ ਤਿੰਨ ਖੇਤੀ ਕਾਨੂੰਨਾਂ ਨੂੰ ਨਵੇਂ ਰੂਪ ਚ ਲਾਗੂ ਕਰਨ ਵਾਲੀ ਹੈ। ਲਾਗੂ ਕਰਨ ਦਾ ਢੰਗ ਉਹਨਾਂ ਨੇ ਇਹ ਕੱਢਿਆ ਕਿ ਹੁਣ ਉਹਨਾਂ ਦਾ ਨਾਮ ਖੇਤੀ ਕਾਨੂੰਨ ਨਹੀਂ ਹੋਏਗਾ "ਖੇਤੀ ਪਾਲਸੀ" ਹੋਏਗਾ। ਕਿਸਾਨਾਂ ਵਲੋਂ, ਖੇਤੀ ਮਾਹਿਰਾਂ ਵਲੋਂ ਅਤੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਸਮਝਣ ਵਾਲਿਆਂ ਵਲੋਂ ਲਗਾਤਾਰ ਇਸ ਮੰਗ ਨੂੰ ਦੁਹਰਾਇਆ ਜਾ ਰਿਹਾ ਹੈ ਕਿ ਖੇਤੀ ਸੂਬਿਆਂ ਦਾ ਵਿਸ਼ਾ ਹੈ, ਇਹ ਕੇਂਦਰ ਦਾ ਵਿਸ਼ਾ ਨਹੀਂ ਹੈ। ਉਸੇ ਗੱਲ ਨੂੰ ਹੁਣ ਢਾਲ ਬਣਾ ਕੇ ਕੇਂਦਰ ਨੇ ਇਕ ਖਰੜਾ ਤਿਆਰ ਕੀਤਾ ਹੈ, ਜਿਸ ਨੂੰ ਨਵੀਂ ਖੇਤੀ ਪਾਲਸੀ ਦੇ ਨਾਮ ਨਾਲ ਸੂਬਿਆਂ ਨੂੰ ਭੇਜਿਆ ਗਿਆ ਹੈ। ਇਸ ਭੇਜੀ ਗਈ ਖੇਤੀ ਨੀਤੀ ਦਾ ਪਹਿਲਾ ਪੜਾਅ ਇਹੀ ਹੈ ਕਿ ਜਿੰਨੇ ਸਾਈਲੋ ਹੋਣਗੇ, ਸਾਰੇ ਆਪਣੇ ਆਪ ਹੀ ਮੰਡੀ ਚ ਤਬਦੀਲ ਹੋ ਜਾਣਗੇ। ਉਹਨਾਂ ਨੂੰ ਮੰਡੀ ਦਾ ਦਰਜਾ ਮਿਲ ਜਾਏਗਾ। ਅਤੇ ਇਹੀ ਖੇਤੀ ਕਾਨੂੰਨਾਂ ਵਿੱਚ ਸੀ, ਦੂਸਰਾ ਇਹਦੇ ਵਿੱਚ ਇਹ ਹੈ ਕਿ ਕਿਸਾਨਾਂ ਨੂੰ ਕਿਤੇ ਜਾਣ ਦੀ ਲੋੜ ਨਹੀਂ ,ਉਹਨਾਂ ਦਾ ਖੇਤ ਹੀ ਮੰਡੀ ਬਣਾ ਦਿਆਂਗੇ। ਉੱਥੋਂ ਹੀ ਫਸਲ ਖਰੀਦ ਕੇ ਲੈ ਜਾਵਾਂਗੇ। ਇਹ ਵੀ ਪਹਿਲਾਂ ਵਾਲੇ ਕਾਨੂੰਨਾਂ ਵਿੱਚ ਸ਼ਾਮਿਲ ਸੀ ਕਿ ਜਿਹੜਾ ਮਰਜ਼ੀ ਬੰਦਾ, ਜਿਹਦੇ ਕੋਲ ਪੈਨ ਕਾਰਡ ਹੋਏਗਾ, ਉਹੀ ਖਰੀਦ ਕਰ ਸਕਦਾ, ਉਹੀ ਕੰਪਨੀ ਚਲਾ ਸਕਦਾ, ਇਹ ਦੋਵੇਂ ਗੱਲਾਂ ਕਿ ਸਾਈਲੋ ਮੰਡੀ ਬਣ ਜਾਏਗੀ ਅਤੇ ਤੁਹਾਡੀ ਫਸਲ ਖੇਤ ਚੋਂ ਹੀ ਚੁੱਕੀ ਜਾਏਗੀ। ਇਹ ਦੋਵੇਂ ਗੱਲਾਂ ਸਪਸ਼ਟ ਸੰਕੇਤ ਕਰਦੀਆਂ ਹਨ ਕਿ ਮੰਡੀ ਖਤਮ ਹੋਣ ਜਾ ਰਹੀ ਹੈ। ਮਤਲਬ ਕਿ ਪੰਜਾਬ ਵਿਚਲੀਆਂ ਮੰਡੀਆਂ ਜਿਹੜੀਆਂ ਪਰਮਾਨੈਂਟ ਹਨ, ਜਾਂ ਕਈ ਵਾਰ ਖਰੀਦ ਦੇ ਹਵਾਲੇ ਨਾਲ ਟੈਂਪਰੇਰੀ ਬਣਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਸਾਰਾ ਅਧਿਕਾਰ ਪਹਿਲਾਂ ਮੰਡੀ ਬੋਰਡ ਕੋਲ ਹੀ ਹੁੰਦਾ ਸੀ।*

*ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਕੇਂਦਰ ਨੇ ਹੀ ਤੈਅ ਕਰਨਾ ਕਿ ਮੰਡੀ ਖੇਤ ਨੂੰ ਬਣਾਉਣਾ ਹੈ ਜਾਂ ਸਾਈਲੋ ਨੂੰ ਬਣਾਉਣਾ ਹੈ, ਤਾਂ ਇਹਦਾ ਮਤਲਬ ਪੰਜਾਬ ਜਾਂ ਇਸਦੇ ਮੰਡੀ ਬੋਰਡ ਦਾ ਕੰਟਰੋਲ ਤਾਂ ਖ਼ਤਮ ਹੀ ਹੋ ਗਿਆ।*

*ਦੂਸਰਾ ਮਹੱਤਵਪੂਰਨ ਸਵਾਲ ਇਹ ਹੈ ਕਿ ਹੁਣ ਤੱਕ ਜਿਹੜੀ ਐਮ.ਐਸ.ਪੀ ਦੀ ਮੰਗ ਚੱਲ ਰਹੀ ਹੈ ਅਤੇ ਪੰਜਾਬ ਵਿੱਚ ਮੁੱਖ ਤੌਰ ਤੇ ਦੋ ਫ਼ਸਲਾਂ ਝੋਨਾ ਅਤੇ ਕਣਕ ਖਰੀਦੀਆਂ ਜਾ ਰਹੀਆਂ ਹਨ। ਪਰ ਹੁਣ ਕੇਂਦਰ ਸਰਕਾਰ ਕਹਿੰਦੀ ਹੈ ਕਿ ਕੋਈ ਐਮ.ਐਸ.ਪੀ ਨਹੀਂ ਹੋਵੇਗੀ। ਹੁਣ ਬੀਮਾ ਯੋਜਨਾ ਹੋਏਗੀ । ਬੀਮੇ ਦੇ ਤਹਿਤ ਕਿਸਾਨਾਂ ਨੂੰ ਕੀਮਤ ਮਿਲੇਗੀ। ਸੋ ਇਸ ਤਰ੍ਹਾਂ ਦੀਆਂ ਨੀਤੀਆਂ ਤਹਿਤ ਅਸਿੱਧੇ ਰੂਪ ਵਿੱਚ, ਪੁਰਾਣੇ ਤਿੰਨ ਖੇਤੀ ਕਾਨੂੰਨਾਂ ਦੇ ਬਦਲ ਵਜੋਂ ਨਵੀਂ ਖੇਤੀ ਨੀਤੀ ਦਾ ਖਰੜਾ 25 ਨਵੰਬਰ ਨੂੰ ਪੰਜਾਬ ਵਿੱਚ ਪਹੁੰਚ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਇਹ ਸਾਰੇ ਸੂਬਿਆਂ ਨੂੰ ਹੀ ਗਿਆ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਇਕ ਪੱਤਰਕਾਰ ਸਾਥੀ ਨਾਲ ਗੱਲ ਕਰਦੇ ਹੋਏ, ਇਹ ਗੱਲ ਮੰਨੀ ਹੈ ਕਿ ਖੇਤੀ ਨੀਤੀ ਦਾ ਖਰੜਾ ਸਾਡੇ ਕੋਲ ਆ ਗਿਆ ਹੈ, ਪਰ ਅਜੇ ਦੇਖਣਾ ਹੈ ਕਿ ਇਸ ਵਿਚ ਕੀ ਹੈ? ਕੇਂਦਰ ਨੇ ਸੂਬਿਆਂ ਤੋਂ ਇਸ ਖਰੜੇ ਬਾਰੇ 15 ਦਿਨਾਂ ਵਿਚ ਜਵਾਬ ਮੰਗਿਆ ਸੀ। ਪੰਜਾਬ ਸਰਕਾਰ ਨੇ ਅਜੇ ਇਸਦਾ ਕੋਈ ਜਵਾਬ ਨਹੀਂ ਭੇਜਿਆ।*

*ਪਰ ਸਵਾਲ ਇਹ ਹੈ ਕਿ ਪੰਜਾਬ ਦੀ ਖੇਤੀ ਦਾਅ ਤੇ ਲੱਗੀ ਹੋਵੇ, ਦੇਸ਼ ਦੀ ਖੇਤੀ ਦਮ ਤੋੜ ਰਹੀ ਹੋਵੇ, ਜਿਹੜੇ ਤਿੰਨ ਖੇਤੀ ਕਾਨੂੰਨ ਸਾਲ ਭਰ ਦਿੱਲੀ ਦੇ ਬਾਰਡਰਾਂ ਉਤੇ ਬੈਠ ਕੇ, 700 ਤੋਂ ਵੱਧ ਕਿਸਾਨ ਸ਼ਹੀਦ ਕਰਵਾ ਕੇ, ਵਾਪਸ ਕਰਵਾਏ ਗਏ ਹੋਣ, ਉਹ ਕਾਨੂੰਨ ਨਵਾਂ ਰੂਪ ਧਾਰ ਕੇ ਪੰਜਾਬ ਵਿੱਚ ਅੱਪੜ ਜਾਣ ਅਤੇ ਪੰਜਾਬ ਸਰਕਾਰ ਮੂੰਹ ਨਾ ਖੋਲ੍ਹੇ?*

*ਪੰਜਾਬ ਸਰਕਾਰ ਦੀ ਚੁੱਪ ਵੱਡਾ ਸਵਾਲ ਖੜਾ ਕਰਦੀ ਹੈ ਕਿ ਜਾਂ ਤੁਸੀਂ ਡਰਦੇ ਹੋ ਅਤੇ ਜਾਂ ਤੁਸੀਂ ਮਿਲੇ ਹੋਏ ਹੋ। ਪੰਜਾਬ ਸਰਕਾਰ ਦੀ ਨੀਤ ਵਿੱਚ ਅਤੇ ਕੇਂਦਰ ਸਰਕਾਰ ਦੀ ਨੀਤੀ ਵਿੱਚ ਖੋਟ ਸਾਫ਼ ਨਜ਼ਰ ਆ ਰਹੀ ਹੈ।*

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਬੌਣੀ ਸੋਚ-ਬੁਰੇ ਬੋਲ!

*ਵੱਡੀ ਪਦਵੀ 'ਤੇ ਬੌਣੀ ਸੋਚ ਵਾ.ਲੇ ਹੋਣ ਜਦੋਂ, ਕਾਇਦੇ ਤੇ ਕਾਨੂੰਨ ਸ਼ਰੇਆਮ ਛਿੱਕੇ ਟੰਗਦੇ।*
*ਰ.ਲਦੇ ਨੇ ਮਾਣਮੱਤੇ ਅਹੁਦਿਆਂ ਦੀ ਸ਼ਾਨ ਭੈੜੇ, ਇੱਜ਼ਤਾਂ ਵਿਰਾਸਤਾਂ ਗੁਆਉਂਦੇ ਭਾੜੇ ਭੰਗ ਦੇ।*
*ਸਿੱਖ ਤਾਂ ਗੁਰੂ ਦੇ ਐਸੀ ਬੋਲੀ ਨਹੀਉਂ ਬੋਲਦੇ ਹੋਣਗੇ, ਇਹ 'ਚੇਲੇ' ਕਿਸੇ ਹੋਰ ਹੀ ਮਲੰਗ ਦੇ।*
*'ਬੀਬੇ ਰਾਣੇ' ਬਣ ਬਣ ਕਿੱਲ੍ਹਦੇ ਸਟੇਜਾਂ ਉੱਤੇ, ਸਾਥੀਆਂ ਨੂੰ ਬੋਲਦੇ ਜਿੱਦਾਂ ਨੇ ਸੱਪ ਡੰਗਦੇ।*
*ਗੁਰੂ ਦਰਬਾਰ ਵਿਖੇ ਦੁਨੀਆਂ ਝੁਕਾਵੇ ਸੀਸ, ਕਰਦੇ 'ਡਰਾਮੇ' ਪਾਪੀ ਉੱਥੇ ਵੀ ਨਾ ਸੰਗਦੇ।*
*ਆ ਕੇ ਹੰਕਾਰ 'ਚ ਬੋਲ ਦਿੰਦੇ ਅਬਾ-ਤਬਾ, 'ਜਾਣੇ ਅਣਜਾਣੇ' ਕਹਿ ਕੇ ਫੇਰ ਮਾਫੀ ਮੰਗਦੇ।*

# ਪੰਜਾਬੀਆਂ ਦੀ ਚੁੱਪ : ਪੰਜਾਬ ਲਈ ਖ਼ਤਰਾ

***ਕਦੇ ਪੰਜਾਬ ਵਿਰੋਧੀ ਐਕਟਿੰਗ ਪ੍ਰਧਾਨ ਮੰਤਰੀ ਗੁਲਜਾਰੀ ਲਾਲ ਨੰਦਾ ਦੀ ਬਦਨੀਤੀ ਨੇ ਪੰਜਾਬ ਲਈ ਚੰਡੀਗੜ੍ਹ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰੱਖਕੇ ਕੰਡੇ ਬੀਜੇ ਅਤੇ ਹੁਣ ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਆਣਾ ਦੀ ਵਿਧਾਨ ਸਭਾ ਚੰਡੀਗੜ੍ਹ 'ਚ ਬਨਾਉਣ ਦਾ ਸੇਹ ਦਾ ਤੱਕਲਾ ਪੰਜਾਬ ਦੀ ਛਾਤੀ 'ਚ ਖੁਭੋ ਰਿਹਾ ਹੈ।***

ਪੰਜਾਬ ਨਾਲ ਵਿਤਕਰੇ ਜਾਰੀ ਹਨ। ਪੰਜਾਬ ਨਾਲ ਹੋ ਰਹੇ ਵਿਤਕਰਿਆਂ ਖ਼ਾਸ ਕਰਕੇ ਤਤਕਾਲੀ 10 ਏਕੜ ਚੰਡੀਗੜ੍ਹ ਯੂਟੀ ਦੀ ਜ਼ਮੀਨ ਦੇ ਬਦਲੇ ਵਿੱਚ ਪੰਚਕੂਲਾ ਦੀ ਜ਼ਮੀਨ ਯੂਟੀ ਚੰਡੀਗੜ੍ਹ ਨੂੰ ਦੇਣ ਦੇ ਮੁੱਦੇ (ਇਸ ਜ਼ਮੀਨ 'ਤੇ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਉਸਾਰੀ ਜਾਣੀ ਹੈ) ਪ੍ਰਤੀ ਸੰਜੀਦਾ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਦੇ ਪੰਜਾਬ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਭਾਵੇਂ ਚਿੰਤਾ ਪ੍ਰਗਟ ਕੀਤੀ ਹੈ। ਪਰ ਕੀ ਸੱਚਮੁੱਚ ਸਿਆਸੀ ਪਾਰਟੀਆਂ ਪੰਜਾਬ ਪ੍ਰਤੀ ਸੰਜੀਦਾ ਹਨ ਜਾਂ ਫਿਰ ਫੋਕੀ ਬਿਆਨਬਾਜ਼ੀ ਤੱਕ ਸੀਮਤ ਹਨ?



**ਗੁਰਮੀਤ ਸਿੰਘ ਪਲਾਹੀ**
*9815802070*

ਹਰਿਆਣਾ ਨੂੰ ਚੰਡੀਗੜ੍ਹ 'ਚ 10 ਏਕੜ ਜ਼ਮੀਨ ਹਰਿਆਣਾ ਵਿਧਾਨ ਸਭਾ ਦੀ ਉਸਾਰੀ ਲਈ ਦੇਣ 'ਤੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਨੇ ਕਰੜਾ ਵਿਰੋਧ ਕੀਤਾ ਹੈ। ਅਤੇ ਇਸ ਫ਼ੈਸਲੇ ਨੂੰ ਅਨਿਆਂ ਪੂਰਨ, ਗੈਰ-ਕਾਨੂੰਨੀ, ਗੈਰ-ਸੰਵਿਧਾਨਿਕ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਘੋਰ ਉਲੰਘਣਾ ਕਿਹਾ ਹੈ। ਉਹਨਾ ਨੇ ਪੰਜਾਬ ਹਿਤੈਸ਼ੀ ਹੋਰ ਸਿਆਸੀ ਪਾਰਟੀਆਂ ਨਾਲ ਮਿਲਕੇ ਸਾਂਝੇ ਤੌਰ 'ਤੇ ਪੰਜਾਬ ਦੀਆਂ ਹੱਕੀ ਮੰਗਾਂ, ਮਸਲਿਆਂ 'ਤੇ ਸਾਂਝਾ ਸੰਘਰਸ਼ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ।

ਕੀ ਇੰਜ ਸੰਭਵ ਹੋ ਸਕੇਗਾ ਜਾਂ ਫਿਰ ਸਿਆਸੀ ਪਾਰਟੀਆਂ ਜਾਂ ਉਹਨਾ ਦੇ ਨੇਤਾ ਸਿਰਫ਼ ਆਪਣੀ ਸਵਾਰਥ ਸਿੱਧੀ ਤੱਕ ਆਪਣੇ ਆਪ ਨੂੰ ਸੀਮਤ ਕਰ ਲੈਣਗੇ?

ਪੰਜਾਬ ਨਾਲ ਕੇਂਦਰ ਲਗਾਤਾਰ ਹੁਣ ਤੱਕ ਧੱਕਾ ਕਰਦਾ ਰਿਹਾ ਹੈ। ਕੇਂਦਰ 'ਚ ਸਰਕਾਰ ਭਾਵੇਂ ਕਾਂਗਰਸ ਦੀ ਰਹੀ, ਭਾਵੇਂ ਹੁਣ ਭਾਜਪਾ ਦੀ ਹੈ, ਪੰਜਾਬ ਨਾਲ ਮਤਰੇਰਿਆ ਸਲੂਕ ਜਾਰੀ ਹੈ। ਸਾਲ 1966 ਵਿੱਚ ਕੇਂਦਰ ਸਰਕਾਰ ਦੀਆਂ ਮੰਦੀਆਂ ਭਾਵਨਾਵਾਂ ਕਰਕੇ ਹੀ ਪੰਜਾਬ ਪੁਨਰਗਠਨ ਸਮੇਂ ਪੰਜਾਬ ਨੂੰ ਬੇਹੱਦ ਅਧੂਰਾ ਕੱਟਿਆ-ਵੱਡਿਆ ਸੂਬਾ ਬਣਾਇਆ ਗਿਆ। ਪੰਜਾਬ ਨੂੰ ਹੁਣ ਤੱਕ ਵੀ ਚੰਡੀਗੜ੍ਹ ਰਾਜਧਾਨੀ ਤੋਂ ਵਿਰਵਾ ਰੱਖਿਆ ਗਿਆ। ਪਰ ਬੀਤੇ ਸਮੇਂ 'ਚ ਸਿਆਸੀ ਪਾਰਟੀਆਂ ਸੀਮਤ ਜਿਹਾ ਵਿਰੋਧ ਕਰਕੇ, ਕੁੰਭਕਰਨੀ ਨੀਂਦਰ ਸੁੱਤੀਆਂ ਰਹੀਆਂ।

1966 ਵਿੱਚ ਜਦੋਂ ਹਰਿਆਣਾ ਪੰਜਾਬ ਵਿੱਚੋਂ ਵੱਖਰਾ ਸੂਬਾ ਬਣਾਇਆ ਗਿਆ ਸੀ, ਉਸ ਸਮੇਂ ਹੀ ਪੰਚਕੂਲਾ ਵਿੱਚ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਬਣਾਈ ਜਾਣੀ ਚਾਹੀਦੀ ਸੀ। ਇਹ ਵਾਅਦਾ ਵੀ ਪੁਨਗਠਨ ਐਕਟ ਵਿੱਚ ਕੇਂਦਰ ਵਲੋਂ ਕੀਤਾ ਗਿਆ ਸੀ ਕਿ ਕੁਝ ਸਮੇਂ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ। ਜਦੋਂ ਤੱਕ ਹਰਿਆਣਾ ਆਪਣੀ ਰਾਜਧਾਨੀ ਨਹੀਂ ਬਣਾਉਂਦਾ ਉਦੋਂ ਤੱਕ ਚੰਡੀਗੜ੍ਹ ਯੂਟੀ ਹੀ ਰਹੇਗਾ। ਪਰ ਪੰਜਾਬ ਨੂੰ ਚੰਡੀਗੜ੍ਹ ਨਾ ਦਿੱਤਾ ਗਿਆ, ਉਸਦੇ ਬਣਦੇ ਹੱਕ ਵੀ ਨਹੀਂ ਦਿੱਤੇ ਗਏ, ਸਗੋਂ ਕਈ ਹਾਲਤਾਂ 'ਚ ਇਹ ਹੱਕ ਹਥਿਆਏ ਜਾਂਦੇ ਰਹੇ।

ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਨਾ ਕੀਤੇ ਗਏ। ਉਹ ਮਸਲੇ, ਜਿਹੜੇ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ, ਬੀਤੇ ਸਮੇਂ ਜਿਹਨਾ ਕਾਰਨ ਪੰਜਾਬੀਆਂ ਨੂੰ ਡੂੰਘੇ ਜ਼ਖ਼ਮ ਲੱਗੇ ਹਨ, ਉਹਨਾ ਉਤੇ ਮੱਲ੍ਹਮ ਤਾਂ ਕਿਸੇ ਸਰਕਾਰ ਨੇ ਕੀ ਲਗਾਉਣੀ ਸੀ, ਸਗੋਂ ਉਹਨਾ ਜ਼ਖ਼ਮਾਂ ਨੂੰ ਕੁਰੇਦਿਆ ਗਿਆ। ਇਸ ਸਭ ਕੁਝ ਦਾ ਸਿੱਟਾ ਫਿਰ ਇਹੋ ਨਿਕਲਿਆ ਕਿ ਪੰਜਾਬ ਦਾ, ਪੰਜਾਬੀਆਂ ਦਾ, ਕੇਂਦਰ ਪ੍ਰਤੀ ਮੋਹ ਭੰਗ ਹੁੰਦਾ ਰਿਹਾ। ਕੇਂਦਰ ਨਾਲ ਦਿਲੋਂ-ਮਨੋਂ ਵਿਰੋਧ ਵਧਦਾ ਰਿਹਾ। ਸਿੱਟਾ ਕਈ ਤੱਤੀਆਂ ਲਹਿਰਾਂ ਦਾ ਪੰਜਾਬ 'ਚ ਜਨਮ ਹੋਇਆ। ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਇਹਨਾ ਲਹਿਰਾਂ ਸਮੇਂ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਗੱਲ ਪੰਜਾਬੀਆਂ ਵਲੋਂ ਕੀਤੇ ਗਏ ਪਿਛੇ ਜਿਹੇ ਕਿਸਾਨ ਅੰਦੋਲਨ ਦੀ ਕਰ ਲਈਏ ਜਾਂ ਫਿਰ ਐਮਰਜੈਂਸੀ ਦੌਰਾਨ ਲਗਾਏ "ਅਕਾਲੀ ਮੋਰਚੇ" ਦੀ, ਪੰਜਾਬੀਆਂ ਨੇ ਹਿੱਕ ਡਾਹਕੇ ਕੇਂਦਰ ਦੀਆਂ ਪੰਜਾਬ ਤੇ ਪੰਜਾਬੀਆਂ ਪ੍ਰਤੀ ਕੀਤੀਆਂ ਸਾਜ਼ਿਸ਼ਾਂ ਨੂੰ ਹੀ ਨੰਗਿਆ ਨਹੀਂ ਕੀਤਾ, ਸਗੋਂ ਦੁਨੀਆ ਨੂੰ ਵਿਖਾ ਦਿੱਤਾ ਕਿ ਪੰਜਾਬੀ, "ਦੇਸ਼ ਭਾਰਤ" ਦੇ ਸੰਵਿਧਾਨ ਨੂੰ ਮੰਨਦਿਆਂ, ਆਮ ਲੋਕਾਂ ਦੇ ਹੱਕਾਂ ਲਈ ਲੜਨ ਦੀ ਜ਼ੁਰੱਅਤ ਰੱਖਦੇ ਹਨ, ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਹਿੱਕ ਡਾਹਕੇ ਲੜਦੇ ਹਨ, ਕੁਰਬਾਨੀਆਂ ਕਰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਲੋਕ-ਹੱਕਾਂ ਲਈ ਖੜਦਿਆਂ ਸੈਂਕੜੇ ਨਹੀਂ ਹਜ਼ਾਰਾਂ ਪੰਜਾਬੀਆਂ ਨੇ ਸ਼ਹਾਦਤ ਦੇ ਜਾਮ ਪੀਤੇ। 2020 ਦੇ ਕਿਸਾਨ ਅੰਦੋਲਨ 'ਚ ਸੱਤ ਸੌ ਤੋਂ ਵੱਧ ਕਿਸਾਨਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀਆਂ ਲਈ ਲੜਦਿਆਂ ਜਾਨ ਦੇ ਦਿੱਤੀ।

ਕੀ ਪੰਜਾਬ, ਪੰਜਾਬੀ ਕੁਰਬਾਨੀਆਂ ਹੀ ਦਿੰਦੇ ਰਹਿਣਗੇ ਜਾਂ ਕਦੇ ਸੁੱਖ ਦਾ ਸਾਹ ਵੀ ਲੈ ਸਕਣਗੇ?



ਸਿਰਫ਼ ਇਹੋ ਨਹੀਂ ਕਿ ਪੰਜਾਬ ਤੋਂ ਪੰਜਾਬੀਆਂ ਦੀ ਰਾਜਧਾਨੀ ਖੋਹ ਲਈ ਗਈ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ ਦੀ ਰਾਜਧਾਨੀ ਲਾਹੌਰ, (ਪਾਕਿਸਤਾਨ) ਇਧਰਲੇ ਪੰਜਾਬ ਤੋਂ ਖੁਸ ਗਈ। ਪੰਜਾਬ ਦੇ 22 ਪਿੰਡਾਂ ਨੂੰ ਪੰਜਾਬ ਦੀ ਰਾਜਧਾਨੀ ਬਨਾਉਣਾ ਮਿਥਿਆ ਗਿਆ। ਚੰਡੀਗੜ੍ਹ ਇਹਨਾ ਪਿੰਡਾਂ ਨੂੰ ਉਜਾੜ ਕੇ 1953 'ਚ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ। ਸ਼ਿਮਲਾ, ਜੋ ਕਦੇ ਪੰਜਾਬ ਦੀ ਆਰਜ਼ੀ ਰਾਜਧਾਨੀ ਹੋਇਆ ਕਰਦੀ ਸੀ, ਹਿਮਾਚਲ ਪ੍ਰਦੇਸ਼ ਪੱਲੇ ਪਾ ਦਿੱਤਾ ਗਿਆ। ਸਾਲ 1966 'ਚ ਪੁਨਰਗਠਨ ਵੇਲੇ ਚੰਡੀਗੜ੍ਹ ਹਰਿਆਣਾ ਦੀ ਆਰਜ਼ੀ ਰਾਜਧਾਨੀ ਬਣਾਈ ਗਈ ਤੇ ਆਰਜ਼ੀ ਤੌਰ 'ਤੇ ਨਾਲ ਹੀ ਚੰਡੀਗੜ੍ਹ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਿਆ। ਪਰ ਲਗਭਗ 6 ਦਹਾਕੇ ਬੀਤਣ ਬਾਅਦ ਵੀ ਪੰਜਾਬ ਦੇ ਨਾਲ-ਨਾਲ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਹੈ। ਤੇ ਚੰਡੀਗੜ੍ਹ ਪੱਕੇ ਤੌਰ 'ਤੇ ਹੀ ਕੇਂਦਰ ਸ਼ਾਸ਼ਿਤ ਪ੍ਰਦੇਸ਼ ਅਣ-ਐਲਾਨੇ ਤੌਰ 'ਤੇ ਮੰਨਿਆ ਜਾ ਚੁੱਕਾ ਹੈ।

ਕੀ ਇਹ ਕੇਂਦਰੀ ਹਾਕਮੀ ਦੀ ਹੱਠਧਰਮੀ ਨਹੀਂ? ਕੀ ਇਸ ਹੱਠਧਰਮੀ ਨੂੰ ਤੋੜਨ ਲਈ ਕਿਸੇ ਕਾਂਗਰਸੀ, ਗੈਰ-ਕਾਂਗਰਸੀ ਸਰਕਾਰ ਨੇ ਦੂਰਅੰਦੇਸ਼ੀ, ਪ੍ਰਤੀਬੱਧਤਾ ਤੇ ਪ੍ਰਭਾਵਸ਼ਾਲੀ ਢੰਗ ਨਾਲ ਚੰਡੀਗੜ੍ਹ ਦੀ ਪ੍ਰਾਪਤੀ ਲਈ ਕੋਈ ਯਤਨ ਕੀਤੇ? ਚੰਡੀਗੜ੍ਹ ਅੱਜ ਕੇਂਦਰ ਅਧੀਨ ਹੈ। ਉਥੇ 60:40 ਅਨੁਪਾਤ ਨਾਲ ਪੰਜਾਬ ਦੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਣੀ ਤਹਿ ਸੀ, ਪਰ ਇਸ ਤੋਂ ਵੀ ਅੱਜ ਮੁਨਕਰ ਹੋਇਆ ਜਾ ਰਿਹਾ ਹੈ। ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਵੀ ਪੰਜਾਬ ਤੋਂ ਖੋਹਣ ਦਾ ਲਗਾਤਾਰ ਯਤਨ ਹੋ ਰਿਹਾ ਹੈ। ਪੰਜਾਬ ਦਾ ਅਧਿਕਾਰ ਉਸ ਉਤੇ ਖ਼ਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਕੀ ਪੰਜਾਬ ਹਿਤੈਸ਼ੀ "ਸੂਰਮੇ ਨੇਤਾ" ਕੇਂਦਰ ਦੀਆਂ ਚਾਲਾਂ ਤੋਂ ਜਾਣੂ ਨਹੀਂ? ਜਾਂ ਫਿਰ ਜਾਣ ਬੁਝਕੇ ਅਵੇਸਲੇ ਹੋਏ, ਇੱਛਾ ਸ਼ਕਤੀ ਤੋਂ ਹੀਣੇ, ਡੰਗ-ਟਪਾਈ ਕਰਦਿਆਂ ਭਾਸ਼ਨਾਂ ਤੱਕ ਆਪਣੇ ਆਪ ਨੂੰ ਸੀਮਤ ਰੱਖ ਰਹੇ ਹਨ?

ਪੰਜਾਬ ਦੇ ਪਾਣੀ ਪੰਜਾਬ ਤੋਂ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਬਾਵਜੂਦ ਪੰਜਾਬ ਵਿਧਾਨ ਸਭਾ 'ਚ ਸਿਆਸੀ ਪਾਰਟੀਆਂ ਵਲੋਂ ਸਰਬਸੰਮਤੀ ਮਤੇ ਪਾਸ ਕਰਕੇ ਕੇਂਦਰ ਨੂੰ ਭੇਜਣ ਦੇ ਬਾਵਜੂਦ ਕਦੇ ਵੀ ਕੇਂਦਰ ਸਰਕਾਰ ਦੇ ਸਿਰ 'ਤੇ ਕਦੇ ਜੂੰ ਨਹੀਂ ਸਰਕੀ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਹਨ ਪਰ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਬਿਨ੍ਹਾਂ ਕੀਮਤੋਂ ਇਹ ਪਾਣੀ ਦਿੱਤਾ ਜਾ ਰਿਹਾ ਹੈ। ਦਰਿਆਈ ਟ੍ਰਿਬਿਊਨਲ ਜਾਂ ਭਾਰਤ ਦੀ ਸੁਪਰੀਮ ਕੋਰਟ ਸਾਜ਼ਿਸ਼ਾਂ ਤਹਿਤ ਪੰਜਾਬ ਦੇ ਪਾਣੀ ਖੋਹਣ ਦੇ ਯਤਨ ਹੋ ਰਹੇ ਹਨ।

ਕਦੇ ਪੰਜਾਬ ਵਿਰੋਧੀ ਐਕਟਿੰਗ ਪ੍ਰਧਾਨ ਮੰਤਰੀ ਗੁਲਜਾਰੀ ਲਾਲ ਨੰਦਾ ਦੀ ਬਦਨੀਤੀ ਨੇ ਪੰਜਾਬ ਲਈ ਚੰਡੀਗੜ੍ਹ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਰੱਖਕੇ ਕੰਡੇ ਬੀਜੇ ਅਤੇ ਹੁਣ ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਹਰਿਆਣਾ ਦੀ ਵਿਧਾਨ ਸਭਾ ਚੰਡੀਗੜ੍ਹ 'ਚ ਬਨਾਉਣ ਦਾ ਸੇਹ ਦਾ ਤੱਕਲਾ ਪੰਜਾਬ ਦੀ ਛਾਤੀ 'ਚ ਖੁਭੋ ਰਿਹਾ ਹੈ।

ਕੀ ਪੰਜਾਬੀ ਤੇ ਪੰਜਾਬ ਇਸ ਬੇਇਨਸਾਫ਼ੀ ਨੂੰ ਬਰਦਾਸ਼ਤ ਕਰਨਗੇ? ਜਵਾਬ ਹੈ ਕਦਾਚਿਤ ਨਹੀਂ। ਪੰਜਾਬ ਸਰਹੱਦੀ ਸੂਬਾ ਹੈ। ਕਈ ਵੇਰ ਉਜੜਿਆ ਹੈ, ਫਿਰ ਉਸਰਿਆ ਹੈ। ਖਾੜਕੂ ਲਹਿਰ ਦਾ ਸੰਤਾਪ ਵੀ ਇਸ ਸੂਬੇ ਨੇ ਝੱਲਿਆ ਹੈ। ਵੱਡੇ ਦਰਦ ਵੀ ਇਸ ਨੇ ਆਪਣੇ ਸੀਨੇ 'ਤੇ ਜਰੇ ਹਨ। ਸੰਤਾਲੀ ਦੀ ਵੰਡ, 1984 ਦੇ ਦਰਦਨਾਕ ਹਾਦਸੇ, ਸ੍ਰੀ ਹਰਿਮੰਦਰ ਸਾਹਿਬ ਉਤੇ ਕੇਂਦਰੀ ਹਮਲਾ ਅਤੇ ਫਿਰ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਹੋਣ ਦਾ ਖਿਤਾਬ, ਕਿਸਾਨ ਅੰਦੋਲਨ ਤੱਕ ਵੀ ਕੇਂਦਰ ਦੀਆਂ ਸਰਕਾਰਾਂ ਉਹਨਾ ਪੱਲੇ ਪਾਉਂਦੀਆਂ ਰਹੀਆਂ ਹਨ।

ਪਰ ਕੀ ਕੇਂਦਰ ਵਲੋਂ ਇਸ ਸਰਹੱਦੀ ਸੂਬੇ ਦੀ ਖੁਸ਼ਹਾਲੀ ਲਈ ਕਦੇ ਕੋਈ ਕਦਮ ਚੁੱਕੇ ਗਏ? ਕੀ ਹਿਮਾਚਲ ਪ੍ਰਦੇਸ਼ ਜਾਂ ਹੋਰ ਸੂਬਿਆਂ ਵਾਂਗਰ ਪੰਜਾਬ ਨੂੰ ਸਨੱਅਤੀ ਸਹੂਲਤਾਂ ਪ੍ਰਦਾਨ ਹੋਈਆਂ, ਕੋਈ ਖ਼ਾਸ ਰਿਐਤਾਂ ਪ੍ਰਦਾਨ ਕੀਤੀਆਂ?

ਉਲਟਾ ਅੱਤਵਾਦ ਦੇ ਨਾਂਅ ਤੇ, ਮਨੁੱਖੀ ਅਧਿਕਾਰਾਂ ਦਾ ਹਨਨ ਪੰਜਾਬੀਆਂ ਪੱਲੇ ਪਿਆ। ਇਸ ਖਾੜਕੂ ਲਹਿਰ ਨੂੰ ਰੋਕਣ ਲਈ ਕੇਂਦਰ ਸੁਰੱਖਿਆ ਬਲਾਂ ਦਾ ਖਰਚਾ ਪੰਜਾਬ ਸਿਰ ਮੜ੍ਹ ਦਿੱਤਾ ਗਿਆ। ਇਹੋ ਜਿਹੀਆਂ ਬੇਹੂਦਾ, ਪੰਜਾਬ ਵਿਰੋਧੀ ਕੇਂਦਰੀ ਹਰਕਤਾਂ ਕਾਰਨ ਪੰਜਾਬੀਆਂ ਦੇ ਮਨਾਂ 'ਚ ਰੋਸ ਪੈਦਾ ਹੋਇਆ। ਪੰਜਾਬ ਦਾ ਨੌਜਵਾਨ ਉਦਾਸ, ਹਤਾਸ਼ ਹੋਇਆ। ਪ੍ਰਵਾਸ ਦੇ ਰਾਹ ਪਿਆ। ਬੇਰੁਜ਼ਗਾਰੀ ਦਾ ਸ਼ਿਕਾਰ ਨਸ਼ਿਆਂ ਦੀ ਮਾਰ ਹੇਠ ਦੱਬਿਆ ਗਿਆ।

ਕੀ ਕਦੇ ਕਿਸੇ ਕੇਂਦਰੀ ਸਰਕਾਰ ਜਾਂ ਫਿਰ ਪੰਜਾਬ ਹਿਤੈਸ਼ੀ ਕਹਾਉਂਦੀ ਸੂਬਾ ਸਰਕਾਰ ਨੇ ਪੰਜਾਬੀਆਂ ਦਾ ਇਹ ਦਰਦ ਪਛਾਣਿਆ? ਸਮਝਣ ਦਾ ਯਤਨ ਕੀਤਾ? ਸ਼ਾਇਦ ਕਦੇ ਵੀ ਨਹੀਂ। ਅੱਜ ਜਦੋਂ ਪੰਜਾਬੀ ਮਜ਼ਬੂਰੀ ਤੌਰ ਪ੍ਰਵਾਸ ਦੇ ਰਾਹ ਪਏ ਹੋਏ ਹਨ। ਲੱਖਾਂ ਪੰਜਾਬੀ ਨੌਜਵਾਨ ਵਿਦੇਸ਼ਾਂ 'ਚ ਵਸ ਰਹੇ ਹਨ। ਪੰਜਾਬ, ਪੰਜਾਬੀਆਂ ਤੋਂ ਸਾਜ਼ਿਸ਼ਨ ਸੱਖਣਾ ਕੀਤਾ ਜਾ ਰਿਹਾ ਹੈ। ਉਹਨਾ ਦੀ ਅਣਖ ਨੂੰ ਵੰਗਾਰਿਆ ਜਾ ਰਿਹਾ ਹੈ। ਪੰਜਾਬੀਆਂ ਦੀ ਥਾਂ ਹੋਰ ਸੂਬਿਆਂ ਦੇ ਲੋਕਾਂ ਦਾ ਇਥੇ ਪੱਕਾ ਵਸੇਵਾ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀ ਬੋਲੀ '''ਪੰਜਾਬੀ' ਅਤੇ ਪੰਜਾਬ ਦਾ ਸਭਿਆਚਾਰ ਮਿਲਾਵਟੀ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਹੱਕ ਖੋਹਣ ਦੀਆਂ ਯੋਜਨਾਵਾਂ ਨਿੱਤ ਬਣਦੀਆਂ ਹਨ, ਜੋ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਕਰਨ ਯੋਗ ਨਹੀਂ ਹਨ।


ਤਦ ਫਿਰ ਪੰਜਾਬ ਹਿਤੈਸ਼ੀ ਸਿਆਸੀ ਪਾਰਟੀਆਂ ਦੀ ਇੱਕਜੁੱਟਤਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ ਤਾਂ ਕਿ ਪੰਜਾਬ ਵਿਰੋਧੀ ਲਾਬੀ ਨੂੰ ਮਾਤ ਦਿੱਤੀ ਜਾ ਸਕੇ। ਜੇਕਰ ਅੱਜ ਵੀ ਪੰਜਾਬੀ ਰੋਸ ਨਹੀਂ ਪ੍ਰਗਟਾਉਂਦੇ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ, ਪੰਜਾਬ ਦੇ ਮਜ਼ਦੂਰ ਸੰਗਠਨ, ਸਿਆਸੀ ਧਿਰਾਂ, ਸਮਾਜਿਕ ਕਾਰਕੁੰਨ, ਲੇਖਕ, ਬੁੱਧੀਜੀਵੀ ਪੰਜਾਬ ਦੇ ਹੱਕਾਂ ਲਈ ਨਹੀਂ ਖੜਦੇ, ਤਾਂ ਪੰਜਾਬ ਦੀ ਹੋਂਦ ਖਤਰੇ 'ਚ ਪੈ ਜਾਏਗੀ।

ਕੀ ਜਰਖੇਜ਼ ਧਰਤੀ ਦੇ ਵਸ਼ਿੰਦੇ, ਲੋਕਾਂ ਲਈ ਮਰਨ ਖੜਨ ਵਾਲੇ ਅਣਖੀ ਪੰਜਾਬੀ, ਪੰਜਾਬ ਦੀ ਧਰਤੀ ਤੇ ਲਿਖਿਆ ਜਾ ਰਿਹਾ ਦੁਖਾਂਤਕ ਬਿਰਤਾਂਤ ਹੁਣ ਵੀ ਨਹੀਂ ਪੜ੍ਹਨਗੇ? ਕਿੰਨਾ ਕੁ ਚਿਰ ਸੁੱਤ-ਉਨੀਂਦੇ, ਬਿੱਲੀ ਦੀ ਆਮਦ 'ਤੇ ਚੂਹੇ ਦੇ ਅੱਖਾਂ ਮਿਟਣ ਵਾਂਗਰ, ਆਪਣੀ ਬੇ-ਨਿਆਈ ਮੌਤ ਦਾ ਇੰਤਜ਼ਾਰ ਕਰਨਗੇ? ਪੰਜਾਬ ਦੇ ਲਿਖੇ ਇਤਿਹਾਸ ਦੇ ਕਾਲੇ ਪੰਨਿਆਂ 'ਤੇ ਝਾਤ ਮਾਰਦਿਆਂ ਪੰਜਾਬੀਆਂ ਨੂੰ ਆਪਣੀ ਸੋਚ ਨੂੰ ਥਾਂ ਸਿਰ ਕਰਕੇ ਕੁਝ ਸਾਰਥਿਕ ਕਦਮ ਤਾਂ ਪੁੱਟਣੇ ਹੀ ਪੈਣਗੇ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਂਹਵੇ ਹੁਣ ਦੇ ਪੰਜਾਬੀਆਂ ਨੂੰ ਸ਼ਰਮਸਾਰ ਹੋਣਾ ਪਵੇਗਾ।

ਸਿਰਫ਼ ਹਾਅ ਦਾ ਨਾਹਰਾ ਮਾਰਿਆਂ ਨਹੀਂ ਸਰਨਾ। ਕੋਈ ਸੰਘਰਸ਼ ਕੀਤਿਆਂ ਹੀ ਸਿੱਟੇ ਨਿਕਲ ਸਕਣਗੇ।

# ਕੇਂਦਰ ਸਰਕਾਰ ਆਪਣਾ ਹੱਠ ਛੱਡੇ

ਖਨੌਰੀ ਦੀ ਸਰਹੱਦ 'ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਆਰੰਭੇ ਕਿਸਾਨ ਅੰਦੋਲਨ ਦੇ ਸੰਦਰਭ ਵਿਚ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵਲੋਂ ਰੱਖਿਆ ਗਿਆ ਮਰਨ ਵਰਤ ਇਹ ਲੇਖ ਲਿਖੇ ਜਾਣ ਤੱਕ 21ਵੇਂ ਦਿਨ ਵਿਚ ਦਾਖ਼ਲ ਹੋ ਗਿਆ ਹੈ। ਡਾਕਟਰਾਂ ਅਨੁਸਾਰ ਉਨ੍ਹਾਂ ਦੀ ਸਿਹਤ ਬੇਹੱਦ ਖ਼ਰਾਬ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਇਕ ਕਿਡਨੀ ਵੀ ਪ੍ਰਭਾਵਿਤ ਹੋ ਗਈ ਹੈ। ਇਸ ਦੇ ਬਾਵਜੂਦ ਉਹ ਕਿਸਾਨੀ ਮੰਗਾਂ ਲਈ ਆਪਣਾ ਵਰਤ ਜਾਰੀ ਰੱਖਣ ਲਈ ਦ੍ਰਿੜ੍ਹ ਸੰਕਲਪ



ਸਤਨਾਮ ਸਿੰਘ ਮਾਣਕ

ਹਨ। ਦੂਜੇ ਪਾਸੇ ਪੈਦਾ ਹੋਈ ਇਸ ਗੰਭੀਰ ਸਥਿਤੀ ਨੂੰ ਵੇਖਦਿਆਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਕੇਂਦਰੀ ਗ੍ਰਹਿ ਵਿਭਾਗ ਦੇ ਡਾਇਰੈਕਟਰ ਮਾਯੰਕ ਮਿਸ਼ਰਾ ਨੇ ਵੀ ਖਨੌਰੀ ਜਾ ਕੇ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਮੁਲਾਕਾਤ ਕਰਕੇ ਡੱਲੇਵਾਲ ਨੂੰ ਆਪਣਾ ਮਰਨ ਵਰਤ ਛੱਡਣ ਲਈ ਮਨਾਉਣ ਦਾ ਯਤਨ ਕੀਤਾ ਹੈ। ਪ੍ਰਸਿਧ ਕਿਸਾਨ ਆਗੂ ਰਕੇਸ਼ ਟਕੈਤ ਅਤੇ ਪੰਜਾਬ ਦੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਵੀ ਪਿਛਲੇ ਦਿਨੀਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ।

ਪਰ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨੀ ਮੰਗਾਂ ਪੂਰੀਆਂ ਹੋਣ ਤੋਂ ਬਿਨਾਂ ਆਪਣਾ ਵਰਤ ਸਮਾਪਤ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਤੋਂ ਇਲਾਵਾ ਸ਼ੰਭੂ ਦੀ ਸਰਹੱਦ ਤੋਂ ਪਿਛਲੇ ਦਿਨਾਂ ਦੌਰਾਨ ਤਿੰਨ ਵਾਰ ਕਿਸਾਨਾਂ ਨੇ ਪੁਰਅਮਨ ਢੰਗ ਨਾਲ ਦਿੱਲੀ ਜਾਣ ਲਈ ਜਥਿਆਂ ਦੇ ਰੂਪ ਵਿਚ ਹਰਿਆਣੇ ਵਲ ਵਧਣ ਦੇ ਯਤਨ ਕੀਤੇ ਹਨ। ਪਰ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਛੱਡ ਕੇ ਅਤੇ ਰਬੜ ਦੀਆਂ ਗੋਲੀਆਂ ਚਲਾ ਕੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਵਾਰ-ਵਾਰ ਰੋਕਿਆ ਗਿਆ, ਜਿਸ ਕਾਰਨ ਅਨੇਕਾਂ ਕਿਸਾਨ ਗੰਭੀਰ ਰੂਪ ਵਿਚ ਜ਼ਖ਼ਮੀ ਵੀ ਹੋਏ ਹਨ। ਇਸ ਵਾਰ ਤਾਂ ਹਰਿਆਣਾ ਪੁਲਿਸ ਵਲੋਂ ਕਿਸਾਨਾਂ 'ਤੇ ਘੱਗਰ ਦਾ ਰਸਾਇਣਾਂ ਯੁਕਤ ਗੰਦਾ ਪਾਣੀ ਵੀ ਸੁੱਟਿਆ ਗਿਆ। ਇਥੇ ਵਰਣਨਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਸਾਂਝੇ ਤੌਰ 'ਤੇ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਅਤੇ ਖਨੌਰੀ ਦੀਆਂ ਹਰਿਆਣੇ ਨਾਲ ਲਗਦੀਆਂ ਸਰਹੱਦਾਂ 'ਤੇ ਖੇਤੀ ਜਿਣਸਾਂ ਦੇ ਸਵਾਮੀਨਾਥਨ ਕਮਿਸ਼ਨ ਦੇ ਸੀ2+50 ਫ਼ੀਸਦੀ ਮੁਨਾਫ਼ੇ ਦੇ ਫਾਰਮੂਲੇ ਮੁਤਾਬਿਕ ਸਮਰਥਨ ਮੁੱਲ ਹਾਸਿਲ ਕਰਨ ਅਤੇ ਹੋਰ 11 ਕਿਸਾਨੀ ਮੰਗਾਂ ਲਈ ਸੰਘਰਸ਼ ਆਰੰਭਿਆ ਹੋਇਆ ਹੈ। ਇਸ ਸੰਘਰਸ਼ ਦੀ ਸ਼ੁਰੂਆਤ ਇਸ ਸਾਲ 12 ਫਰਵਰੀ ਨੂੰ ਉਪਰੋਕਤ ਮੰਗਾਂ ਲਈ 'ਦਿੱਲੀ ਚੱਲੋ' ਦੇ ਨਾਅਰੇ ਨਾਲ ਹੋਈ ਸੀ। ਹਰਿਆਣਾ ਦੀ ਸਰਕਾਰ ਨੇ ਕੇਂਦਰੀ ਸਰਕਾਰ ਦੀ ਮਿਲੀ-ਭੁਗਤ ਨਾਲ ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਹੀ ਰੋਕਣ ਦਾ ਸਖ਼ਤ ਫ਼ੈਸਲਾ ਲਿਆ ਅਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਹਰਿਆਣੇ ਵਾਲੇ ਪਾਸੇ ਸਖ਼ਤ ਨਾਕਾਬੰਦੀ ਕੀਤੀ ਗਈ ਅਤੇ ਪੰਜਾਬ ਤੋਂ ਦਿੱਲੀ ਨੂੰ ਜਾਣ ਵਾਲੇ ਰਸਤਿਆਂ 'ਤੇ ਕੰਕਰੀਟ ਦੀਆਂ ਕੰਧਾਂ ਵੀ ਖੜ੍ਹੀਆਂ ਕਰ ਦਿੱਤੀਆਂ ਗਈਆਂ। ਕੰਡਿਆਲੀਆਂ ਤਾਰਾਂ ਤੇ ਲੋਹੇ ਦੀਆਂ ਕਿੱਲਾਂ ਸਮੇਤ ਹੋਰ ਵੀ ਕਈ ਤਰ੍ਹਾਂ ਦੀਆਂ ਰੋਕਾਂ ਲਗਾਈਆਂ ਗਈਆਂ। ਇਸ ਦੇ ਬਾਵਜੂਦ ਕਿਸਾਨਾਂ ਦੇ ਜਥਿਆਂ ਨੇ ਸ਼ੰਭੂ ਦੀ ਸਰਹੱਦ ਤੋਂ ਜਾਂ ਖਨੌਰੀ ਦੀ ਸਰਹੱਦ ਤੋਂ ਪਿਛਲੇ 10 ਮਹੀਨਿਆਂ ਵਿਚ ਜਦੋਂ ਵੀ ਹਰਿਆਣੇ ਵੱਲ ਵਧਣ ਦਾ ਯਤਨ ਕੀਤਾ ਤਾਂ ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ ਵਰ੍ਹਾਏ ਗਏ, ਰਬੜ ਦੀਆਂ ਗੋਲੀਆਂ ਚਲਾਈਆਂ ਗਈਆਂ ਤੇ ਪਾਣੀ ਦੀਆਂ ਬੁਛਾਰਾਂ ਵੀ ਮਾਰੀਆਂ ਗਈਆਂ। ਕਿਸਾਨ ਸੰਗਠਨਾਂ ਦਾ ਇਹ ਵੀ ਦੋਸ਼ ਹੈ ਕਿ 10 ਮਹੀਨੇ ਚੱਲੇ ਲੰਮੇ ਘਟਨਾਕ੍ਰਮ ਦੌਰਾਨ ਹਰਿਆਣੇ ਵਾਲੇ ਪਾਸੇ ਤੋਂ ਸੁਰੱਖਿਆ ਦਲਾਂ ਅਤੇ ਬਿਨਾਂ ਵਰਦੀਆਂ ਤੋਂ ਕੁਝ ਹੋਰ ਅਨਸਰਾਂ ਵਲੋਂ ਕਿਸਾਨਾਂ 'ਤੇ ਥ੍ਰੀ-ਨਟ-ਥ੍ਰੀ ਦੀਆਂ ਰਾਈਫ਼ਲਾਂ ਅਤੇ ਪਿਸਤੌਲਾਂ ਨਾਲ ਵੀ ਗੋਲੀਆਂ ਚਲਾਈਆਂ ਗਈਆਂ। ਇਸ ਕਾਰਨ ਹੀ ਇਕ ਕਿਸਾਨ ਦੀ ਮੌਤ ਹੋਈ ਸੀ। ਖਨੌਰੀ ਬਾਰਡਰ 'ਤੇ ਤਾਂ ਹਰਿਆਣੇ ਦੇ ਸੁਰੱਖਿਆ ਦਲਾਂ ਨੇ ਪੰਜਾਬ ਦੇ ਖੇਤਰ ਵਿਚ ਦਾਖ਼ਲ ਹੋ ਕੇ ਕਿਸਾਨਾਂ ਦੇ ਵਾਹਨਾਂ ਦੀ ਭੰਨਤੋੜ ਵੀ ਕੀਤੀ ਸੀ ਅਤੇ ਕੁਝ ਕਿਸਾਨਾਂ ਨੂੰ ਪੁਲਿਸ ਚੁੱਕ ਕੇ ਵੀ ਲੈ ਗਈ ਸੀ ਤੇ ਉਨ੍ਹਾਂ 'ਤੇ ਤਸ਼ੱਦਦ ਕੀਤਾ ਗਿਆ ਸੀ। ਇਸ ਦੌਰਾਨ ਕੇਂਦਰ ਸਰਕਾਰ ਲੰਮਾ ਸਮਾਂ ਖ਼ਾਮੋਸ਼ ਰਹੀ। ਪਰ ਲੋਕ ਸਭਾ ਦੀਆਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਚੰਡੀਗੜ੍ਹ ਵਿਚ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਵਲੋਂ ਅੰਦੋਲਨਕਾਰੀ ਕਿਸਾਨਾਂ ਨਾਲ ਕਈ ਦੌਰਾਂ ਵਿਚ ਗੱਲਬਾਤ ਕੀਤੀ ਗਈ ਪਰ ਕੋਈ ਸਹਿਮਤੀ ਨਾ ਬਣ ਸਕੀ। ਦੂਜੇ ਪਾਸੇ ਕਿਸਾਨ ਆਪਣੀਆਂ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਡਟੇ ਰਹੇ। ਲੋਕ ਸਭਾ ਦੀਆਂ ਚੋਣਾਂ ਹੋਈਆਂ ਨੂੰ ਵੀ ਹੁਣ ਕਈ ਮਹੀਨੇ ਗੁਜ਼ਰ ਚੁੱਕੇ ਹਨ, ਇਸ ਦੇ ਬਾਵਜੂਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਨਾਲ ਮੁੜ ਤੋਂ ਗੱਲਬਾਤ ਸ਼ੁਰੂ ਕਰਨ ਲਈ ਨਵੇਂ ਸਿਰਿਓਂ ਕੋਈ ਪਹਿਲ ਨਹੀਂ ਕੀਤੀ ਗਈ।

ਕਿਸਾਨੀ ਮੰਗਾਂ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ ਮੁੱਦਾ ਸੁਪਰੀਮ ਕੋਰਟ ਵਿਚ ਵੀ ਵੱਖ-ਵੱਖ ਪਟੀਸ਼ਨਾਂ ਦੇ ਹਵਾਲੇ ਨਾਲ ਚਰਚਾ ਵਿਚ ਆਇਆ ਹੈ। ਸੁਪਰੀਮ ਕੋਰਟ ਨੇ ਕਿਸਾਨੀ ਮੰਗਾਂ 'ਤੇ ਵਿਚਾਰ ਕਰਨ ਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਵਲੋਂ ਨਿਰੰਤਰ ਧਰਨੇ ਲਾਏ ਜਾਣ ਸੰਬੰਧੀ ਦਾਖ਼ਲ ਹੋਈਆਂ ਕਈ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਕੁਝ ਮਹੀਨੇ ਪਹਿਲਾਂ ਕਿਸਾਨੀ ਮੰਗਾਂ 'ਤੇ ਵਿਚਾਰ ਕਰਕੇ ਉਨ੍ਹਾਂ ਦਾ ਕੋਈ ਹੱਲ ਕੱਢਣ ਲਈ ਅਤੇ ਕਿਸਾਨਾਂ ਤੋਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਖ਼ਾਲੀ ਕਰਵਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ। ਸੁਪਰੀਮ ਕੋਰਟ ਵਲੋਂ ਬਣਾਈ ਗਈ ਕਮੇਟੀ ਕਿਸਾਨੀ ਮੰਗਾਂ ਬਾਰੇ ਇਸ ਸਮੇਂ ਵੀ ਵਿਚਾਰ ਕਰ ਰਹੀ ਹੈ, ਜੋ ਕਿ ਚੰਗੀ ਗੱਲ ਹੈ। ਪਰ ਸੁਪਰੀਮ ਕੋਰਟ ਨੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਵਲੋਂ ਲਗਾਏ ਪੱਕੇ ਧਰਨਿਆਂ ਅਤੇ ਦੂਜੇ ਪਾਸੇ ਹਰਿਆਣੇ ਦੀ ਸਰਹੱਦ ਅੰਦਰ ਸੁਰੱਖਿਆ ਦਲਾਂ ਵਲੋਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਲਗਾਈਆਂ ਗਈਆਂ ਪੱਕੀਆਂ ਰੋਕਾਂ ਕਾਰਨ ਪਿਛਲੇ 10 ਮਹੀਨਿਆਂ ਤੋਂ ਹਰਿਆਣੇ ਅਤੇ ਪੰਜਾਬ ਦਰਮਿਆਨ ਜੋ ਸੜਕੀ ਆਵਾਜਾਈ



ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਉਸ ਸੰਬੰਧੀ ਅਜੇ ਤੱਕ ਵੀ ਕੋਈ ਸਪੱਸ਼ਟ ਫ਼ੈਸਲਾ ਨਹੀਂ ਲਿਆ। ਪਿਛਲੇ 10 ਮਹੀਨਿਆਂ ਤੋਂ ਪੰਜਾਬ ਤੋਂ ਹਰਿਆਣੇ ਜਾਂ ਹਰਿਆਣੇ ਤੋਂ ਪੰਜਾਬ ਆਉਣ ਵਾਲੇ ਲੋਕਾਂ ਨੂੰ ਬੇਹੱਦ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਲੋਕ ਛੋਟੇ-ਮੋਟੇ ਰਸਤਿਆਂ ਰਾਹੀਂ ਪੰਜਾਬ ਤੋਂ ਹਰਿਆਣੇ ਜਾਂਦੇ ਹਨ ਅਤੇ ਹਰਿਆਣੇ ਤੋਂ ਛੋਟੇ-ਮੋਟੇ ਰਸਤਿਆਂ ਰਾਹੀਂ ਹੀ ਪੰਜਾਬ ਆਉਂਦੇ ਹਨ। ਪੰਜਾਬ ਤੋਂ ਹਿਮਾਚਲ ਅਤੇ ਜੰਮੂ-ਕਸ਼ਮੀਰ ਜਾਣ ਵਾਲੇ ਲੋਕਾਂ ਨੂੰ ਵੀ ਇਹੋ ਜਿਹੀਆਂ ਹੀ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਪੰਜਾਬ ਦੇ ਸਨਅਤਕਾਰਾਂ ਅਤੇ ਵਪਾਰੀਆਂ ਨੂੰ ਆਪਣਾ ਮਾਲ ਬਾਹਰ ਭੇਜਣ ਜਾਂ ਦਿੱਲੀ ਜਾਂ ਹਰਿਆਣੇ ਤੋਂ ਮਾਲ ਮੰਗਵਾਉਣ ਲਈ ਵੀ ਵੱਡੀਆਂ ਔਕੜਾਂ ਆਉਂਦੀਆਂ ਹਨ, ਕਿਉਂਕਿ ਛੋਟੀਆਂ ਤੇ ਟੇਢੀਆਂ-ਮੇਢੀਆਂ ਸੜਕਾਂ 'ਤੇ ਵੱਡੇ ਵਾਹਨ ਨਹੀਂ ਚੱਲ ਸਕਦੇ। ਅਜਿਹੀਆਂ ਸੜਕਾਂ 'ਤੇ ਵੱਡੇ ਵਾਹਨ ਜਦੋਂ ਫਸ ਜਾਂਦੇ ਹਨ ਤਾਂ ਛੋਟੇ ਵਾਹਨਾਂ ਦੀ ਆਵਾਜਾਈ ਵੀ ਠੱਪ ਹੋ ਜਾਂਦੀ ਹੈ। ਪੰਜਾਬ ਅਤੇ ਹਰਿਆਣਾ ਦੇ ਸਰਹੱਦੀ ਪਿੰਡ ਜਿਨ੍ਹਾਂ ਦੀਆਂ ਛੋਟੀਆਂ-ਮੋਟੀਆਂ ਸੜਕਾਂ ਤੋਂ ਆਵਾਜਾਈ ਹੋ ਰਹੀ ਹੈ, ਉਹ ਵੀ ਬੇਹੱਦ ਤੰਗ ਆਏ ਹੋਏ ਹਨ। ਇਸ ਦੇ ਬਾਵਜੂਦ ਨਾ ਤਾਂ ਕੇਂਦਰ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਪ੍ਰਤੀ ਟੱਸ ਤੋਂ ਮੱਸ ਹੋਈ ਹੈ, ਨਾ ਹੀ ਸੁਪਰੀਮ ਕੋਰਟ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ।

ਅਸੀਂ ਸਮਝਦੇ ਹਾਂ ਕਿ ਸੁਪਰੀਮ ਕੋਰਟ ਨੇ ਕਿਸਾਨੀ ਮੰਗਾਂ ਦਾ ਹੱਲ ਲੱਭਣ ਦੇ ਮੁੱਦੇ ਨੂੰ ਅਤੇ ਪੰਜਾਬ ਤੇ ਹਰਿਆਣੇ ਦਰਮਿਆਨ ਰੁਕੀ ਹੋਈ ਆਵਾਜਾਈ ਨੂੰ ਰਲਗਡ ਕਰਕੇ ਸਹੀ ਪਹੁੰਚ ਅਖ਼ਤਿਆਰ ਨਹੀਂ ਕੀਤੀ। ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੂੰ ਪੰਜਾਬ ਅਤੇ ਹਰਿਆਣੇ ਦਰਮਿਆਨ ਆਵਾਜਾਈ ਬਹਾਲ ਕਰਵਾਉਣ ਨੂੰ ਤਰਜੀਹੀ ਆਧਾਰ 'ਤੇ ਲੈਣਾ ਚਾਹੀਦਾ ਸੀ। ਸੁਪਰੀਮ ਕੋਰਟ ਨੂੰ ਬਿਨਾਂ ਦੇਰੀ ਸਪੱਸ਼ਟ ਰੂਪ ਵਿਚ ਆਦੇਸ਼ ਦੇਣੇ ਚਾਹੀਦੇ ਸਨ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਹਰਿਆਣੇ ਦੇ ਸੁਰੱਖਿਆ ਦਲਾਂ ਵਲੋਂ ਜੋ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਗਈਆਂ ਹਨ ਜਾਂ ਕੰਡਿਆਲੀਆਂ ਤਾਰਾਂ ਲਗਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਕਿਸਾਨਾਂ ਨੂੰ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਦੇਸ਼ ਦੀ ਰਾਜਧਾਨੀ ਦਿੱਲੀ ਆਉਣ ਦਿੱਤਾ ਜਾਵੇ। ਕਿਸਾਨ ਸੰਗਠਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਪੱਕੇ ਧਰਨੇ ਲਗਾ ਕੇ ਆਵਾਜਾਈ ਵਿਚ ਕਿਸੇ ਵੀ ਤਰ੍ਹਾਂ ਦਾ ਵਿਘਨ ਨਾ ਪਾਉਣ। ਕਿਸਾਨਾਂ ਦੀ ਇਸ ਦਲੀਲ 'ਤੇ ਵੀ ਗੰਭੀਰਤਾ ਨਾਲ ਵਿਚਾਰ ਹੋਣੀ ਚਾਹੀਦੀ ਸੀ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਉਨ੍ਹਾਂ ਨੇ ਸੜਕਾਂ ਨਹੀਂ ਸਨ ਰੋਕੀਆਂ। ਉਹ ਤਾਂ ਕਿਸਾਨੀ ਮੰਗਾਂ ਦੇ ਹੱਕ ਵਿਚ ਅੰਦੋਲਨ ਕਰਨ ਲਈ ਦੇਸ਼ ਦੀ ਰਾਜਧਾਨੀ ਦਿੱਲੀ ਜਾਣਾ ਚਾਹੁੰਦੇ ਸਨ। ਪਰ ਹਰਿਆਣੇ ਦੇ ਸੁਰੱਖਿਆ ਦਲਾਂ ਨੇ ਹੀ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਰੋਕ ਕੇ ਉਨ੍ਹਾਂ ਨੂੰ ਇਥੇ ਬੈਠਣ ਲਈ ਮਜਬੂਰ ਕੀਤਾ ਹੈ। ਸਾਡਾ ਇਹ ਮੰਨਣਾ ਹੈ ਕਿ ਜੇਕਰ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਨਾ ਰੋਕਦੀ ਤਾਂ ਕਿਸਾਨਾਂ ਨੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਪੱਕੇ ਧਰਨੇ ਲਗਾ ਕੇ ਨਹੀਂ ਸੀ ਬੈਠਣਾ ਅਤੇ ਨਾ ਹੀ ਪੰਜਾਬ ਅਤੇ ਹਰਿਆਣਾ ਦਰਮਿਆਨ ਸੜਕੀ ਆਵਾਜਾਈ ਠੱਪ ਹੋਣੀ ਸੀ। ਅੱਗੇ ਜੇਕਰ ਕਿਸਾਨ ਦਿੱਲੀ ਪਹੁੰਚ ਕੇ ਆਵਾਜਾਈ ਵਿਚ ਕੋਈ ਵਿਘਨ ਪਾਉਂਦੇ ਜਾਂ ਜਨਜੀਵਨ ਲਈ ਕੋਈ ਹੋਰ ਮੁਸ਼ਕਿਲ ਖੜ੍ਹੀ ਕਰਦੇ ਤਾਂ ਕੇਂਦਰ ਸਰਕਾਰ ਪੈਦਾ ਹੋਈ ਸਥਿਤੀ ਮੁਤਾਬਿਕ ਆਪਣੀ ਕਾਰਵਾਈ ਕਰ ਸਕਦੀ ਸੀ। ਜੇ ਉਹ ਚਾਹੁੰਦੀ ਤਾਂ ਉਹ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਸਾਨਾਂ ਨੂੰ ਜੰਤਰ ਮੰਤਰ 'ਤੇ ਜਾਂ ਰਾਮ ਲੀਲ੍ਹਾ ਗਰਾਊਂਡ ਵਿਚ ਥਾਂ ਦੇ ਸਕਦੀ ਸੀ। ਜੇ ਉਹ ਅਜਿਹੀ ਇਜਾਜ਼ਤ ਨਾ ਦੇਣਾ ਚਾਹੁੰਦੀ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਸੀ। ਪਰ ਹਰਿਆਣਾ ਅਤੇ ਕੇਂਦਰ ਦੀ ਸਰਕਾਰ ਨੂੰ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਪੱਕੀਆਂ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕਰਕੇ ਸੜਕਾਂ ਨੂੰ ਰੋਕਣ ਦਾ ਨਾ ਤਾਂ ਕੋਈ ਸੰਵਿਧਾਨਕ ਜਾਂ ਕਾਨੂੰਨੀ ਹੱਕ ਪਹਿਲਾਂ ਸੀ ਨਾ ਹੀ ਅੱਜ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਇਸ ਸੰਬੰਧੀ ਬਿਲਕੁਲ ਸਹੀ ਫ਼ੈਸਲਾ ਦਿੱਤਾ ਸੀ ਕਿ ਹਰਿਆਣਾ ਦੇ ਸੁਰੱਖਿਆ ਦਲ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਨੂੰ ਖ਼ਾਲੀ ਕਰਨ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਦੇਣ। ਪਰ ਇਹ ਹੈਰਾਨੀ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਸੰਬੰਧੀ ਤਰਜੀਹੀ ਆਧਾਰ 'ਤੇ ਰਸਤੇ ਖੋਲ੍ਹਣ ਦੇ ਆਦੇਸ਼ ਦੇਣ ਦੀ ਥਾਂ ਇਸ ਮੁੱਦੇ ਨੂੰ ਕਿਸਾਨੀ ਮੰਗਾਂ ਨਾਲ ਰਲਗੱਡ ਕਰਕੇ ਇਕ ਤਰ੍ਹਾਂ ਨਾਲ ਅਣਮਿੱਥੇ ਸਮੇਂ ਲਈ ਇਹ ਗੰਭੀਰ ਮਾਮਲਾ ਖਟਾਈ ਵਿਚ ਪਾ ਦਿੱਤਾ। ਆਜ਼ਾਦ ਭਾਰਤ ਵਿਚ ਅਜਿਹਾ ਕਦੇ ਵੀ ਨਹੀਂ ਹੋਇਆ ਕਿ ਇਕ ਰਾਜ ਨੇ ਦੂਜੇ ਰਾਜ ਦਾ 10 ਮਹੀਨਿਆਂ ਲਈ ਰਸਤਾ ਰੋਕਿਆ ਹੋਵੇ, ਉਹ ਵੀ ਦੇਸ਼ ਦੀ ਰਾਜਧਾਨੀ ਦਿੱਲੀ ਜਾਣ ਦਾ ਰਸਤਾ। ਇਹ ਜਮਹੂਰੀਅਤ ਦਾ ਅਤੇ ਲੋਕਾਂ ਦੇ ਹੱਕਾਂ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਹੁਣ ਜੋ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਰੱਖਣ ਕਾਰਨ ਸਥਿਤੀ ਪੈਦਾ ਹੋਈ ਹੈ, ਇਹ ਵੀ ਪੈਦਾ ਨਹੀਂ ਸੀ ਹੋਣੀ।

ਵਰਤਮਾਨ ਸਥਿਤੀ ਦੇ ਸੰਦਰਭ ਵਿਚ ਸਾਡੀ ਬੜੀ ਸਪੱਸ਼ਟ ਰਾਏ ਹੈ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਤੋਂ ਸੁਰੱਖਿਆ ਦਲ ਤੁਰੰਤ ਹਟਾਏ ਜਾਣ। ਕੰਕਰੀਟ ਦੀਆਂ ਰੋਕਾਂ ਖ਼ਤਮ ਕੀਤੀਆਂ ਜਾਣ। ਪੰਜਾਬ ਅਤੇ ਹਰਿਆਣਾ ਦਰਮਿਆਨ ਸੜਕੀ ਆਵਾਜਾਈ ਨੂੰ ਆਮ ਵਾਂਗ ਬਹਾਲ ਕੀਤਾ ਜਾਵੇ।

ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰ ਸਰਕਾਰ ਤਰਜੀਹੀ ਆਧਾਰ 'ਤੇ ਕਿਸਾਨ ਸੰਗਠਨਾਂ ਨਾਲ ਗੱਲਬਾਤ ਕਰਕੇ ਇਸ ਦਾ ਕੋਈ ਸੁਚੱਜਾ ਤੇ ਸੁਖਾਵਾਂ ਹੱਲ ਕੱਢੇ। ਜੇਕਰ ਕੇਂਦਰ ਸਰਕਾਰ ਪਹਿਲਾਂ ਦੀ ਤਰ੍ਹਾਂ ਕਿਸਾਨ ਸੰਗਠਨਾਂ ਨਾਲ ਗੱਲਬਾਤ ਨਾ ਕਰਨ ਦੀ ਆਪਣੀ ਜ਼ਿੱਦ 'ਤੇ ਕਾਇਮ ਰਹਿੰਦੀ ਹੈ ਅਤੇ ਇਸ ਕਾਰਨ ਬਦਕਿਸਮਤੀ ਨਾਲ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਈ ਕੋਈ ਵੱਡਾ ਜ਼ੋਖ਼ਮ ਪੈਦਾ ਹੁੰਦਾ ਹੈ, ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਮੁੱਖ ਤੌਰ 'ਤੇ ਕੇਂਦਰ ਸਰਕਾਰ ਅਤੇ ਹਰਿਆਣੇ ਦੀਆਂ ਸਰਕਾਰਾਂ ਹੀ ਜ਼ਿੰਮੇਵਾਰ ਹੋਣਗੀਆਂ। ਦੂਜੇ ਪਾਸੇ ਅਸੀਂ ਅੰਦੋਲਨਕਾਰੀ ਸੰਗਠਨਾਂ ਨੂੰ ਵੀ ਇਹ ਰਾਏ ਦੇਣਾ ਚਾਹਾਂਗੇ ਕਿ ਉਹ ਆਪਸੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਅਨੁਸ਼ਾਸਨ ਵਿਚ ਰਹਿ ਕੇ ਪੁਰਅਮਨ ਢੰਗ ਨਾਲ ਹੀ ਆਪਣੀਆਂ ਮੰਗਾਂ ਲਈ ਅੰਦੋਲਨ ਕਰਨ।

ਆਪਣੇ ਅੰਦੋਲਨ ਰਾਹੀਂ ਕਿਸੇ ਵੀ ਰੂਪ ਵਿਚ ਉਹ ਆਮ ਜਨਜੀਵਨ ਅਤੇ ਸੜਕੀ ਆਵਾਜਾਈ ਨੂੰ ਵਾਰ-ਵਾਰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰਨ। ਕਿਉਂਕਿ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਕਿਸਾਨੀ ਮੰਗਾਂ ਲਈ ਜੋ ਕਿਸਾਨਾਂ ਵਲੋਂ ਵਾਰ-ਵਾਰ ਰੇਲ ਅਤੇ ਸੜਕ ਆਵਾਜਾਈ ਨੂੰ ਰੋਕਿਆ ਗਿਆ ਹੈ, ਉਸ ਨਾਲ ਵੀ ਪੰਜਾਬ ਦੇ ਸਨਅਤਕਾਰਾਂ, ਵਪਾਰੀਆਂ ਅਤੇ ਆਮ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਆਸ ਕਰਦੇ ਹਾਂ ਕਿ ਸਾਰੀਆਂ ਸੰਬੰਧਿਤ ਧਿਰਾਂ ਜ਼ਿੰਮੇਵਾਰੀ ਤੋਂ ਕੰਮ ਲੈਂਦੀਆਂ ਹੋਈਆਂ ਪੈਦਾ ਹੋਈ, ਇਸ ਗੰਭੀਰ ਸਥਿਤੀ ਦਾ ਕੋਈ ਬਿਹਤਰ ਹੱਲ ਕੱਢਣ ਲਈ ਆਪੋ-ਆਪਣਾ ਉਸਾਰੂ ਯੋਗਦਾਨ ਪਾਉਣਗੀਆਂ।

# ਭਾਜਪਾ ਹਰ ਸਮੇਂ ਕਰਦੀ ਹੈ ਸੰਵਿਧਾਨ 'ਤੇ ਹਮਲਾ: ਰਾਹੁਲ

**ਨਵੀਂ ਦਿੱਲੀ :** ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਹੇਠਲੇ ਸਦਨ 'ਚ ਸੰਵਿਧਾਨ 'ਤੇ ਚਰਚਾ ਦੌਰਾਨ ਕੇਂਦਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਭਾਜਪਾ ਹਰ ਸਮੇਂ ਸੰਵਿਧਾਨ ਤੇ ਹਮਲਾ ਕਰਦੀ ਹੈ ਅਤੇ ਮੋਦੀ ਸਰਕਾਰ ਦੇਸ਼ ਵਾਸੀਆਂ ਦਾ ਹੱਕ ਇੱਕ ਉਦਯੋਗਪਤੀ ਦੇ ਹਵਾਲੇ ਕਰਕੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਗਰੀਬਾਂ, ਦਲਿਤਾਂ ਅਤੇ ਪਛੜੇ ਲੋਕਾਂ ਦਾ ਹਿੱਸਾ ਉਹਨਾਂ ਨੂੰ ਦੇ ਰਹੀ ਹੈ। ਉਹਨਾਂ ਸਾਵਰਕਰ ਦੀ ਟਿੱਪਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਵਿਧਾਨ ਦੀ ਰੱਖਿਆ ਦੀ ਗੱਲ ਕਰਕੇ ਸੱਤਾਧਾਰੀ ਪਾਰਟੀ ਸਾਵਰਕਰ ਦਾ ਮਜ਼ਾਕ ਉਡਾ ਰਹੀ ਹੈ। ਉਹਨਾਂ ਕਿਹਾ ਕਿ ਸਾਵਰਕਰ ਜਿਨ੍ਹਾਂ ਨੂੰ ਭਾਜਪਾ ਅਤੇ ਆਰ.ਐਸ.ਐਸ. ਵਲੋਂ ਵਿਚਾਰਕ ਵਜੋਂ ਦੇਖਿਆ ਜਾਂਦਾ ਹੈ, ਨੇ ਕਿਹਾ ਸੀ ਕਿ ਸੰਵਿਧਾਨ ਵਿੱਚ ਭਾਰਤੀ ਨਹੀਂ ਹੈ ਅਤੇ ਉਨ੍ਹਾਂ ਨੇ ਹਿੰਦੂ ਧਾਰਮਿਕ ਗ੍ਰੰਥ ਮਨੂ ਸਿਮਰਤੀ ਨੂੰ ਤਰਜੀਹ ਦਿੱਤੀ ਸੀ।

ਰਾਹੁਲ ਨੇ ਕਿਹਾ ਕਿ ਸੰਵਿਧਾਨ ਆਧੁਨਿਕ ਭਾਰਤ ਦਾ ਇੱਕ ਦਸਤਾਵੇਜ਼ ਹੈ ਪਰ ਇਸ ਨੂੰ ਪ੍ਰਾਚੀਨ ਭਾਰਤ ਤੇ ਉਸਦੇ ਵਿਚਾਰਾਂ ਬਿਨਾਂ ਕਦੇ ਨਹੀਂ ਲਿਖਿਆ ਜਾ ਸਕਦਾ ਸੀ। ਉਹਨਾਂ ਕਿਹਾ ਕਿ ਸਾਵਰਕਰ ਨੇ ਕਿਹਾ ਸੀ ਕਿ ਮਨੂ ਸਿਮਰਤੀ ਹਿੰਦੂਆਂ ਲਈ ਵੇਦਾਂ ਦੇ ਬਾਅਦ ਸਭ ਤੋਂ ਵੱਧ ਪੂਜਨੀਕ ਗ੍ਰੰਥ ਹੈ।ਉਹਨਾਂ ਭਾਜਪਾ ਨੂੰ ਕਿਹਾ ਕਿ ਤੁਸੀਂ ਕਹਿੰਦੇ ਹੋ ਕਿ ਸੰਵਿਧਾਨ ਦੀ ਰੱਖਿਆ ਕਰ ਰਹੇ ਹਾਂ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਨੇਤਾ ਦੇ ਸ਼ਬਦਾਂ ਤੇ ਕਾਇਮ ਹੋ?



ਸੰਵਿਧਾਨ ਤੇ ਚਰਚਾ ਦੌਰਾਨ ਰਾਹੁਲ ਗਾਂਧੀ ਨੇ ਇੱਕਲਵਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਅਡਾਨੀ ਨੂੰ ਸਾਰੇ ਕੰਮ ਦੇ ਕੇ ਦੇਸ਼ ਦੇ ਨੌਜਵਾਨਾਂ, ਗਰੀਬਾਂ, ਅਤੇ ਕਮਜ਼ੋਰਾਂ ਦਾ ਅੰਗੂਠਾ ਕੱਟ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਨੇ ਅਗਨੀਵੀਰ ਯੋਜਨਾ ਲਿਆ ਕੇ, 70 ਵਾਰ ਪੇਪਰ ਲੀਕ ਕਰਵਾ ਕੇ, ਨੌਜਵਾਨਾਂ ਦਾ ਅੰਗੂਠਾ ਕੱਟਿਆ ਹੈ। ਕਿਸਾਨ ਆਪਣੇ ਹੱਕ ਦੀ ਲੜਾਈ ਲਈ ਸੰਘਰਸ਼ ਕਰ ਰਹੇ ਹਨ, ਪਰ ਕਿਸਾਨਾਂ ਦੀ ਗੱਲ ਨਹੀਂ ਕੀਤੀ ਜਾ ਰਹੀ ਅਤੇ ਉਹਨਾਂ ਦਾ ਵੀ ਅੰਗੂਠਾ ਕੱਟਿਆ ਜਾ ਰਿਹਾ ਹੈ। ਰਾਹੁਲ ਨੇ ਭਾਜਪਾ ਤੇ ਹਰ ਸਮੇਂ ਅਤੇ 24 ਘੰਟੇ ਸੰਵਿਧਾਨ ਦਾ ਅਪਮਾਨ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਭਾਜਪਾ ਲੋਕਾਂ ਦੇ ਸੰਵਿਧਾਨਿਕ ਹੱਕਾਂ ਦਾ ਘਾਣ ਕਰ ਰਹੀ ਹੈ, ਜਦੋਂ ਕਿ ਵਿਰੋਧੀ ਗੱਠਜੋੜ ਮਿਲ ਕੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦਾ ਕੰਮ ਕਰ ਰਿਹਾ ਹੈ । ਅਤੇ ਭਾਜਪਾ ਦੇ ਰਾਜ ਵਿੱਚ ਸੰਵਿਧਾਨਿਕ ਸੰਸਥਾਵਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸ ਲਈ ਗੱਠਜੋੜ ਦੇਸ਼ ਦੇ ਦਲਿਤਾਂ, ਆਦਿਵਾਸੀਆਂ ਪਛੜਿਆਂ, ਅਤੇ ਕਿਸਾਨਾਂ ਦੇ ਹਿੱਤ ਲਈ ਜਾਤੀ ਅਧਾਰਤ ਜਨਗਣਨਾ ਕਰਵਾਉਣ ਦਾ ਕੰਮ ਕਰੇਗਾ,ਤਾਂ ਜੋ ਦੇਸ਼ ਵਿੱਚ ਨਵੀਂ ਤਰ੍ਹਾਂ ਦੀ ਰਾਜਨੀਤੀ ਸ਼ੁਰੂ ਕੀਤੀ ਜਾ ਸਕੇ। ਦੇਸ਼ ਵਿੱਚ 50 ਫੀਸਦੀ ਰਾਖਵੇਂਕਰਨ ਦੀ ਜੋ ਦੀਵਾਰ ਖੜੀ ਕੀਤੀ ਗਈ ਹੈ ਉਸ ਨੂੰ ਇਸੇ ਸੰਸਦ ਵਿੱਚ ਤੋੜਿਆ ਜਾਵੇਗਾ।

# ਭਾਰਤੀ ਨਿਆਂ ਪ੍ਰਣਾਲੀ ਉੱਪਰ ਹਿੰਦੂਤਵ ਵਿਚਾਰਧਾਰਾ ਦਾ ਵਧ ਰਿਹਾ ਪ੍ਰਭਾਵ

***ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਵਿਚ ਕੱਟੜ ਹਿੰਦੂਤਵੀ ਜਥੇਬੰਦੀ ਵਿਸ਼ਵ ਹਿੰਦੂ ਪਰਿਸ਼ਦ ਨੂੰ ਇਲਾਹਾਬਾਦ ਹਾਈ ਕੋਰਟ ਦੀ ਹਦੂਦ ਅੰਦਰ ਸਮਾਗਮ ਕਰਨ ਦੀ ਇਜਾਜ਼ਤ ਦੇਣ ਅਤੇ ਉੱਥੇ ਸਿਟਿੰਗ ਜੱਜ ਸ਼ੇਖਰ ਕੁਮਾਰ ਯਾਦਵ ਦੇ ਤਿੱਖੀ ਫਿਰਕੂ ਸੁਰ ਵਾਲੇ ਭਾਸ਼ਣ ਨੇ ਭਾਰਤੀ ਨਿਆਂ ਪ੍ਰਣਾਲੀ ਦੇ ਧਰਮ-ਨਿਰਪੱਖਤਾ ਦੇ ਦਾਅਵੇ ਉੱਪਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿਟਿੰਗ ਜੱਜਾਂ ਦਾ ਇਹ ਰੁਝਾਨ ਨਿਆਂ ਪ੍ਰਣਾਲੀ 'ਚ ਸੱਤਾਧਾਰੀ ਧਿਰ ਦੀ ਰਾਜਨੀਤਕ ਵਿਚਾਰਧਾਰਾ ਦੀ ਵਧ ਰਹੀ ਘੁਸਪੈਠ ਦਾ ਸੂਚਕ ਹੈ ਜੋ ਧਾਰਮਿਕ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਮੁਲਕ ਦੇ ਭਵਿੱਖ ਲਈ ਸ਼ੁਭ ਸੰਕੇਤ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਘੱਟ-ਗਿਣਤੀਆਂ ਲਈ ਨਿਆਂ ਦੀ ਉਮੀਦ ਹੋਰ ਵੀ ਧੁੰਦਲੀ ਹੋ ਜਾਂਦੀ ਹੈ। ਇਨ੍ਹਾਂ ਸਾਰੇ ਸਰੋਕਾਰਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ***

ਅਕਸਰ ਹੀ ਦਾਅਵੇ ਕੀਤੇ ਜਾਂਦੇ ਹਨ ਕਿ ਭਾਰਤ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੈ ਅਤੇ ਇਸਦੀ ਨਿਆਂ ਪ੍ਰਣਾਲੀ ਨਿਰਪੱਖ ਹੈ। ਇਹ ਦਾਅਵੇ ਹਕੀਕਤ ਨਾਲ ਮੇਲ ਨਹੀਂ ਖਾਂਦੇ। ਪਿਛਲੇ ਦਹਾਕਿਆਂ 'ਚ ਬਹੁਤ ਸਾਰੇ ਅਜਿਹੇ ਮਾਮਲੇ ਰਹੇ ਹਨ ਜਿਨ੍ਹਾਂ ਵਿਚ ਹਿੰਦੂ ਬਹੁਗਿਣਤੀ ਫਿਰਕੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ ਖ਼ੁਸ਼ ਕਰਨ ਲਈ ਸਿਰਫ਼ ਫ਼ੈਸਲੇ ਹੀ ਨਹੀਂ ਲਏ ਗਏ ਸਗੋਂ ਨਿਆਂਸ਼ਾਸਤਰ ਨੂੰ ਟਿੱਚ ਸਮਝਦੇ ਹੋਏ ਅਜਿਹੇ ਫ਼ੈਸਲਿਆਂ ਨੂੰ ਜਾਇਜ਼ ਠਹਿਰਾਉਣ ਲਈ ਕੁਤਰਕ ਵੀ ਦਿੱਤੇ ਗਏ। ਅਦਾਲਤਾਂ ਵੱਲੋਂ ਨਿਆਂਸ਼ਾਸਤਰ 'ਤੇ ਚੱਲਣ ਦੀ

**ਬੂਟਾ ਸਿੰਘ ਮਹਿਮੂਦਪੁਰ**
**+91-94634 74342**

ਬਜਾਏ ਬਹੁਗਿਣਤੀ ਦੀਆਂ ਭਾਵਨਾਵਾਂ ਨੂੰ 'ਸੰਤੁਸ਼ਟ ਕਰਨਾ' ਜ਼ਰੂਰੀ ਸਮਝਿਆ ਗਿਆ। ਹੁਣ ਤਾਂ ਆਲਮ ਇਹ ਹੈ ਕਿ ਉੱਚ ਅਦਾਲਤਾਂ, ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਜੱਜ ਵੀ ਸ਼ਰੇਆਮ ਹਿੰਦੂਤਵ ਜਥੇਬੰਦੀਆਂ ਦੀ ਸੁਰ 'ਚ ਸੁਰ ਮਿਲਾਉਂਦੇ ਦੇਖੇ ਜਾ ਸਕਦੇ ਹਨ। ਇਸ ਦੀ ਤਾਜ਼ਾ ਮਿਸਾਲ 8 ਦਸੰਬਰ ਨੂੰ ਇਲਾਹਾਬਾਦ ਹਾਈਕੋਰਟ ਦੇ ਲਾਇਬ੍ਰੇਰੀ ਹਾਲ ਦੇ ਅੰਦਰ ਹੋਇਆ ਵਿਸ਼ਵ ਹਿੰਦੂ ਪਰਿਸ਼ਦ ਦਾ ਸਮਾਗਮ ਹੈ ਜਿਸਦਾ ਵਿਸ਼ਾ ਸੀ 'ਯੂਨੀਫਾਰਮ ਸਿਵਲ ਕੋਡ ਦੀ ਸੰਵਿਧਾਨਕ ਜ਼ਰੂਰਤ'।

ਇਸ ਫਿਰਕੂ ਸਮਾਗਮ ਦੀ ਸਿਰਫ਼ ਇਜਾਜ਼ਤ ਹੀ ਨਹੀਂ ਦਿੱਤੀ ਗਈ ਸਗੋਂ ਸਿੱਟਿੰਗ ਜੱਜ ਸ਼ੇਖਰ ਕੁਮਾਰ ਯਾਦਵ ਨੇ ਸਮਾਗਮ 'ਚ ਸ਼ਾਮਲ ਹੋ ਕੇ ਆਰਐੱਸਐੱਸ-ਭਾਜਪਾ ਦੇ ਹਿੰਦੂਤਵ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਂਦਿਆਂ ਰਾਜਨੀਤਕ ਭਾਸ਼ਣ ਵੀ ਦਿੱਤਾ ਜਿਸ ਨੂੰ ਸੋਸ਼ਲ ਮੀਡੀਆ ਉੱਪਰ ਪ੍ਰਸਾਰਿਤ ਵੀ ਕੀਤਾ ਗਿਆ। 34 ਮਿੰਟ ਲੰਮੇ ਭਾਸ਼ਣ ਦੇ ਜਿੰਨੇ ਕੁ ਹਿੱਸੇ ਮੀਡੀਆ ਰਿਪੋਰਟਾਂ 'ਚ ਨਸ਼ਰ ਹੋਏ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮੁਸਲਿਮ ਫਿਰਕੇ ਅੰਦਰਲੀਆਂ 'ਬੁਰਾਈਆਂ' ਦੇ ਬਹਾਨੇ ਉਸਦਾ ਨਿਸ਼ਾਨਾ ਇਸ ਫਿਰਕੇ ਵੱਲ ਸੇਧਤ ਸੀ ਅਤੇ ਉਸਦਾ ਭਾਸ਼ਣ ਮੁਸਲਿਮ ਵਿਰੋਧੀ ਬਿਆਨਬਾਜ਼ੀ ਤੇ ਬਹੁ-ਗਿਣਤੀਵਾਦੀ ਸੋਚ ਨਾਲ ਗੜੁੱਚ ਸੀ। ਇਹ ਅਣਜਾਣੇ 'ਚ ਹੋਈ ਭੁੱਲ ਨਹੀਂ ਸੀ, ਸਗੋਂ ਬਕਾਇਦਾ ਸੋਚ-ਸਮਝ ਕੇ ਦਿੱਤਾ ਗਿਆ ਭਾਸ਼ਣ ਸੀ, ਜੋ ਇਸ ਕਦਰ ਫਿਰਕੂ ਸੀ ਕਿ ਸੁਪਰੀਮ ਕੋਰਟ ਨੂੰ ਵੀ ਇਸਦਾ ਨੋਟਿਸ ਲੈਣਾ ਪੈ ਗਿਆ। ਇਸ ਜੱਜ ਦਾ ਭਾਸ਼ਣ ਅਤੇ ਪਿਛਲੇ ਤਿੰਨ ਸਾਲ 'ਚ ਉਸ ਵੱਲੋਂ ਫ਼ੈਸਲੇ ਦੇਣ ਸਮੇਂ ਅਖ਼ਤਿਆਰ ਕੀਤਾ ਵਤੀਰਾ ਉਸ ਨਿਆਂਇਕ ਮਰਿਯਾਦਾ ਦੀ ਵੀ ਉਲੰਘਣਾ ਹੈ ਜੋ ਸੁਪਰੀਮ ਕੋਰਟ ਵੱਲੋਂ 1997 'ਚ ਅਪਣਾਈ ਗਈ ਸੀ ਅਤੇ ਜਿਸ ਵਿਚ ਕਿਹਾ ਗਿਆ ਸੀ ਕਿ ਜੱਜਾਂ ਨੂੰ ਰਾਜਨੀਤਕ ਮਾਮਲਿਆਂ ਬਾਰੇ ਜਨਤਕ ਤੌਰ 'ਤੇ ਵਿਚਾਰ ਪ੍ਰਗਟਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈਕੋਰਟ ਤੋਂ ਇਸ ਸਮਾਗਮ ਦੀ ਵਿਸਤਾਰਤ ਜਾਣਕਾਰੀ ਮੰਗੇ ਜਾਣ ਦੀ ਰਿਪੋਰਟ ਹੈ ਅਤੇ ਮਾਮਲਾ ਸਰਵਉੱਚ ਅਦਾਲਤ 'ਚ ਵਿਚਾਰ ਅਧੀਨ ਹੈ। ਦੇਖਣਾ ਇਹ ਹੈ ਕਿ ਸੁਪਰੀਮ ਕੋਰਟ ਇਸ ਤੋਂ ਅੱਗੇ ਕੀ ਕਾਰਵਾਈ ਕਰਦੀ ਹੈ।

ਜਸਟਿਸ ਯਾਦਵ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਬਾਹਰਲੇ ਲੋਕ 'ਹਿੰਦੂ' ਸ਼ਬਦ ਨੂੰ ਗ਼ਲਤ ਸਮਝਦੇ ਹਨ; ਕਿ ਹਿੰਦੂ ਧਰਮ ਮਹਿਜ਼ ਰੀਤੀ-ਰਿਵਾਜ਼ਾਂ, ਪ੍ਰਾਰਥਨਾ ਜਾਂ ਧਾਰਮਿਕ ਚਿੰਨ੍ਹਾਂ ਦਾ ਮਾਮਲਾ ਨਹੀਂ ਹੈ। ਇਹ ਤਾਂ ਇਕ ਵਿਆਪਕ ਪਛਾਣ ਹੈ ਜਿਸ ਵਿਚ ਇਸ ਸਰਜ਼ਮੀਨ ਉੱਪਰ ਰਹਿਣ ਵਾਲੇ ਸਾਰੇ ਲੋਕ ਸ਼ਾਮਲ ਹਨ, ਜੋ ਇਸ ਨੂੰ ਆਪਣੀ ਮਾਂ-ਭੂਮੀ ਕਹਿੰਦੇ ਹਨ ਅਤੇ ਇਸ ਦੀ ਖ਼ਾਤਰ ਕੁਰਬਾਨੀ ਕਰਨ ਲਈ ਤਿਆਰ ਹਨ। ਉਸ ਮੁਤਾਬਿਕ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੁਰਆਨ ਜਾਂ ਬਾਈਬਲ ਨੂੰ ਮੰਨਦੇ ਹਨ - ਹਨ ਉਹ ਵੀ ਹਿੰਦੂ।' ਸਤੱਹੀ ਤੌਰ 'ਤੇ ਦੇਖਿਆਂ ਇਹ ਸਮਾਵੇਸ਼ੀ ਸੋਚ ਜਾਪਦੀ ਹੈ ਪਰ ਇਹ ਸਮਾਵੇਸ਼ ਦੇ ਨਾਂ 'ਤੇ ਹੋਰ ਧਾਰਮਿਕ ਅਕੀਦੇ ਵਾਲੇ ਲੋਕਾਂ ਨੂੰ ਨਿਗਲ ਜਾਣ ਦੀ ਹਿੰਦੂਤਵੀ ਚਾਲ ਹੈ। ਘੱਟ-ਗਿਣਤੀ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਂਦਿਆਂ ਉਸ ਨੇ ਜਾਣ-ਬੁੱਝ ਕੇ 'ਕਠਮੁੱਲਾ' ਸ਼ਬਦ ਵਰਤਿਆ ਜੋ ਮੁਸਲਮਾਨਾਂ 'ਚ ਖ਼ਤਨੇ ਵੱਲ ਇਸ਼ਾਰਾ ਹੈ ਅਤੇ ਇਹ ਹਿੰਦੂਤਵੀ ਜਥੇਬੰਦੀਆਂ ਵੱਲੋਂ ਘੱਟ-ਗਿਣਤੀਆਂ ਨੂੰ ਅਪਮਾਨਿਤ ਕਰਨ ਲਈ ਅੱਜ-ਕੱਲ੍ਹ ਆਮ ਵਰਤਿਆ ਜਾਂਦਾ ਹੈ। ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਦਇਆ ਅਤੇ ਸਹਿਣਸ਼ੀਲਤਾ ਤੋਂ ਸੱਖਣੇ ਕਰਾਰ ਦਿੰਦਿਆਂ ਉਸਨੇ ਕਿਹਾ ਕਿ ਪਸ਼ੂਆਂ ਦੀਆਂ ਹੱਤਿਆਵਾਂ ਦੇ ਮਾਹੌਲ 'ਚ ਪਲ਼ੇ ਹੋਣ ਕਾਰਨ ਮੁਸਲਮਾਨ ਬੱਚਿਆਂ 'ਚ ਦਇਆ ਅਤੇ ਸਹਿਣਸ਼ੀਲਤਾ ਨਹੀਂ ਹੁੰਦੀ। ਉਸਨੇ ਇਸ ਤੋਂ ਵੀ ਅੱਗੇ ਕਿਹਾ ਕਿ ਦੇਸ਼ 'ਬਹੁਮੱਤ ਦੀਆਂ ਇਛਾਵਾਂ ਮੁਤਾਬਿਕ ਚੱਲੇਗਾ, ਅਤੇ ਇਸ ਵੱਲੋਂ ਸਿਰਫ਼ ਉਸੇ ਨੂੰ ਸਵੀਕਾਰ ਕੀਤਾ ਜਾਵੇਗਾ ਜੋ ਬਹੁਗਿਣਤੀ ਦੀ ਭਲਾਈ ਤੇ ਖ਼ੁਸ਼ੀ ਲਈ ਫ਼ਾਇਦੇਮੰਦ ਹੋਵੇਗਾ।' ਉਸਨੇ ਕਿਹਾ ਕਿ ਬੇਸ਼ੱਕ ਉਹ ਉਸ ਹਾਈ ਕੋਰਟ ਦਾ ਜੱਜ ਹੈ, ਪਰ ਉਹ ਦੇਸ਼ ਦਾ ਨਾਗਰਿਕ ਵੀ ਹੈ ਅਤੇ ਬਤੌਰ ਇਕ ਨਾਗਰਿਕ ਉਹ ਉਹੀ ਕਹੇਗਾ ਜੋ ਦੇਸ਼ ਲਈ ਉਚਿਤ ਹੋਵੇਗਾ। ਇਹ ਇਕ ਸਿੱਟਿੰਗ ਜੱਜ ਦੇ ਮੂੰਹੋਂ ਦੇਸ਼ ਉੱਪਰ ਬਹੁ-ਗਿਣਤੀਵਾਦੀ ਹਕੂਮਤ ਦੇ ਖੁੱਲ੍ਹੇ ਐਲਾਨ ਤੋਂ ਸਿਵਾਏ ਕੁਝ ਨਹੀਂ ਹੈ।

ਸਿਰਫ਼ ਯਾਦਵ ਦਾ ਭਾਸ਼ਣ ਹੀ ਨਫ਼ਰਤ ਭਰਿਆ ਨਹੀਂ ਹੈ, ਬੀਤੇ ਸਾਲਾਂ 'ਚ ਉਸ ਦੇ ਬਹੁਤ ਸਾਰੇ ਅਦਾਲਤੀ ਫ਼ੈਸਲੇ ਵੀ ਬਹੁਗਿਣਤੀਵਾਦੀ ਸੋਚ ਉੱਪਰ ਮੋਹਰ ਲਾਉਂਦੇ ਦੇਖੇ ਜਾ ਸਕਦੇ ਹਨ। ਸਤੰਬਰ 2021 'ਚ ਉੱਤਰ ਪ੍ਰਦੇਸ਼ ਰਾਜ ਬਨਾਮ ਜਾਵੇਦ ਕੇਸ 'ਚ ਯਾਦਵ ਨੇ ਕਥਿਤ ਗਊ-ਹੱਤਿਆ ਦੇ ਦੋਸ਼ੀ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਹੀ ਇਨਕਾਰ ਕਰ ਦਿੱਤਾ। ਇੰਨਾ ਹੀ ਨਹੀਂ, ਉਸਨੇ ਆਪਣੇ ਆਦੇਸ਼ 'ਚ ਕਿਹਾ ਕਿ ਗਊ ਨੂੰ ਭਾਰਤ ਦਾ ਕੌਮੀ ਪਸ਼ੂ ਐਲਾਨ ਦੇਣਾ ਚਾਹੀਦਾ ਹੈ ਅਤੇ ਗਊ ਰੱਖਿਆ ਹਰ ਹਿੰਦੂ ਦਾ ਮੌਲਿਕ ਹੱਕ ਹੋਣਾ ਚਾਹੀਦਾ ਹੈ। ਉਸਨੇ ਦਲੀਲ ਦਿੱਤੀ ਕਿ 'ਜਦੋਂ ਗਊ ਦਾ ਕਲਿਆਣ ਹੋਵੇਗਾ, ਤਾਂ ਹੀ ਦੇਸ਼ ਦਾ ਕਲਿਆਣ ਹੋਵੇਗਾ।' ਉਸਨੇ ਗਊ ਮਾਸ ਖਾਣ ਨੂੰ ਜੁਰਮ ਕਰਾਰ ਦੇਣ ਵਾਲਾ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਕੀਤੀ ਸੀ। ਉਸਨੇ ਗ਼ੈਰਵਿਗਿਆਨਕ ਦਾਅਵੇ ਵੀ ਕੀਤੇ ਕਿ ਵਿਗਿਆਨਕਾਂ ਦਾ ਮੰਨਣਾ ਹੈ ਕਿ ਗਊ ਹੀ ਇੱਕੋ-ਇਕ ਅਜਿਹਾ ਜਾਨਵਰ ਹੈ ਜੋ ਸਾਹ ਦੁਆਰਾ ਆਕਸੀਜਨ ਲੈਂਦਾ ਤੇ ਬਾਹਰ




ਕੱਢਦਾ ਹੈ; ਕਿ ਗਊ ਦੇ ਦੁੱਧ ਤੋਂ ਬਣਿਆ ਘਿਓ ਹਿੰਦੂ ਰਸਮਾਂ 'ਚ ਵਰਤੇ ਜਾਣ ਨਾਲ ਸੂਰਜੀ ਕਿਰਨਾਂ ਨੂੰ ਵਿਸ਼ੇਸ਼ ਊਰਜਾ ਮਿਲਦੀ ਹੈ ਜੋ ਆਖ਼ਿਰਕਾਰ ਮੀਂਹ ਪੈਣ ਦਾ ਕਾਰਨ ਬਣਦੀ ਹੈ। ਇਹ ਵੀ ਕਿ ਪੰਚਗਾਵਿਆ (ਗਊ ਗੋਬਰ, ਮੂਤਰ, ਦੁੱਧ-ਦਹੀਂ ਅਤੇ ਘਿਓ ਤੋਂ ਬਣੇ ਮਿਸ਼ਰਣ) ਨਾਲ ਅਸਾਧ ਬੀਮਾਰੀਆਂ ਵੀ ਠੀਕ ਹੋ ਜਾਂਦੀਆਂ ਹਨ।

ਜਨਵਰੀ 2022 'ਚ ਗਊ ਹੱਤਿਆ ਦੇ ਇਕ ਮੁਲਜ਼ਮ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਸ਼ਰਤ ਥੋਪ ਦਿੱਤੀ ਸੀ ਕਿ ਮੁਲਜ਼ਮ ਆਪਣੇ ਜ਼ਿਲ੍ਹੇ ਦੀ ਕਿਸੇ ਗਊਸ਼ਾਲਾ ਨੂੰ ਇਕ ਲੱਖ ਰੁਪਏ ਦਾਨ ਕਰੇ ਤੇ ਇਕ ਮਹੀਨਾ ਉੱਥੇ ਸੇਵਾ ਕਰੇ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ ਯਾਦਵ ਨੇ ਉੱਤਰ ਪ੍ਰਦੇਸ਼ ਪੁਲਿਸ ਉੱਪਰ ਗਊ ਹੱਤਿਆ ਦੇ ਕੇਸਾਂ ਦੀ ਜਾਂਚ 'ਚ ਢਿੱਲ-ਮੱਠ ਵਰਤਣ ਦਾ ਦੋਸ਼ ਲਾਉਂਦਿਆਂ ਕੋਈ ਅੰਕੜੇ ਦੇਣ ਤੋਂ ਬਿਨਾਂ ਹੀ ਦਾਅਵਾ ਕੀਤਾ ਕਿ ਗਊ ਹੱਤਿਆ ਦੇ ਕੇਸ ਵਧ ਰਹੇ ਹਨ। ਉਸਨੇ ਪ੍ਰਯਾਗਰਾਜ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਨੂੰ ਜ਼ਿਲ੍ਹੇ 'ਚ ਗਊ ਹੱਤਿਆ ਦੇ ਦਰਜ ਕੀਤੇ ਸਾਰੇ ਕੇਸਾਂ ਦੀ ਸਥਿਤੀ ਬਾਰੇ ਪ੍ਰਾਗਰੈੱਸ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ।

ਅਕਤੂਬਰ 2021 'ਚ ਸੋਸ਼ਲ ਮੀਡੀਆ ਉੱਪਰ ਹਿੰਦੂ ਦੇਵਤਿਆਂ, ਰਾਮ ਅਤੇ ਕ੍ਰਿਸ਼ਨ, ਬਾਰੇ ਕਥਿਤ ਠੇਸ-ਪਹੁੰਚਾਊ ਟਿੱਪਣੀਆਂ ਕਰਨ ਵਾਲੇ ਇਕ ਵਿਅਕਤੀ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਫਰਮਾਇਆ ਕਿ ਦੋਵੇਂ 'ਭਾਰਤੀਆਂ ਦੇ ਦਿਲ 'ਚ ਵਸਦੇ ਹਨ'। ਕਿ 'ਰਾਮ ਇਸ ਦੇਸ਼ ਦੀ ਆਤਮਾ, ਪਛਾਣ ਅਤੇ ਸੰਸਕ੍ਰਿਤੀ ਹੈ ਅਤੇ 'ਰਾਮ' ਤੋਂ ਬਗ਼ੈਰ ਭਾਰਤ ਅਧੂਰਾ ਹੈ।' ਆਪਣੇ ਆਦੇਸ਼ ਵਿਚ ਯਾਦਵ ਨੇ ਭਾਰਤ ਦੀ ਸੰਸਦ ਨੂੰ ਦੋਹਾਂ ਹਿੰਦੂ ਦੇਵਤਿਆਂ ਦੇ ਨਾਲ-ਨਾਲ ਭਗਵਦ ਗੀਤਾ ਤੇ ਇਸ ਦੇ ਲੇਖਕ ਵਾਲਮੀਕੀ ਅਤੇ ਰਾਮਾਇਣ ਤੇ ਇਸਦੇ ਲੇਖਕ ਵੇਦ ਵਿਆਸ ਦਾ ਸਨਮਾਨ ਕਰਨ ਲਈ ਵੀ ਕਿਹਾ। ਇਕ ਹੋਰ ਮਾਮਲੇ 'ਚ ਉਸਨੇ ਦੋ ਸਮਲਿੰਗੀ ਹਿੰਦੂ ਔਰਤਾਂ ਦੇ ਇਕੱਠੀਆਂ ਰਹਿਣ ਵਿਰੁੱਧ ਇਕ ਦੀ ਮਾਂ ਵੱਲੋਂ ਦਰਜ ਕਰਾਈ ਪਟੀਸ਼ਨ ਦਾ ਨਿਬੇੜਾ ਕਰਦਿਆਂ ਉਨ੍ਹਾਂ ਦੇ ਵਿਆਹ ਨੂੰ ਇਹ ਦਲੀਲ ਦੇ ਕੇ ਨਾਜਾਇਜ਼ ਕਰਾਰ ਦੇ ਦਿੱਤਾ ਕਿ ਹਿੰਦੂ ਪਰਸਨਲ ਲਾਅ ਤਹਿਤ ਸਿਰਫ਼ ਮਰਦ ਅਤੇ ਔਰਤ ਦੇ ਵਿਆਹ ਦੀ ਰੀਤ ਹੀ ਜਾਇਜ਼ ਮੰਨੀ ਜਾਂਦੀ ਹੈ।

ਆਪਣੇ ਫ਼ੈਸਲਿਆਂ 'ਚ ਯਾਦਵ ਨੇ ਕੋਈ ਸਬੂਤ ਪੇਸ਼ ਕੀਤੇ ਬਿਨਾਂ ਹੀ ਆਮ ਲੋਕਾਂ 'ਚ ਪ੍ਰਚੱਲਤ 'ਸਾਜ਼ਿਸ਼ ਥਿਊਰੀਆਂ' ਦੇ ਹਵਾਲੇ ਵੀ ਦਿੱਤੇ। ਅਗਸਤ 2023 'ਚ ਇਕ ਨਬਾਲਗ ਕੁੜੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਪੇਸ਼ਗੀ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਟਿੱਪਣੀ ਕੀਤੀ ਕਿ ਜ਼ਿਆਦਾ ਕੇਸਾਂ 'ਚ ਔਰਤਾਂ ਸਟੇਟ ਤੋਂ ਪੈਸੇ ਲੈਣ ਦੀ ਖ਼ਾਤਰ ਪੌਕਸੋ ਐਕਟ, ਐੱਸਸੀ-ਐੱਸਟੀ ਐਕਟ ਵਗੈਰਾ ਨੂੰ ਹਥਿਆਰ ਦੇ ਰੂਪ 'ਚ ਵਰਤਦੀਆਂ ਹਨ ਅਤੇ ਬੇਕਸੂਰ ਵਿਅਕਤੀਆਂ ਵਿਰੁੱਧ ਝੂਠੇ ਪਰਚੇ ਦਰਜ ਕਰਾਉਂਦੀਆਂ ਹਨ। ਇਸੇ ਤਰ੍ਹਾਂ ਯਾਦਵ ਨੇ ਹਿੰਦੂ ਔਰਤ ਅਤੇ ਮੁਸਲਮਾਨ ਮਰਦ ਦੇ ਅੰਤਰ-ਧਰਮੀ ਵਿਆਹ ਵਿਰੁੱਧ ਪੁਲਿਸ ਵੱਲੋਂ ਦਰਜ ਕੀਤੇ ਝੂਠੇ ਕੇਸ ਨੂੰ ਸਹੀ ਮੰਨ ਕੇ ਆਦੇਸ਼ ਦਿੱਤਾ। ਮੁਕੱਦਮਾ ਪੱਖ ਨੇ ਇਹ ਬਿਰਤਾਂਤ ਘੜ ਕੇ ਮੁਸਲਮਾਨ ਵਿਅਕਤੀ ਵਿਰੁੱਧ 'ਉੱਤਰ ਪ੍ਰਦੇਸ਼ ਗ਼ੈਰ-ਕਾਨੂੰਨੀ ਧਰਮ-ਬਦਲੀ ਮਨਾਹੀ ਐਕਟ' ਲਗਾਇਆ ਸੀ ਕਿ 'ਅਜਿਹੇ ਲੋਕਾਂ ਨੂੰ ਬਾਹਰੋਂ ਹੱਲਾਸ਼ੇਰੀ ਅਤੇ ਫੰਡ ਦਿੱਤੇ ਜਾਂਦੇ ਹਨ, ਸਿਰਫ਼ ਤੇ ਸਿਰਫ਼ ਦੇਸ਼ ਨੂੰ ਕਮਜ਼ੋਰ ਕਰਨ ਲਈ।' ਯਾਦਵ ਨੇ ਸੰਘ ਪਰਿਵਾਰ ਵੱਲੋਂ ਪ੍ਰਚਾਰੀ ਜਾ ਰਹੀ 'ਲਵ ਜਿਹਾਦ' ਦੀ ਸਾਜ਼ਿਸ਼ ਥਿਊਰੀ ਨੂੰ ਸਹੀ ਮੰਨਦਿਆਂ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਦਸੰਬਰ 2021 'ਚ ਇਕ ਮਾਮਲੇ 'ਚ ਜ਼ਮਾਨਤ ਦਿੰਦਿਆਂ ਯਾਦਵ ਨੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਮੁਫ਼ਤ ਕੋਵਿਡ ਵੈਕਸਿਨ ਮੁਹੱਈਆ ਕਰਾਉਣ ਲਈ ਪ੍ਰਧਾਨ ਮੰਤਰੀ ਦਾ ਜੋ ਗੁਣਗਾਣ ਕੀਤਾ ਉਸਦਾ ਉਸ ਮਾਮਲੇ ਨਾਲ ਕੋਈ ਸੰਬੰਧ ਹੀ ਨਹੀਂ ਸੀ। ਇਸੇ ਤਰ੍ਹਾਂ ਜਦੋਂ ਇਕ ਬੈਂਕ ਨਾਲ ਫਰਾਡ ਦੇ ਮਾਮਲੇ 'ਚ ਕੇਂਦਰ ਸਰਕਾਰ ਦੇ ਵਕੀਲ ਨੇ ਕਿਹਾ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੇ 2018 ਦੇ ਫ਼ੈਸਲੇ ਵਿਰੁੱਧ (ਜਿਸ ਵਿਚ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਨ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ) ਰੀਵਿਊ ਪਟੀਸ਼ਨ ਦਾਇਰ ਕਰੇਗੀ ਤਾਂ ਯਾਦਵ ਨੇ ਉਸ ਨਾਲ ਸਹਿਮਤੀ ਪ੍ਰਗਟਾਈ ਕਿ ਜੇ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਿਆ ਜਾ ਸਕਦਾ ਹੈ ਤਾਂ ਆਨਲਾਈਨ ਬੈਂਕ ਫਰਾਡ ਰੋਕਣਾ ਸੁਖਾਲਾ ਹੋਵੇਗਾ। ਤੱਥ ਇਹ ਸੀ ਕਿ ਸਰਕਾਰ ਦੀ ਪਟੀਸ਼ਨ ਤਾਂ ਜੂਨ 2021 'ਚ ਪਹਿਲਾਂ ਹੀ ਸੁਪਰੀਮ ਕੋਰਟ ਵਲੋਂ ਰੱਦ ਕੀਤੀ ਜਾ ਚੁੱਕੀ ਸੀ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਯਾਦਵ ਨੂੰ ਹਾਈ ਕੋਰਟ ਦੇ ਬੈਂਚ ਦਾ ਦਰਜਾ ਦੇਣ ਜਾਂ ਉਸ ਨੂੰ ਸਥਾਈ ਜੱਜ ਨਿਯੁਕਤ ਕਰਨ ਦੀਆਂ ਸਿਫ਼ਾਰਸ਼ਾਂ ਵੀ ਸਵਾਲਾਂ ਦੇ ਘੇਰੇ 'ਚ ਹਨ। ਅਜਿਹੇ ਜੱਜ ਵੱਲੋਂ ਹਿੰਦੂਤਵ ਦਾ ਗੁਣਗਾਣ ਕਰਨ ਜਾਂ ਬਹੁਗਿਣਤੀਵਾਦੀ ਸਿਆਸਤ ਨੂੰ ਖ਼ੁਸ਼ ਕਰਨ ਵਾਲੇ ਫ਼ੈਸਲੇ ਦੇਣਾ ਹੈਰਾਨੀਜਨਕ ਨਹੀਂ ਹੈ।

ਵਿਰੋਧੀ-ਧਿਰ ਦੇ ਸਾਂਸਦਾਂ ਵੱਲੋਂ ਜਸਟਿਸ ਯਾਦਵ ਦੇ ਵਿਰੁੱਧ ਮਹਾਅਭਿਯੋਗ ਦੀ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਵਿਰੋਧੀ-ਧਿਰ ਸੰਘ ਬ੍ਰਿਗੇਡ ਦੇ ਫਿਰਕੂ ਪ੍ਰੋਜੈਕਟ ਨੂੰ ਰੋਕਣ ਲਈ ਲੋਕ-ਰਾਇ ਤਿਆਰ ਕਰਨ ਦੀ ਬਜਾਏ ਨਿਖੇਧੀਨੁਮਾ ਬਿਆਨਬਾਜ਼ੀ ਅਤੇ ਪਾਰਲੀਮੈਂਟਰੀ ਕਵਾਇਦ ਤੱਕ ਸੀਮਤ ਹੈ। ਲੋਕਪੱਖੀ ਤਾਕਤਾਂ ਬੇਹੱਦ ਕਮਜ਼ੋਰ ਹਨ। ਕੁਲ ਮਿਲਾ ਕੇ, ਨਿਆਂ ਪ੍ਰਣਾਲੀ ਸਮੇਤ ਸਮੁੱਚੇ ਰਾਜ ਢਾਂਚੇ ਦੇ ਫਿਰਕੂਕਰਨ ਨੂੰ ਰੋਕਣ ਲਈ ਕੋਈ ਅਸਰਦਾਰ ਲੋਕ ਰਾਇ ਸਾਹਮਣੇ ਨਹੀਂ ਆ ਰਹੀ। ਨਿਆਂਪਾਲਿਕਾ ਅੰਦਰ ਅਜਿਹੇ ਜੱਜਾਂ ਦੇ ਹੁੰਦਿਆਂ ਅਨਿਆਂ ਦੇ ਸਤਾਏ ਲੋਕ, ਖ਼ਾਸ ਕਰਕੇ ਘੱਟ-ਗਿਣਤੀ ਮਜ਼ਲੂਮ, ਨਿਆਂ ਦੀ ਕੀ ਉਮੀਦ ਰੱਖ ਸਕਦੇ ਹਨ? ਸਵਾਲ ਕਿਸੇ ਜੱਜ ਦੇ ਭਾਸ਼ਣ ਦਾ ਨਹੀਂ ਹੈ, ਦਰਅਸਲ ਨਿਆਂਪਾਲਿਕਾ ਅੰਦਰ ਇਕ ਤਕੜਾ ਰੁਝਾਨ ਬਹੁਗਿਣਤੀਵਾਦੀ ਵਿਚਾਰਧਾਰਾ ਨੂੰ ਕੌਮੀ ਸਿਧਾਂਤ ਦੇ ਰੂਪ 'ਚ ਅਤੇ ਸੱਤਾਧਾਰੀ ਆਰਐੱਸਐੱਸ-ਭਾਜਪਾ ਦੀ ਘਿਣਾਉਣੀ ਸਿਆਸਤ ਨੂੰ ਕੌਮੀ ਹਿਤ ਦੇ ਰੂਪ 'ਚ ਸਥਾਪਤ ਕਰ ਕੇ ਆਮ ਬਣਾਉਣ 'ਚ ਜੁੱਟਿਆ ਹੋਇਆ ਹੈ। ਪਿਛਲੇ ਦਿਨੀਂ ਰਿਟਾਇਰ ਹੋਏ ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਇਸ ਦੀ ਇਕ ਵੱਡੀ ਮਿਸਾਲ ਹਨ ਜਿਸਨੇ ਜਨਤਕ ਤੌਰ 'ਤੇ ਬਹੁਗਿਣਤੀ ਧਰਮ ਦਾ ਗੁਣਗਾਣ ਕੀਤਾ। ਇਨ੍ਹਾਂ ਹਾਲਾਤ 'ਚ ਸਵਾਲ ਇਹ ਹੈ ਕਿ ਕੀ ਕਿਸੇ ਇਕ ਜੱਜ ਵਿਰੁੱਧ ਕਾਰਵਾਈ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ ਫਿਰਕੂਕਰਨ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ?

## ਪ੍ਰਧਾਨ ਮੰਤਰੀ ਵਲੋਂ ਸਦਨ 'ਚ ਰੱਖੇ ਗਏ 11 ਸੰਕਲਪ

-ਨਾਗਰਿਕ ਹੋਣ ਜਾਂ ਸਰਕਾਰ ਸਾਰੇ ਆਪਣੇ ਕਰਤੱਵਾਂ ਦੀ ਪਾਲਣਾ ਕਰਨ ।

-ਹਰ ਖੇਤਰ, ਹਰ ਸਮਾਜ ਨੂੰ ਵਿਕਾਸ ਦਾ ਲਾਭ ਮਿਲੇ, ਸਾਰਿਆਂ ਦਾ ਵਿਕਾਸ ਹੋਵੇ।

-ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਹੋਵੇ, ਭ੍ਰਿਸ਼ਟਾਚਾਰੀਆਂ ਨੂੰ ਸਮਾਜ ਸਵੀਕਾਰ ਨਾ ਕਰੇ ।

-ਦੇਸ਼ ਦੇ ਕਾਨੂੰਨ, ਦੇਸ਼ ਦੇ ਨਿਯਮ, ਦੇਸ਼ ਦੀਆਂ ਪਰੰਪਰਾਵਾਂ ਦੀ ਪਾਲਣਾ ਕਰਨ 'ਚ ਨਾਗਰਿਕਾਂ ਨੂੰ ਮਾਣ ਹੋਣਾ ਚਾਹੀਦਾ ਹੈ।

-ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਹੋਵੇ, ਦੇਸ਼ ਦੀ ਵਿਰਾਸਤ 'ਤੇ ਮਾਣ ਹੋਵੇ।



-ਦੇਸ਼ ਦੀ ਰਾਜਨੀਤੀ ਨੂੰ ਪਰਿਵਾਰਵਾਦ ਤੋਂ ਮੁਕਤੀ ਮਿਲੇ।

-ਸੰਵਿਧਾਨ ਦਾ ਸਨਮਾਨ ਹੋਵੇ, ਸਿਆਸੀ ਸਵਾਰਥ ਲਈ ਸੰਵਿਧਾਨ ਨੂੰ ਹਥਿਆਰ ਨਾ ਬਣਾਇਆ ਜਾਵੇ।

-ਸੰਵਿਧਾਨ ਦੀ ਭਾਵਨਾ ਪ੍ਰਤੀ ਸਮਰਪਣ ਰੱਖਦੇ ਹੋਏ ਜਿੰਨ੍ਹਾਂ ਨੂੰ ਰਾਖਵਾਂਕਰਨ ਮਿਲ ਰਿਹਾ ਹੈ, ਉਨ੍ਹਾਂ ਤੋਂ ਖੋਹਿਆ ਨਾ ਜਾਵੇ ਅਤੇ ਧਰਮ ਦੇ ਆਧਾਰ 'ਤੇ ਰਾਖਵੇਂਕਰਨ ਦੀ ਹਰ ਕੋਸ਼ਿਸ਼ 'ਤੇ ਰੋਕ ਲੱਗੇ।

-ਔਰਤਾਂ ਦੀ ਅਗਵਾਈ 'ਚ ਵਿਕਾਸ ਸੰਬੰਧੀ ਭਾਰਤ ਦੁਨੀਆ ਲਈ ਮਿਸਾਲ ਬਣੇ।

-ਸੂਬਿਆਂ ਦੇ ਵਿਕਾਸ ਨਾਲ ਰਾਸ਼ਟਰ ਦੇ ਵਿਕਾਸ ਦਾ ਮੰਤਰ ਹੋਵੇ।


-ਇਕ ਭਾਰਤ, ਸਰਬੋਤਮ ਭਾਰਤ ਦਾ ਉਦੇਸ਼ ਸਭ ਤੋਂ ਪਹਿਲਾਂ ਹੋਵੇ।

### 'ਗਰੀਬੀ ਹਟਾਓ' ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ 'ਜੁਮਲਾ'

ਪ੍ਰਧਾਨ ਮੰਤਰੀ ਨੇ ਕਿਹਾ ਕਿ 'ਗਰੀਬੀ ਹਟਾਓ' ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ 'ਜੁਮਲਾ' ਸੀ, ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਦਿੱਤਾ ਗਿਆ ਨਾਅਰਾ ਸੀ । ਉਨ੍ਹਾਂ ਕਿਹਾ ਕਿ ਦੇਸ਼ ਜਾਣਦਾ ਹੈ ਕਿ ਭਾਰਤ 'ਚ ਸਭ ਤੋਂ ਵੱਡਾ 'ਜੁਮਲਾ' ਜਿਸ ਦੀ ਵਰਤੋਂ ਚਾਰ ਪੀੜ੍ਹੀਆਂ ਵਲੋਂ ਕੀਤੀ ਜਾ ਰਹੀ ਹੈ, ਉਹ ਹੈ 'ਗਰੀਬੀ ਹਟਾਓ'। ਉਨ੍ਹਾਂ ਕਿਹਾ ਕਿ ਇਸ ਜੁਮਲੇ ਨੇ ਕਾਂਗਰਸ ਦੀ ਸਿਆਸੀ ਰੂਪ ਨਾਲ ਮਦਦ ਕੀਤੀ ਪਰ ਗਰੀਬਾਂ ਦੀ ਮਦਦ ਨਹੀਂ ਕੀਤੀ। ਜ਼ਿਕਰਯੋਗ ਹੈ ਕਿ 'ਗਰੀਬੀ ਹਟਾਓ ਦੇਸ਼ ਬਚਾਓ' ਇੰਦਰਾ ਗਾਂਧੀ ਦੀ 1971 ਦੀ ਚੋਣ ਮੁਹਿੰਮ ਦਾ ਮੁੱਖ ਨਾਅਰਾ ਸੀ ।

# ਸੀਰੀਆ ਦੇ ਲੋਕਾਂ ਦੇ ਡਾਢੇ ਦੁਸ਼ਮਣ

ਅੱਠ ਦਸੰਬਰ ਤੋਂ ਪਹਿਲਾਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਸੀਰੀਆ ਦਾ ਜ਼ਾਲਮ ਰਾਸ਼ਟਰਪਤੀ 'ਬਸਰ ਅਲ-ਅਸਾਦ' ਇਸ ਤਰ੍ਹਾਂ ਜ਼ਲੀਲ ਹੋ ਕੇ ਅਤੇ ਅਚਾਨਕ ਦੇਸ਼ ਛੱਡ ਕੇ ਭੱਜ ਜਾਵੇਗਾ! ਕੋਈ ਨਹੀਂ ਸੀ ਜਾਣਦਾ ਕਿ ਸਿਰਫ ਗਿਆਰਾਂ ਦਿਨਾਂ ਦੀ ਲੜਾਈ, ਪਿਛਲੇ 53 ਸਾਲਾਂ ਤੋਂ ਚਲੇ ਆ ਰਹੇ ਇਕੋ ਪਰਿਵਾਰ ਦਾ ਰਾਜਵੰਸ਼ ਖਤਮ ਕਰ ਦੇਵੇਗੀ! ਦੋ ਜੱਥੇਬੰਦੀਆਂ; 'ਹੇਅਤ ਤਾਹੀਰ ਅਲ-ਸ਼ਾਮ' ਅਤੇ 'ਸੀਰੀਅਨ ਨੈਸ਼ਨਲ ਆਰਮੀ' ਦੇ ਲੜਾਕੇ, ਇੰਨੀ ਤੇਜ਼ ਗਤੀ ਨਾਲ ਦੇਸ਼ ਦੀ ਰਾਜਧਾਨੀ ਦਮਸ਼ਕਤ ਵੱਲ ਵਧੇ ਕਿ ਉਨ੍ਹਾਂ ਦੇ ਦੋਸਤਾਂ/ਦੁਸ਼ਮਣਾਂ ਲਈ ਇਹ ਕਿਸੇ ਅਚੰਭੇ ਤੋਂ ਘੱਟ ਨਹੀਂ



ਸੀ! ਤੇਰਾਂ ਸਾਲ ਪਹਿਲਾਂ 2011 'ਚ ਸ਼ੁਰੂ ਹੋਈ ਸੀਰੀਅਨ ਸਿਵਲ ਵਾਰ ਦੇ ਇਸ ਤਰ੍ਹਾਂ ਅਚਾਨਕ ਜੇਤੂ-ਮੋੜ ਕੱਟ ਲੈਣ ਨੇ, ਅਸਿੱਧੇ ਢੰਗ ਨਾਲ ਸੀਰੀਆ ਦੀ ਸਿਵਲ-

**ਪੀ.ਐਸ.ਰੋਡੇ**
**ਫੋਨ: 737-274-2370**

ਵਾਰ 'ਚ ਉਲਝੀਆਂ ਸਾਮਰਾਜੀ ਤੇ ਰੀਜਨਲ ਪਿਛਾਖੜੀ ਸਰਕਾਰਾਂ ਦੇ ਮੁਖੀਆਂ ਲਈ ਭੰਬਲਭੂਸਾ ਖੜਾ ਕਰ ਦਿਤਾ ਕਿ ਉਹ ਇਸ ਇਤਿਹਾਸਕ ਘਟਨਾ ਸੰਬੰਧੀ ਮੀਡੀਏ 'ਚ ਕਿਹੋ ਜਿਹਾ ਬਿਆਨ ਦੇਣ ਅਤੇ ਕੀ ਪੁਜ਼ੀਸ਼ਨ ਲੈਣ!

ਗੱਲ ਸਿਰਫ ਸੀਰੀਆ ਦੀ ਨਹੀਂ ਸਮੁੱਚੇ ਮੱਧ ਪੂਰਬ ਖਿੱਤੇ ਦੀ ਹੈ! ਇਸਦੇ ਆਰਥਕ ਸੋਮਿਆਂ ਅਤੇ ਟਰੇਡ ਰੂਟਾਂ 'ਤੇ ਕਿਹੜੀ ਸਾਮਰਾਜੀ ਤਾਕਤ/ਧਿਰ ਦਾ ਕਬਜ਼ਾ ਹੋਵੇ? ਇਹ ਕਬਜ਼ਾ ਕਰਨ ਤੇ ਬਣਾਈ ਰੱਖਣ ਲਈ ਖਿੱਤੇ ਦੇ ਕਿਹੜੇ ਦੇਸ਼ 'ਚ ਕਿਹੋ ਜਿਹੀ ਪਿਛਾਖੜੀ ਸਰਕਾਰ ਹੋਵੇ? ਆਪਣੇ ਇਨ੍ਹਾਂ ਬੁਰੇ/ਲੋਕ-ਦੋਖੀ ਇਰਾਦਿਆਂ ਦੀ ਪੂਰਤੀ ਲਈ ਕਿਹੋ ਜਿਹੇ ਹੱਥ-ਕੰਡੇ ਅਤੇ ਕਿਹੋ ਜਿਹੀਆਂ ਚਾਲਾਂ ਚੱਲੀਆਂ ਜਾਣ? ਇਹ ਹੈ ਇਨ੍ਹਾਂ ਤਾਕਤਾਂ ਦੇ ਬੁਰੇ ਇਰਾਦਿਆਂ ਦਾ ਪ੍ਰਸੰਗ ਜੀਹਦੇ 'ਚ ਰੱਖ ਕੇ ਸਾਨੂੰ ਸੀਰੀਆ ਦੀਆਂ ਘਟਨਾਵਾਂ ਤੇ ਇਸਦੀ ਹੋਣੀ ਨੂੰ ਵਿਚਾਰਨਾ/ਸਮਝਣਾ ਚਾਹੀਦਾ ਹੈ!


ਮੱਧ-ਪੂਰਬ ਦੇ ਕੇਂਦਰ 'ਚ ਸਥਿਤ, ਮੈਡੀਟੇਰੀਅਨ ਸਮੁੰਦਰ ਦੇ ਕੰਢੇ 'ਤੇ ਵਸਿਆ ਅਤੇ 24 ਮਿਲੀਅਨ ਦੀ ਅਬਾਦੀ ਵਾਲਾ ਦੇਸ਼ ਸੀਰੀਆ; ਤੁਰਕੀ, ਇਰਾਕ, ਜਾਰਡਨ, ਲਿਬਨਾਨ ਤੇ ਇਜ਼ਰਾਈਲ/ਫਲਸਤੀਨ ਦੇਸ਼ਾਂ 'ਚ ਘਿਰਿਆ ਹੋਇਆ ਹੈ! ਵਿਆਪਕ ਪੈਟਰੋਲੀਅਮ ਰਿਜ਼ਰਵਜ਼ ਦਾ ਮਾਲਕ, ਲੁਭਾਉਣਾ ਵਪਾਰਕ ਰੂਟ, ਏਸ਼ੀਆ-ਯੂਰਪ-ਅਫਰੀਕਾ ਦੇ ਚੌਰਾਹੇ 'ਤੇ ਸਥਾਪਤ ਅਤੇ ਫੌਜੀ-ਯੁਧਨੀਤੀ ਪੱਖੋਂ ਕੁੰਜੀਵਤ ਮਹੱਤਤਾ ਰੱਖਦਾ ਹੋਣ ਕਰਕੇ ਸੀਰੀਆ ਸਾਮਰਾਜੀ ਲੁਟੇਰਿਆਂ/ ਧਾੜਵੀਆਂ ਅਤੇ ਉਨ੍ਹਾਂ ਦੇ ਪਿੱਛਲਗਾਂ/ਭਾਈਵਾਲਾਂ ਲਈ ਕਿਸੇ ਵੀ ਹਾਲਤ 'ਚ ਬਖਸ਼ਣ ਯੋਗ ਨਹੀਂ! ਸੀਰੀਆ ਨੂੰ ਦਬਾਉਣ, ਡਰਾਉਣ ਅਤੇ ਆਪਣੀ ਚੁੰਗਲ 'ਚ ਫਸਾਈ ਰੱਖਣ ਲਈ ਇਹ ਦੇਸ਼ ਕੁੱਛ ਵੀ ਕਰ ਸਕਦੇ ਹਨ! ਇਸੇ ਹਵਸ ਨੂੰ ਪੂਰਾ ਕਰਨ ਲਈ ਪਹਿਲੀ ਸੰਸਾਰ ਜੰਗ ਤੋਂ ਬਾਅਦ ਮੱਧ-ਪੂਰਬ ਦੇ ਦੇਸ਼ਾਂ 'ਤੇ ਕਬਜ਼ਾ ਕਰਨ ਲਈ ਬਰਤਾਨੀਆਂ ਤੇ ਫਰਾਂਸ 'ਚ ਚੱਲੇ ਖਹਿ-ਭੇੜ 'ਚ ਸੀਰੀਆ 'ਤੇ ਫਰਾਂਸ ਨੇ ਕਬਜ਼ਾ ਕਰ ਲਿਆ ਸੀ! ਦੂਜੀ ਸੰਸਾਰ ਜੰਗ ਤੋਂ ਬਾਅਦ ਇਸ ਲੁੱਟ-ਖੋਹ 'ਚ ਇਕ ਹੋਰ ਜ਼ੋਰਾਵਰ ਧਾੜਵੀ ਅਮਰੀਕਾ ਸ਼ਾਮਲ ਹੋ ਗਿਆ ਜਿਸ ਨੇ ਹੌਲੀ-ਹੌਲੀ ਮੱਧ ਪੂਰਬ 'ਚੋਂ ਬਾਕੀ ਦੋਨੋਂ ਧਾੜਵੀ; ਫਰਾਂਸ ਤੇ ਬਰਤਾਨੀਆਂ ਪਿੱਛੇ ਧੱਕ ਦਿੱਤੇ! 2011 'ਚ ਸ਼ੁਰੂ ਹੋਈ ਸੀਰੀਆ ਦੀ ਸਿਵਲ-ਵਾਰ ਦੇ ਦੌਰਾਨ ਇਕ ਹੋਰ ਖਤਰਨਾਕ ਬਦਮਾਸ਼ ਰੂਸ ਅਤੇ ਤਿੰਨ ਰੀਜ਼ਨਲ ਵੈਲੀ; ਇਜ਼ਰਾਈਲ, ਇਰਾਨ ਤੇ ਤੁਰਕੀ ਇਸ ਧੱਕੜ ਖੇਡ 'ਚ ਸ਼ਾਮਲ ਹੋ ਗਏ!

ਸੀਰੀਆ ਦੀ ਮੌਜੂਦਾ ਸਿਵਲ-ਵਾਰ ਦੀ ਸ਼ੁਰੂਆਤ 2011 'ਚ ਮੱਧ-ਪੂਰਬ ਦੇ ਬਹੁਤ ਸਾਰੇ ਦੇਸ਼ਾਂ 'ਚ ਆਏ 'ਅਰਬ ਸਪਰਿੰਗ' ਨਾਮ ਦੇ ਉਭਾਰ ਨਾਲ ਹੋਈ ਸੀ! ਪਰ ਪਿਛਾਖੜੀ ਤਾਕਤਾਂ ਬਹੁਤ ਜਲਦ ਇਸਨੂੰ ਗਲਤ ਮੋੜਾ ਦੇਣ 'ਚ ਸਫਲ ਹੋ ਗਈਆਂ!

ਰਾਸ਼ਟਰਪਤੀ 'ਅਸਾਦ' ਦੇ ਕਈ ਵਿਰੋਧੀ ਗਰੁੱਪਾਂ, ਫੌਜ 'ਚੋਂ ਭੱਜੇ ਅਫਸਰਾਂ ਅਤੇ 'ਫਰੀ ਸੀਰੀਅਨ ਆਰਮੀ' ਨਾਮ ਦੇ ਇਸਲਾਮਿਕ ਹਥਿਆਰਬੰਦ ਗਰੁੱਪ ਆਦਿ ਨੇ ਮਿਲ ਕੇ 2012 'ਚ 'ਅਲ-ਨੁਸਰਾ ਫਰੰਟ' ਬਣਾ ਲਿਆ ਜਿਸ ਦਾ ਕਰਤਾ-ਧਰਤਾ 'ਇਸਲਾਮਿਕ ਸਟੇਟ ਆਫ ਇਰਾਕ' ਸੀ! ਅਸਲ 'ਚ ਇਹ ਅਲ-ਕਾਇਦਾ ਦੀ ਸੀਰੀਅਨ ਬਰਾਂਚ ਦਾ ਹੀ ਦੂਜਾ ਨਾਮ ਸੀ! 8 ਦਸੰਬਰ ਨੂੰ ਰਾਸ਼ਟਰਪਤੀ ਅਸਾਦ ਦਾ ਤਖਤਾ ਪਲਟਣ ਵਾਲੀ ਲੀਡਰਸ਼ਿਪ ਦੀ ਪਰਵਰਿਸ਼ ਇਸ ਜਥੇਬੰਦੀ 'ਚ ਹੀ ਹੋਈ ਸੀ! 2016 'ਚ ਇਸ ਜਥੇਬੰਦੀ ਨੇ ਅਲ-ਕਾਇਦਾ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਜਥੇਬੰਦੀ ਦਾ ਨਾਮ ਬਦਲ ਕੇ 'ਹੇਅਤ ਤਾਹੀਰ ਅਲ ਸ਼ਾਮ' ਰੱਖ ਲਿਆ!

ਸੀਰੀਆ ਦੀ ਤਾਜ਼ਾ ਸਿਵਲ-ਜੰਗ ਦੇ ਨੇੜ ਇਤਿਹਾਸ 'ਤੇ ਝਾਤ ਮਾਰੀਏ ਤਾਂ ਦੇਖ ਸਕਦੇ ਹਾਂ ਕਿ ਅਮਰੀਕਾ ਅਤੇ ਉਸਦੇ ਸੰਗੀਆਂ ਨੇ 'ਸੀਰੀਅਨ ਡੈਮੋਕਰੇਟਿਕ ਫੋਰਸ' ਨਾਮ ਦਾ ਆਪੋਜ਼ੀਸ਼ਨ ਖੜਾ ਕਰ ਕੇ, ਸੀਰੀਆ 'ਚ ਅਸਿੱਧਾ ਦਖਲ ਦੇਣਾ ਤਾਂ ਪਹਿਲਾਂ ਹੀ ਸ਼ੁਰੂ ਕਰ ਦਿਤਾ ਸੀ ਪਰ 22 ਸਤੰਬਰ 2014 'ਚ ਸੀਰੀਆ 'ਤੇ; ਫਾਈਟਰਜ਼, ਬੰਬਰਜ਼ ਅਤੇ ਟੋਮਹਾਕ-ਮਿਜ਼ਾਇਲਾਂ ਨਾਲ ਹਮਲਾ ਕਰਕੇ, ਸੀਰੀਆ ਦੀ ਸਿਆਸਤ 'ਚ ਸਿੱਧੇ ਦਖਲ ਦਾ ਐਲਾਨ ਕਰ ਦਿੱਤਾ! ਰਾਸ਼ਟਰਪਤੀ ਬਰਾਕ ਓਬਾਮਾ ਦੇ ਪਰੈਸ ਸੈਕਟਰੀ ਜੌਹਨ ਕਿਰਬੀ ਨੇ ਉਸੇ ਦਿਨ ਤਸਦੀਕ ਕਰ ਦਿਤਾ ਕਿ ਇਹ ਹਮਲਾ ਉਨ੍ਹਾਂ ਨੇ ਕੀਤਾ ਹੈ! ਇਸ ਤੋਂ ਇਕ ਸਾਲ ਬਾਅਦ ਸਤੰਬਰ 2015 'ਚ ਰਾਸ਼ਟਰਪਤੀ ਅਸਾਦ ਦੇ ਸੱਦੇ 'ਤੇ ਰੂਸ ਵੀ ਆ ਗਿਆ! ਸੀਰੀਆ 'ਚ ਆਪਣੇ ਏਅਰ-ਬੇਸ ਸਥਾਪਤ ਕਰਕੇ ਰੂਸ ਨੇ ਸੀਰੀਆ ਦੀ ਸਰਕਾਰ ਨਾਲ 49 ਸਾਲ ਦਾ ਸਮਝੌਤਾ ਕਰ ਲਿਆ ਕਿ ਸੀਰੀਆ 'ਚ ਰੂਸ ਦੇ ਏਅਰ-ਬੇਸ ਹੋਰ 49 ਸਾਲ ਰਹਿਣਗੇ! ਇਨ੍ਹਾਂ ਦੋਨੋਂ ਦੇਸ਼ਾਂ-ਰੂਸ ਤੇ ਅਮਰੀਕਾ ਦੀਆਂ ਫੌਜਾਂ ਨੇ ਅਜੇ ਵੀ ਸੀਰੀਆ 'ਚ ਡੇਰੇ ਲਾਏ ਹੋਏ ਹਨ!

ਹੁਣ 8 ਦਸੰਬਰ ਨੂੰ ਜਦੋਂ ਬਾਗੀ ਇਸਲਾਮਿਕ ਲੜਾਕਿਆਂ ਨੇ ਰਾਜਧਾਨੀ ਦਮਸ਼ਕਤ 'ਤੇ ਕਬਜ਼ਾ




ਕਰ ਲਿਆ ਤਾਂ ਸੀਰੀਆ ਦੀ ਸਿਆਸਤ 'ਚ ਸਿੱਧੇ/ਅਸਿੱਧੇ ਉਲਝੀਆਂ ਬਾਹਰੀ ਤਾਕਤਾਂ, ਇਕ ਦਿਨ ਭੰਬਲਭੂਸੇ 'ਚ ਰਹਿਣ ਤੋਂ ਬਾਅਦ ਆਪੋ-ਆਪਣੇ ਹਿਤਾਂ ਮੁਤਾਬਕ ਸਰਗਰਮ ਹੋ ਗਈਆਂ! ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਪਹਿਲੇ ਦਿਨ ਤਾਂ ਕਿਹਾ ਕਿ ਇਸਲਾਮਿਕ ਬਾਗੀਆਂ ਦੀ ਜਿੱਤ ਦਾ ਕਾਰਨ, ਹਮਾਸ ਅਤੇ ਹਿਜ਼ਬਉਲਾ ਖਿਲਾਫ ਸਾਡੇ ਵਲੋਂ ਕੀਤੀਆਂ ਕਾਰਵਾਈਆਂ ਹਨ! ਫਿਰ ਉਸੇ ਦਿਨ ਸੀਰੀਆ 'ਤੇ ਹਵਾਈ 'ਤੇ ਜ਼ਮੀਨੀ ਹਮਲਾ ਕਰਕੇ ਦੋਹਾਂ ਦੇਸ਼ਾਂ ਵਿਚਕਾਰ ਬਾਫਰ ਬਾਰਡਰ ਜ਼ੋਨ ਵਜੋਂ ਜਾਣੇ ਜਾਂਦੇ 'ਗੋਲਡਨ ਹਾਈਟਸ' ਨਾਮ ਦੇ ਸੀਰੀਅਨ ਇਲਾਕੇ 'ਤੇ ਕਬਜ਼ਾ ਕਰ ਲਿਆ! ਉਸ ਤੋਂ ਬਾਅਦ ਕਿਹਾ ਕਿ ਇਹ ਇਲਾਕਾ ਹੈ ਤਾਂ ਸੀਰੀਆ ਦਾ ਹੀ ਹਿਸਾ ਪਰ ਅਸੀਂ ਇਜ਼ਰਾਈਲ ਦੀ ਸਕਿਓਰਿਟੀ ਦੀਆਂ ਲੋੜਾਂ ਤਹਿਤ ਇਸ 'ਤੇ ਆਰਜ਼ੀ ਤੌਰ 'ਤੇ ਕਬਜ਼ਾ ਕੀਤਾ ਹੈ! ਇਸਤੋਂ ਅਗਲੇ ਦਿਨ ਮੀਡੀਏ 'ਚ ਚਰਚਾ ਚਲਾ ਦਿਤੀ ਕਿ ਡੋਨਲਡ ਟਰੰਪ ਨੇ ਆਪਣੇ ਪਹਿਲੇ ਰਾਜਕਾਲ ਦੌਰਾਨ ਕਿਹਾ ਸੀ ਕਿ 'ਗੋਲਡਨ ਹਾਈਟਸ' ਇਜ਼ਰਾਈਲ ਦਾ ਹਿੱਸਾ ਹੈ! ਪਰ ਇਸ ਤੋਂ ਬਾਅਦ ਇਜ਼ਰਾਈਲ ਨੇ ਆਪਣੇ ਹਮਲੇ ਦਾ ਘੇਰਾ ਵਧਾ ਕੇ ਸੀਰੀਆ ਦੀ ਮਿਲਟਰੀ ਦੇ ਠਿਕਾਣਿਆਂ 'ਤੇ ਹਮਲੇ ਕਰਕੇ, ਉਸਦੀ ਏਅਰਕਰਾਫਟ ਤੇ ਨੇਵੀ ਫਲੀਟਸ ਨੂੰ ਤਬਾਹ ਕਰ ਦਿਤਾ! ਇਜ਼ਰਾਈਲ ਦਾ ਇਹ ਹਮਲਾ ਇੱਥੇ ਹੀ ਨਹੀਂ ਰੁਕਿਆ, ਉਸਨੇ ਸੀਰੀਆ ਦੀ ਰਾਜਧਾਨੀ ਦਮਸ਼ਕਤ 'ਤੇ ਵੀ ਬੰਬਾਰਮੈਂਟ ਸ਼ੁਰੂ ਕਰ ਦਿੱਤੀ ਹੈ! ਇਸ ਮਾਮਲੇ 'ਚ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ ਦੀ ਨੀਅਤ ਸੀਰੀਆ ਨੂੰ ਦੂਜਾ ਫਲਸਤੀਨ ਬਣਾਉਣ ਦੀ ਹੈ!

ਓਧਰ ਅਮਰੀਕਾ ਨੇ ਵੀ ਅਗਲੇ ਹੀ ਦਿਨ ISS ਟਿਕਾਣਿਆਂ ਦੀ ਗੱਲ ਕਰਕੇ 75 ਥਾਵਾਂ 'ਤੇ ਬੰਬਾਰਮੈਂਟ ਕੀਤੀ ਅਤੇ ਆਪਣੇ ਤੌਰ 'ਤੇ ਹੀ ਫੈਸਲਾ ਸੁਣਾ ਦਿੱਤਾ ਕਿ ISS ਨੂੰ ਭਾਂਜ ਦੇਣ ਲਈ ਅਮਰੀਕੀ ਫੌਜ ਨੂੰ ਥੋੜ੍ਹੇ ਹੋਰ ਸਮੇਂ ਲਈ ਸੀਰੀਆ 'ਚ ਰਹਿਣਾ ਪਏਗਾ! ਪਰ ਦੇਸ਼ ਸੀਰੀਆ ਦੀ ਪ੍ਰਭੂਸੱਤਾ ਦਾ ਕੀ ਬਣੂੰ? ਇਸਦਾ ਕੋਈ ਜਵਾਬ ਨਹੀਂ! ਇਕ ਹੋਰ ਗੱਲ, ਇਜ਼ਰਾਈਲ ਵਲੋਂ ਸੀਰੀਆ ਦੇ ਇਲਾਕੇ 'ਗੋਲਡਨ ਹਾਈਟਸ' 'ਤੇ ਤਾਜ਼ਾ ਕਬਜ਼ੇ ਦੀ ਰਾਸ਼ਟਰਪਤੀ ਬਾਈਡਨ ਨੇ ਹਮਾਇਤ ਕੀਤੀ ਹੈ! ਆਪਣੀ ਨਾਪਾਕ ਹਮਾਇਤ ਨੂੰ ਠੀਕ ਦਰਸਾਉਣ ਲਈ ਉਸਨੇ ਕਿਹਾ, 'ਇਹ ਜ਼ਮੀਨ ਹਥਿਆਉਣਾ ਨਹੀਂ, ਸਕਿਓਰਟੀ ਚੋਣ ਹੈ!' ਬਾਈਡਨ ਤੋਂ ਪੁੱਛਿਆ ਜਾ ਸਕਦਾ ਹੈ ਕਿ ਯੂਕਰੇਨ 'ਤੇ ਹਮਲਾ ਕਰਨ ਮੌਕੇ ਰੂਸ ਦੀ ਵੀ ਇਕ ਦਲੀਲ ਇਹੋ ਸੀ ਕਿ 'ਨਾਟੋ' ਨਾਲ ਯੂਕਰੇਨ ਦੇ ਸੰਬੰਧਾਂ ਕਰਕੇ ਰੂਸ ਦੀ ਸਕਿਓਰਟੀ ਨੂੰ ਖਤਰਾ ਹੈ ਅਤੇ ਇਹ ਹਮਲਾ ਉਸਦੀ 'ਸੁਰੱਖਿਆ' ਚੋਣ ਹੈ! ਜੇ ਬਾਈਡਨ ਦੀ ਦਲੀਲ ਨੂੰ ਠੀਕ ਮੰਨ ਲਿਆ ਜਾਏ ਤਾਂ ਫਿਰ ਰੂਸ ਦਾ ਯੂਕਰੇਨ 'ਤੇ ਹਮਲਾ ਗਲਤ ਕਿਵੇਂ ਹੋਇਆ? ਜੇ ਉਹ ਠੀਕ ਹੈ ਤਾਂ ਅਮਰੀਕਾ ਯੂਕਰੇਨ ਨੂੰ ਟਨਾਂ-ਮੂੰਹੀਂ ਮਾਰੂ ਹਥਿਆਰ ਕਿਓਂ ਦੇ ਰਿਹਾ ਹੈ? ਜੇ ਇਜ਼ਰਾਈਲ ਨੇ ਆਪਣੀ ਸੁਰੱਖਿਆ ਕਰਨੀ ਐ ਤਾਂ ਆਪਦੇ ਬਾਰਡਰ 'ਤੇ ਫੌਜਾਂ ਲਾ ਕੇ ਕਰੇ, ਦੂਸਰੇ ਦੇਸ਼ 'ਤੇ ਹਮਲਾ ਕਰਨ ਦਾ ਹੱਕ ਉਸਨੂੰ ਕਿਸਨੇ ਦਿੱਤਾ ਹੈ?

'ਸਕਿਓਰਟੀ ਚੋਣ' ਦੀ ਦਲੀਲ ਦੇਣ ਵਾਲਾ ਇਕ ਹੋਰ ਦੇਸ਼ 'ਤੁਰਕੀ' ਵੀ ਹੈ ਜਿਸ ਦੀ ਫੌਜ ਨੇ ਸੀਰੀਆ ਦੀ 'ਕੁਰਦ' ਘੱਟ-ਗਿਣਤੀ 'ਤੇ ਹਮਲਾ ਵਿੱਢਿਆ ਹੋਇਆ ਹੈ! ਬਹਾਦਰ ਕੁਰਦ ਕੌਮ ਚਾਰ ਦੇਸ਼ਾਂ 'ਚ ਵੰਡੀ ਹੋਈ ਹੈ! ਇਨ੍ਹਾਂ ਚਾਰ ਦੇਸ਼ਾਂ-ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੇ ਸਾਂਝੇ ਬਾਡਰ 'ਤੇ ਵਸੀ/ਖਿੰਡੀ ਇਹ ਕੌਮ, ਵੰਡ ਦੀਆਂ ਲਕੀਰਾਂ ਮੇਟ ਕੇ ਆਪਣਾ ਵੱਖਰਾ ਦੇਸ਼ 'ਕੁਰਦਸਤਾਨ' ਬਣਾਉਣ ਲਈ ਸੰਘਰਸ਼ਸ਼ੀਲ ਹੈ! ਤੁਰਕੀ ਨੂੰ ਇਤਰਾਜ਼ ਹੈ ਕਿ ਬਾਰਡਰ ਦੇ ਸੀਰੀਆ ਵਾਲੇ ਪਾਸੇ ਰਹਿੰਦੇ ਕੁਰਦ, ਤੁਰਕੀ ਵਾਲੇ ਪਾਸੇ ਰਹਿੰਦੇ ਕੁਰਦਾਂ ਨੂੰ ਤੁਰਕੀ ਦੀ ਸਰਕਾਰ ਖਿਲਾਫ ਜੰਗ ਲਈ ਪ੍ਰੇਰਦੇ ਹਨ! ਹੋ ਸਕਦਾ ਐ ਇਹ ਸੱਚ ਹੋਵੇ ਪਰ ਤੁਰਕੀ ਦੀ ਸਰਕਾਰ ਨੂੰ ਇਹ ਹੱਕ ਕੀਹਨੇ ਦਿੱਤਾ ਹੈ ਕਿ ਉਹ ਦੂਜੇ ਦੇਸ਼ 'ਸੀਰੀਆ' ਦੀ ਹੱਦ ਟੱਪ ਕੇ ਉਸਦੇ ਕੁਰਦ ਸ਼ਹਿਰੀਆਂ ਦਾ ਕਤਲੇਆਮ ਕਰੇ?

ਸੀਰੀਆ ਇਕ ਗਰੀਬ ਦੇਸ਼ ਐ ਜੀਹਦੀ 90% ਜਨਤਾ ਗਰੀਬੀ ਦੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰ ਰਹੀ ਹੈ! ਇਨ੍ਹਾਂ 'ਚੋਂ 17 ਮਿਲੀਅਨ ਲੋਕਾਂ ਨੂੰ ਫੌਰੀ ਮਨੁੱਖੀ ਸਹਾਇਤਾ ਦੀ ਲੋੜ ਹੈ! 13 ਸਾਲ ਚੱਲੀ ਇਸ ਸਿਵਲ-ਵਾਰ 'ਚ ਇਕ ਲੱਖ ਸੱਤਰ ਹਜ਼ਾਰ ਸੀਰੀਆ ਦੇ ਸਿਟੀਜ਼ਨ ਮਾਰੇ ਗਏ ਅਤੇ 5.4 ਮਿਲੀਅਨ ਲੋਕਾਂ ਨੇ ਭੱਜ ਕੇ ਹੋਰਨਾਂ ਦੇਸ਼ਾਂ 'ਚ ਪਨਾਹ ਲਈ ਹੋਈ ਹੈ! ਪਿਛਲੇ ਦਸ ਦਿਨਾਂ 'ਚ ਹੀ 4 ਲੱਖ ਤੋਂ ਵੱਧ ਲੋਕ ਘਰੋਂ ਬੇਘਰ ਹੋ ਗਏ ਹਨ! ਇਜ਼ਰਾਈਲ, ਅਮਰੀਕਾ ਅਤੇ ਤੁਰਕੀ ਵਲੋਂ ਵਿੱਢੇ ਹਮਲੇ, ਖਾਸ ਕਰ ਕੇ ਇਜ਼ਰਾਈਲ ਵਲੋਂ ਕੀਤੀ ਜਾ ਰਹੀ ਸੀਰੀਆ ਦੀ ਤਬਾਹੀ ਦਾ ਲੋਕਾਂ ਦੀ ਜ਼ਿੰਦਗੀ 'ਤੇ ਕਿਹੋ ਜਿਹਾ ਪ੍ਰਭਾਵ ਪਏਗਾ? ਇਸਦਾ ਅੰਦਾਜ਼ਾ ਲਾਉਣਾ ਅਜੇ ਬਾਕੀ ਹੈ!

ਲੋਕਾਂ ਨੂੰ ਇਸ ਗੁਰਬਤ ਤੇ ਦੋਜ਼ਖ ਭਰੀ ਜ਼ਿੰਦਗੀ ਤੋਂ ਨਿਜ਼ਾਤ ਦੁਆਉਣ ਦੀ ਜ਼ਿੰਮੇਵਾਰੀ, ਸੀਰੀਆ ਦੀ ਬਣਨ ਜਾ ਰਹੀ ਨਵੀਂ ਸਰਕਾਰ ਦੀ ਹੈ! ਰਾਸ਼ਟਰਪਤੀ ਅਸਾਦ ਦੇ ਦੇਸ਼ ਛੱਡ ਕੇ ਭੱਜਣ ਤੋਂ ਬਾਅਦ ਰਾਜਸੱਤਾ 'ਤੇ ਕਬਜ਼ਾ ਕਰਨ ਵਾਲੇ ਇਸਲਾਮਿਕ ਲੜਾਕੂਆਂ ਦੀ ਲੀਡਰਸ਼ਿਪ ਨੇ, 2016 'ਚ ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਅੱਠ ਸਾਲ 'ਅਸਾਦ' ਸਰਕਾਰ ਦੇ ਖ਼ਿਲਾਫ ਲੜਨ ਦੇ ਨਾਲੋ-ਨਾਲ ਲੋਕਾਂ 'ਚ ਕਾਫੀ ਸੋਸ਼ਲ ਵਰਕ ਵੀ ਕੀਤਾ ਹੈ! ਇਨ੍ਹਾਂ ਦਾ ਸਭ ਤੋਂ ਵੱਧ ਚਮਕਿਆ ਲੀਡਰ 'ਅਹਿਮਦ ਹੁਸੈਨ ਅਲ-ਸ਼ਾਰਾ (ਅੱਬੂ ਮੁਹੰਮਦ ਅਲ-ਜੁਲਾਨੀ) ਜਿਹੜਾ ਅਮਰੀਕਾ ਦੀ ਖ਼ੂੰਖਾਰ ਅੱਤਵਾਦੀਆਂ ਦੀ ਲਿਸਟ 'ਚ ਸ਼ਾਮਲ ਸੀ ਅਤੇ ਜੀਹਦੇ ਸਿਰ 'ਤੇ ਅਮਰੀਕਾ ਨੇ 10 ਮਿਲੀਅਨ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ! ਉਹ, ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਆਪਣੇ ਆਪ ਨੂੰ ਇਸਲਾਮਿਕ ਇਨਕਲਾਬੀ ਵਜੋਂ ਪੇਸ਼ ਕਰਦਾ ਰਿਹਾ ਹੈ ਅਤੇ ਲੋਕਾਂ 'ਚ ਤਿੰਨ ਮੁੱਦੇ ਉਭਾਰਦਾ ਰਿਹਾ ਹੈ!

1) ਲੋਕਲ ਸਰਕਾਰ, 2) ਆਰਥਕ ਮੁੱਦੇ, 3) ਮਨੁੱਖੀ ਸਹਾਇਤਾ! ਇਸਦੇ ਨਾਲ ਹੀ ਉਹ ਖੁਦ ਨੂੰ ਬਹੁਵਾਦੀ (pluralist) ਅਤੇ ਸਹਿਣਸ਼ੀਲਤਾ ਦੇ ਚੈਂਪੀਅਨ ਵਜੋਂ ਵੀ ਉਭਾਰਦਾ ਰਿਹਾ ਹੈ!

ਅਹਿਮਦ ਹੁਸੈਨ ਅਲ-ਸ਼ਾਰਾ ਦੇ ਇਰਾਦੇ ਸ਼ੁਭ ਲਗਦੇ ਐ! ਪਰ ਸੁਣਿਆ ਹੈ ਕਿ ਉਹ ਅਤੇ ਬਾਕੀ ਲੀਡਰਸ਼ਿਪ ਸੀਰੀਆ ਨੂੰ 'ਇਸਲਾਮਿਕ ਸਟੇਟ' ਐਲਾਨਣ ਨੂੰ ਫਿਰਦੀ ਹੈ, ਇਸ ਲਈ ਸ਼ੁਭ ਇਰਾਦਿਆਂ ਨੂੰ ਵੀ ਬੂਰ ਪੈਣਾ ਮੁਸ਼ਕਲ ਹੈ! ਕਿਓਂਕਿ ਧਰਮ ਅਤੇ ਸਿਆਸਤ ਨੂੰ ਵੱਖ ਕਰਨਾ, ਸਮਾਜਕ ਵਿਕਾਸ ਲਈ ਅੱਜ ਦੇ ਯੁੱਗ ਦੀ ਮੁਢਲੀ ਸ਼ਰਤ ਹੈ! ਧਾਰਮਕ ਵਿਚਾਰਧਾਰਾ, ਇਤਿਹਾਸਕ ਤੌਰ 'ਤੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਹੈ! ਕੋਈ ਸਮਾਜ ਕਿਸ ਰੁਖ਼ ਅਤੇ ਕਿਸ ਗਤੀ ਨਾਲ ਵਿਕਾਸ ਕਰੇਗਾ? ਇਸਦਾ ਨਿਰਣਾ ਸਬੰਧਤ ਸਿਆਸਤ ਕਰਦੀ ਹੈ!

---

# ਭਾਰਤ ਦੀਆਂ ਸੜਕਾਂ, ਵਾਹਨ ਤੇ ਹਾਦਸੇ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪਾਕਿਸਤਾਨ ਫੇਰੀ ਉੱਤੇ ਜਾਈਏ ਤਾਂ ਉਥੋਂ ਦੀਆਂ ਸੜਕਾਂ ਕੰਢੇ ਰੁੱਖਾਂ ਅਤੇ ਇਨ੍ਹਾਂ ਉੱਤੇ ਚੱਲਣ ਵਾਲੇ ਚਾਰ ਪਹੀਆ ਵਾਹਨਾਂ ਦੀ ਘਾਟ ਰੜਕਦੀ ਹੈ। ਸੜਕਾਂ ਭੈੜੀਆਂ ਹਨ ਤੇ ਕਾਰਾਂ ਟਾਵੀਆਂ ਟਾਵੀਆਂ। ਏਧਰਲੇ ਪੰਜਾਬ ਦੀ ਉੱਨਤੀ ਵੀ ਚੇਤੇ ਆਉਂਦੀ ਹੈ ਅਤੇ ਖਾਲਿਸਤਾਨੀ ਮੰਗ ਦਾ ਖੋਖਲਾਪਨ ਵੀ।

ਇਹ ਗੱਲ ਵੱਖਰੀ ਹੈ ਕਿ ਏਧਰ ਦੇ ਸੜਕ ਹਾਦਸੇ ਉਪ੍ਰੋਕਤ ਫਖ਼ਰ ਦੀ ਫੂਕ ਕੱਢ ਦਿੰਦੇ ਹਨ। ਉੱਤਰ ਪ੍ਰਦੇਸ਼ ਵਾਲੇ ਖਾਸ ਕਰਕੇ। ਭਾਰਤ ਦੀਆਂ ਕੁੱਲ ਸੜਕਾਂ ਵਿਚੋਂ ਕੇਵਲ ਪੰਜ ਪ੍ਰਤੀਸ਼ਤ ਹਾਈਵੇਅਜ਼ ਹਨ ਪਰ ਇਨ੍ਹਾਂ ਉੱਤੇ ਹੋਣ ਵਾਲੀਆਂ ਮੌਤਾਂ ਦੀ ਪ੍ਰਤੀਸ਼ਤ 60 ਹੈ।

ਸੜਕ ਬਣਾਉਣ ਵਾਲਿਆਂ ਦੀ ਲਾਪ੍ਰਵਾਹੀ ਤੇ ਬੇਈਮਾਨੀ ਵੀ ਰੜਕਦੀ ਹੈ ਅਤੇ ਮੁਰੰਮਤ ਕਰਨ ਵਾਲਿਆਂ ਦੀ ਅਣਗਹਿਲੀ ਵੀ। ਹਾਦਸੇ ਸ਼ਿਕਾਰ ਹੋਣ ਵਾਲਿਆਂ ਲਈ ਸਥਾਪਤ ਕੀਤੇ ਗਏ ਟਰਾਮਾ ਸੈਂਟਰ ਵੀ ਨਾਂ-ਮਾਤਰ ਹਨ। ਜਿਹੜੇ ਹਨ ਉਨ੍ਹਾਂ ਵਿਚ ਲੋੜੀਂਦੀਆਂ ਸਹੂਲਤਾਂ ਨਹੀਂ। ਮਾੜੀ ਗੱਲ ਇਹ ਕਿ ਏਥੋਂ ਦੇ ਡਰਾਈਵਰ ਹੀ ਨਹੀਂ ਸਰਕਾਰਾਂ ਵੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੀਆਂ। ਡਰਾਈਵਰ ਗਲਤ ਸਾਈਡ ਤੋਂ ਮੋੜ ਕੱਟ ਕੇ ਪੈਟਰੋਲ ਬਚਾਉਂਦੇ ਹਨ, ਰੇੜ੍ਹੇ ਵਾਲੇ ਲਾਲ ਬੱਤੀ ਤੋਂ ਵਾਂਝਾ ਵਾਹਨ ਸੜਕ ਦੇ ਕੰਢ ਖੜ੍ਹਾ ਕਰ ਕੇ ਤੁਰ ਜਾਂਦੇ ਹਨ ਤੇ ਪੁਲੀਸ ਚਲਾਮ ਕੱਟਣ ਦੀ ਥਾਂ ਪੈਸੇ ਲੈ ਕੇ ਤੋਰ ਦਿੰਦੀ ਹੈ। ਜਿੰਨੀ ਵੱਡੀ ਗੱਡੀ ਓਨੀਆਂ ਹੀ ਗ਼ਲਤੀਆਂ। ਇਸ ਨੂੰ ਅਖਣ 'ਜਿਸ ਕੀ ਲਾਠੀ ਉਸਕੀ ਭੈਂਸ' ਦਾ ਵਰਤਮਾਨ ਬਦਲ ਵੀ ਕਹਿ ਸਕਦੇ ਹਾਂ। ਸਾਈਕਲਾਂ ਵਾਲੇ ਏਧਰ-ਓਧਰ ਤੱਕੇ ਬਿਨਾ ਉਂਗਲੀ ਜਾਂ ਹੱਥ ਦਾ ਇਸ਼ਾਰਾ ਕਰ ਕੇ ਮੋੜ ਕੱਟਦੇ ਫੋਰਾ ਨਹੀਂ ਲਾਉਂਦੇ। ਸਰਕਾਰਾਂ ਤੇ ਉਨ੍ਹਾਂ ਦੇ ਮੰਤਰੀ ਇਹ ਸਭ ਕੁਝ ਜਾਣਦੇ ਹਨ ਪਰ ਇਸਦੇ ਹੱਲ ਵੱਲ ਧਿਆਨ ਨਹੀਂ ਦਿੰਦੇ।

ਅੱਵਲ ਤੇ ਪੁਲ ਬਣਦੇ ਨਹੀਂ ਜੇ ਬਣ ਰਹੇ ਹੁੰਦੇ ਹਨ ਤਾਂ ਖਤਰੇ ਤੋਂ ਸਾਵਧਾਨ ਨਹੀਂ ਕਰਦੇ। ਪ੍ਰਮਾਣ ਵਜੋਂ ਬਰੇਲੀ ਤੋਂ ਬਦਾਈਉਂ ਵਿਚਕਾਰ ਇਕ ਪੁਲ ਦੀ ਉਸਾਰੀ 2018 ਵਿਚ ਸ਼ੁਰੂ ਹੋਈ ਸੀ ਪਰ ਅੱਧ ਵਿਚਕਾਰ ਇਸਦੇ ਨਿਰਮਾਣ ਦੀ ਜ਼ਿੰਮੇਵਾਰ ਪੀਡਬਲਯੂਡੀ ਨੇ ਲੈ ਲਈ। ਸਾਵਧਾਨੀ ਦਾ ਬੋਰਡ ਕਿਸੇ ਵੀ ਨਹੀਂ ਸੀ ਲਾਇਆ। ਨਵੰਬਰ ਮਹੀਨੇ ਦੁਰਘਟਨਾ ਵਾਪਰ ਗਈ। ਬਰੇਕਾਂ ਲਾਉਣ ਤੋਂ ਪਹਿਲਾਂ ਹੀ ਕਾਰ ਡਿੱਗ ਕੇ ਤਬਾਹ ਹੋ ਗਈ ਤੇ ਬੰਦੇ ਮਰ ਗਏ। ਦੋਸ਼ੀ ਬਚਣ ਦਾ ਰਾਹ ਜਾਣਦੇ ਹਨ। ਏਥੇ ਵੀ ਲੱਭ ਲੈਣਗੇ।

**ਪ੍ਰਦੂਸ਼ਤ ਦਿੱਲੀ ਤੇ ਉੱਚਿਤ ਵਿਧੀਆਂ**

ਮੈਂ ਕੱਲ੍ਹ ਹੀ ਦਿੱਲੀ ਤੋਂ ਪਰਤਿਆ ਹਾਂ। ਹੁਣ ਦਿੱਲੀ ਉਹ ਨਹੀਂ ਰਹੀ ਜਿਸ ਵਿਚ ਮੈਂ 1953 ਤੋਂ 1984 ਤੱਕ ਮੌਜਾਂ ਮਾਣੀਆਂ ਸਨ। ਏਨੀਆਂ ਕਿ ਚੰਡੀਗੜ੍ਹ ਆ ਕੇ ਪਿੱਛੇ ਛੱਡੀ ਦਿੱਲੀ ਦੀ ਯਾਦ ਸਤਾ ਰਹੀ ਸੀ। ਪਰ ਹੁਣ ਦਿੱਲੀ ਨੂੰ ਪੈਰ ਪੁੱਟਦਿਆਂ ਡਰ ਲਗਦਾ ਹੈ। ਪਰ ਜਾਏ ਬਿਨਾ ਵੀ ਨਹੀਂ ਰਿਹਾ ਜਾਂਦਾ। ਪ੍ਰਦੂਸ਼ਣ ਬਾਰੇ ਪੜ੍ਹਦੇ ਰਹਿਣ ਦਾ ਆਦੀ ਹਾਂ ਆਪਣੇ ਆਪ ਨੂੰ ਦਿੱਲੀ ਤੋਂ ਬਾਹਰ ਰਹਿ ਰਹੇ ਉਨ੍ਹਾਂ ਪਾੜ੍ਹਿਆਂ ਵਿਚੋਂ ਗਿਣਦਾ ਹਾਂ ਜਿਨ੍ਹਾਂ ਨੂੰ ਪ੍ਰਦੂਸ਼ਣ ਬਾਰੇ ਪੂਰੀ ਜਾਣਕਾਰੀ ਹੈ।

ਹਾਲ ਹੀ ਵਿਚ ਵਿਸ਼ਵ ਸਿਹਤ ਸੰਗਠਨ ਵੱਲੋਂ ਹਵਾ ਦੀ ਕੁਆਲਿਟੀ ਸਬੰਧੀ ਜਾਰੀ ਕੀਤੇ ਗਏ ਸਰਵੇ ਦੀ ਰਿਪੋਰਟ ਆਈ ਹੈ। ਇਹ ਦੱਸਦੀ ਹੈ ਕਿ ਦੁਨੀਆਂ ਦੀ ਕੁੱਲ ਆਬਾਦੀ ਦੇ 99 ਪ੍ਰਤੀਸ਼ਤ ਲੋਕ ਅਜਿਹੀ ਹਵਾ ਵਿਚ ਸਾਹ ਲੈਂਦੇ ਹਨ ਜਿਸ ਦੀ ਕੁਆਲਿਟੀ ਸ਼ੁੱਧਤਾ ਦੇ ਮਾਪਦੰਡਾਂ ਉੱਤੇ ਪੂਰੀ ਨਹੀਂ ਉੱਤਰਦੀ। ਆਮ ਲੋਕਾਂ ਵੱਲੋਂ ਸਾਹ ਵਾਸਤੇ ਲਈ ਜਾਂਦੀ ਹਵਾ ਅਜਿਹੇ ਕਣਾਂ ਨਾਲ ਭਰਪੂਰ ਹੈ ਜੋ ਆਦਮੀ ਦੇ ਖ਼ੂਨ ਦੀਆਂ ਨਾੜੀਆਂ ਵਿਚ ਦਾਖ਼ਿਲ ਹੋ ਕੇ ਭਿਆਨਕ ਰੋਗਾਂ ਦਾ ਕਾਰਨ ਬਣਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਤੇ ਇਸਦੇ ਗੁਆਂਢੀ ਕਸਬੇ ਤੇ ਸ਼ਹਿਰ ਗਾਜ਼ੀਆਬਾਦ, ਨੋਇਡਾ ਤੇ ਫ਼ਰੀਦਾਬਾਦ ਦੇ ਅੰਕੜੇ ਅਤਿਅੰਤ ਦੁਖਦਾਈ ਹਨ।

ਦਿੱਲੀ ਦੁਨੀਆਂ ਭਰ ਦੀਆਂ ਰਾਜਧਾਨੀਆਂ ਨਾਲੋਂ ਪ੍ਰਦੂਸ਼ਤ ਗਰਦਾਨੀ ਗਈ ਹੈ। ਇਸਦਾ ਮੂਲ ਕਾਰਨ ਉਦਯੋਗਕ ਵਿਕਾਸ ਲਈ ਲੋੜੀਂਦੀ ਊਰਜਾ ਵਿਚ ਆਇਆ ਵਾਧਾ ਹੈ। ਖਾਸ ਕਰਕੇ ਫਰੀਦਾਬਾਦ ਤੋਂ ਗਾਜ਼ੀਆਬਾਦ ਵਿਚ ਇਸ ਵਿਚ ਸ਼ਹਿਰੀਕਰਨ ਵਾਲਾ ਵਾਧਾ ਵੀ ਸ਼ਾਮਲ ਕਰ ਲਈਏ ਤਾਂ ਭਾਰਤ ਅੱਜ ਊਰਜਾ ਦੀ ਖਪਤ ਕਰਨ ਵਾਲਾ ਦੁਨੀਆਂ ਦਾ ਤੀਜਾ ਦੇਸ਼ ਬਣ ਚੁੱਕਾ ਹੈ ਤੇ ਏਥੇ ਊਰਜਾ ਦੀ ਮੰਗ ਵੀ ਹਰ ਵਰ੍ਹੇ ਤਿੰਨ ਪ੍ਰਤੀਸ਼ਤ ਵਧ ਰਹੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਉਦਯੋਗਪਤੀ ਤੇ ਉੱਚ ਅਧਿਕਾਰੀ ਰਲ-ਮਿਲ ਕੇ ਹੰਭਲਾ ਮਾਰਨ ਤਾਂ ਇਸਦੇ ਹੱਲ ਲੱਭ ਸਕਦਾ ਹੈ। ਉਹ ਤਾਂ ਊਰਜਾ, ਉਦਯੋਗ ਤੇ ਆਵਾਜਾਈ ਤੇ ਵਸੀਲਿਆਂ ਵਿਚ ਤਬਦੀਲੀ ਸਮੇਤ ਆਮ ਲੋਕਾਂ ਤੇ ਸਰਕਾਰਾ ਨੂੰ ਸੁਚੇਤ ਕਰਦੇ ਹਨ ਕਿ ਧੂੰਏਂ ਰਾਹੀਂ ਮਹੀਨ ਕਣ ਤੇ ਜ਼ਹਿਰੀਲੀ ਗੈਸ ਛਡਣ ਵਾਲੇ ਬਾਲਣਾਂ ਦੀ ਥਾਂ ਗਰੀਨ ਤੇ ਕਲੀਨ ਊਰਜਾ ਦੀ ਵਰਤੋਂ ਕਰਨ। ਪੈਟਰੋਲ ਅਤੇ ਡੀਜ਼ਲ ਨਾਲ ਚੱਲਣ ਵਾਲੇ ਵਾਹਨਾਂ ਦੀ ਥਾਂ ਵਾਹਨਾਂ ਭਾਵ ਬਿਜਲੀ ਨਾਲ ਚੱਲਣ ਵਾਲੇ ਵਾਹਨਾਂ ਦੀ ਵਰਤੋਂ ਵਧਾਉਣੀ ਪਏਗੀ। ਸੂਰਜ ਤੋਂ ਪ੍ਰਾਪਤ ਹੁੰਦੀ ਊਰਜਾ ਸਾਫ਼-ਸੁਥਰੀ, ਮੁਫ਼ਤ ਅਤੇ ਭਰਪੂਰ ਮਾਤਰਾ ਵਿਚ ਉਪਲੱਬਧ ਹੁੰਦੀ ਹੈ, ਜਿਸ ਨੂੰ ਹਰੀ ਊਰਜਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸਰਕਾਰ ਵੱਲੋਂ ਛੱਤਾਂ ਉਤੇ ਸੋਰ ਪੈਨਲ ਲਗਾਉਣ ਦੀ ਗੱਲ ਆਖੀ ਜਾ ਰਹੀ ਹੈ। ਲੋੜ ਹੈ ਇਸ ਸਭ ਕੁਝ ਸਸਤਾ ਕਰ ਕੇ ਅਤੇ ਇਸ ਉੱਪਰ ਸਬਸਿਡੀ ਦੇ ਕੇ ਆਮ ਲੋਕਾਂ ਦੀ ਪਹੁੰਚ ਵਿਚ ਲਿਆਂਦਾ ਜਾਵੇ ਤੇ ਬਿਜਲੀ ਨਾਲ ਚੱਲਣ ਵਾਲੇ ਈ-ਵਾਹਨ ਵੀ ਸਸਤੇ ਕੀਤੇ ਜਾਣ। ਪੰਦਰਾਂ ਸਾਲਾਂ ਤੋਂ ਵੱਧ ਪੁਰਾਣੇ ਹੋ ਚੁੱਕੇ ਦੋ ਪਹੀਆ ਅਤੇ ਚਾਰ-ਪਹੀਆ ਵਾਹਨਾਂ ਦੇ ਮਾਲਕਾਂ ਨੂੰ ਵਾਹਨ ਬਦਲਣ ਲਈ ਸਸਤੇ ਦਰਾਂ 'ਤੇ ਕਰਜ਼ੇ ਦਿੱਤੇ ਜਾਣ। ਮੈਂ ਇਹ ਵੀ ਜਾਣਦਾ ਹਾਂ ਕਿ ਮੇਰੇ ਲਿਖੇ ਵੱਲ ਕਿਸੇ ਨੇ ਧਿਆਨ ਨਹੀਂ ਦੇਣਾ। ਮੈਂ ਤਾਂ ਆਪਣੇ ਮਨ ਦੀ ਭੜਾਸ ਕੱਢੀ ਹੈ। ਜਿੱਥੋਂ ਤੱਕ ਦਿੱਲੀ ਦਾ ਸਬੰਧ ਹੈ ਨਾ ਮੈਂ ਦਿੱਲੀ ਦਾ ਮਾਰਗ ਤਿਆਗਣਾ ਹੈ ਤੇ ਨਾ ਪੜ੍ਹਨ-ਸੁਣਨ ਵਾਲਿਆਂ ਨੇ। ਫੇਰ ਵੀ...।

**ਅੰਤਿਕਾ**

ਮਿੱਟੀ ਮਲਸੀਆਨੀ ਦੀ ਖੁਸ਼ਬੋ।
ਬੰਦੇ ਖਾਣੀਆਂ ਮਾੜੀਆਂ ਸੜਕਾਂ,
ਬਈ ਹਾਕਮਾਂ ਜਹਾਜ਼ ਲੈ ਲਿਆ।
ਆਓ ਰੱਬ ਦੇ ਘਰਾਂ ਦੀ ਰਾਖੀ ਕਰੀਏ,
ਤੇ ਰੱਬ ਰਾਖਾ ਦੁਨੀਆਂ ਦਾ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਾਸਤਾਨ

**ਕਲਗੀਧਰ ਦਸਮੇਸ਼ ਪਿਤਾ ਦੇ ਚਾਰ ਸਾਹਿਬਜ਼ਾਦੇ ਸਨ। ਬਾਬਾ ਅਜੀਤ ਸਿੰਘ ਜੀ-ਜਨਮ ਪਾਉਂਟਾ ਸਾਹਿਬ ਸੰਨ 1686, ਬਾਬਾ ਜੁਝਾਰ ਸਿੰਘ ਜੀ-ਜਨਮ ਪਾਉਂਟਾ ਸਾਹਿਬ ਸੰਨ 1690, ਬਾਬਾ ਜੋਰਾਵਰ ਸਿੰਘ ਜੀ-ਜਨਮ ਅਨੰਦਪੁਰ ਸਾਹਿਬ ਸੰਨ 1696, ਬਾਬਾ ਫਤਹਿ ਸਿੰਘ ਜੀ-ਜਨਮ ਅਨੰਦਪੁਰ ਸਾਹਿਬ ਸੰਨ 1698**

**ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ**
**ਸਿੱਖ ਮਿਸ਼ਨਰੀ ਦਿੱਲੀ**

ਸ਼ਹਾਦਤ- 22 ਦਸੰਬਰ ਸੰਨ 1704 ਨੂੰ ਦੋਵੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ 'ਚ ਸ਼ਹੀਦ ਹੋਏ ਉਸ ਸਮੇਂ ਉਹਨਾਂ ਦੀ ਉਮਰ ਲਗਭਗ 18 'ਤੇ 14 ਸਾਲ ਸੀ। ਦੋਵੇਂ ਛੋਟੇ ਸਾਹਿਬਜ਼ਾਦੇ, ਕੇਵਲ ਚਾਰ ਦਿਨਾਂ ਬਾਅਦ 26 ਦਿਸੰਬਰ ਸੰਨ 1704 ਨਵਾਬ ਸਰਹੰਦ, ਵਜ਼ੀਦੇ ਦੇ ਜ਼ਾਲਮਾਨਾ ਹੁਕਮ ਨਾਲ ਜੀਉਂਦੇ ਜੀਅ ਨੀਹਾਂ 'ਚ ਚਿੰਣਵਾ ਦਿੱਤੇ ਗਏ। ਉਸ ਸਮੇਂ ਉਹਨਾਂ ਦੀ ਉਮਰ ਛੇ 'ਤੇ ਅੱਠ ਸਾਲ ਸੀ।

ਪ੍ਰਵਾਰ ਵਿਛੋੜਾ-20,21 ਦਿਸੰਬਰ ਸੰਨ 1704 ਦੀ ਰਾਤ ਗੁਰਦੇਵ ਨੇ ਅਨੰਦਪੁਰ ਦਾ ਕਿਲਾ ਛੱਡ ਦਿੱਤਾ। ਵੈਰੀ ਨੇ ਗਊ-ਕੁਰਾਨ ਦੀਆਂ ਖਾਧੀਆਂ ਸਾਰੀਆਂ ਕਸਮਾਂ-ਵਾਇਦੇ ਛਿੱਕੇ ਟੰਗ ਕੇ ਪਿਛੋਂ ਭਿਅੰਕਰ ਹਮਲਾ ਬੋਲ ਦਿੱਤਾ। ਕਾਲੀ ਬੋਲੀ ਕਹਿਰਾਂ ਦੀ ਠੰਡੀ ਬਰਫ਼ੀਲੀ ਰਾਤ। ਪਿਛੇ ਲਹੂ ਤਿਹਾਇਆ ਵੈਰੀ ਦੱਲ, ਅਗੇ ਬਰਫੋਂ ਠੰਡੀ ਕੱਕਰ ਹੱਡ ਦੀ ਤੁਗਿਆਣੀ ਨਾਲ ਸ਼ੂਕਦੀ ਪਹਾੜੀ ਨਦੀ ਸਰਸਾ। ਕਿਉਂਕਿ ਪਹਾੜੀ ਨਦੀਆਂ 'ਚ ਇਹੀ ਤਾਂ ਹੁੰਦਾ ਹੈ ਪਤਾ ਨਹੀਂ ਕਿਸ ਵੇਲੇ ਅਚਾਨਕ ਹੜ ਆ ਜਾਵੇ। ਸਰਸਾ ਨਦੀ ਤੇ ਘਮਾਸਾਨ ਜੰਗ ਹੋਈ। ਪਾਤਸ਼ਾਹ ਨੇ ਸਿੱਖਾਂ ਨੂੰ ਲੋੜ ਅਨੁਸਾਰ ਜੱਥਿਆਂ 'ਚ ਵੰਡਿਆ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੇ ਜੁੱਧ ਦੀ ਕਮਾਨ ਸੰਭਾਲੀ। ਘਮਾਸਾਨ ਜੰਗ ਹੋਈ, ਵੈਰੀ ਦਾ ਭਾਰੀ ਨੁਕਸਾਨ ਹੋਇਆ, ਕਾਫ਼ੀ ਸਿੰਘਾਂ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਥੇ ਪਾਤਸ਼ਾਹ ਦਾ ਪ੍ਰਵਾਰ ਵੀ ਤਿੰਨ ਹਿਸਿਆਂ 'ਚ ਵੰਡਿਆ ਗਿਆ ਅਤੇ ਸਾਥੀ ਸਿੰਘ ਵੀ ਖੇਰੂੰ-ਖੇਰੂੰ ਹੋ ਗਏ। ਉਸ ਯਾਦ 'ਚ ਇਥੇ ਗੁਰਦੁਆਰਾ 'ਪ੍ਰਵਾਰ ਵਿਛੋੜਾ' ਕਾਇਮ ਹੈ।

ਪਾਤਸ਼ਾਹ ਦਾ ਪ੍ਰਵਾਰ ਤਿੰਨ ਹਿਸਿਆਂ 'ਚ ਵੰਡਿਆ ਗਿਆ। ਮਾਤਾ ਸੁੰਦਰ ਕੌਰ (ਜੀਤੋ ਜੀ) ਭਾਈ ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ। ਮਾਤਾ ਗੁਜਰੀ ਜੀ. ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ-ਚਲਦੇ ਮੋਰਿੰਡੇ ਪੁਜੇ। ਇਹਨਾ ਨਾਲ ਇਹਨਾ ਦਾ ਰਸੋਈਆਂ ਗੰਗੂ ਬ੍ਰਾਹਮਣ ਵੀ ਸੀ। ਉਸਦਾ ਪਿੰਡ ਖੇੜੀ ਉਥੋਂ ਵੀਹ ਕੁ ਮੀਲ ਦੀ ਵਿੱਥ ਤੇ ਪੈਂਦਾ ਸੀ। ਗੰਗੂ ਉਹਨਾਂ ਨੂੰ ਆਪਣੇ ਨਾਲ ਆਪਣੇ ਘਰ ਲੈ ਗਿਆ। ਅਨੰਦਪੁਰ ਸਾਹਿਬ ਤੋਂ ਚਲਣ ਸਮੇਂ ਗੁਰਦੇਵ ਦੇ ਨਾਲ ਡੇੜ੍ਹ ਕੁ ਹਜ਼ਾਰ ਸਿੰਘ ਸਨ। ਸਰਸਾ ਦੀ ਜੰਗ ਤੋਂ ਬਾਅਦ ਕੇਵਲ ਡੇੜ੍ਹ ਕੁ ਸੌ ਸਿੰਘ ਹੀ ਬਚੇ ਸਨ। ਇਹਨਾ 'ਚੋਂ ਵੀ ਬਹੁਤੇ ਸਰਸਾ ਦੇ ਬਹਾਵ ਦਾ ਸ਼ਿਕਾਰ ਹੋ ਗਏ, ਕੁੱਝ ਸ਼ਹੀਦ ਹੋ ਗਏ ਕੁੱਝ ਨਦੀ 'ਚ ਰੁੜ ਜਾਣ ਕਾਰਣ ਵਿਛੜ ਗਏ। ਸਰਸਾ ਪਾਰ ਕਰਣ ਉਪ੍ਰੰਤ ਗੁਰਦੇਵ ਨਾਲ ਚਾਲੀ ਦੇ ਕਰੀਬ ਸਿੰਘ ਅਤੇ ਦੋ ਵੱਡੇ ਸਾਹਿਬਜ਼ਾਦੇ ਹੀ ਸਨ।

ਸ਼ਹੀਦੀ ਵੱਡੇ ਸਾਹਿਬਜ਼ਾਦਿਆਂ ਦੀ- ਗੁਰਦੇਵ ਨੇ ਚਮਕੌਰ ਦੀ ਕੱਚੀ ਗੜ੍ਹੀ 'ਚ ਆਪਣੇ ਆਪ ਨੂੰ ਮੋਰਚਾਬੰਦ ਕਰ ਲਿਆ। ਇਹ ਗੜ੍ਹੀ ਗੁਰੂ ਕੇ ਸਿੱਖ, ਭਾਈ ਬੁੱਧੀ ਚੰਦ ਦੀ ਸੀ। ਵੈਰੀਆਂ ਨੇ ਲੱਖਾਂ ਦੀ ਗਿਣਤੀ 'ਚ ਗੜ੍ਹੀ ਨੂੰ ਘੇਰਾ ਪਾ ਲਿਆ। ਦੂਜੇ ਦਿਨ ਸੰਸਾਰ ਦੇ ਇਤਿਹਾਸ ਦੀ ਸਭ ਤੋਂ ਵੱਧ ਬੇਜੋੜ 'ਤੇ ਭਿਅੰਕਰ ਜੰਗ ਹੋਈ। ਵੱਡੇ ਵੱਡੇ ਜਰਨੈਲਾਂ ਸਮੇਤ ਵੈਰੀ ਦਲ ਦੇ ਬੇਅੰਤ ਜੁਆਨ ਮਾਰੇ ਗਏ। ਵੀਹ ਦੇ ਕਰੀਬ ਸਿੰਘ ਵੀ ਸ਼ਹੀਦੀਆਂ ਪਾ ਗਏ। ਇਸੇ ਹੀ ਜੰਗ 'ਚ ਸੈਂਕੜੇ ਵੈਰੀਆਂ ਦੇ ਆਹੂ ਲਾਹ ਕੇ ਪਹਿਲਾਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਫਿਰ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦੀ ਨੂੰ ਪ੍ਰਾਪਤ ਹੋਏ। ਉਸ ਯਾਦ 'ਚ ਇਥੇ ਗਰਦੁਆਰਾ 'ਕਤੱਲ ਗੜ੍ਹ ਸਾਹਿਬ' ਮੌਜੂਦ ਹੈ। ਗੁਰਦੇਵ ਵੀ, ਪੰਥ ਦਾ ਫ਼ੈਸਲਾ ਮੰਨ ਕੇ, ਅੰਧੀ ਰਾਤ ਦੇ ਵੱਕਤ ਭਾਈ ਦਇਆ ਸਿੰਘ, ਧਰਮ ਸਿੰਘ 'ਤੇ ਭਾਈ ਮਾਨ ਸਿੰਘ ਨਾਲ ਵੈਰੀ ਦਲਾਂ ਨੂੰ ਚੀਰਦੇ ਗੜ੍ਹੀ ਚੋਂ ਨਿਕਲ ਗਏ। ਜਾਣ ਤੋਂ ਪਹਿਲਾਂ ਗੁਰਦੇਵ ਨੇ ਵੈਰੀ ਨੂੰ ਤਾੜੀ ਮਾਰ ਕੇ ਸੁਚੇਤ ਕੀਤਾ ਤੇ ਐਲਾਨਿਆ ''ਫੜ ਲੋ-ਫੜ ਲੋ ਸਿੱਖਾਂ ਦਾ ਗੁਰੂ ਜਾ ਰਿਹਾ ਹੈ'' ਉਸ ਯਾਦ 'ਚ ਇਥੇ ਗੁਰਦੁਆਰਾ 'ਤਾੜੀ ਸਾਹਿਬ' ਮੌਜੂਦ ਹੈ। ਅਰੰਭ ਤੋਂ ਹੀ ਦੁਸ਼ਮਣ ਦਾ ਇਕੋ-ਇਕ ਨਿਸ਼ਾਨਾ ਸੀ ਦਸਮੇਸ਼ ਜੀ ਨੂੰ ਸ਼ਹੀਦ ਕਰਣਾ ਜਾਂ ਜੀਉਂਦੇ ਜੀਅ ਗ੍ਰਿਫ਼ਤਾਰ ਕਰਣਾ। ਵੈਰੀ ਨੇ ਇਸ ਗਲੋਂ ਅਨੰਦਪੁਰ ਸਾਹਿਬ, ਉਪ੍ਰੰਤ ਸਰਸਾ ਨਦੀ ਤੇ ਫ਼ਿਰ ਚਮਕੌਰ ਦੀ ਜੰਗ 'ਚ ਵੀ ਮੂੰਹ ਦੀ ਹੀ ਖਾਧੀ।

ਸਰਹੰਦ ਦੀ ਖ਼ੂਨੀ ਦੀਵਾਰ- ਦੂਜੇ ਪਾਸੇ ਗੁਰੂ ਦਰ ਦਾ ਰਸੋਈਆ ਗੰਗੂ ਬ੍ਰਾਹਮਣ, ਜਿਹੜਾ ਮਾਤਾ ਜੀ ਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਗਿਆ ਸੀ, ਨੀਯਤ ਦਾ ਵੱਡਾ ਬੇਈਮਾਨ ਸਾਬਤ ਹੋਇਆ। ਉਸ ਨੇ ਪਹਿਲਾਂ ਤਾਂ ਮਾਤਾ



ਜੀ ਦੀ ਮੋਹਰਾਂ ਦੀ ਥੈਲੀ ਚੁਰਾ ਲਈ ਫ਼ਿਰ ਹੋਰ ਇਨਾਮ ਦੇ ਲਾਲਚ, ਸੂਬਾ ਸਰਹੰਦ ਵਜ਼ੀਦੇ ਨੂੰ ਸੂਚਨਾ ਦੇ ਦਿੱਤੀ। ਦਿਨ ਚੜ੍ਹਦੇ ਤਿਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਵਜ਼ੀਦੇ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਛੇ ਤੇ ਅੱਠ ਸਾਲ ਦੇ ਦੋਵੇਂ ਮਾਸੂਮ ਘੱਬਰਾਏ ਨਹੀਂ।

ਮਾਤਾ ਗੁਜਰ ਕੌਰ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ, ਤਿਨ੍ਹਾਂ ਨੂੰ ਸਾਰੀ ਰਾਤ ਠੰਡੇ ਬੁਰਜ 'ਚ ਭੁੱਖੇ-ਤਿਹਾਏ ਰਖਿਆ ਗਿਆ। ਭਾਈ ਮੋਤੀ ਰਾਮ ਨੇ, ਆਪਣੀ ਪ੍ਰਵਾਰ ਨੂੰ ਖਤਰੇ 'ਚ ਪਾ ਕੇ ਬਚਿਆਂ ਦੀ ਦੁਧ ਨਾਲ ਸੇਵਾ ਕੀਤੀ। ਇਸ ਤਰ੍ਹਾਂ ਰੋਜ਼ਾਨਾ ਤਿੰਨੇ ਦਿਨ ਬੱਚਿਆਂ ਨੂੰ ਕਚਿਹਰੀ 'ਚ ਪੇਸ਼ ਕੀਤਾ ਜਾਂਦਾ ਰਿਹਾ। ਹਰ ਵਾਰੀ ਸਾਹਿਬਜ਼ਾਦੇ ਨਿਡਰਤਾ ਨਾਲ ਗੱਜ ਕੇ ਫ਼ਤਿਹ ਗਜਾਉਂਦੇ। ਬੱਚਿਆਂ ਨੂੰ ਬਥੇਰਾ ਡਰਾਇਆ-ਧਮਕਾਇਆ ਜਾਂਦਾ ਰਿਹਾ ਜਦਕਿ ਇਹ ਡਰਾਵੇ ਤੇ ਲਾਲਚ ਵੀ ਫੋਕੇ ਨਹੀਂ ਸਨ। ਇਹ ਵੀ ਕਿਹਾ ਕਿ ਤੁਹਾਡੇ ਪਿਤਾ 'ਤੇ ਦੋਵੇਂ ਭਰਾ ਮਰਵਾ ਦਿੱਤੇ ਗਏ ਹਨ। ਤੁਸੀਂ ਵੀ ਸਿੱਖੀ ਤਿਆਗ ਕੇ, ਇਸਲਾਮ 'ਚ ਆ ਜਾਵੋ, ਸਾਹਿਬਜ਼ਾਦੇ ਅਡਿੱਗ ਰਹੇ। ਇੱਕ ਵਾਰੀ ਜਦੋਂ ਵਜ਼ੀਦਾ ਵੀ ਉਹਨਾਂ ਦੀ ਮਾਸੂਮੀਅਤ ਉਪਰ ਪਸੀਜਿਆ; ਕਾਜ਼ੀ ਨੇ ਵੀ ਕਿਹਾ ਕਿ ਇਸਲਾਮ ਬੱਚਿਆਂ 'ਤੇ ਇਸ ਤਰ੍ਹਾਂ ਜ਼ੁਲਮ ਦੀ ਇਜਾਜ਼ਤ ਨਹੀਂ ਦੇਂਦਾ। ਇਸ ਤੇ ਦਿਵਾਨ ਸੁੱਚਾ ਨੰਦ ਬ੍ਰਾਹਮਣ ਨੇ ਬਲਦੀ ਤੇ ਤੇਲ ਪਾਇਆ, ਕਹਿਣ ਲਗਾ ਬੱਚਿਆਂ ਨੂੰ ਬਿਲਕੁਲ ਨਾ ਛਡਿਆ ਜਾਵੇ ਉਸਦੇ ਲਫ਼ਜ਼ ਸਨ ''ਕਿਉਂਕਿ 'ਸੱਪਾਂ ਦੇ ਪੁੱਤਰ ਸੱਪ ਹੀ ਹੁੰਦੇ ਹਨ''।

ਪੁੱਛਿਆ ਗਿਆ, ਬੱਚਿਓ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਕੀ ਕਰੋਗੇ? ਸਾਹਿਬਜ਼ਾਦਿਆਂ ਨੇ ਕੜਕ ਕੇ ਜੁਆਬ ਦਿੱਤਾ ''ਜੇ ਕਰ ਸਾਨੂੰ ਛੱਡ ਦਿੱਤਾ ਗਿਆ ਤਾਂ ਅਸੀਂ ਫ਼ੋਜਾਂ ਤਿਆਰ ਕਰਕੇ ਜ਼ਾਲਮਾਂ ਨਾਲ ਉਦੋਂ ਤੀਕ ਟੱਕਰ ਲੈਂਦੇ ਰਵਾਂਗੇ ਜਦੋਂ ਤੀਕ ਜ਼ੁਲਮੀ ਰਾਜ ਦਾ ਅੰਤ ਹੀ ਨਾ ਹੋ ਜਾਵੇ''।

ਇਸ ਤਰ੍ਹਾਂ ਬੱਚਿਆਂ 'ਤੇ ਵੀ ਬਦੋਬਦੀ ਦਾ ਫ਼ਤਵਾ ਆਇਦ ਕਰਕੇ ਵਜ਼ੀਦੇ ਨੇ ਉਹਨਾਂ ਨੂੰ ਜੀਉਂਦੇ ਜੀਅ ਨੀਹਾਂ 'ਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਜ਼ਾਲਮਾਂ ਨੇ ਸਾਬਿਜ਼ਾਦਿਆਂ ਨੂੰ ਨੀਹਾਂ 'ਚ ਚਿੰਣਵਾ ਦਿੱਤਾ। ਕੁਦਰਤ ਦੀ ਕਰਨੀ, ਨਵੀਂ ਬਣ ਰਹੀ ਕੰਧ ਡਿੱਗ ਪਈ। ਦਰਿੰਦੇ ਫ਼ਿਰ ਵੀ ਨਾ ਪਸੀਜੇ, ਛਾਤੀਆਂ 'ਤੇ ਗੋਡਾ ਰਖ ਕੇ ਸਾਹਿਬਜ਼ਾਦਿਆਂ ਦੇ ਸਿਰ ਤਲਵਾਰ ਨਾਲ ਧੜਾਂ ਤੋਂ ਜੁੱਦਾ ਕਰ ਦਿੱਤੇ ਗਏ। ਇਸ ਜ਼ੁਲਮੀ ਹੁਕਮ ਤੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ ਘੱਬਰਾ ਉਠਿਆ ਤੇ ਉਸਨੇ 'ਹਾ' ਦਾ ਨਾਹਰਾ ਮਾਰਿਆ। ਇਥੋਂ ਤੀਕ ਕਿ ਜਦੋਂ ਸ਼ਹਾਦਤ ਤੋਂ ਬਾਅਦ ਹਕੂਮਤ ਨੇ ਬੱਚਿਆਂ ਦੇ ਸਸਕਾਰ ਲਈ ਦੋ ਗਜ਼ ਜ਼ਮੀਨ ਦੇਣ ਤੋਂ ਵੀ ਮਨ੍ਹਾ ਕਰ ਦਿੱਤਾ ਤਾਂ ਨਵਾਬ ਟੋਡਰਮਲ ਨੇ ਮੋਹਰਾਂ ਵਿੱਛਾ ਕੇ ਉਹਨਾਂ ਲਈ ਜਗ੍ਹਾ ਪ੍ਰਾਪਤ ਕੀਤੀ। ਜਿਸ ਥਾਂ ਤੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਉਥੇ ਅੱਜ 'ਗੁਰਦੁਆਰਾ ਜੋਤੀ ਸਰੂਪ' ਮੌਜੂਦ ਹੈ। ਉਪ੍ਰੰਤ ਜ਼ਾਲਮਾ ਨੇ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਵੀ ਠੰਡੇ ਬੁਰਜ ਤੋਂ ਧੱਕਾ ਦੇ ਕੇ, ਸ਼ਹੀਦ ਕਰ ਦਿੱਤਾ।

## ਸ਼ਹਾਦਤ-ਏ-ਸਫ਼ਰ

ਸ਼ਹਾਦਤ ਦੇ ਸਫਰ 'ਤੇ ਜਿੱਤ ਹੈ ਜੈਕਾਰਿਆਂ ਕਰਕੇ।
ਪਿਆਰੇ ਗੁਰਮੁਖੋ ਸਾਡਾ ਪੰਥ ਹੈ ਗੁਰਪਿਆਰਿਆਂ ਕਰਕੇ।

ਸੀਸ ਦੇਣਾ ਸਿਰੜ ਨਹੀਂ ਹਾਰਨਾ, ਹੈ ਫਤਹਿ ਸਿੱਖੀ ਦੀ,
ਚਾਂਦਨੀ ਚੌਂਕ ਵਿਚ ਨੌਵੇਂ ਗੁਰਾਂ, ਸੀਸ ਵਾਰਿਆ ਕਰਕੇ।

ਦੇਗ ਤੋਂ ਕਾੜ੍ਹ ਨਾ ਹੋਈ, ਨਾ ਰੂੰਅ ਤੋਂ ਸਾੜ ਹੋਈ ਸਿੱਖੀ,
ਸਿੱਖ ਤਾਂ ਹੱਸ ਕੇ ਦੋਫਾੜ ਹੋਇਆ, ਆਰਿਆਂ ਕਰਕੇ।

ਹਿੰਦ ਦੀ ਖੁੱਲ੍ਹ ਗਈ ਨੀਂਦਰ, ਜਦੋਂ ਚਮਕੌਰ ਸੀ ਗੱਜਿਆ,
ਜੰਗ ਲਈ ਵੱਡੇ ਲਾਲਾਂ ਨੂੰ, ਗੁਰਾਂ ਸ਼ਿੰਗਾਰਿਆ ਕਰਕੇ।

ਕੰਧਾਂ ਜਦ ਤਿੜਕੀਆਂ ਸਰਹੰਦ ਵਿਚ, ਤਾਂ ਮਹਿਲ ਵੀ ਤਿੜਕੇ,
ਗੁਜ਼ਰੀ ਮਾਂ ਦੀਆਂ ਅੱਖਾਂ ਦੇ, ਸੋਹਣੇ ਤਾਰਿਆਂ ਕਰਕੇ।

ਸਰਹੰਦ ਦੀ ਇੱਟ ਦੇ ਨਾਲ ਇੱਟ ਖੜਕਾ ਕੇ ਟੰਗਿਆ ਸੂਬਾ,
ਬਹਾਦਰ ਬੰਦਾ ਸਿੰਘ ਦੇ ਗੱਜਦੇ ਲਲਕਾਰਿਆਂ ਕਰਕੇ।

ਜ਼ੁਲਮ ਦੀ ਰਾਤ ਸੀ ਮੁੱਕੀ, ਹਲੇਮੀ ਚੜ੍ਹ ਗਿਆ ਸੂਰਜ,
ਖਾਲਸਾ ਫੌਜ ਦੇ ਝਲਕਾਰਿਆਂ, ਚਮਕਾਰਿਆਂ ਕਰਕੇ।

ਖਾਲਸਾਈ ਅੱਖ ਵਿਚ ਅੱਖ ਪਾ ਕੇ, ਦੱਸੋ ਕਿਹਨੇ ਤੱਕਣਾ ਹੈ,
ਨਿਸ਼ਾਨੇ ਸਿੱਖੀ ਹੇਠਾਂ ਏਕਾ ਹੈ ਜੇ ਸਾਰਿਆਂ ਕਰਕੇ।

ਸਾਨੂੰ ਖ਼ੁਦਦਾਰੀਆਂ ਸਿਰਦਾਰੀਆਂ ਦੀ ਹੋਈ ਹੈ ਬਖਸ਼ਿਸ਼,
ਚੋਜੀ ਪਿਤਾ ਨੇ ਸਰਬੰਸ ਆਪਣਾ ਵਾਰਿਆ ਕਰਕੇ।

ਜੇ ਇਹ ਬਿਪਰੀ ਰੀਤਾਂ ਤੋਂ 'ਵੇਸੀ' ਮੁਕਤ ਹੋ ਜਾਵਣ,
ਖਾਲਸਾ ਪੰਥ ਦਾ ਗੌਰਵ ਹੈ ਗੁਰਦੁਆਰਿਆਂ ਕਰਕੇ।

*-ਕੁਲਵੰਤ ਸਿੰਘ ਵੇਸੀ*

---

## ਪੋਹ ਮਹੀਨਾ

ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ।

ਚੇਤੇ ਆ ਅਨੰਦਪੁਰ ਕਿਲ੍ਹਾ ਕਿਵੇਂ ਛੱਡਿਆ
ਕਿਵੇਂ ਸੀ ਅਰੰਗੇ ਛੁਰਾ, ਪਿੱਠ ਵਿਚ ਗੱਡਿਆ।

ਝੂਠੇ ਨੇ ਕਮਾਇਆ ਸੀ, ਧਰੋਹ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਰਗਾਂ ਵਿਚ ਰੋਹ ਬੇਲੀਓ।

ਸਰਸਾ ਦੇ ਚੜ੍ਹਿਓ ਕਿਨਾਰੇ ਚੇਤੇ ਆਉਂਦੇ ਆ
ਸਾਨੂੰ ਦਸ਼ਮੇਸ਼ ਦੇ ਦੁਲਾਰੇ ਚੇਤੇ ਆਉਂਦੇ ਆ

ਵਿੱਛੜੇ ਸੀ ਹੋ ਕੇ, ਦੋ-ਦੋ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ।

ਠੰਡੇ ਠੰਡੇ ਬੁਰਜਾਂ ਦੀ, ਠੰਡ ਯਾਦ ਆਉਂਦੀ ਏ
ਗੜ੍ਹੀ ਚਮਕੌਰ, ਸਰਹੰਦ ਯਾਦ ਆਉਂਦੀ ਏ।

ਗੁਜਰੀ ਤੇ ਲਾਲਾਂ ਵਾਲਾ ਮੋਹ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਬੇਲੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਬੇਲੀਓ।

ਵੱਢੇ ਪਏ ਲਾਲਾਂ ਦੇ ਸਰੀਰ ਚੇਤੇ ਆਉਂਦੇ ਆ
ਹਿੱਕਾਂ ਵਿੱਚ ਗੱਡੇ ਹੋਏ ਤੀਰ ਚੇਤੇ ਆਉਂਦੇ ਆ।

ਤੱਕ ਕੇ ਸਰੀਰਾਂ ਵੱਲ ਕਿੱਦਾਂ ਮੁੜੇ ਹੋਣਗੇ
ਗੁਰੂ ਦਸ਼ਮੇਸ਼ ਉਥੋਂ ਕਿੱਦਾਂ ਤੁਰੇ ਹੋਣਗੇ।

ਨੰਗੇ ਪੈਰੀਂ ਮਾਛੀਵਾੜੇ ਕਿੱਦਾਂ ਢੁੱਕੇ ਹੋਣਗੇ
ਸਾਹੋਤੇਆ ਉਹ ਕੰਡਿਆਂ 'ਤੇ ਕਿੱਦਾਂ ਸੁੱਤੇ ਹੋਣਗੇ।

ਹੰਝੂ ਪੈਂਦੇ ਅੱਖੀਆਂ 'ਚੋਂ, ਚੋ ਬੇਲੀਓ
ਚੜ੍ਹਦਾ ਮਹੀਨਾ ਜਦੋਂ ਪੋਹ ਹਾਣੀਓ
ਚੜ੍ਹ ਜਾਂਦਾ ਜੁੱਸਿਆਂ 'ਚ ਰੋਹ ਹਾਣੀਓ

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

---

## ਦਸਮ ਪਿਤਾ ਜੀ ਕੋਟਿਨ ਕੋਟਿ ਪ੍ਰਣਾਮ!

ਵਾਹ ਰੇ ਗੁਰੂ ਦਸਮੇਸ਼ ਪਿਤਾ, ਤੇਰੇ ਹਨ ਚੋਜ ਨਿਆਰੇ,
ਪੜਦਾਦਾ, ਬਾਪ, ਚਾਰੇ ਪੁੱਤਰ, ਮਾਂ ਦੇਸ਼ ਧਰਮ ਤੋਂ ਵਾਰੇ।
ਸੀਸ 'ਤੇ ਪੈਂਦੀ ਰੇਤ ਹੈ ਤੱਤੀ, ਲਾਹੌਰ ਸ਼ਹਿਰ ਦੇ ਕਾਰੇ,
ਹਿੰਦ ਦੀ ਖਾਤਰ ਸੀਸ ਗੁਰੂ ਲੈ, ਚਾਂਦਨੀ ਚੌਕ ਪਧਾਰੇ।

ਅਨੰਦਪੁਰੀ ਤੋਂ ਪਾਏ ਚਾਲੇ, ਸਰਸੇ ਨੇ ਕਹਿਰ ਗੁਜ਼ਾਰੇ,
ਚਮਕੌਰ ਗੜ੍ਹੀ ਵਿਚ ਜੂਝੇ, ਦੋ ਅਜੀਤ-ਜੁਝਾਰ ਪਿਆਰੇ।
ਠੰਢਾ ਬੁਰਜ ਸਰਹਿੰਦ ਦੇਖੇ, ਮਾਂ ਗੁਜਰੀ, ਰਾਜ ਦੁਲਾਰੇ,
ਛਮ-ਛਮ ਪੈਂਦੀ ਬਰਸਾਤ, ਗੜ੍ਹਕੇ ਨਾਲੇ ਲਿਸ਼ਕਾਂ ਮਾਰੇ।

ਬੁੱਢੇ ਹੱਡ ਤੇ ਬਾਲ ਇਆਣੇ, ਭੁੱਖੇ ਭਾਣੇ ਉਤੋਂ ਠੰਢ ਠਾਰੇ,
ਕਿੰਝ ਕੱਟੇ ਤਿੰਨ ਦਿਨ ਰਾਤ, ਗੰਗੂ ਕੀਤੇ ਪਾਪ ਸੀ ਭਾਰੇ।
ਮੌਤ ਨੂੰ ਕਰਨ ਮਖੌਲਾਂ ਲੱਗੇ, ਸੂਬੇ ਅੱਗੇ ਲਾਲ ਪਿਆਰੇ,
ਤਰਸ ਵਜ਼ੀਰੇ ਨੂੰ ਨਾ ਆਵੇ, ਵੱਜੇ ਸੀ 'ਹਾਅ ਦੇ ਨਾਅਰੇ'।

ਗਰਕ ਗਏ ਨੇ ਦਰਬਾਰੀ, ਵਿਚ ਗੁੱਸੇ ਦੇ ਸੂਬਾ ਫੁੰਕਾਰੇ,
ਕਿਧਰੇ ਕਿਰਦਾਰ ਸੁੱਚੇ ਜੇਹੇ, ਅਰਜ਼ ਸ਼ੇਰ ਖਾਂ ਗੁਜ਼ਾਰੇ।
ਬੇਰਹਿਮ ਹੋਏ ਇੱਟਾਂ ਚੂਨਾਂ, ਰਾਜ-ਜਲਾਦ ਰਲੇ ਨੇ ਸਾਰੇ,
ਰੋਣ ਸਰਹਿੰਦ ਦੀਆਂ ਕੰਧਾਂ, ਸੁਣ ਕੇ ਫਤਿਹ ਦੇ ਜੈਕਾਰੇ।

ਨੰਗੇ ਪੈਰ ਕੰਡਿਆਲੇ ਰਾਹ, ਮਾਛੀਵਾੜਾ ਪਿਆ ਪੁਕਾਰੇ,
ਲਾ ਕੇ ਸਿਰਹਾਣਾ ਢੀਮ ਦਾ, ਮੀਤ ਪਿਆਰੇ 'ਵਾਜ਼ਾਂ ਮਾਰੇ।
ਸੁੱਤਾ ਸ਼ਹਿਨਸ਼ਾਹ ਦੁਨੀ ਦਾ, ਖਾਲਸੇ ਦਾ ਕਰਜ਼ ਉਤਾਰੇ,
ਤੋੜ ਸਭ ਮੋਹ ਦੀਆਂ ਤੰਦਾਂ, ਮੁੱਖੋਂ ਹਾਲ ਮੁਰੀਦਾਂ ਉਚਾਰੇ।

*-ਸੇਵਾ ਸਿੰਘ "ਨੂਰਪੁਰੀ "*

---

## ਲਾਸਾਨੀ ਕੁਰਬਾਨੀ

ਯਾਦ ਕਰੋ ਮਾਸੂਮਾਂ ਦੀ ਉਸ, ਲਾਸਾਨੀ ਕੁਰਬਾਨੀ ਨੂੰ।
ਕੌਮ ਦੀ ਖਾਤਰ ਵਾਰ ਗਏ ਜੋ, ਬਹੁਮੁੱਲੀ ਜ਼ਿੰਦਗਾਨੀ ਨੂੰ।

ਨੌਂ ਵਰ੍ਹਿਆਂ ਦਾ ਜ਼ੋਰਾਵਰ ਸਿੰਘ,
ਫ਼ਤਹਿ ਸਿੰਘ ਸੱਤ ਸਾਲਾਂ ਦਾ।
ਕਿਵੇਂ ਭੁਲਾਈਏ ਅਸੀਂ ਦਿਲਾਂ 'ਚੋਂ,
ਧਰਮ ਸ਼ਹੀਦੀ ਲਾਲਾਂ ਦਾ।
ਮੁਗਲ ਬੀਜ ਦਾ ਬੂਟਾ ਪੁੱਟਿਆ,
ਤੋੜ ਕੇ ਜਿੰਦ ਦੀ ਗਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।

ਗੰਗੂ ਬਾਹਮਣ ਪਾਪ ਕਮਾਇਆ,
ਲੋਭ ਲਾਲਚ ਦੇ ਵੱਸ ਪਿਆ।
ਕੀਤੀ ਸੇਵਾ ਗੁਰੂ-ਘਰ ਦੀ ਜੋ,
ਸਭ ਕੁਝ ਅੰਦਰੋਂ ਨੱਸ ਗਿਆ।

## ਸਾਹਿਬਜ਼ਾਦਿਆਂ ਨੂੰ ਸਮਰਪਿਤ

ਲੋਭੀ ਬੰਦਾ ਕਦੇ ਨਾ ਸੋਚੇ,
ਆਪਣੇ ਲਾਭ ਜਾਂ ਹਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।
ਮਾਂ ਗੁਜਰੀ ਤੇ ਛੋਟੇ ਬੱਚੇ,
ਠੰਢੇ ਬੁਰਜ 'ਚ ਬੰਦ ਰਹੇ।
ਪੋਹ ਦੇ ਉਸ ਭਿਆਨਕ ਸਾਕੇ ਨੂੰ
ਅੱਜ ਤੱਕ ਸਰਹਿੰਦ ਕਹੇ।
ਬੁੱਢੇ ਹੱਡਾਂ ਨਾਲ ਰੋਕੇ ਦਾਦੀ,
ਪੈਂਦੀ ਠੰਢ ਤੁਫਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।

ਨੀਹਾਂ ਦੇ ਵਿੱਚ ਚਿਣੇ ਗਏ ਪਰ,
ਸਿੱਖੀ ਮਹਿਲ ਉਸਾਰ ਗਏ।
ਦਸਮ ਪਿਤਾ ਜੀ ਦੇਸ਼-ਧਰਮ ਤੋਂ,
ਆਪਣੇ ਬੇਟੇ ਵਾਰ ਗਏ।
ਲੱਖ-ਲੱਖ ਹੈ ਪ੍ਰਣਾਮ ਅਸਾਡਾ,
ਮਹਾਂਬਲੀ ਸੈਨਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਧੌਣ ਨਾ ਮੂਲ ਝੁਕਾਈ ਐਪਰ,
ਨੋਕ ਵਿਖਾਈ ਜੁੱਤੀ ਦੀ।
ਫਤਹਿ ਗਜਾਈ ਵਿੱਚ ਕਚਹਿਰੀ,
ਜਾਗੀ ਦੁਨੀਆਂ ਸੁੱਤੀ ਜੀ।
ਸੂਬੇ, ਕਾਜ਼ੀ ਵਰਗਿਆਂ ਦੀ ਇੰਜ,
ਤੋੜ ਦਿੱਤਾ ਅਭਿਮਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...

ਵਿਸ਼ਵ 'ਚ ਅੱਜ ਤੱਕ ਕਦੇ ਨਾ ਹੋਇਆ,
ਫੇਰ ਕਦੇ ਨਾ ਹੋਵੇਗਾ।
ਨਿੱਕੀਆਂ ਜਿੰਦਾਂ ਦਾ ਕੌਤਕ ਸੁਣ,
'ਰੂਹੀ' ਦਾ ਮਨ ਰੋਵੇਗਾ।
ਸਿੰਘੋ! ਵਿਰਸੇ ਨੂੰ ਸੰਭਾਲੋ, ਨਾ ਰੋਲੋ ਬਲੀਦਾਨੀ ਨੂੰ॥

ਯਾਦ ਕਰੋ ਮਾਸੂਮਾਂ ਦੀ ਉਸ, ਲਾਸਾਨੀ ਕੁਰਬਾਨੀ ਨੂੰ।
ਕੌਮ ਦੀ ਖਾਤਰ ਵਾਰ ਗਏ ਜੋ, ਬਹੁਮੁੱਲੀ ਜ਼ਿੰਦਗਾਨੀ ਨੂੰ।

*-ਪ੍ਰੋ. ਨਵ ਸੰਗੀਤ ਸਿੰਘ*

# ਬੱਚਿਆਂ ਪ੍ਰਤੀ ਸਾਡੀ ਜ਼ਿੰਮੇਵਾਰੀ

ਤਕਰੀਬਨ ਪਿਛਲੇ ਪੰਞੀ-ਛੱਬੀ ਸਾਲਾਂ ਤੋਂ ਵੱਖਰੇ-ਵੱਖਰੇ ਸਕੂਲਾਂ ਵਿੱਚ ਹਜ਼ਾਰਾਂ ਵਿਦਿਆਰਥੀਆਂ ਨਾਲ, ਉਹਨਾਂ ਦੇ ਮਾਪਿਆਂ ਨਾਲ, ਅਧਿਆਪਕਾਂ ਨਾਲ ਤੇ ਮੈਨੇਜਮੈਂਟ ਨਾਲ ਵਾਹ ਪਿਆ। ਅਣਗਿਣਤ ਖੱਟੇ-ਮਿੱਠੇ ਤਜਰਬਾਤ ਹੁਣ ਤੱਕ ਨਾਲ-ਨਾਲ ਘੁੰਮਦੇ ਨੇ। ਬਹੁਤ ਸਾਰੇ ਵਿਦਿਆਰਥੀ ਜੋ ਕਦੋਂ ਦੇ ਆਪਣੀ ਪੜ੍ਹਾਈ ਪੂਰੀ ਕਰਕੇ ਆਪੋ-ਆਪਣੇ ਕਾਰੋਬਾਰ ਵਿੱਚ ਵਿਅਸਤ ਨੇ , ਕਈ ਵਾਰੀ ਮਿਲ ਪੈਂਦੇ ਨੇ। ਉਹਨਾਂ ਵੱਲੋਂ ਮਿਲਦਾ ਪਿਆਰ ਤੇ ਸਤਿਕਾਰ ਸਿਰ ਮੱਥੇ ਧਰੀਦੈ। ਇੱਕ ਖੱਟਾ ਤਜਰਬਾ ਸਾਂਝਾ ਕਰਨ ਲੱਗਾ ਹਾਂ, ਇਹ ਸਾਂਝਾ ਮਸਲਾ ਹੈ ਜੋ ਸਮਾਂ ਰਹਿੰਦਿਆਂ ਸਾਨੂੰ ਸਾਰਿਆਂ ਨੂੰ ਨਜਿੱਠ ਲੈਣਾ ਚਾਹੀਦਾ, ਨਹੀਂ ਤਾਂ ਸਮਾਜਿਕ ਸਰੋਕਾਰਾਂ ਵਿੱਚ ਪੈ ਰਹੇ ਪਾੜੇ ਦੇ ਭਿਆਨਕ ਨਤੀਜੇ ਭੁਗਤਣ ਲਈ ਖੁਦ ਨੂੰ ਤਿਆਰ ਕਰਨਾ ਪੈਣਾ।



**ਨੱਕਾਸ਼ ਚਿੱਤੇਵਾਣੀ**

ਇੱਕ ਸਕੂਲ ਦੇ ਸਲਾਨਾ ਸਮਾਗਮ ਦੀ ਗੱਲ ਹੈ, ਕਿੰਨ੍ਹੀਆਂ ਹੀ ਚੀਜ਼ਾਂ ਇਕੱਠੀਆਂ ਵਾਪਰ ਗਈਆਂ. ਇੱਕ ਸਕਿੱਟ ਸੀ ਸਮਾਗਮ ਵਿੱਚ, ਸੋਸ਼ਲ ਮੀਡੀਆ ਅਤੇ ਮੋਬਾਈਲ ਦੇ ਦੁਰਉਪਯੋਗ 'ਤੇ ਆਧਾਰਿਤ. ਮੇਰੇ ਕੰਪਿਊਟਰ ਵਿੱਚੋਂ ਤਿਆਰ ਹੋ ਕੇ ਨਿਕਲੀ ਹੋਣ ਕਾਰਨ ਮੈਨੂੰ ਇਸਦਾ ਇੱਕ-ਇੱਕ ਸੰਵਾਦ ਯਾਦ ਸੀ. ਸੰਵਾਦ ਦਾ ਪ੍ਰਗਟਾਅ, ਬੱਚਿਆਂ ਵੱਲੋਂ ਕੀਤੀ ਗਈ ਤਿਆਰੀ ਇਸ ਵਿੱਚ ਹੋਰ ਰੰਗ ਭਰ ਰਹੀ ਸੀ. ਸੁਨੇਹਾ ਇਹੋ ਸੀ ਕਿ ਸੋਸ਼ਲ ਮੀਡੀਆ ਤੇ ਮੋਬਾਈਲ ਦਾ ਜ਼ਿੰਮੇਦਾਰੀ ਨਾਲ ਉਪਯੋਗ ਕਰਨਾ ਚਾਹੀਦਾ. ਮੋਬਾਈਲ ਸਾਡਾ ਮਾਨਸਿਕ ਸੰਤੁਲਨ ਵੀ ਵਿਗਾੜ ਸਕਦਾ ਹੈ। ਸਮਾਜਿਕ ਜ਼ਿੰਮੇਦਾਰੀ ਵਿੱਚ ਇੱਕ ਗੱਲ ਤਾਂ ਸਪਸ਼ਟ ਰੂਪ ਵਿੱਚ ਦੱਸੀ ਜਾਂਦੀ ਹੈ ਕਿ ਉਹ ਕੰਮ ਨਾ ਕਰੋ ਜਿਸ ਨਾਲ ਦੂਜਿਆਂ ਨੂੰ ਤਕਲੀਫ਼ ਹੋਵੇ. ਬੱਸ! ਏਥੇ ਹੀ ਮੇਰੀ ਗਰਾਰੀ ਫ਼ਸੀ ਰਹੀ।

**ਹੁਣ ਦ੍ਰਿਸ਼ਟਾਂਟ –** ਲਗਪਗ ਹਰ ਮਰਹਲੇ ਵਿੱਚ, ਜਿਸ ਵਿੱਚ ਜਿਸਦਾ ਬੱਚਾ ਭਾਗ ਲੈ ਰਿਹਾ, ਕੀ ਨਿੱਕਾ-ਵੱਡਾ ਸਾਰੇ ਆਪੋ-ਆਪਣਾ ਫ਼ੋਨ ਹੱਥ ਵਿੱਚ ਫੜ੍ਹੀ ਮੂਹਰਲੀ ਕਤਾਰ ਦੇ ਸਾਹਮਣੇ ਆ ਖਲੋਵੇ. ਅਤੇ ਇਹ ਵਰਤਾਰਾ ਲਗਾਤਾਰ ਵਾਪਰਿਆ।ਜਿਵੇਂ ਇਹ ਪ੍ਰਗਟਾਇਆ ਜਾ ਰਿਹਾ ਹੋਵੇ ਕਿ ਸਾਡੇ ਬੱਚੇ ਹੀ ਨੇ ਬਾਕੀ ਸਭ ਦੇ ਅਸੀਂ ਵੇਖਣੇ ਵੀ ਨਹੀਂ. ਹੋਇਆ ਵੀ ਏਦਾਂ ਹੀ, ਜਿਸਦੇ ਬੱਚੇ ਦੀ ਆਈਟਮ ਮੁੱਕੇ ਉਹ ਹੱਲ 'ਚੋਂ ਬਾਹਰ। ਹੱਲ ਦੇ ਅੰਦਰ ਕਿਸੇ ਨੂੰ ਵੇਖਣ ਨਾ ਦੇਵੇ ਤੇ ਆਪਣੇ ਬੱਚੇ ਦੀ ਆਈਟਮ ਤੋਂ ਬਾਅਦ ਬਾਹਰ. ਇਹ ਕਿਹੋ ਜਿਹੀ ਮਾਨਸਿਕਤਾ ਹੈ ਜੋ ਅਸੀਂ ਬਣਾਈ ਬੈਠੇ।



**ਸੁਖਦ ਅਹਿਸਾਸ** -ਸਵੇਰੇ ਕੋਈ ਬੱਚੇ ਦੇ ਰਿਸ਼ਤੇਦਾਰ ਪ੍ਰਿੰਸੀਪਲ ਕੋਲ ਬੇਨਤੀ ਕਰ ਰਹੇ ਸੀ ਕਿ ਸਾਡਾ ਕੋਈ ਰਿਸ਼ਤੇਦਾਰ ਹੈ ਜੋ ਸਮਾਗਮ ਵੇਖਣਾ ਚਾਹੁੰਦਾ ਪਰ ਇੱਕ ਕਾਰਡ 'ਤੇ ਸਿਰਫ਼ ਦੋ ਜਣੇ ਆ ਸਕਦੇ, ਇਸ ਲਈ ਜੇ ਤੁਸੀਂ ਇਜਾਜ਼ਤ ਦੇਵੋ ਤਾਂ ਉਹਨਾਂ ਨੂੰ ਨਾਲ ਲੈ ਕੇ ਆਈਏ? ਪ੍ਰਿੰਸੀਪਲ ਨੇ ਬੜੇ ਠਰੰਮੇ ਤੇ ਪਿਆਰ ਨਾਲ ਕਿਹਾ ਕਿ ਸਾਡੇ ਕੋਲ ਹੱਲ ਵਿੱਚ ਮਾਪਿਆਂ ਜੋਗੀ ਹੀ ਜਗ੍ਹਾ ਹੈ, ਤੇ ਅਸੀਂ ਚਾਹੁੰਦੇ ਹਾਂ ਕਿ ਸਾਰੇ ਮਾਪੇ ਬੈਠ ਸਕਣ, ਅਗਲੀ ਵਾਰ ਅਸੀਂ ਬਾਹਰ ਮੈਦਾਨ ਵਿੱਚ ਕਰਾਂਗੇ ਸਮਾਗਮ, ਉਸ ਵੇਲੇ ਜੇ ਕੋਈ ਆਉਣਾ ਚਾਹੇਗਾ ਤਾਂ ਅਸੀਂ ਸੁਅਗਤ ਕਰਾਂਗੇ।

ਹੁਣ ਮੇਰਾ ਫਿਕਰ ਮੇਰੇ ਸਿਰ ਨੂੰ ਚਕਰਾਉਣ ਲੱਗਾ, ਕਿ ਇਹ ਕਿਹੜੀ ਫ਼ਸਲ ਉੱਗ ਖੜੋਈ ਹੈ ਤੇ ਇਹ ਬੀਜੀ ਕਿਸ ਨੇ ਹੈ। ਮੇਰੇ ਅੰਦਰਲਾ ਜਿਗਿਆਸੂ ਮਨੁੱਖ ਮਰਦਾ ਨਜ਼ਰ ਆਇਆ। ਮੈਂ ਅਕਸਰ ਕੰਮ 'ਤੇ ਜਾਣ ਲੱਗਾ ਆਪਣੇ ਅੰਦਰਲਾ ਸ਼ਾਇਰ ਤੇ ਚਿੰਤਕ ਘਰੇ ਕਿਤਾਬਾਂ ਵਾਲੀ ਅਲਮਾਰੀ ਵਿੱਚ ਤਾਅੜ ਕੇ ਜਾਨਾਂ ਹੁੰਨਾਂ ਪਰ ਅੱਜ ਉਹ ਉਡਾਰੀ ਮਾਰ ਕੇ ਮੇਰੇ ਅੰਦਰ ਪ੍ਰਵੇਸ਼ ਕਰ ਗਿਆ। ਮੇਰੇ ਵਰਗੇ ਹੋਰ ਵੀ ਬਹੁਤ ਹੋਣਗੇ ਜਿਹਨਾਂ ਦੇ ਅੰਦਰ ਚਿੰਤਕ ਮਰਦੇ ਹੋਣਗੇ। ਗੱਲ 'ਤੇ ਆਉਂਦੇ ਹਾਂ।

**ਵਿੱਦਿਅਕ ਢਾਂਚੇ ਦੇ ਚਾਰ ਥੰਮ ਨੇ**

1. ਬੱਚਾ
2. ਮਾਪੇ
3. ਵਿੱਦਿਅਕ ਅਦਾਰੇ (ਜਿਸ ਵਿੱਚ ਮੈਨੇਜਮੈਂਟ, ਅਧਿਆਪਕ ਤੇ ਸਹਾਇਕ ਸਟਾਫ਼ ਸ਼ਾਮਿਲ ਹੈ)
4. ਵਾਤਾਵਰਨ

ਮਗਰਲੇ ਤਿੰਨ੍ਹਾਂ ਦਾ ਸਾਰਾ ਜ਼ੋਰ ਪਹਿਲੇ ਯਾਨਿ ਕਿ ਬੱਚੇ ਨੂੰ ਚੰਗਾ ਬਣਾਉਣ 'ਤੇ ਲੱਗਾ ਹੁੰਦਾ। ਤੇ ਬੱਚੇ ਦਾ ਖ਼ੁਦ ਦਾ ਵੀ ਓਨਾ ਹੀ ਯੋਗਦਾਨ ਹੁੰਦੈ। ਚਾਰਾਂ ਵਿੱਚੋਂ ਕਿਸੇ ਇੱਕ ਵੱਲੋਂ ਵੀ ਕੋਤਾਹੀ ਗੱਡੀ ਨੂੰ ਲੀਹੋਂ ਲਾਹ ਸਕਦੀ ਹੈ, ਹਾਂ ਕੁਝ ਪੰਜਵੇਂ ਪਹੀਏ ਵੀ ਹੁੰਦੇ ਨੇ ਜਿਹਨਾਂ ਦਾ ਵਿੱਦਿਅਕ ਅਦਾਰਿਆਂ ਦੇ ਜ਼ਰੀਏ ਚਾਰੇ ਥੰਮਾਂ ਦੇ ਨਾਲ ਸਿੱਧਾ ਜਾਂ ਅਸਿੱਧਾ ਸਬੰਧ ਹੁੰਦਾ। ਉਹਨਾਂ ਦਾ ਚਿੰਤਨਸ਼ੀਲ ਹੋਣਾ ਜਾਂ ਨਾ ਹੋਣਾ ਉਹਨਾਂ ਦੇ ਸੁਭਾਅ 'ਤੇ ਨਿਰਭਰ ਕਰਦਾ। ਪਰ ਜ਼ਿੰਮੇਦਾਰੀ ਉਹਨਾਂ ਸਿਰ ਵੀ ਹੁੰਦੀ ਹੈ ਕਿਉਂਕਿ ਵਾਤਾਵਰਨ ਵਿੱਚ ਉਹਨਾਂ ਦਾ ਵੀ ਹਿੱਸਾ ਹੁੰਦੈ।

ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਨੇ ਬੱਚਿਆਂ ਪ੍ਰਤੀ ਮਾਪਿਆਂ ਦੇ ਲਗਾਅ ਵਿੱਚ ਵੀ ਘਾਟਾ ਪੈਦਾ ਕੀਤਾ ਹੈ। ਤੇ ਇਸੇ ਦਾ ਨਤੀਜਾ ਹੈ ਕਿ ਬੱਚਿਆਂ ਵਿੱਚ ਸੰਸਕਾਰਾਂ ਦੀ ਘਾਟ ਹੈ। ਦੁਨੀਆ ਦੀ ਕੋਈ ਵੀ ਵਿੱਦਿਅਕ ਸੰਸਥਾ ਸੰਸਕਾਰ ਨਹੀਂ ਪੜ੍ਹਾਉਂਦੀ, ਇਹ ਸਾਨੂੰ ਘਰੋਂ ਹੀ ਮਿਲਦੇ ਨੇ। ਖ਼ੈਰ ਮਸਲੇ 'ਤੇ ਆਉਂਦੇ ਹਾਂ, ਬੱਚਿਆਂ ਦੇ ਕੋਮਲ ਮਨਾਂ ਅੰਦਰ ਗ਼ੈਰ-ਸੰਵਿਧਾਨਕ, ਗ਼ੈਰ-ਸਮਾਜਿਕ ਤੇ ਗ਼ੈਰ-ਜ਼ਿੰਮੇਦਾਰਾਨਾ ਗੱਲਾਂ ਦਾ ਜਨਮ ਲੈਣਾ ਸਾਡੇ ਭਵਿੱਖ ਲਈ ਖ਼ਤਰਨਾਕ ਹੈ। ਅਸੀਂ ਜਿਸ ਵਾਤਾਵਰਨ ਵਿੱਚ ਜਿਊਂਦੇ ਹਾਂ ਕੀ ਉਹ ਸਾਡੇ ਭਵਿੱਖ ਦੇ ਸਮਾਜਿਕ ਜੀਵਨ ਲਈ ਲਾਹੇਵੰਦ ਹੈ? ਅਸੀਂ ਖ਼ੁਦ ਵਿੱਚੋਂ ਤੇ ਬੱਚਿਆਂ ਵਿੱਚੋਂ ਚੰਗੇ ਮਾੜੇ ਦਾ ਨਿਤਾਰਾ ਕਰਨ ਦਾ ਗੁਣ ਗੁਆ ਤਾਂ ਨਹੀਂ ਰਹੇ? ਅਸੀਂ ਕਾਹਲ ਵਿੱਚ ਫਸ ਕੇ ਆਪਣੇ ਬੱਚਿਆਂ ਅੰਦਰੋਂ ਕੁਦਰਤੀ ਵਰਤਾਰਾ ਮਿਟਾ ਕੇ ਉਹਨਾਂ ਨੂੰ ਮਸ਼ੀਨਾਂ ਤਾਂ ਨਹੀਂ ਬਣਾ ਰਹੇ ?

ਏਦਾਂ ਦੇ ਹਜ਼ਾਰਾਂ ਸਵਾਲ ਲੈ ਕੇ ਮੇਰੇ ਵਰਗੇ ਬਹੁਤ ਸਾਰੇ ਮੂਰਖ਼ ਚੰਗੇ ਸਮਾਜ ਨੂੰ ਸਿਰਜਣ ਦੀ ਦੁਹਾਈ ਦਿੰਦੇ ਨਜ਼ਰ ਆਉਣਗੇ, ਤੁਸੀਂ ਵੀ ਆਪਣੇ ਅੰਦਰ ਇਹਨਾਂ ਸਵਾਲਾਂ ਦੇ ਪੁੰਗਰਣ ਲਈ ਜ਼ਮੀਨ ਤਿਆਰ ਕਰੋ। ਜਾਂ ਫਿਰ ਅੰਡਰ-ਐਸਟੀਮੇਟ ਕਰੋ। ਮਨੁੱਖ ਦਾ ਜਨਮ, ਵਿਕਾਸ ਤੇ ਵਿਨਾਸ਼ ਕੁਦਰਤੀ ਵਰਤਾਰਾ ਹੈ ਪਰ ਸਮਾਜਿਕ ਸਰੋਕਾਰਾਂ ਦਾ ਜਨਮ, ਵਿਕਾਸ ਤੇ ਵਿਨਾਸ਼ ਮਨੁੱਖ ਦੇ ਹੱਥਾਂ ਵਿੱਚ ਹੈ। ਪ੍ਰਾਪਤੀ ਜੀਵਨ ਨੂੰ ਸੌਖਾ ਕਰ ਸਕਦੀ ਹੈ ਸੁੰਦਰ ਨਹੀਂ, ਇਹ ਵਰਤਾਰਾ ਸਮਾਜਿਕ ਸਰੋਕਾਰਾਂ 'ਤੇ ਵੀ ਲਾਗੂ ਹੁੰਦਾ ਹੈ। ਹੁਣ ਸਵਾਲ ਇਹ ਵੀ ਪੈਦਾ ਹੁੰਦਾ ਕਿ ਹਰ ਕੋਈ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਅ ਰਿਹਾ ਜਾਂ ਨਹੀਂ। ਸਮਾਗਮ ਵਿੱਚ ਮਾਪਿਆਂ ਨੂੰ ਬੱਚਿਆਂ ਦਾ ਪ੍ਰੋਗਰਾਮ ਵੇਖਣ ਲਈ ਬੁਲਾਇਆ ਜਾਂਦਾ ਪਰ ਉਹ ਆਪੋ-ਆਪਣਾ ਮੋਬਾਈਲ ਚੁੱਕੀ ਰਿਕਾਡਿੰਗ ਵਿੱਚ ਵਿਅਸਤ ਹੁੰਦੇ, ਭਲਿਉ ਲੋਕੋ ਮੈਨੇਜਮੈਂਟ ਨੇ ਫ਼ੋਟੋਗਰਾਫ਼ਰ ਤੇ ਵੀਡਿਉ ਮੇਕਰ ਬੁਲਾਏ ਹੁੰਦੇ ਨੇ। ਇਹ ਉਹਨਾਂ ਦੀ ਜ਼ਿੰਮੇਵਾਰੀ ਹੈ। ਤੁਸੀਂ ਵੇਖਣ ਆਏ ਹੋ, ਭੱਦਰ-ਪੁਰਖਾਂ ਵਾਂਗੂੰ ਵੇਖੋ। ਏਹੋ ਤੁਹਾਡੀ ਜ਼ਿੰਮੇਵਾਰੀ ਹੈ। ਜਾਂ ਫ਼ਿਰ ਤੁਸੀਂ ਮੋਬਾਈਲ ਦੇ ਬੰਦੀ ਹੋ. ਛੇ ਇੰਚ ਦੀ ਸਕਰੀਨ ਦੇ ਕੈਦੀ. ਖ਼ੁਦ ਨੂੰ ਆਜ਼ਾਦ ਕਰੋ ਤਾਂ ਹੀ ਆਉਣ ਵਾਲੀ ਪੀੜ੍ਹੀ ਨੂੰ ਵੀ ਦੱਸ ਸਕੋਗੇ।

-0-

# ਭਾਜਪਾ ਐੱਮ.ਪੀ. ਨੇ ਪੰਜਾਬ ਦੇ ਕਿਸਾਨਾਂ ਨੂੰ ਕਸਾਈ ਕਿਹਾ

ਨਵੀਂ ਦਿੱਲੀ : ਹਰਿਆਣਾ ਦੇ ਇਕ ਭਾਜਪਾ ਐੱਮ.ਪੀ.ਨੇ ਕਿਸਾਨਾਂ ਨੂੰ ਕਸਾਈ ਆਖ ਦਿੱਤਾ। ਇਹ ਰਾਜ ਸਭਾ ਮੈਂਬਰ ਰਾਮ ਚੰਦਰ ਜਾਂਗੜਾ ਹੈ। ਉਹ ਗੰਨੇ ਦੀ ਮਿੱਲ ਦਾ ਉਦਘਾਟਨ ਕਰਨ ਰੋਹਤਕ ਆਇਆ ਸੀ। ਉੱਥੇ ਜਨਤਕ ਸਮਾਗਮ ਵਿੱਚ ਉਸ ਨੇ ਕਿਹਾ ਕਿ ਕਿਸਾਨ ਨਸ਼ੇ ਦੇ ਸੌਦਾਗਰ ਨੇ,ਤੇ ਖਾਸ ਕਰਕੇ ਪੰਜਾਬ ਦੇ ਕਿਸਾਨ।

ਉਸ ਨੇ ਕਿਹਾ ਕਿ ਜਦੋਂ ਤਿੰਨ ਖੇਤੀ ਕਾਨੂੰਨਾਂ ਦਾ ਅੰਦੋਲਨ ਚੱਲਿਆ ਸੀ ਤਾਂ ਇਹ ਕਿਸਾਨ ਜਿਹੜੇ ਪੰਜਾਬ ਤੋਂ ਉੱਠ ਕੇ ਦਿੱਲੀ ਆਏ ਸੀ ਇਹ ਨਸ਼ੇ ਦੇ ਸੌਦਾਗਰ ਸੀ। ਉਸਨੇ ਕਿਹਾ ਕਿ 2021 ਤੋਂ ਹਰਿਆਣੇ ਦੇ ਪਿੰਡਾਂ ਵਿਚ ਜਿਹੜਾ ਚਿੱਟਾ ਆ ਗਿਆ, ਹੈਰੋਇਨ ਆ ਗਈ, ਅਫੀਮ, ਭੁੱਕੀ, ਤੇ ਪਤਾ ਨਹੀਂ ਕਿੰਨੇ ਨਸ਼ੇ ਗਿਣਾ ਤੇ ਕਹਿੰਦਾ ਇਹ ਸਾਰੇ ਉਹ ਅੰਦੋਲਨ ਦੇ ਕੇ ਗਿਆ ਹੈ। ਇਹ ਮੈਂਬਰ ਪਾਰਲੀਮੈਂਟ ਇਸ ਤੋਂ ਵੀ ਅਗਾਂਹ ਵਧਿਆ ਤੇ ਕਹਿੰਦਾ ਇਹ ਕਿਸਾਨ ਨਹੀਂ ਇਹ ਕਸਾਈ ਹਨ, ਇਹ ਬਗ਼ਾਵਤ ਕਰਦੇ ਹਨ, ਮਾਰ-ਕੁੱਟ ਕਰਦੇ ਹਨ, ਉਹਦੀ ਬੇਸ਼ਰਮੀ ਦੀ ਹੱਦ ਦੇਖੋ ਕਿ ਇੱਕ ਮੈਂਬਰ ਪਾਰਲੀਮੈਂਟ ਜਨਤਕ ਸਟੇਜ ਤੋਂ ਕਹਿੰਦਾ ਕਿ ਉਸ ਕਿਸਾਨ ਅੰਦੋਲਨ ਦੌਰਾਨ ਇਹਨਾਂ ਲੋਕਾਂ ਨੇ 700 ਕੁੜੀਆਂ ਅਗਵਾਹ ਕਰ ਲਈਆਂ ਸਨ। ਜਿਨ੍ਹਾਂ ਦਾ ਹੁਣ ਤੱਕ ਪਤਾ ਨਹੀਂ।

ਕਹਿੰਦਾ ਸੀ.ਬੀ.ਆਈ. ਦੀਆਂ ਰਿਪੋਰਟਾਂ ਚ ਇਹ ਗੱਲਾਂ ਪਈਆਂ ਹਨ। ਜੇ ਭਲਾ ਸੀ.ਬੀ.ਆਈ. ਦੀ ਰਿਪੋਰਟਾਂ 'ਚ ਪਈਆਂ ਨੇ ਤਾਂ ਪੁਲਿਸ ਦੀ ਕਿਸੇ ਐਫ.ਆਈ.ਆਰ ਵਿਚ ਵੀ ਹੋਣਗੀਆਂ ਹੀ?

ਅੱਜ ਕੱਲ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ ਜੇ ਇਹ ਸੱਚਾਈ ਹੋਵੇ ਤਾਂ ਸੋਸ਼ਲ ਮੀਡੀਆ ਭਰਿਆ ਪਿਆ ਹੁੰਦਾ ਕਿ ਸਾਡਾ ਬੱਚਾ ਗਾਇਬ ਹੈ ਜਾਂ ਸਾਡੀ ਕੁੜੀ ਗਾਇਬ ਹੈ। ਇਹ ਹੱਦ ਨਹੀਂ ਤਾਂ ਹੋਰ ਕੀ ਹੈ। ਸੋ ਇਸ ਤਰ੍ਹਾਂ ਉਸ ਨੇ ਕਿਹਾ ਕਿ ਇਹ ਕਿਸਾਨ ਸਾਡੇ ਹਰਿਆਣੇ ਦੇ ਕਿਸਾਨਾਂ ਨੂੰ ਭੜਕਾ ਕੇ ਗਏ ਹਨ।

ਸੋ ਇਸ ਪਹਿਲੂ ਤੇ ਸੋਚਣ ਦੀ ਲੋੜ ਹੈ ਕਿ ਤੁਸੀਂ ਕਿਸ ਤਰ੍ਹਾਂ ਦੀ ਭਾਸ਼ਾ ਵਰਤ ਰਹੇ ਹੋ?




ਇੱਕ ਪਾਸੇ ਅੰਦੋਲਨ ਚੱਲ ਰਿਹਾ ਹੈ ਤੁਸੀਂ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਇਸ ਕਰਕੇ ਬਦਨਾਮ ਕਰਨ ਲੱਗ ਪਏ ਹੋ,ਕਿਉਂਕਿ ਤੁਹਾਨੂੰ ਲੱਗਦਾ ਕਿ ਮੁੜ ਕੇ ਜੇ ਦੇਸ਼ ਵਿੱਚ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਉਹਦੀ ਅਗਵਾਈ ਪੰਜਾਬ ਨੇ ਕਰਨੀ ਹੀ ਕਰਨੀ ਹੈ, ਇਸ ਲਈ ਪੰਜਾਬ ਨੂੰ ਇਸ ਕਦਰ ਬਦਨਾਮ ਕਰ ਦਿਉ ਕਿ ਦੂਸਰੇ ਸੂਬਿਆਂ ਦੇ ਕਿਸਾਨ ਪੰਜਾਬ ਦੇ ਕਿਸਾਨਾਂ ਉੱਤੇ ਭਰੋਸਾ ਨਾ ਕਰਨ। ਕਿਉਂਕਿ ਜੇਕਰ ਹੁਣ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਹਵਾਲੇ ਨਾਲ ਸੂਬੇ ਭਰ ਚ ਚਰਚਾ ਤੁਰਦੀ ਹੈ ਤਾਂ ਹੋ ਸਕਦਾ ਪੰਜਾਬ ਦੇ ਕੁਝ ਕਿਸਾਨ ਇਹ ਸਲਾਹ ਬਣਾਉਂਦਣ ਕਿ ਉਹ ਵੱਖ ਵੱਖ ਸੂਬਿਆਂ ਚ ਜਾ ਕੇ ਲੋਕਾਂ ਨੂੰ ਲਾਮਬੰਦ ਕਰਨਗੇ। ਇਸ ਤੋਂ ਪਹਿਲਾਂ ਕਿਉਂ ਨਾ ਦੂਜੇ ਸੂਬਿਆਂ ਚ ਅਜਿਹੀ ਭਾਸ਼ਾ ਪਹੁੰਚਾਈ ਜਾਵ। ਕੀ ਇਹਦੇ ਪਿੱਛੇ ਕੋਈ ਡਿਜ਼ਾਇਨ ਕੀਤਾ ਹੋਇਆ ਪ੍ਰੋਗਰਾਮ ਹੈ?

# ਸਿਹਤ ਅਤੇ ਸਿੱਖਿਆ ਖੇਤਰ ਨੂੰ ਸੁਰਜੀਤ ਕਰਨਾ ਸਾਡੀ ਮੁੱਖ ਤਰਜੀਹ: ਮੁੱਖ ਮੰਤਰੀ

ਬੁਢਲਾਡਾ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿੱਖਿਆ ਅਤੇ ਸਿਹਤ ਖੇਤਰ ਦੀ ਕਾਇਆ-ਕਲਪ ਕਰਨ ਨੂੰ ਮੁੱਖ ਤਰਜੀਹ ਦੇ ਰਹੀ ਹੈ। ਇੱਥੇ ਸਬ ਡਿਵੀਜ਼ਨਲ ਹਸਪਤਾਲ ਦਾ ਨਿਰੀਖਣ ਕਰਨ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਦੌਰੇ ਦਾ ਉਦੇਸ਼ ਕਿਸੇ ਵੀ ਤਰ੍ਹਾਂ ਦਾ ਨੁਕਸ ਕੱਢਣਾ ਨਹੀਂ ਹੈ, ਸਗੋਂ ਇਸ ਦਾ ਮਕਸਦ ਸਰਕਾਰੀ ਹਸਪਤਾਲਾਂ ਦੀਆਂ ਸਹੂਲਤਾਂ ਨੂੰ ਹੋਰ ਸੁਚਾਰੂ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਇਹ ਪਹਿਲੀ ਵਾਰ ਦੇਖਿਆ ਹੈ ਕਿ ਸੂਬੇ ਦਾ ਕੋਈ ਮੁੱਖ ਮੰਤਰੀ ਸਰਕਾਰੀ ਦਫ਼ਤਰਾਂ ਜਾਂ ਹਸਪਤਾਲਾਂ ਦਾ ਦੌਰਾ ਕਰ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਉਦੇਸ਼ ਸਿਰਫ਼ ਸੂਬੇ ਦੇ ਲੋਕਾਂ ਨੂੰ ਹਰ ਤਰ੍ਹਾਂ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਦੌਰਾਨ ਸਿਹਤ ਅਤੇ ਸਿੱਖਿਆ ਖੇਤਰਾਂ ਵਿੱਚ ਮੁਕੰਮਲ ਤਬਦੀਲੀ ਆਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਿਹਤ ਖੇਤਰ ਵਿੱਚ ਵੱਡੀ ਕਾਇਆ-ਕਲਪ ਹੋਈ ਹੈ ਅਤੇ ਸਰਕਾਰੀ ਹਸਪਤਾਲਾਂ ਵਿੱਚ ਆਧੁਨਿਕ ਮਸ਼ੀਨਾਂ ਅਤੇ ਉਪਕਰਨ ਲਗਾਏ ਗਏ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੂਬੇ ਭਰ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਇੱਕ-ਇੱਕ ਪੈਸਾ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਸਮਝਦਾਰੀ ਨਾਲ ਖਰਚਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਹਰ ਖੇਤਰ ਵਿੱਚ ਬੇਮਿਸਾਲ ਵਿਕਾਸ ਅਤੇ ਤਰੱਕੀ ਦੇ ਨਵੇਂ ਯੁੱਗ ਦਾ ਗਵਾਹ ਹੈ ਅਤੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਵਿੱਚ ਸੂਬੇ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ।



**ਖੇਡ ਸਟੇਡੀਅਮ ’ਚ ਰੰਗਮੰਚ**

# ਟਿਕੀ ਰਾਤ ’ਚ ਨਾਟਕ ਮਹਿਕਿਆ

ਚੱਕ ਗੁਰੂ ’ਚ ਕੱਲ੍ਹ ਉਹ ਹੋਇਆ ਜੁ ਹੋਣਾ ਚਾਹੀਦਾ.. ਜੁ ਪੰਜਾਬ ਦੀ ਲੋੜ ਐ..ਦਿਨ ਵੇਲ਼ੇ ਤਨ ਦੀ ਸਿਹਤਮੰਦੀ ਲਈ ਖਿਡਾਰੀਆਂ ਪਸੀਨਾ ਵਹਾਇਆ ਤੇ ਦਰਸ਼ਕਾਂ ਦੇ ਦਿਲਾਂ 'ਚ ਲਹੂ ਤੇਜ਼ ਦੌੜਿਆ..ਰਾਤ ਵੇਲ਼ੇ ਮਨ ਦੀ ਸਿਹਤਮੰਦੀ ਲਈ ਰੰਗਮੰਚ ਦੇ ਖਿਡਾਰੀ ਨੇ ਪਸੀਨਾ ਵਹਾਇਆ ਤੇ ਦਰਸ਼ਕਾਂ ਦੇ ਦਿਲ ਦਿਮਾਗ਼ ਸੋਚਾਂ ਨਾਲ ਗੁੱਥਮਗੁੱਥਾ ਹੋਏ...ਤਨ ਮਨ ਤੰਦਰੁਸਤ ਹੋ ਜਾਏ ਤਾਂ ਆਸ ਵਧ ਜਾਂਦੀ ਐ!

ਇਹ ਨਾਟਕ "ਸੰਮਾਂ ਵਾਲ਼ੀ ਡਾਂਗ" ਜਦੋਂ ਖੇਡਿਆ ਸੀ ਤਾਂ ਬਹੁਤੇ ਦਰਸ਼ਕ ਦੋਸਤਾਂ ਦਾ ਮੱਤ ਸੀ ਕਿ ਇਹ ਨਾਟਕ ਸਮੇਂ ਤੋਂ ਪਾਰ ਜਾਏਗਾ ਤੇ ਹਮੇਸ਼ਾਂ ਤਾਜ਼ਾ ਵੀ ਰਹੂ ਤੇ ਪ੍ਰਸੰਗਿਕ ਵੀ...ਕੱਲ੍ਹ ਇਸ ਨਾਟਕ ਦਾ 205ਵਾਂ ਸ਼ੋਅ ਕਰ ਕੇ ਮਹਿਸੂਸ ਹੋਇਆ ਕਿ ਉਹਨਾਂ ਦੀ ਅੱਖ ਪਾਰਖੂ ਸੀ...ਇਹ ਨਾਟਕ ਪੇਸ਼ ਹੁੰਦਾ ਰਹੂ!

ਦਰਸ਼ਕਾਂ 'ਚ ਔਰਤਾਂ ਦੀ ਵੱਡੀ ਗਿਣਤੀ...ਅਵਤਾਰ ਤਾਰੀ ਤੇ ਸਾਥੀਆਂ ਨੂੰ ਏਸ ਗੱਲ ਦੀ ਸ਼ਾਬਾਸ਼ ਕਿ ਉਹਨਾਂ ਅਨੇਕ ਖਾਸ ਮਹਿਮਾਨਾਂ ਦੀ ਹਾਜ਼ਰੀ 'ਚ ਧੀਆਂ ਭੈਣਾਂ ਮਾਤਾਵਾਂ ਨੂੰ ਅਗਲੀਆਂ ਸੀਟਾਂ 'ਤੇ ਬਹਾਇਆ..ਔਰਤ ਦਾ ਅਰਥ ਹੈ ਅਨੁਸ਼ਾਸਨ...ਗੰਭੀਰਤਾ...ਸੰਵੇਦਨਸ਼ੀਲਤਾ!...ਹਰ ਪਿੰਡ ਨੂੰ ਤੇ ਹਰ ਪ੍ਰਬੰਧਕ ਨੂੰ ਇਸ ਮਿਸਾਲ ਤੋਂ ਪ੍ਰੇਰਣਾ ਲੈਣੀ ਚਾਹੀਦੀ!

ਦੋ ਸੌ ਪੰਜ ਹੋ ਗਏ...ਕਈ ਸੌ ਪੰਜ ਹੋਣਗੇ!

ਮਹਿਕਿਆ ਟਹਿਕਿਆ ਰੰਗਕਰਮੀ
**ਸਾਹਿਬ ਸਿੰਘ**

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਓਹਲੇ ਚੱਲ ਰਿਹਾ ਰਾਜਨੀਤਕ ਖੇਲ!

***ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੇਸ਼ੀ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਲੈ ਕੇ ਸਥਿਤੀ ਕਾਫੀ ਵਾਦ-ਵਿਵਾਦ ਵਾਲੀ ਬਣੀ ਹੋਈ ਹੈ। ਹਜ਼ਾਰਾ ਸਿੰਘ ਮਿਸੀਸਾਗਾ ਨੇ ਇਸ ਸਾਰੇ ਘਟਨਾਕ੍ਰਮ ਦਾ ਲੇਖਾ-ਜੋਖਾ ਆਪਣੇ ਇਸ ਲੇਖ ਵਿਚ ਕੀਤਾ ਹੈ। 'ਪੰਜਾਬ ਟਾਈਮਜ਼' ਦਾ ਇਸ ਵਿਚ ਦਰਜ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਅਗਲੇ ਦਿਨਾਂ ਦੌਰਾਨ ਇਸ ਵਿਸ਼ੇ 'ਤੇ ਆਉਣ ਵਾਲੇ ਹੋਰਨਾਂ ਵਿਚਾਰਾਂ ਨੂੰ ਵੀ ਢੁਕਵੀਂ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਸ੍ਰੀ ਅਕਾਲ ਤਖਤ ਸਾਹਿਬ 'ਤੇ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਘਟਨਾਕ੍ਰਮ ਨਿਰੋਲ ਸਿਆਸੀ ਹੈ। ਇਹ ਖੇਲ ਦੁਨੀਆਂ ਭਰ ਵਿਚ ਫੈਲੀਆਂ ਸਿੱਖ ਸੰਗਤਾਂ ਅੰਦਰ ਗੁਰੂ ਸਾਹਿਬਾਨ ਪ੍ਰਤੀ ਅਥਾਹ ਅਤੇ ਅਸੀਮ ਸ਼ਰਧਾ ਨੂੰ ਵਰਤਦਿਆਂ ਸ੍ਰੀ ਅਕਾਲ ਤਖਤ ਦੀ ਸਰਵਉੱਚਤਾ ਓਹਲੇ ਖੇਲ੍ਹਿਆ ਜਾ ਰਿਹਾ ਹੋਣ ਕਾਰਨ ਧਾਰਮਿਕ ਮਾਮਲਾ ਹੋਣ ਦਾ ਭੁਲੇਖਾ ਪਾਉਂਦਾ ਹੈ, ਪਰ ਅਸਲ ਵਿਚ ਇਹ ਸਿਆਸੀ 'ਰੀਵਾਈਵਲ' ਅਤੇ 'ਸਰਵਾਈਵਲ' ਦੇ ਘੋਲ ਦੇ ਲੰਮੇ ਸਮੇ ਤੋਂ ਚਲਦੇ ਆ ਰਹੇ ਤਿਕੜਮਬਾਜ਼ ਸਿਲਸਿਲੇ ਦੀ ਗਾਥਾ ਦਾ ਹੀ ਅਗ਼ਲਾ ਕਾਂਡ ਹੈ। ਆਪਣੇ ਸਿਆਸੀ ਵਿਰੋਧੀਆਂ ਦਾ ਸਿਰ ਕੱਪਣ ਲਈ ਅਕਾਲ ਤਖਤ ਨੂੰ ਹਥਿਆਰ ਵਜੋਂ ਵਰਤਣ ਦੀ ਕੁਰੀਤੀ ਕਾਫੀ ਪੁਰਾਣੀ ਹੈ। 1984 ਤੋਂ ਬਾਅਦ ਖਾੜਕੂ ਸਿਆਸਤ

**ਹਜਾਰਾ ਸਿੰਘ ਮਿਸੀਸਾਗਾ**
**ਫੋਨ: (647)685-5997**

ਨੇ ਰਵਾਇਤੀ ਅਕਾਲੀਆਂ ਦੀ ਥਾਂ ਲੈਣ ਲਈ ਅਕਾਲ ਤਖਤ ਦੀ ਬੇਦਰੇਗ ਵਰਤੋਂ ਕੀਤੀ। ਅਕਾਲੀ ਰਾਜਨੀਤੀ ਅੰਦਰ ਬਰਨਾਲੇ ਨੂੰ ਬੱਦੂ ਕਰਨ ਲਈ ਅਕਾਲ ਤਖਤ ਨੂੰ ਵਰਤਿਆ ਗਿਆ। ਫਿਰ ਬਾਦਲ ਵਿਰੋਧੀ ਧੜਿਆਂ ਨੇ ਬਾਦਲ ਨੂੰ ਸਿੱਖ ਸਿਆਸਤ ਵਿਚੋਂ ਭਜਾਉਣ ਲਈ ਅਕਾਲ ਤਖਤ ਨੂੰ ਵਰਤਿਆ। ਬਾਦਲ ਸਰਵਾਈਵ ਕਰ ਗਿਆ। ਹਾਲਾਤ ਬਦਲੇ, ਅਕਾਲ ਤਖਤ ਨੂੰ ਸਰਵਉੱਚ ਕਹਿ ਕੇ ਪ੍ਰਚਾਰਿਆ ਗਿਆ ਕੁਤਕਾ ਬਾਦਲ ਹੱਥ ਆ ਗਿਆ। ਉਸਨੇ ਫਿਰ ਉਸੇ ਹਥਿਆਰ ਨਾਲ ਹੀ ਬਾਕੀ ਦੇ ਧੜੇ, ਜੋ ਅਕਾਲ ਤਖਤ ਸਰਵਉੱਚ, ਅਕਾਲ ਤਖਤ ਸਰਵਉੱਚ ਕੂਕਦੇ ਹੁੰਦੇ ਸਨ, ਸਭ ਨਿੰਸਲ ਕਰ ਦਿੱਤੇ। ਕੋਈ ਕੁਸਕਣ ਜੋਗਾ ਨਾ ਛੱਡਿਆ। ਬਾਦਲ 'ਤੇ ਅਕਾਲ ਤਖਤ ਦੀ ਦੁਰਵਰਤੋਂ ਦੇ ਦੋਸ਼ ਲੱਗੇ। ਅਕਾਲ ਤਖਤ ਨੂੰ ਗੈਰ ਸਿਧਾਂਤਕ ਤੌਰ 'ਤੇ ਸਰਵਉੱਚ ਕਹਿ ਕੇ, ਜਥੇਦਾਰ ਨੂੰ ਸਰਵਉੱਚ ਕਹਿਣ ਦੀ ਪਿਰਤ ਬਾਰੇ ਵਿਦਵਾਨਾਂ ਨੇ ਮਹਿਸੂਸ ਤਾਂ ਜ਼ਰੂਰ ਕੀਤਾ ਕਿ ਕੁੱਝ ਗਲਤ ਹੋ ਰਿਹਾ ਹੈ, ਪਰ ਇਸ ਆਪ ਸਹੇੜੀ ਮੁਸੀਬਤ ਦਾ ਮੁਨਾਸਿਬ ਹੱਲ ਲੱਭਣ ਲਈ ਬਹੁਤਾ ਕੁੱਝ ਨਾ ਕਰ ਸਕੇ। ਅਸਲ ਵਿਚ ਬਹੁਤੇ ਸ੍ਰੀ ਅਕਾਲ ਤਖਤ ਨੂੰ ਹਥਿਆ ਕੇ ਵਿਰੋਧੀਆਂ ਦੀਆਂ ਰੜਕਾਂ ਕੱਢਣ ਬਾਰੇ ਹੀ ਸੋਚਦੇ ਰਹੇ।

ਜਦ ਬਾਦਲਾਂ ਦੀ ਤਾਕਤ ਦਾ ਸਿਤਾਰਾ ਸਿਖਰ 'ਤੇ ਸੀ ਤਾਂ ਜਥੇਦਾਰਾਂ ਨੇ ਵੱਖਰੀਆਂ ਸੁਰਾਂ ਕੱਢਣ ਵਾਲਿਆਂ ਨੂੰ ਥੋਕ ਵਿਚ ਛੇਕਿਆ। ਦਮਦਮੀ ਟਕਸਾਲ ਦਾ ਬਾਦਲਾਂ ਨਾਲ ਗੱਠਜੋੜ ਹੋਣ ਕਾਰਨ ਦਸਮ ਗ੍ਰੰਥ ਦਾ ਵਿਰੋਧ ਕਰਨ ਵਾਲੇ, ਕੈਲੰਡਰ ਦੀ ਹਮਾਇਤ ਕਰਨ ਵਾਲੇ, ਦਮਦਮੀ ਟਕਸਾਲ ਦੀਆਂ ਧਾਰਨਾਵਾਂ ਤੋਂ ਵੱਖਰੀ ਧਾਰਨਾ ਰੱਖਣ ਵਾਲੇ ਅਤੇ ਬਾਦਲ ਦਲ ਦੀ ਸਿਆਸੀ ਨੁਕਤਾਚੀਨੀ ਕਰਨ ਵਾਲਿਆਂ ਦੇ ਸਿਰਾਂ 'ਤੇ ਜਥੇਦਾਰਾਂ ਦੀ 'ਸਰਵਉਚਤਾ' ਦਾ ਕਾਲ ਕੂਕਿਆ। ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਰਾਗੀ, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ, ਸਪੋਸਕਮੈਨ ਦੇ ਜੋਗਿੰਦਰ ਸਿੰਘ, ਇਤਹਾਸਕਾਰ ਦਿਲਗੀਰ ਆਦਿ ਪੰਥ ਵਿਚੋਂ ਛੇਕ ਦਿੱਤੇ ਗਏ। ਢੱਡਰੀਆਂ ਵਾਲੇ ਦੇ ਦੀਵਾਨ ਬੰਦ ਕਰਵਾ ਦਿੱਤੇ ਗਏ, ਗੁਰਤੇਜ ਸਿੰਘ ਦੀ ਪ੍ਰੋ. ਆਫ ਸਿਖਇਜ਼ਮ ਦੀ ਉਪਾਧੀ ਵਾਪਿਸ ਲੈ ਲਈ ਗਈ। ਦਿੱਲੀ ਵਾਲੇ ਸਰਨਿਆਂ ਦੀਆਂ ਪੇਸ਼ੀਆਂ ਪਈਆਂ। ਕਹਿਣ ਨੂੰ ਜਥੇਦਾਰ ਸਰਵਉੱਚ ਸਨ ਪਰ ਇਸ ਦੌਰ ਵਿਚ ਸੁੱਕੇ ਉਹ ਵੀ ਨਾ ਬਚੇ। ਜਥੇਦਾਰ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ, ਜਥੇਦਾਰ ਵੇਦਾਂਤੀ, ਪੋ. ਮਨਜੀਤ ਸਿੰਘ, ਜਥੇਦਾਰ ਨੰਦਗੜ, ਜਥੇਦਾਰ ਗੁਰਬਚਨ ਸਿੰਘ ਆਦਿ ਨੂੰ ਜਿਸ ਤਰ੍ਹਾਂ ਕੱਢਿਆ ਗਿਆ, ਸਰਕਾਰ ਉਸ ਤਰੀਕੇ ਕਿਸੇ ਚਪੜਾਸੀ ਨੂੰ ਵੀ ਨਹੀਂ ਕੱਢ ਸਕਦੀ। ਲੋਕਾਂ ਨੂੰ ਕੁੱਝ ਕੁੱਝ ਸਮਝ ਆਈ ਕਿ ਇਹ ਤਾਂ ਜਥੇਦਾਰਾਂ ਨੂੰ ਵਰਤ ਕੇ ਸੁੱਟ ਦੇਣ ਵਾਲੀ ਗੱਲ ਹੋਈ। ਸਰਵਉੱਚਤਾ ਦਾ ਹੀਜ਼-ਪਿਆਜ਼ ਜਾਹਿਰ ਹੋ ਗਿਆ। ਲੋਕਾਂ ਨੂੰ ਸਮਝ ਆਇਆ ਕਿ ਸਰਵਉੱਚ ਜਥੇਦਾਰ ਨਹੀਂ, ਉਨ੍ਹਾਂ ਨੂੰ ਲਾਉਣ ਅਤੇ ਲਾਹੁਣ ਵਾਲੇ ਹਨ। ਪਰ ਸਿੱਖਾਂ ਨੂੰ ਆਪਣੇ ਵਿਰੋਧੀਆਂ ਦੀਆਂ ਰੜਕਾਂ ਜਥੇਦਾਰ ਰਾਹੀਂ ਕਢਵਾਉਣ ਵਾਲੀ ਪਈ ਆਦਤ ਕਾਰਨ ਦੇਸ਼-ਵਿਦੇਸ਼ ਦੇ ਸਿੱਖ ਆਪਣੀਆਂ ਕਿੜਾਂ ਵਾਲੀਆਂ ਸ਼ਿਕਾਇਤਾਂ ਲੈ ਕੇ ਅਕਾਲ ਤਖਤ ਵੱਲ ਭੱਜਦੇ ਰਹੇ। ਅਕਾਲ ਤਖਤ ਵੱਲੋਂ ਚੋਣਵੀਆਂ ਸ਼ਿਕਾਇਤਾਂ 'ਤੇ ਕਾਰਵਾਈ ਕਰਨ ਦਾ ਸਿਲਸਿਲਾ ਵੀ ਜਾਰੀ ਰਿਹਾ। ਅਕਾਲ ਤਖਤ ਵੱਲ ਲਿਖੀ ਚਿੱਠੀ ਦਾ ਜਵਾਬ ਤਾਂ ਕਿਸੇ ਵਿਰਲੇ ਨੂੰ ਹੀ ਮਿਲਿਆ ਹੋਊ ਪਰ ਸਿੱਖਾਂ ਵੱਲੋਂ ਸ਼ਿਕਾਇਤਾਂ ਲਾਉਣ ਦੀ ਆਦਤ ਨੂੰ ਬਹੁਤਾ ਫਰਕ ਨਾ ਪਿਆ। ਵਾਰਿਸ ਸ਼ਾਹ ਨੇ ਠੀਕ ਹੀ ਕਿਹਾ ਸੀ , 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।'


ਪਰ ਜਿਵੇਂ ਦਇਆ ਸਿੰਘ ਆਰਿਫ ਨੇ ਕਿਹਾ ਸੀ ਕਿ ਗੁੱਡੀ ਸਦਾ ਅਸਮਾਨ ਨਾ ਚੜੀ ਰਹਿਣੀ। ਬਾਦਲਾਂ ਦੀਆਂ ਸਿਆਸੀ ਗਲਤੀਆਂ ਅਤੇ ਇੰਤਜਾਮੀਆਂ ਫੈਲਸੂਫੀਆਂ ਕਾਰਨ ਲੋਕਾਂ ਦਾ ਇਨ੍ਹਾਂ ਤੋਂ ਮੋਹ ਭੰਗ ਹੋ ਗਿਆ। 2017 ਅਤੇ 2022 ਦੀਆਂ ਚੋਣਾਂ ਵਿਚ ਬਾਦਲ ਬੁਰੀ ਤਰਾਂ ਹਾਰ ਗਏ। ਹੋਰ ਤਾਂ ਹੋਰ ਕਦੇ ਵੀ ਚੋਣ ਨਾ ਹਾਰਨ ਵਾਲਾ ਪ੍ਰਕਾਸ਼ ਸਿੰਘ ਬਾਦਲ ਵੀ ਚੋਣ ਹਾਰ ਗਿਆ। ਸੱਤਾ ਦੀ ਔੜ ਲੰਮੀ ਹੁੰਦੀ ਦੇਖ ਕੇ ਅਕਾਲੀ 'ਰਾਜਕੁਮਾਰ' ਬੇਚੈਨ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਹੋ ਗਈ, ਸੁਖਬੀਰ ਬਾਦਲ ਦਾ ਸਿਆਸੀ ਕ੍ਰਿਸ਼ਮਾ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਠੁੱਸ ਹੋ ਗਿਆ ।

ਸੱਤਾ ਲਈ ਮੱਛੀ ਵਾਂਗ ਤੜਪਦੇ ਹੋਏ 'ਅਕਾਲੀ ਰਾਜਕੁਮਾਰ' (ਬਜ਼ੁਰਗ ਅਕਾਲੀਆਂ ਦੀ ਮਾਡਰਨ ਆਰਾਮਪ੍ਰਸਤ ਔਲਾਦ ਅਤੇ ਦੋਹਤ-ਪੋਤ) ਅਕਾਲ ਤਖਤ ਜਾ ਪਹੁੰਚੇ। ਬੇਅਸੂਲੀ ਸਿਆਸਤ ਦੇ ਇਹ ਵਪਾਰੀ ਅਕਾਲ ਤਖਤ 'ਤੇ ਮਨ ਦੀ ਸਫਾਈ ਲਈ ਨਹੀਂ, ਸਗੋਂ ਅਕਾਲ ਤਖਤ ਨੂੰ ਆਪਣੀ ਚਤੁਰ ਬੁੱਧੀ ਨਾਲ ਵਰਤ ਕੇ ਮੁੜ ਸੱਤਾ ਹਾਸਲ ਕਰਨ ਦੇ ਰਾਹ ਪੈਣ ਦਾ ਆਹਰ-ਪਾਹਰ ਕਰਨ ਲਈ ਗਏ ਸਨ। ਇਨ੍ਹਾਂ ਦੀ ਬੁੱਧੀ ਇਨ੍ਹਾਂ ਨੂੰ ਕਾਇਲ ਕਰੀ ਬੈਠੀ ਸੀ ਕਿ ਲੋਕਾਂ ਨੂੰ (ਖਾਸ ਕਰਕੇ ਸਿੱਖਾਂ ਨੂੰ) ਬੇਵਕੂਫ ਬਣਾਉਣਾ ਕੋਈ ਔਖਾ ਕੰਮ ਨਹੀਂ ਹੈ। ਸੱਤਾ ਦੇ ਸੁਖ ਵਿਚ ਪਲੇ ਸਿੱਖ ਸਰੋਕਾਰਾਂ ਤੋਂ ਕੋਰੇ ਇਹ ਅਕਾਲੀ ਰਾਜਕੁਮਾਰ ਸਿਆਸਤ ਨੂੰ ਸਿਆਸੀ ਤਿਕੜਮਬਾਜੀ ਤੋਂ ਵੱਧ ਨਹੀਂ ਜਾਣਦੇ। ਇੱਕ ਧੜਾ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਸ੍ਰੀ ਅਕਾਲ ਤਖਤ 'ਤੇ ਸ਼ਿਕਾਇਤ ਲਾ ਰਿਹਾ ਸੀ ਅਤੇ ਸੁਖਬੀਰ ਬਾਦਲ ਆਪਣੇ ਧੜੇ ਨਾਲ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦੀਆਂ ਗੱਲਾਂ ਕਰ ਰਿਹਾ ਸੀ। ਦੋਹਾਂ ਧੜਿਆਂ ਦੇ ਲੋਕ ਹੀ ਚਤੁਰਾਈ ਨਾਲ ਅਕਾਲ ਤਖਤ ਦੀ ਵਰਤੋਂ ਨਾਲ ਨਾੜ੍ਹੇ-ਧੋਤੇ ਬਣਨ ਦੀ ਕੋਸਿਸ਼ ਕਰ ਰਹੇ ਸਨ। ਲੋਕਾਂ ਦੀ ਨਜ਼ਰ ਵਿਚ ਅਕਾਲ ਤਖਤ 'ਤੇ ਭੁੱਲਾਂ ਬਖਸਾਉਣ ਲਈ ਜਾਣ ਵਾਲੇ ਇਹ ਦੋਨੋਂ ਧੜਿਆਂ ਦੀ ਖਸਲਤ, 'ਨਾਵ੍ਹਿਣ ਚਲੈ ਤੀਰਥੀਂ, ਮਨ ਖੋਟੈ ਤਨਿ ਚੋਰ', ਤੋਂ ਵੱਧ ਨਹੀਂ ਸੀ।

ਮਸਲਾ ਤਾਂ ਸਿਆਸਤ ਅਤੇ ਸਿਆਸੀ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਦਾ ਸੀ ਪਰ ਇਹ ਸਭ ਕੁੱਝ ਨੂੰ ਧਾਰਮਿਕ ਉਕਾਈਆਂ ਦੀ ਚਾਦਰ ਵਿਚ ਲਪੇਟਣ ਦੇ ਦਾਅ ਵਜੋਂ ਅਕਾਲ ਤਖਤ 'ਤੇ ਚਲੇ ਗਏ। ਗੱਲ, 'ਲੋਹੇ ਕੇਰੀ ਨਾਵਰੀ ਪਾਹਨ ਗਰੂਆ ਭਾਰ, ਸਿਰ ਮੇਂ ਵਿਸ਼ ਕੀ ਪੋਟਰੀ ਉਤਰਨ ਚਾਹੈ ਪਾਰ' ਵਾਲੀ ਹੋਈ। ਇਸ ਅਨਾੜੀਪੁਣੇ ਵਾਲੇ ਕਦਮ ਨਾਲ ਪਿਛਲੀਆਂ ਖੁਨਾਮੀਆਂ ਦੇ ਕੱਚੇ ਚਿੱਠੇ ਫਿਰ ਤਾਜੇ ਹੋਣੇ ਸ਼ੁਰੂ ਹੋ ਗਏ। ਦਿੱਤੀਆਂ ਜਾਣ ਵਾਲੀਆਂ ਸਫਾਈਆਂ ਦੇ ਚੀਰ-ਫਾੜ ਵਿਚੋਂ ਲੋਕ ਇਨ੍ਹਾਂ ਦੇ ਦੰਭ ਨਿਤਾਰਨ ਲੱਗੇ ਅਤੇ ਹੋਰ ਸਵਾਲ ਖੜ੍ਹੇ ਕਰਨ ਲੱਗੇ। 'ਵਾਰਿਸ ਸ਼ਾਹ ਮੀਆਂ ਸੱਚ ਝੂਠ ਵਿਚੋਂ, ਪਾਪ ਕੱਢਦਾ ਪੁੰਨ ਨਿਤਾਰਦਾ ਈ।' ਜਿਹੜੇ ਪਾਪ ਢਕਣ ਲਈ ਅਕਾਲ ਤਖਤ ਦਾ ਓਹਲਾ ਵਰਤਣ ਦਾ ਯਤਨ ਕੀਤਾ ਸੀ, ਉਹ ਇੱਕ ਵਾਰ ਫੇਰ ਨਿੱਤਰ ਕੇ ਸਾਹਮਣੇ ਆਉਣ ਲੱਗ ਪਏ। ਅਕਾਲ ਤਖਤ ਦਾ ਜਥੇਦਾਰ ਸਰਵਉੱਚਤਾ ਦੇ ਭਰਮ ਵਿਚ ਅਕਾਲੀ ਸਿਆਸਤ ਦੀ ਸ਼ਿਕਾਇਤ ਦੇ ਤੱਤੇ ਆਲੂ ਝੋਲੀ ਪਵਾ ਬੈਠਾ। ਜਦ ਸ਼ਿਕਾਇਤ ਦੀ ਲੰਬਾਈ ਚੌੜਾਈ ਮਾਲੂਮ ਹੋਈ ਤਾਂ ਪਤਾ ਲੱਗਾ ਕਿ ਮੁਕੱਦਮਾ ਸਰਵਉੱਚਤਾ ਦੀ ਸ਼ਕਤੀ ਨਾਲੋਂ ਕਿਤੇ ਵੱਧ ਭਾਰਾ ਹੈ। ਜਥੇਦਾਰਾਂ ਨੂੰ ਮਹਿਸੂਸ ਹੋਇਆ ਕਿ ਜੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਫੈਸਲਾ ਨਾ ਹੋ ਸਕਿਆ ਤਾਂ ਹੋਣ ਵਾਲੀ ਤੋਏ-ਤੋਏ ਤੋਂ ਕੋਈ ਨਹੀਂ ਬਚਾ ਸਕੇਗਾ। ਜਥੇਦਾਰ ਸੋਚੀਂ ਪੈ ਗਏ ਅਤੇ ਸੁਖਬੀਰ ਹੋਰੀਂ ਜਲਦੀ ਨਾਲ ਮਾਫੀ ਲੈ ਕੇ ਵਿਹਲੇ ਹੋਣ ਲਈ ਬਿਹਬਲ ਹੋ ਗਏ।

ਹੁਣ ਚੰਡੀਗੜ੍ਹ ਅਤੇ ਪਟਿਆਲੇ ਵਾਲੇ ਬੁੱਧੀਜੀਵੀਆਂ ਦਾ ਤੀਸਰਾ ਪੰਥ ਸਰਗਰਮ ਹੋ ਗਿਆ। ਇਸ ਤੀਸਰੇ ਪੰਥ ਦੇ ਬੁੱਧੀਜੀਵੀਆਂ ਵਿਚੋਂ ਸ. ਗੁਰਤੇਜ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਅਕਾਲ ਤਖਤ ਦੇ ਜਥੇਦਾਰਾਂ ਨੂੰ ਸਰਵਉੱਚ ਮੰਨਣ ਜਾਂ ਕਹਿਣ ਦੇ ਵਿਚਾਰ ਨੂੰ ਅਜੇ ਕੁਝ ਹੀ ਸਾਲ ਪਹਿਲਾਂ ਰੱਦ ਕਰਦੇ ਆ ਰਹੇ ਸਨ। ਇਨ੍ਹਾਂ ਦਾ ਵਿਚਾਰ ਸੀ ਕਿ ਸਾਰੇ ਸਿੱਖ ਬਰਾਬਰ ਹਨ, ਸਰਵਉੱਚਤਾ ਵਾਲੀ ਗੱਲ ਸਿਧਾਂਤਕ ਤੌਰ 'ਤੇ ਗਲਤ ਹੈ। ਜਥੇਦਾਰਾਂ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਕਿਸੇ ਨੂੰ ਤਲਬ ਕਰਨ ਜਾਂ ਪੰਥ ਵਿਚੋਂ


ਸੁਖਬੀਰ ਸਿੰਘ ਬਾਦਲ


ਮਾਲਵਿੰਦਰ ਮਾਲੀ


ਗੁਰਤੇਜ ਸਿੰਘ

ਛੇਕ ਸਕਣ। ਹੁਣ ਜਦ ਸੁਖਬੀਰ ਬਾਦਲ ਆਪਣੀ ਸਾਰੀ ਟੀਮ ਨਾਲ ਅਕਾਲ ਤਖਤ ਦੇ ਜਾਲ ਵਿਚ ਆਪੇ ਹੀ ਉਲਝ ਗਿਆ ਤਾਂ ਗੁਸਤਾਖੀ ਮੁਆਫ, ਤੀਸਰੇ ਪੰਥ ਨੇ ਅਕਾਲ ਤਖਤ ਦੇ ਜਥੇਦਾਰ ਕੋਲੋਂ ਖੂਹ ਵਿਚ ਪਿਆ ਵਹਿੜਕਾ ਖੱਸੀ ਕਰਾਉਣ ਦੇ ਦਾਅ ਵਜੋਂ ਜਥੇਦਾਰ ਨੂੰ ਤਕੜਾ ਕਰਨ ਦਾ ਵਿਢ ਵਿਢ ਦਿਤਾ। 'ਪੰਜਾਬ ਟੈਲੀਵਿਜ਼ਨ' ਦੇ ਪਲੇਟਫਾਰਮ ਤੋਂ ਸ. ਜਗਤਾਰ ਸਿੰਘ ਵਰਗੇ ਬਹੁਤੇ ਕੱਦਾਵਰ ਸੀਨੀਅਰ ਸਿੱਖ ਜਰਨਲਿਸਟ ਦੀ ਪੂਰੇ ਜਹਾਦੀ ਜਲੌਅ ਨਾਲ ਇਸੇ ਪੰਥ ਦੀ ਸੁਖਬੀਰ ਵਿਰੋਧੀ ਸ਼ੋਰੀਲੀ ਮੁਹਿੰਮ ਵਿਚ ਸ਼ਾਮਲ ਹੋ ਗਏ। ਜਥੇਦਾਰਾਂ ਨੂੰ ਵਡਿਆ ਕੇ ਅਕਾਲੀ ਫੂਲਾ ਸਿੰਘ ਬਣਨ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਜਾਣ ਲੱਗੀ। ਚੰਡੀਗੜ੍ਹ ਵਾਲੇ ਬੁਧੀਜੀਵੀਆਂ ਵਲੋਂ ਬਾਰੀਕ ਬੁਧ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੂੰ ਅਗੇ ਲਾ ਕੇ ਜਥੇਦਾਰਾਂ ਨੂੰ ਬਾਰ-ਬਾਰ ਸਮਝਾਇਆ ਗਿਆ ਕਿ ਹੁਣ ਤੁਸੀਂ ਵਾਕਿਆ ਹੀ 'ਸਰਵਉੱਚ' ਹੋ। ਹੁਣ ਕਮਜ਼ੋਰ ਹੋਏ ਅਕਾਲੀ ਤੁਹਾਨੂੰ ਲਾਹ ਨਹੀਂ ਸਕਣਗੇ। ਜਥੇਦਾਰਾਂ ਨੇ ਕੁੱਝ ਹੌਸਲਾ ਫੜਿਆ। ਟੈਸਟ ਫਾਇਰ ਵਜੋਂ ਵਿਰਸਾ ਸਿੰਘ ਵਲਟੋਹਾ 'ਤੇ ਨਿਸ਼ਾਨਾ ਸੇਧਿਆ ਗਿਆ। ਨਿਸ਼ਾਨਾ ਤਾਂ ਲੱਗ ਗਿਆ ਪਰ ਨਾਲ ਹੀ ਜਥੇਦਾਰਾਂ ਦੀ 'ਸਰਵਉੱਚਤਾ' ਨੂੰ ਝਟਕਾ ਲਗਦਾ ਵੀ ਸਭ ਨੇ ਵੇਖਿਆ। ਜਿਸ ਕਾਰਨ ਜਥੇਦਾਰਾਂ ਨੂੰ ਜਥੇਦਾਰੀ ਵਾਲਾ ਕੰਮ ਔਖਾ ਔਖਾ ਲੱਗਣ ਲੱਗਾ ਅਤੇ ਸ਼ਿਕਾਇਤ ਦਾ ਨਿਪਟਾਰਾ ਕਈ ਮਹੀਨੇ ਲਮਕ ਗਿਆ।

ਖੈਰ! ਦੋ ਸਾਬਕਾ ਜਥੇਦਾਰਾਂ ਅਤੇ ਚੰਡੀਗੜ੍ਹੀਏ ਸਿੱਖ ਬੁੱਧੀਜੀਵੀਆਂ ਦੀ ਨਿਰੰਤਰ ਸਰਗਰਮ ਹਮਾਇਤ ਕਰਕੇ ਜਥੇਦਾਰ ਵੀ ਹੌਸਲਾ ਫੜ ਗਏ। ਤੀਸਰੇ ਪੰਥ ਦੇ ਕੁਝ ਅਹਿਮ ਰੁਕਣ, ਜੋ ਅਕਾਲ ਤਖਤ ਦੇ ਜਥੇਦਾਰ ਦੀ ਸਰਵਉੱਚਤਾ ਵਾਲੀ ਧਾਰਨਾ ਨੂੰ ਨਾਕਾਰ ਚੁੱਕੇ ਸਨ, ਹੁਣ ਉਸੇ ਜਥੇਦਾਰ ਨੂੰ ਪਰਸੂ ਰਾਮ ਦੇ ਕੁਹਾੜੇ ਵਜੋਂ ਵਰਤ ਕੇ ਮੌਜੂਦਾ ਅਕਾਲੀ ਦਲ ਨੂੰ ਫਨਾਹ ਕਰ ਕੇ ਨਵੀਂ ਪਾਰਟੀ ਅਤੇ ਨਵੀਂ ਸਿਆਸਤ ਸਿਰਜਣ ਦੇ ਸਾਧਨ ਵਜੋਂ ਵੇਖ ਰਹੇ ਸਨ। ਇਸ ਲਈ ਅਕਾਲੀ ਦਲ ਤਾਂ ਖਤਮ ਹੈ,

***ਹੁਣ ਅਕਾਲੀ ਅਕਾਲ ਤਖਤ ਵੱਲੋਂ ਲੱਗੀ ਸਜ਼ਾ ਨਿਮਰਤਾ ਸਹਿਤ ਪੂਰੀ ਕਰਕੇ ਸਿੱਖ ਜਗਤ ਵਿਚ ਸਥਾਪਤ ਹੋਣ ਬਾਰੇ ਮੁੜ ਵਿਚਾਰਾਂ ਕਰ ਰਹੇ ਹਨ। ਦੋ ਦਸੰਬਰ ਨੂੰ ਸ. ਚੌੜਾ ਦੇ ਚਮਤਕਾਰੀ ਕਰਤੱਵ ਨਾਲ ਅਕਾਲ ਤਖਤ ਦੇ ਜਥੇਦਾਰਾਂ ਦੀ ਚਮਕੀ ਸ਼ਾਨ ਆਪਣੀ ਚਮਕ ਬਹੁਤ ਹੱਦ ਤਕ ਗੁਆ ਚੁੱਕੀ ਹੈ। ਤੀਸਰੇ ਪੰਥ ਵੱਲੋਂ ਜਥੇਦਾਰਾਂ ਸਹਾਰੇ ਨਵਾਂ ਅਕਾਲੀ ਦਲ ਸਿਰਜਣ ਵਾਲੀ ਸਕੀਮ ਨੂੰ ਨੇਪਰੇ ਚਾੜ੍ਹਨ ਦੀ ਤਾਕਤ ਅਤੇ ਜੋਸ਼ ਜਥੇਦਾਰਾਂ ਵਿਚੋਂ ਨਜ਼ਰ ਨਹੀਂ ਆ ਰਿਹਾ। ਸੁਧਾਰ ਲਹਿਰ ਦਾ ਝੰਡਾ ਚੁੱਕਣ ਵਾਲੇ ਆਪਣੀ ਲਹਿਰ ਭੰਗ ਕਰਕੇ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ।***

ਅਕਾਲੀ ਤਾਂ 'ਪੰਜਾਬੀ ਪਾਰਟੀ' ਬਣ ਚੁੱਕੇ ਹਨ, ਜਿਹੜਾ ਅਕਾਲੀ ਦਲ ਅਕਾਲ ਤਖਤ 'ਤੇ ਬਣਿਆ ਸੀ ਉਹ ਤਾਂ ਚਲਾਣਾ ਕਰ ਚੁੱਕਾ ਹੈ-ਆਦਿ ਬਿਰਤਾਂਤ ਉਜਾਗਰ ਕੀਤੇ ਗਏ। ਨਾਲ ਦੀ ਨਾਲ ਜਥੇਦਾਰ ਨੂੰ ਨਵੀਂ ਭਰਤੀ ਕਰਕੇ ਨਵਾਂ ਅਕਾਲੀ ਦਲ ਸਿਰਜਣ ਵਾਸਤੇ ਉਪਰਾਲੇ ਕਰਨ ਦੀ ਭਰਪੂਰ ਪ੍ਰੇਰਨਾ ਕੀਤੀ ਗਈ। ਅਕਾਲ ਤਖਤ ਦੀ ਸਰਵਉੱਚਤਾ ਵਾਲੇ ਬਿਆਨੀਏ ਨੂੰ ਨਵੇਂ ਰੂਪ ਵਿਚ ਪੇਸ਼ ਕਰਦਿਆਂ ਮਨਜਿੰਦਰ ਸਿੰਘ ਸਿਰਸੇ ਵੱਲੋਂ ਅਕਾਲ ਤਖਤ ਅੱਗੇ ਪੇਸ਼ ਨਾ ਹੋਣ ਵਾਲੇ ਬਿਆਨ ਨੂੰ ਨਾਦਾਨੀ, ਬੇਵਕੂਫੀ ਅਤੇ ਸਫਾਏ ਹਸਤੀ ਤੋਂ ਮਿਟ ਜਾਣ ਦੇ ਰਾਹ ਤੁਰਨ ਵਾਲਾ ਆਖਿਆ ਗਿਆ।

ਅਖ਼ੀਰ 2 ਦਸੰਬਰ 2024 ਦਾ ਦਿਨ ਆ ਗਿਆ। ਸੁਖਬੀਰ ਸਿੰਘ ਬਾਦਲ ਅਤੇ ਬਾਦਲ ਸਰਕਾਰ ਵਿਚ ਰਹੇ ਮੰਤਰੀ ਅਕਾਲ ਤਖਤ ਅੱਗੇ ਪੇਸ਼ ਹੋ ਗਏ। ਪਿਛਲੇ ਸਮੇਂ ਵਿਚ ਰਹੀਆਂ ਸਰਕਾਰਾਂ ਦੇ ਸਮੇਂ ਦੌਰਾਨ ਕੀਤੇ ਗੁਨਾਹਾਂ ਦਾ ਜਿਕਰ ਹੋਇਆ। ਜਿਨ੍ਹਾਂ ਵਿਚ ਬੇਅਦਬੀ ਦੇ ਕੇਸ ਹੱਲ ਨਾ ਕਰ ਸਕਣਾ, ਸੁਮੇਧ ਸੈਣੀ ਨੂੰ ਡੀ ਜੀ ਪੀ ਲਾਉਣਾ, ਡੇਰਾ ਸੱਚਾ ਸੌਦਾ ਨੂੰ ਮਾਫੀ ਦੇਣ ਲਈ ਸਿੰਘ ਸਾਹਿਬਾਂ 'ਤੇ ਦਬਾਅ ਪਾਉਣ ਆਦਿ ਵਰਗੇ ਬਹੁਚਰਚਿਤ ਮਾਮਲਿਆਂ ਬਾਰੇ ਸੁਖਬੀਰ ਬਾਦਲ ਨੇ ਸਿਰ ਝੁਕਾ ਕੇ ਗੁਨਾਹ ਕਬੂਲੇ। ਫਿਰ ਲੰਗਰ, ਗੁਸਲਖਾਨਿਆਂ ਦੀ ਸਫਾਈ, ਗੁਰਬਾਣੀ ਸੁਣਨ ਦੀ ਸਜ਼ਾ ਲਾਈ ਗਈ। ਸੁਖਬੀਰ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਦਰਬਾਰ ਸਾਹਿਬ ਮੋਹਰੇ ਬਰਛਾ ਫੜਕੇ ਪਹਿਰਾ ਦੇਣ ਦੀ ਸਜ਼ਾ ਸੁਣਾਈ ਗਈ। ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਫਖਰ ਏ ਕੌਮ ਅਵਾਰਡ ਵਾਪਿਸ ਲੈ ਲਿਆ ਗਿਆ। ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੂੰ ਅਯੋਗ ਕਰਾਰ ਦੇ ਕੇ ਨਵਾਂ ਅਕਾਲੀ ਬਣਾਉਣ ਵਾਸਤੇ ਸੱਤ ਮੈਂਬਰੀ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਗਿਆ।

ਦੋ ਦਸੰਬਰ ਦਾ ਇਹ ਦਿਨ ਇਤਿਹਾਸਕ ਹੋ ਨਿਬੜਿਆ। ਅਜਮੇਰ ਸਿੰਘ ਵਰਗੇ ਗੁਸੈਲ ਸਿੱਖ ਚਿੰਤਕ ਨੂੰ ਪਿਛਲੇ ਅੱਧੀ ਸਦੀ ਦੇ ਉਸਦੇ ਰਾਜਸੀ ਜੀਵਨ ਦੌਰਾਣ ਪਹਿਲੀ ਵਾਰ ਕਲੇਜੇ ਠੰਡ ਪੈਂਦੀ ਮਹਿਸੂਸ ਹੋਈ। ਉਸ ਅਤੇ ਕਰਮਜੀਤ ਸਿੰਘ ਵਰਗੇ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਸਿੱਖਾਂ ਨੂੰ ਇਸ ਦਿਨ ਦਾ ਘਟਨਾਕਰਮ ਅਕਾਲ ਤਖਤ ਦੇ ਰੁਤਬੇ ਦੀ ਮੁੜ ਬਹਾਲੀ ਵਜੋਂ ਨਜ਼ਰ ਆਇਆ। ਉਨ੍ਹਾਂ ਨੂੰ ਅਕਾਲੀ ਲੀਡਰਾਂ ਦਾ ਹੰਕਾਰ ਰੁਲਦਾ ਨਜ਼ਰ ਆਇਆ ਅਤੇ ਚਿਰਾਂ ਤੋਂ ਵਿਸਾਰੀ ਗਈ ਪੰਥ ਦੀ ਹਸਤੀ ਮੁੜ ਲੀਡਰਾਂ ਤੋਂ ਉਚੇਰੀ ਹੋ ਗਈ ਜਾਪੀ। ਤੀਸਰੇ ਪੰਥ ਦੇ ਬੁੱਧੀਜੀਵੀ ਅਕਾਲੀਆਂ ਦੀਆਂ ਗਲਤੀਆਂ ਗਿਣਾਉਣ ਨਾਲੋਂ ਉਨ੍ਹਾਂ ਨੂੰ ਸਿਆਸੀ ਮੈਦਾਨ ਵਿਚੋਂ ਬਾਹਰ ਕੱਢਣ ਵਾਲੇ ਆਦੇਸ਼ 'ਤੇ ਕੇਂਦਰਿਤ ਹੋ ਕੇ ਜਥੇਦਾਰ ਕੋਲੋਂ ਅਕਾਲੀ ਦਲ ਦੀ ਮੁੜ ਸਿਰਜਣਾ ਦੇ ਅਮਲ ਨੂੰ ਹੋਰ ਸਪੱਸ਼ਟ ਅਤੇ ਤੇਜ ਕਰਨ ਦੀ ਮੰਗ ਕਰਨ ਲੱਗ ਪਏ। ਸਿੱਖਾਂ ਗਲੋਂ ਗੁਲਾਮੀ ਲਾਹੁਣ ਦੇ ਨਾਹਰੇ ਹੇਠ ਸਰਗਰਮ ਪੰਥ ਦੀ ਧਾਰਾ ਨੇ ਅਕਾਲੀਆਂ ਦੇ ਗਿਣਾਏ ਗੁਨਾਹਾਂ ਦੀ ਥਾਂ ਨਾ ਗਿਣਾਏ ਗਏ ਗੁਨਾਹਾਂ ਦੀ ਗੱਲ ਤੋਰ ਲਈ, ਸਜ਼ਾ ਨੂੰ ਮਾਮੂਲੀ ਅਤੇ ਸਿਆਸਤ ਵਿਚ ਮੁੜ ਸਥਾਪਿਤ ਹੋਣ ਦੇ ਯਤਨ ਵਾਲਾ ਡਰਾਮਾ ਦੱਸਿਆ। ਚਾਰ ਦਸੰਬਰ ਨੂੰ ਖਾੜਕੂ ਸਿਆਸਤ ਦੇ ਨੁਮਾਇੰਦੇ ਨਰਾਇਣ ਸਿੰਘ ਚੌੜਾ ਨੇ ਦਰਬਾਰ ਸਾਹਿਬ ਸਾਹਮਣੇ ਹੱਥ ਵਿਚ ਬਰਛਾ ਫੜੀ ਵੀਲ੍ਹ ਚੇਅਰ 'ਤੇ ਬੈਠੇ ਸੁਖਬੀਰ ਵੱਲ ਗੋਲੀ ਚਲਾ ਕੇ ਦੋ ਦਿਨ ਪਹਿਲਾਂ ਅਕਾਲ ਤਖਤ 'ਤੇ ਵਾਪਰੇ ਇਤਿਹਾਸਕ ਘਟਨਾਕਰਮ ਬਾਰੇ ਆਪਣਾ ਰੋਸ ਅਤੇ ਅਸਹਿਮਤੀ ਦਰਜ਼ ਕਰਵਾ ਦਿੱਤੀ। ਸਿੰਘ ਸਾਹਿਬ ਨੇ ਗੋਲੀ ਦੀ ਇਸ ਘਟਨਾ ਨੂੰ ਅਕਾਲ ਤਖਤ ਦੇ ਆਦੇਸ਼ 'ਤੇ ਗੋਲੀ ਚਲਾਉਣਾ ਦੱਸਿਆ ਅਤੇ ਇਸ ਕਾਰਵਾਈ ਨੇ ਦੋ ਦਸੰਬਰ ਨੂੰ ਜਥੇਦਾਰਾਂ ਦੀ ਮੁੜ ਬਹਾਲ ਹੋਈ ਹਸਤੀ ਦੇ ਪਰਚਮ ਨੂੰ ਬੁਲੰਦੀ ਤੋਂ ਹੇਠਾਂ ਸਰਕਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਸ਼ਰੋਮਣੀ ਕਮੇਟੀ ਵੱਲੋਂ ਚੌੜਾ ਨੂੰ ਪੰਥ ਵਿਚ ਛੇਕਣ ਦੀ ਮੰਗ ਕੀਤੀ ਗਈ। ਦਲ ਖਾਲਸਾ ਸਮੇਤ ਦੇਸ਼-ਵਿਦੇਸ਼ ਦੀਆਂ ਖਾਲਿਸਤਾਨੀ ਸਿਆਸਤ ਕਰਨ ਵਾਲੀਆਂ ਕਈ ਜਥੇਬੰਦੀਆਂ ਚੌੜਾ ਦੀ ਹਮਾਇਤ ਵਿਚ ਆ ਗਏ। ਉਨ੍ਹਾਂ ਨੇ ਇਸ ਨੂੰ ਸਿੱਖ ਪੰਥ ਦੇ ਗੁੱਸੇ ਦਾ ਪ੍ਰਗਟਾਵਾ ਅਤੇ ਬਾਦਲਾਂ ਦੀ ਪੰਥਕ ਸਿਆਸਤ ਤੇ ਮੁੜ ਕਾਬਜ਼ ਹੋਣ ਲਈ ਕੀਤੀ ਜਾ ਰਹੀ ਡਰਾਮੇਬਾਜੀ ਦਾ ਪਰਦਾਫਾਸ਼ ਕਰਨ ਵਾਲਾ ਇਤਿਹਾਸਕ ਕਰਮ ਕਹਿ ਕੇ ਵਡਿਆਇਆ। ਸ੍ਰੋਮਣੀ ਕਮੇਟੀ ਦੀ ਮੰਗ ਦੇ ਮੁਕਾਬਲੇ ਸੁਖਬੀਰ ਨੂੰ ਪੰਥ ਵਿਚੋਂ ਛੇਕਣ ਅਤੇ ਭਾਈ ਚੌੜਾ ਨੂੰ ਫਖਰ-ਏ-ਕੌਮ ਦਿੱਤੇ ਜਾਣ ਦਾ ਐਲਾਨ ਕਰ ਦਿੱਤਾ।

ਤੀਸਰੇ ਪੰਥ ਦੇ ਬੁੱਧੀਜੀਵੀਆਂ ਦੀ ਸੋਚ ਦੇ ਐਨ ਉਲਟ ਅਕਾਲੀ ਦਲ ਦੀ ਕਮੇਟੀ ਨੇ ਸੁਖਬੀਰ ਦਾ ਅਸਤੀਫਾ ਪ੍ਰਵਾਨ ਕਰਨ ਦੀ ਥਾਂ ਜਥੇਦਾਰ ਕੋਲੋਂ ਹੋਰ ਮੋਹਲਤ ਮੰਗ ਲਈ ਅਤੇ ਆ ਰਹੀਆਂ ਸਿਵਿਕ ਚੋਣਾਂ ਲਈ ਸਰਗਰਮੀ ਸ਼ੁਰੂ ਕਰ ਦਿੱਤੀ। ਹੁਣ ਅਕਾਲੀ ਲੀਡਰ ਸਜ਼ਾ ਪੂਰੀ ਕਰਕੇ ਅਰਦਾਸ ਕਰਵਾ ਆਏ ਹਨ ਅਤੇ ਮੁੜ ਸਰਗਰਮ ਹੋ ਰਹੇ ਹਨ। ਨਵਾਂ ਅਕਾਲੀ ਦਲ ਸਿਰਜਣ ਦੀ ਉਮੀਦ ਲਾਈ ਬੈਠੀ ਧਿਰ ਜਥੇਦਾਰ ਤੇ ਅਕਾਲੀ ਦਲ ਨੂੰ ਮੁੜ ਜਥੇਬੰਦ ਕਰਨ ਵਾਲੇ ਆਦੇਸ਼ ਨੂੰ ਲਾਗੂ ਕਰਵਾਉਣ ਲਈ ਜ਼ੋਰ ਪਾ ਰਹੇ ਹਨ, ਪਰ ਜਥੇਦਾਰ ਇਸ ਬਾਰੇ ਬਹੁਤਾ ਉਤਸ਼ਾਹ ਨਹੀਂ ਦਿਖਾ ਰਹੇ। ਨਵਾਂ ਅਕਾਲੀ ਦਲ ਸਿਰਜਣ ਵਾਲੀਆਂ ਧਿਰਾਂ ਜਥੇਦਾਰ ਕੋਲੋਂ ਆਦੇਸ਼ ਲਾਗੂ ਕਰਵਾ ਕੇ ਮੌਜੂਦਾ ਲੀਡਰਸਿਪ ਨੂੰ ਘਰ ਬਿਠਾਉਣ ਵਿਚ ਤਾਂ ਭਾਵੇਂ ਕਾਮਯਾਬ ਨਾ ਹੋਣ ਪਰ ਅਕਾਲ ਤਖਤ ਵੱਲੋਂ ਮੌਜੂਦਾ ਲੀਡਰਸ਼ਿਪ ਨੂੰ ਅਯੋਗ ਕਰਾਰ ਦਿੱਤੇ ਜਾਣ ਵਾਲੇ ਆਦੇਸ਼ ਨੇ ਉਨ੍ਹਾਂ ਹੱਥ ਹਥਿਆਰ ਜ਼ਰੂਰ ਦੇ ਦਿੱਤਾ ਹੈ। ਜਿਸ ਨਾਲ ਉਹ ਸਰਵਾਈਵਲ ਲਈ ਹੱਥ ਪੈਰ ਮਾਰ ਰਹੇ ਅਕਾਲੀਆਂ ਨੂੰ ਅਕਾਲ ਤਖਤ ਵੱਲੋਂ ਅਯੋਗ ਕਰਾਰ ਦਿੱਤੇ ਹੋਏ ਕਹਿ ਕੇ ਉਨ੍ਹਾਂ ਦੇ ਪੈਰਾਂ ਹੇਠ ਅੱਗ ਬਾਲੀ ਰੱਖਣਗੇ। ਨਵੇਂ ਅਕਾਲੀ ਦਲ ਦੀ ਸਿਰਜਣਾ ਵਿਚ ਜਿੱਥੇ ਮੌਜੂਦਾ ਅਕਾਲੀ ਦਲ ਵੱਡਾ ਅੜਿੱਕਾ ਹੈ ਉੱਥੇ ਖਾਲਿਸਤਾਨੀ ਧਿਰਾਂ ਦੀ ਸਿਆਸਤ ਵੀ ਅਹਿਮ ਸਥਾਨ ਰੱਖਦੀ ਹੈ। ਸ. ਗੁਰਤੇਜ ਸਿੰਘ ਅਨੁਸਾਰ ਇੱਕਲਾ ਸਿਮਰਨਜੀਤ ਮਾਨ ਹੀ ਖਾਲਿਸਤਾਨੀ ਢੁੱਡ ਨਾਲ ਪੰਥਕ ਸਿਆਸਤ ਨੂੰ ਖਿਲਾਰਦਾ ਆ ਰਿਹਾ ਹੈ। ਜਾਣੇ ਪਛਾਣੇ-ਵਿਸ਼ਲੇਸ਼ਕ ਸ. ਮਾਲਵਿੰਦਰ ਸਿੰਘ ਮਾਲੀ ਦਾ ਕਹਿਣਾ ਵੀ ਅਹਿਮ ਹੈ ਕਿ ਜਿੱਥੇ ਬਾਕੀ ਗੱਲਾਂ ਵਿਚਾਰੀਆਂ ਜਾਂਦੀਆਂ ਹਨ, ਉੱਥੇ ਖਾਲਿਸਤਾਨੀ ਧਿਰਾਂ ਦੀ ਸਿਆਸਤ ਬਾਰੇ ਵੀ ਵਿਚਾਰ-ਵਟਾਂਦਰਾ ਹੋਣਾ ਜ਼ਰੂਰੀ ਹੈ। ਕਿਉਂਕਿ ਇਹ ਧਿਰਾਂ ਵੀ ਵੱਡਾ ਅਸਰ ਪਾਉਂਦੀਆਂ ਆ ਰਹੀਆਂ ਹਨ ਪਰ ਇਨ੍ਹਾਂ ਬਾਰੇ ਖੁਲ੍ਹ ਕੇ ਗੱਲ ਨਹੀਂ ਕੀਤੀ ਜਾਂਦੀ। ਇਨ੍ਹਾਂ ਬਾਰੇ ਗੱਲ ਕਰਨੀ ਅਤੇ ਇਨ੍ਹਾਂ ਨੂੰ ਨਵੇਂ ਸਿਆਸੀ ਚੌਖਟੇ ਵਿਚ ਸ਼ਾਮਿਲ ਕਰਨ ਦੇ ਯਤਨ ਕਰਨ ਦੀ ਸੋਚਣਾ ਸੌਖੇ ਕਾਰਿਜ ਨਹੀਂ ਹਨ। ਕਿਉਂਕਿ ਜਿਨ੍ਹਾਂ ਧਿਰਾਂ ਦਾ ਵਿਰੋਧ ਦਰਜ਼ ਕਰਾਉਣ ਦਾ ਤਰੀਕਾ ਵੀ ਗੋਲੀ ਦਾਗਣਾ ਹੋਵੇ, ਉਨ੍ਹਾਂ ਨਾਲ ਕਿਸੇ ਸਾਂਝੀ ਰਾਇ ਅਤੇ ਸਾਂਝੇ ਸਮਝੌਤੇ ਤੇ ਪਹੁੰਚਣਾ ਔਖਾ ਹੀ ਹੁੰਦਾ ਹੈ। ਅਫਸੋਸਨਾਕ ਗੱਲ ਤਾਂ ਇਹ ਵੀ ਹੈ ਕਿ ਨਰਾਇਣ ਸਿੰਘ ਚੌੜਾ ਦੇ 'ਚਮਤਕਾਰੀ ਕਰਤੱਵ' ਤੇ ਵੀ ਨਿਗੂਣੀ ਸਿਆਸਤ ਪੂਰੇ ਜੋਰਾਂ-ਸ਼ੋਰਾਂ ਨਾਲ ਹੋ ਚੁਕੀ ਹੈ। ਸ. ਮਾਲੀ ਤੋਂ ਬਿਨਾ ਇਕ ਵੀ ਨਿਰਪੱਖ ਵਿਸ਼ਲੇਸ਼ਕ ਨਹੀਂ ਹੈ, ਜਿਸਨੇ ਇਸ ਪ੍ਰਥਾਇ ਹਿੱਕ ਠੋਕ ਕੇ ਸਪਸ਼ਟ ਅਸੂਲੀ ਪੁਜੀਸ਼ਨ ਲੈਣ ਦਾ ਜ਼ੇਰਾ ਦਿਖਾਇਆ ਹੋਵੇ!

ਹੁਣ ਅਕਾਲੀ ਅਕਾਲ ਤਖਤ ਵੱਲੋਂ ਲੱਗੀ ਸਜ਼ਾ ਨਿਮਰਤਾ ਸਹਿਤ ਪੂਰੀ ਕਰਕੇ ਸਿੱਖ ਜਗਤ ਵਿਚ ਸਥਾਪਤ ਹੋਣ ਬਾਰੇ ਮੁੜ ਵਿਚਾਰਾਂ ਕਰ ਰਹੇ ਹਨ। ਦੋ ਦਸੰਬਰ ਨੂੰ ਸ. ਚੌੜਾ ਦੇ ਚਮਤਕਾਰੀ ਕਰਤੱਵ ਨਾਲ ਅਕਾਲ ਤਖਤ ਦੇ ਜਥੇਦਾਰਾਂ ਦੀ ਚਮਕੀ ਸ਼ਾਨ ਆਪਣੀ ਚਮਕ ਬਹੁਤ ਹੱਦ ਤਕ ਗੁਆ ਚੁੱਕੀ ਹੈ। ਤੀਸਰੇ ਪੰਥ ਵੱਲੋਂ ਜਥੇਦਾਰਾਂ ਸਹਾਰੇ ਨਵਾਂ ਅਕਾਲੀ ਦਲ ਸਿਰਜਣ ਵਾਲੀ ਸਕੀਮ ਨੂੰ ਨੇਪਰੇ ਚਾੜ੍ਹਨ ਦੀ ਤਾਕਤ ਅਤੇ ਜੋਸ਼ ਜਥੇਦਾਰਾਂ ਵਿਚੋਂ ਨਜ਼ਰ ਨਹੀਂ ਆ ਰਿਹਾ। ਸੁਧਾਰ ਲਹਿਰ ਦਾ ਝੰਡਾ ਚੁੱਕਣ ਵਾਲੇ ਆਪਣੀ ਲਹਿਰ ਭੰਗ ਕਰਕੇ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ। ਸਾਰੀਆਂ ਧਿਰਾਂ ਦੀ ਹਾਲਤ, 'ਬਾਰੀ ਬਰਸੀ ਖੱਟਣ ਗਿਆ ਸੀ, ਪਤਾ ਨਹੀਂ ਕੀ ਖੱਟ ਲਿਆਂਦਾ', ਵਾਲੀ ਹੋ ਗਈ ਹੈ। ਗੱਲ ਖੱਟਣ ਦੀ ਥਾਂ ਗੁਆ ਆਉਣ ਦੀ ਚੱਲਣ ਵਾਲੀ ਹੈ। ਬਾਗੀ ਅਕਾਲੀ ਸੁਖਬੀਰ ਦੀ ਪ੍ਰਧਾਨਗੀ ਦੀ ਬਲੀ ਮੰਗ ਰਹੇ ਸਨ, ਸੁਖਬੀਰ ਬਾਦਲ ਅਕਾਲ ਤਖਤ ਤੋਂ ਸੇਵਾ ਲਵਾ ਕੇ ਖੁੱਸੀ ਸਿਆਸੀ ਸ਼ਕਤੀ ਮੁੜ ਹਾਸਿਲ ਕਰਨ ਦੇ ਚੱਕਰ ਵਿਚ ਸੀ, ਤੀਸਰਾ ਪੰਥ ਸਾਰੇ ਅਕਾਲੀਆਂ ਨੂੰ ਘਰੇ ਬਿਠਾ ਕੇ ਨਵਾਂ ਨਰੋਆ ਅਕਾਲੀ ਦਲ ਬਣਾਉਣ ਦੀ ਤਾਕ ਵਿਚ

***(ਬਾਕੀ ਅਗਲੇ ਸਫੇ 'ਤੇ)***

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਸ਼ਵ ਪੱਧਰ ਦੀ ਯੂਨੀਵਰਸਿਟੀ ਬਣੇਗੀ: ਡਾ. ਕਰਮਜੀਤ ਸਿੰਘ

***ਪੰਜਾਬ ਸਰਕਾਰ ਨੇ ਡਾਕਟਰ ਕਰਮਜੀਤ ਸਿੰਘ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਉਪ-ਕੁਲਪਤੀ ਨਿਯੁਕਤ ਕੀਤਾ ਹੈ, ਜਿਨ੍ਹਾਂ ਦਾ ਕਾਰਜਕਾਰ ਤਿੰਨ ਸਾਲ ਦਾ ਹੋਵੇਗਾ। ਡਾਕਟਰ ਕਰਮਜੀਤ ਸਿੰਘ 3 ਸਤੰਬਰ 2020 ਤੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਸੰਸਥਾਪਕ ਉਪ ਕੁਲਪਤੀ ਸਨ, ਅਤੇ ਇਸ ਤੋਂ ਪਹਿਲਾਂ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਜਿਸਟਰਾਰ, ਯੂਨੀਵਰਸਿਟੀ ਬਿਜ਼ਨਸ ਸਕੂਲ ਪੰਜਾਬ ਯੂਨੀਵਰਸਿਟੀ 'ਚ ਪ੍ਰੋਫੈਸਰ ਵਿੱਤ ਅਤੇ ਰਣਨੀਤਕ ਪ੍ਰਬੰਧਨ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਰਹਿ ਚੁੱਕੇ ਹਨ ਅਤੇ ਸਟਾਫ ਕਾਲਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਖ-ਵਖ ਅਹੁਦਿਆਂ 'ਤੇ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਵਲੋਂ ਅਹੁਦਾ ਸੰਭਾਲਣ 'ਤੇ ਲੇਖਕ ਸੁਹਿੰਦਰ ਬੀਰ ਨਾਲ ਉਨ੍ਹਾਂ ਦੀ ਹੋਈ ਗੱਲਬਾਤ ਦੇ ਕੁਝ ਅੰਸ਼ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।***

ਡਾਕਟਰ ਕਰਮਜੀਤ ਸਿੰਘ ਨੇ ਸਵਾਲਾਂ ਦਾ ਸਿਲਸਿਲਾ ਸ਼ੁਰੂ ਕਰਨ ਤੋਂ ਪਹਿਲਾਂ ਆਖਿਆ ਕਿ ਸਾਡੇ ਮਹਾਨ ਰਾਹ ਦਸੇਰੇ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦੇ 500ਵੇਂ ਪ੍ਰਕਾਸ਼ ਪੁਰਬ 'ਤੇ 1969 ਈ. ਵਿਚ ਇਹ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਸੀ ਅਤੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਪਵਿੱਤਰ ਸ਼ਹਿਰ 'ਅੰਮ੍ਰਿਤਸਰ' ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਅਗਾਂਹ ਆਖਿਆ ਕਿ ਆਦਿ ਗੁਰੂਆਂ ਦੀ ਬਖਸ਼ਿਸ਼ ਭਰੀ ਮਿਹਰ ਸਦਕਾ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਮਾਣਯੋਗ ਗਵਰਨਰ ਪੰਜਾਬ, ਗੁਲਾਬ ਚੰਦ ਕਟਾਰੀਆ ਜੋ ਕਿ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਦੇ ਸਹਿਯੋਗ ਨਾਲ ਉਹ ਯੂਨੀਵਰਸਿਟੀ ਨੂੰ ਸਿਰਫ ਬੁਲੰਦੀਆਂ ਤਕ ਹੀ ਨਹੀਂ, ਉੱਚ ਬੁਲੰਦੀਆਂ ਤਕ ਲੈ ਕੇ ਜਾਣਗੇ।

**ਪ੍ਰਸ਼ਨ 1. ਪਹਿਲਾ ਪ੍ਰਸ਼ਨ ਇਹ ਹੈ ਕਿ ਤੁਸੀਂ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਰਹੇ ਹੋ, ਆਪਣੀ ਹੀ ਯੂਨੀਵਰਸਿਟੀ ਵਿਚ ਉੱਚੀ ਪਦਵੀ 'ਤੇ ਆ ਕੇ ਕਿਵੇਂ ਮਹਿਸੂਸ ਕਰ ਰਹੇ ਹੋ?**

ਉੱਤਰ- ਵਿਦਿਆਰਥੀ ਹੋਣਾ ਮੇਰਾ ਕਰਮ ਖੇਤਰ ਸੀ, ਹਰ ਇਨਸਾਨ ਵਿਦਿਆਰਥੀ ਜੀਵਨ ਵਿਚੋਂ ਲੰਘਦਾ ਹੈ ਪਰ ਵਿਦਿਆਰਥੀ ਤੋਂ ਵਾਈਸ ਚਾਂਸਲਰ ਬਣਨਾ ਮਿਹਨਤ ਹੈ ਅਤੇ ਮਿਹਨਤ ਤੋਂ ਵੀ ਉੱਪਰ ਬਖਸ਼ਿਸ਼ ਹੈ। ਮੈਂ ਸਾਰੇ ਬੱਚਿਆਂ, ਵਿਦਿਆਰਥੀਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਵਿਦਿਆਰਥੀ ਜੀਵਨ ਵਿਚ ਮਿਹਨਤ ਕਰੋ, ਆਪਣੀਆਂ ਨੈਤਿਕ ਕਦਰਾਂ ਕੀਮਤਾਂ ਨਾਲ ਜੁੜੇ ਰਹੋ, ਵਾਹਿਗੁਰੂ ਤੁਹਾਨੂੰ ਬੁਲੰਦੀਆਂ 'ਤੇ ਪਹੁੰਚਾਵੇਗਾ। ਮੈਂ ਇਸ ਦੀ ਇਕ ਉਦਾਹਰਨ ਹਾਂ ਕਿ ਸਾਦੇ ਪਰਿਵਾਰ ਵਿਚ ਮੇਰਾ ਜਨਮ ਹੋਇਆ, ਮਾਤਾ-ਪਿਤਾ ਨੇ ਚੰਗਾ ਪੜ੍ਹਾਇਆ-ਲਿਖਾਇਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚੋਂ ਸਾਰੀ ਵਿਦਿਆ ਪ੍ਰਾਪਤ ਕੀਤੀ ਅਤੇ ਹੁਣ ਯੂਨੀਵਰਸਿਟੀ ਦੇ ਮੁਖੀ ਦਾ ਅਹੁਦਾ ਮਿਲਣ 'ਤੇ ਅਹਿਸਾਸ ਹੋ ਰਿਹਾ ਹੈ ਕਿ ਜੇਕਰ ਜ਼ਿੰਦਗੀ ਵਿਚ ਮਿਹਨਤ, ਦ੍ਰਿੜਤਾ ਤੇ ਚੰਗਿਆਈ ਨੂੰ ਅਪਣਾ ਕੇ ਰੱਖਾਂਗੇ ਤਾਂ ਵਾਹਿਗੁਰੂ ਅਜਿਹੀਆਂ ਬਖਸ਼ਿਸ਼ਾਂ ਕਰਦਾ ਰਹੇਗਾ।

ਮੈਂ ਉਨ੍ਹਾਂ ਕਦਰਾਂ-ਕੀਮਤਾਂ ਅਤੇ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਾਂ ਜਿਨ੍ਹਾਂ ਦੀ ਇਹ ਵੱਕਾਰੀ ਸੰਸਥਾ ਪ੍ਰਤੀਨਿਧਤਾ ਕਰਦੀ ਹੈ। ਇਸ ਯੂਨੀਵਰਸਿਟੀ ਨੇ ਮੇਰੇ ਅਕਾਦਮਿਕ ਅਤੇ ਵਿਅਕਤੀਗਤ ਵਿਕਾਸ ਨੂੰ ਆਕਾਰ ਦੇਣ ਵਿਚ ਪ੍ਰਮੁੱਖ ਭੂਮਿਕਾ ਨਿਭਾਈ ਹੈ ਅਤੇ ਇਥੇ ਵਾਪਸ ਆਉਣਾ ਘਰ ਆਉਣ ਵਰਗਾ ਮਹਿਸੂਸ ਹੁੰਦਾ ਹੈ।

**ਪ੍ਰਸ਼ਨ-2. ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਦੇ ਮੁਕਾਬਲੇ ਇਹ ਯੂਨੀਵਰਸਿਟੀ ਆਰਥਿਕ ਤੌਰ 'ਤੇ ਕਾਫੀ ਮਜ਼ਬੂਤ ਹੈ, ਤੁਸੀਂ ਇਸ ਦੀ ਆਰਥਿਕ ਮਜ਼ਬੂਤੀ 'ਚ ਹੋਰ ਕਿਵੇਂ ਵਾਧਾ ਕਰੋਗੇ?**

ਉੱਤਰ- ਆਰਥਿਕ ਤੌਰ 'ਤੇ ਮਜ਼ਬੂਤ ਹੋਣਾ ਬਹੁਤ ਜ਼ਿਆਦਾ ਜ਼ਰੂਰੀ ਹੈ ਪਰ ਇਸ ਤੋਂ ਵੀ ਜ਼ਰੂਰੀ ਹੈ ਆਰਥਿਕਤਾ ਦੀ ਮਜ਼ਬੂਤੀ ਨੂੰ ਕਾਇਮ ਰੱਖਣਾ। ਸਾਡੇ ਕੋਲ ਬਹੁਤ ਉਦਾਹਰਨਾਂ ਹਨ ਕਿ ਕਿਸੇ ਸੰਸਥਾ ਕੋਲ ਇਕ ਸਮੇਂ ਬਹੁਤ ਪੈਸਾ ਸੀ ਤੇ ਅੱਜ ਉਹੀ ਸੰਸਥਾ ਘਾਟੇ ਵਿਚ ਹੈ। ਇਸ ਪਿੱਛੇ ਕਾਰਨ ਕੋਈ ਵੀ ਹੋਵੇ ਮੇਰਾ ਵਿਸ਼ਾ ਵੀ ਇਹੀ ਹੈ Finance Management ਇਸ ਲਈ ਸਭ ਤੋਂ ਪਹਿਲਾਂ ਇਸ ਮਜ਼ਬੂਤੀ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਦੂਸਰਾ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਕਈ ਪ੍ਰੋਜੈਕਟ ਨੇ, ਜੋ ਮੇਰੇ ਧਿਆਨ ਵਿਚ ਹਨ- ਜਿਵੇਂ ਕਿ ਆਧੁਨਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਨਵੇਂ ਕੋਰਸ ਤਿਆਰ ਕੀਤੇ ਜਾਣਗੇ। ਸਰਵੇ ਕਰ ਕੇ ਦੇਖਿਆ ਜਾਵੇਗਾ ਕਿ ਕਿਹੜੇ ਕੋਰਸ ਡਿਮਾਂਡ ਵਿਚ। ਅਸੀਂ ਵਾਜਿਬ ਫੀਸਾਂ 'ਤੇ ਉੱਚ ਮਿਆਰੀ ਕੋਰਸ ਸ਼ੁਰੂ ਕਰਾਂਗੇ ਜਿਸ ਨਾਲ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੋਵਾਂ ਨੂੰ ਫਾਇਦਾ ਪਹੁੰਚੇਗਾ।

**ਪ੍ਰਸ਼ਨ-3. ਗੁਰੂ ਨਾਨਕ ਅਧਿਐਨ ਵਿਭਾਗ ਕਾਫੀ ਸਾਲਾਂ ਤੋਂ ਓਨੀ ਤਰੱਕੀ ਨਹੀਂ ਕਰ ਸਕਿਆ, ਜਿੰਨੀ ਇਹ ਪਿਛਲੇ ਦਹਾਕਿਆਂ ਵਿਚ ਕਰਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਇਸ ਨੂੰ ਬਹੁਤ ਫੰਡ ਮੁਹੱਈਆ ਵੀ ਕੀਤੇ ਗਏ ਹਨ ਤੁਸੀਂ ਇਸ ਦੀ ਬਿਹਤਰੀ ਲਈ ਕਿਹੋ ਜਿਹੇ ਪ੍ਰੋਗਰਾਮ ਉਲੀਕ ਸਕਦੇ ਹੋ? ਕੀ ਤੁਸੀਂ ਰਿਟਾਇਰਡ ਅਧਿਆਪਕਾਂ ਦਾ ਸਹਿਯੋਗ ਲੈਣਾ ਚਾਹੋਗੇ?**

ਉੱਤਰ- ਇਸ ਦੇ ਜਵਾਬ ਵਿਚ ਮੈਂ ਤੁਹਾਨੂੰ ਸਾਰਿਆਂ ਨੂੰ ਦੱਸਣਾ ਚਾਹਾਂਗਾ ਕਿ ਅਸੀਂ ਉਸ ਪੰਜਾਬ ਦੇ ਵਾਸੀ ਹਾਂ ਜਿਹੜਾ ਪੰਜਾਬ ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ 'ਪੰਜਾਬ ਜੀਊਂਦਾ ਗੁਰਾਂ ਦੇ ਨਾਂ 'ਤੇ'। ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਅਹਿਮ ਵਿਭਾਗ ਹੈ। ਬੜੇ ਵੱਡੇ ਵਿਦਵਾਨ ਇਥੇ ਸਨ ਤੇ ਹੁਣ ਵੀ ਕਾਰਜਸ਼ੀਲ ਹਨ। ਬੜੀਆਂ ਵਡਮੁੱਲੀਆਂ ਲਿਖਤਾਂ ਸਾਨੂੰ ਇਸ ਵਿਭਾਗ ਨੇ ਦਿੱਤੀਆਂ। ਰਹੀ ਤੁਹਾਡੀ ਗੱਲ ਕਿ ਸਾਲਾਂ ਤੋਂ ਤਰੱਕੀ ਨਹੀਂ ਹੋਈ। ਅਗਲੇ ਕੁਝ ਸਮੇਂ ਵਿਚ ਹੀ ਇਕੱਲਾ ਗੁਰੂ ਨਾਨਕ ਅਧਿਐਨ ਵਿਭਾਗ ਹੀ ਨਹੀਂ ਸਗੋਂ ਯੂਨੀਵਰਸਿਟੀ ਦੇ ਹਰ ਵਿਭਾਗ ਨੂੰ ਤਰੱਕੀ ਦੀ ਲੀਹ 'ਤੇ ਲੈ ਕੇ ਆਵਾਂਗੇ। ਚਾਹੇ ਉਹ ਵਿਭਾਗੀ ਲਿਖਤਾਂ ਦੁਆਰਾ ਵਿਭਾਗੀ ਵਿਦਵਾਨਾਂ ਦੇ ਪ੍ਰੋਜੈਕਟਾਂ ਦੇ ਰੂਪ ਵਿਚ ਹੋਵੇ। ਅਜਿਹੇ ਪੈਰਾਮੀਟਰ ਸੈੱਟ ਕੀਤੇ ਜਾਣਗੇ ਕਿ ਯੂਨੀਵਰਸਿਟੀ ਦੇ ਹਰ ਕਰਮਚਾਰੀ/ਅਧਿਕਾਰੀ ਦੀ ਜੋ ਡਿਊਟੀ ਹੈ ਉਸ ਨੂੰ ਉਹ ਤਨਦੇਹੀ ਨਾਲ ਨਿਭਾਏਗਾ।

**ਪ੍ਰਸ਼ਨ-4. ਤੁਸੀਂ ਜਦੋਂ ਅਧਿਆਪਨ ਖੇਤਰ ਨਾਲ ਜੁੜੇ ਹੋਏ ਸੀ ਉਸ ਸਮੇਂ ਤੁਸੀਂ ਅਧਿਆਪਕ ਯੂਨੀਅਨ 'ਚ ਸਰਗਰਮੀ ਨਾਲ ਕਾਰਜ ਕਰਦੇ ਰਹੇ ਜੇ, ਹੁਣ ਜਦੋਂ ਇਸ ਯੂਨੀਵਰਸਿਟੀ 'ਚ ਅਧਿਆਪਕਾਂ ਅਤੇ ਰਿਟਾਇਰਡ ਅਧਿਆਪਕਾਂ ਦੀਆਂ ਕੁਝ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ, ਤੁਸੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਸਦਭਾਵਨਾ ਨਾਲ ਨਜਿੱਠਣ ਦਾ ਯਤਨ ਕਰੋਗੇ?**

ਉੱਤਰ- ਮੈਂ ਲੰਮਾ ਸਮਾਂ ਅਧਿਆਪਨ ਦਾ ਕਾਰਜ ਕੀਤਾ ਹੈ ਅਤੇ ਇਸੇ ਸਮੇਂ ਦੌਰਾਨ ਹਰ ਤਰ੍ਹਾਂ ਦੀਆਂ ਯੂਨੀਅਨਾਂ ਵਿਚ ਸਰਗਰਮ ਰਿਹਾ ਹਾਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਬਹੁਤ ਮਹੱਤਵਪੂਰਨ ਰਹੀ ਹੈ। ਮੈਂ ਕਈ ਵਾਰ ਸੈਨੇਟਰ ਵੀ ਰਹਿ ਚੁੱਕਾ ਹਾਂ। ਇਸ ਸਭ ਸਮੇਂ ਦੌਰਾਨ ਮੈਂ ਇਸ ਭਾਵਨਾ ਨਾਲ ਕੰਮ ਕੀਤਾ ਹੈ ਕਿ ਕਦੇ ਕਿਸੇ ਦਾ ਮਾੜਾ ਨਾ ਕਰਨਾ ਹੈ ਤੇ ਨਾ ਹੀ ਕਦੇ ਅਜਿਹਾ ਸੋਚਣਾ ਹੈ। ਇਹ ਮੇਰੀ ਮਾਤਾ-ਪਿਤਾ ਜੀ ਨੇ ਮੈਨੂੰ ਸਿਖਾਇਆ ਕਿ ਹਮੇਸ਼ਾਂ ਕਿਸੇ ਦੇ ਕੰਮ ਆਵੀਂ। ਇਸ ਲਈ ਮੈਂ ਯੂਨੀਅਨਾਂ ਵਿਚ ਵੀ ਆਪਣੇ ਮਾਤਾ ਜੀ ਦੇ ਦਿੱਤੇ ਹੋਏ ਬਚਨਾਂ ਉੱਤੇ ਪਹਿਰਾ ਦਿੱਤਾ। ਰਹੀ ਗੱਲ ਅਧਿਆਪਕਾਂ ਅਤੇ ਰਿਟਾਇਰਡ ਅਧਿਆਪਕਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ। ਮੇਰੀ ਸ਼ੁਰੂ ਤੋਂ ਹੀ ਇਹ ਆਦਤ ਹੈ ਕਿ ਮੈਂ ਕਦੇ ਵੀ ਨਿਯਮਾਂ ਤੋਂ ਪਾਸੇ ਨਹੀਂ ਚੱਲਦਾ। ਨਿਯਮਾਂ ਅਨੁਸਾਰ ਹਰ ਅਧਿਆਪਕ ਦੀ ਭਲਾਈ ਲਈ ਹਰ ਸੰਭਵ ਯਤਨ ਜ਼ਰੂਰ ਕੀਤੇ ਜਾਣਗੇ।

**ਪ੍ਰਸ਼ਨ-5. ਸਾਡੀ ਯੂਨੀਵਰਸਿਟੀ ਬਾਹਰੋਂ ਵੇਖਣ ਨੂੰ ਤਾਂ ਬਹੁਤ ਹੀ ਜ਼ਿਆਦਾ ਅਕਾਦਮਿਕ ਪੱਧਰ ਤੇ ਉਚੇਰੇ ਪੱਧਰ ਦੀ ਦਿਖਾਈ ਦਿੰਦੀ ਹੈ ਪਰ ਅੰਦਰੂਨੀ ਤੌਰ 'ਤੇ ਘੋਖ ਪੜਤਾਲ ਕੀਤੀ ਜਾਵੇ ਤਾਂ ਇਹ ਉਸ ਮਿਆਰ ਤੱਕ ਨਹੀਂ ਪਹੁੰਚਦੀ, ਤੁਸੀਂ ਅਧਿਆਪਕਾਂ ਦੀਆਂ ਨਿਯੁਕਤੀਆਂ ਕਰਨ ਵਾਸਤੇ ਕਿਹੋ ਜਿਹੀ ਯੋਜਨਾ ਬਣਾਓਗੇ?**

ਉੱਤਰ- ਇਹ ਤਾਂ ਇਕ ਪ੍ਰਤੱਖ ਸੱਚਾਈ ਹੈ ਕਿ ਯੂਨੀਵਰਸਿਟੀ ਦਾ ਸਿਖਰਪਲਣ ਅਕਾਦਮਿਕ ਉਚਾਈਆਂ ਨਾਲ ਹੀ ਹੁੰਦਾ ਹੈ। ਇਸ ਲਈ ਯੂਨੀਵਰਸਿਟੀ ਦੇ ਹਰ ਪ੍ਰੋਫੈਸਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਕਾਦਮਿਕ ਕਾਰਜਾਂ ਵਿਚ ਯੋਗਦਾਨ ਪਾਉਣ। ਫੈਕਲਟੀ ਨੂੰ ਅਜਿਹੇ ਕਾਰਜ ਕਰਨ ਲਈ ਉਤਸ਼ਾਹਿਤ ਕਰਨਾ ਵੀ ਇਕ ਕਲਾ ਹੈ। ਸਾਡੇ ਪੁਰਾਣੇ ਬਜ਼ੁਰਗ ਕਹਿੰਦੇ ਸਨ ਕਿ ਕੰਮ ਦੋ ਤਰੀਕੇ ਨਾਲ ਹੁੰਦੇ ਹਨ ਜਾਂ ਤਾਂ ਪਿਆਰ ਨਾਲ ਤੇ ਜਾਂ ਸਖਤੀ ਨਾਲ। ਮੈਂ ਪਹਿਲਾ ਰਸਤਾ ਹੀ ਅਪਨਾਵਾਂਗਾ ਅਤੇ ਕੁਝ ਸਮੇਂ ਤਕ ਹੀ ਤੁਹਾਨੂੰ ਨਤੀਜੇ ਵੀ ਮਿਲਣਗੇ। ਪਰ ਜੇਕਰ ਕੋਈ ਮੇਰੇ ਇਸ ਪਹਿਲੇ ਰਸਤੇ ਨੂੰ ਨਹੀਂ ਮੰਨੇਗਾ ਤਾਂ ਦੂਸਰਾ ਰਸਤਾ ਵੀ ਫਿਰ ਨਾਲ ਹੀ ਹੈ ਕਿਉਂਕਿ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਦੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵੀ ਅਸਥਾਨ ਹੈ ਜਿਨ੍ਹਾਂ ਨੇ ਸਾਨੂੰ ਸੰਤ ਦੇ ਨਾਲ ਸਿਪਾਹੀ ਬਣਨਾ ਵੀ ਸਿਖਾਇਆ ਹੈ। ਦੂਸਰੀ ਗੱਲ ਨਵੀਆਂ



ਡਾਕਟਰ ਕਰਮਜੀਤ ਸਿੰਘ।

ਨਿਯੁਕਤੀਆਂ ਦੀ, ਤਾਂ ਲੋੜ ਪੈਣ 'ਤੇ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਰੋਲ ਮੈਰਿਟ ਦੇ ਆਧਾਰ 'ਤੇ ਸਾਰੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ।

**ਪ੍ਰਸ਼ਨ-6. ਅੱਜ ਦੇ ਸਮੇਂ ਵਿਚ ਬਹੁਤ ਸਾਰੇ ਪੰਜਾਬੀ ਬਾਹਰਲੇ ਦੇਸ਼ਾਂ 'ਚ ਸਿੱਕਾ ਜਮਾ ਚੁੱਕੇ ਹਨ। ਕੀ ਤੁਸੀਂ ਉਨ੍ਹਾਂ ਕੋਲੋਂ ਆਰਥਿਕ ਸਹਿਯੋਗ ਲੈ ਕੇ ਯੂਨੀਵਰਸਿਟੀ ਦੇ ਕੁਝ ਵਿਭਾਗਾਂ ਦਾ ਵਿਸਥਾਰ ਕਰਨ ਵਿਚ ਦਿਲਚਸਪੀ ਰੱਖਦੇ ਹੋ?**

ਉੱਤਰ- ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੰਸਾਰ ਦੇ ਹਰ ਦੇਸ਼ ਵਿਚ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਉੱਚੇ ਤੋਂ ਉੱਚਾ ਮੁਕਾਮ ਹਾਸਿਲ ਕੀਤਾ ਹੈ। ਪਰ ਇਸ ਦੇ ਬਾਵਜੂਦ ਉਨ੍ਹਾਂ ਦਾ ਮੋਹ ਪੰਜਾਬ ਦੀ ਇਸ ਧਰਤਿ ਨਾਲ ਹੈ ਅਤੇ ਸਮੇਂ-ਸਮੇਂ 'ਤੇ ਉਹ ਵਿਦਿਆ ਵਿਚ ਵੀ ਪੰਜਾਬੀ ਨਾਲ ਸੰਬੰਧਿਤ ਕਾਨਫਰੰਸਾਂ ਕਰਾਉਂਦੇ ਰਹਿੰਦੇ ਹਨ। ਇਸ ਲਈ ਉਹ ਸਾਡਾ ਇਕ ਜ਼ਰੂਰੀ ਅੰਗ ਹਨ। ਮੇਰੀ ਇਹ ਦਿਲੀ ਇੱਛਾ ਹੈ ਕਿ ਉਨ੍ਹਾਂ ਸਾਰਿਆਂ ਨੂੰ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਲੇਟਫਾਰਮ 'ਤੇ ਇਕੱਠਾ ਕਰਾਂਗਾ ਅਤੇ ਸਾਡੇ ਗਦਰੀ ਯੋਧੇ ਜਿਹੜੇ ਪ੍ਰਦੇਸਾਂ ਵਿਚ ਸਨ ਉਨ੍ਹਾਂ ਉਪਰ ਖੋਜ ਭਰਪੂਰ ਕਾਰਜ ਕਰਵਾਏ ਜਾਣ। ਅਜਿਹੀਆਂ ਮੇਰੀਆਂ ਭਵਿੱਖੀ ਯੋਜਨਾਵਾਂ ਹਨ।

**ਪ੍ਰਸ਼ਨ-7. ਭਵਿੱਖ ਸੰਬੰਧੀ ਯੋਜਨਾਵਾਂ**

ਉੱਤਰ- ਅਖੀਰ ਵਿਚ ਮੈਂ ਸਭ ਨੂੰ ਤੁਹਾਡੇ ਮਾਧਿਅਮ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਸਥਾਪਿਤ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਸਿੱਖਿਆ ਕਿਰਤ ਕਰਨ ਦੀ ਹੈ। ਕਿਰਤ ਕਰਨਾ- ਭਾਵ ਮਿਹਨਤ ਕਰਨੀ, ਸੱਚੀ-ਸੁੱਚੀ ਕਿਰਤ ਕਰਨੀ। ਇਸ ਲਈ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਤੌਰ 'ਤੇ ਮੈਂ ਇਹ ਸੁਪਨਾ ਲੈ ਕੇ ਇਹ ਅਹੁਦਾ ਸੰਭਾਲਿਆ ਹੈ ਕਿ ਅਸੀਂ ਵਿਦਿਆਰਥੀ ਨੂੰ ਇੰਨਾ ਪਰਿਪੱਕ ਕਰ ਦੇਈਏ ਅਤੇ ਅਜਿਹੇ ਕੋਰਸ ਮੁਹੱਈਆ ਕਰਵਾਈਏ ਕਿ ਉਹ ਆਪਣੇ ਪੈਸੇ ਆਪ ਕਮਾਉਣ ਜਾਂ ਉਨ੍ਹਾਂ ਨੂੰ ਚੰਗੀ ਨੌਕਰੀ ਮਿਲ ਜਾਵੇ। ਅੱਜ ਦਾ ਸਮਾਂ Artificial Intelligence ਦਾ ਸਮਾਂ ਹੈ ਇਸਦੇ ਨਾਲ ਜੋੜ ਕੇ ਸਾਰੇ ਸੰਬੰਧਿਤ ਵਿਸ਼ਿਆਂ ਦੇ ਕੋਰਸ ਤਿਆਰ ਕਰ ਕੇ ਕਿੱਤਾ ਮੁਖੀ ਬਣਾਵਾਂਗੇ। ਅਜਿਹਾ ਸਿਸਟਮ ਬਣਾਉਣ ਲਈ ਆਉਣ ਵਾਲੇ ਸਮੇਂ ਵਿਚ ਮੈਂ ਪੰਜ ਨੁਕਾਤੀ ਪ੍ਰੋਗਰਾਮਾਂ ਉੱਤੇ ਕੰਮ ਕਰਾਂਗਾ।

1. ਪਹਿਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵੱਡਾ ਇੱਕ ਨਾਮ ਹੈ ਅਤੇ NACC ਵਿਚ ਭਾਰਤ ਵਿਚ ਦੂਜੇ ਸਥਾਨ 'ਤੇ ਹੈ। ਮੇਰਾ ਟੀਚਾ ਇਸ ਨੂੰ ਪਹਿਲੇ ਸਥਾਨ 'ਤੇ ਲੈ ਕੇ ਜਾਣਾ ਹੈ ਅਤੇ ਇਕੱਲਾ ਭਾਰਤ ਹੀ ਨਹੀਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਾਂ ਅੰਤਰਰਾਸ਼ਟਰੀ ਪੱਧਰ ਉੱਤੇ ਮੋਹਰੀ ਭੂਮਿਕਾ ਵਿਚ ਲੈ ਕੇ ਆਉਣਾ, ਮੇਰਾ ਇਹ ਮੁੱਖ ਟੀਚਾ ਹੈ।

2. ਦੂਸਰਾ, ਸਾਡੀ ਜਿਹੜੀ ਨੈਸ਼ਨਲ ਐਜੂਕੇਸ਼ਨ ਪਾਲਿਸੀ 2020 ਹੈ ਉਸ ਵਿਚ ਇਹ ਟੀਚਾ ਮਿਥਿਆ ਗਿਆ ਹੈ ਕਿ 2035 ਤੱਕ 50% Gross Enrollment Ratio ਲੈ ਕੇ ਜਾਣੀ ਹੈ। ਘਢ ਜਿਸਦਾ ਮਤਲਬ ਹੈ ਕਿ ਸਾਡੀ Gross Enrolment Ratio, Higher Education ਵਿਚ ਹਾਲੇ ਘੱਟ ਹੈ ਅਤੇ ਪੰਜਾਬ ਵਿਚ ਇਹ 29.1% ਹੈ ਤੇ ਮੈਂ ਇਹ ਬਚਨ ਕਰਦਾ ਹਾਂ ਕਿ ਇਸ Gross Enrolment Ratio ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਪੂਰਾ ਕਰੇਗੀ। ਇਸ ਦਾ ਵੀ ਇਕ ਕਾਰਨ ਹੈ ਕਿ ਜਿਹੜੀ ਇਹ GER ਤਾਂ ਹੀ ਵਧ ਸਕਦੀ ਹੈ ਜੇਕਰ ਆਨਲਾਈਨ ਕੋਰਸ ਸ਼ੁਰੂ ਕੀਤੇ ਜਾਣ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਪੰਜਾਬ ਦੀ ਇਕੋ ਇਕ ਸਰਕਾਰੀ ਯੂਨੀਵਰਸਿਟੀ ਹੈ ਜਿਹੜੀ ਆਨਲਾਈਨ ਕੋਰਸ ਕਰਵਾ ਸਕਦੀ ਹੈ ਅਤੇ ਮੈਂ ਕਿਉਂਕਿ ਪੰਜਾਬ ਦੇ ਖਿੱਤੇ ਨਾਲ ਸੰਬੰਧਿਤ ਹਾਂ ਤੇ ਜਿਥੇ ਅਸੀਂ ਹੋਰ ਕਈ ਤਰ੍ਹਾਂ ਦੇ ਆਈ.ਟੀ, ਮੈਨੇਜਮੈਂਟ ਜਾਂ ਕਿਸੇ ਵੀ ਹੋਰ ਵਿਸ਼ੇ ਨਾਲ ਸੰਬੰਧਿਤ ਕੋਰਸ ਸ਼ੁਰੂ ਕਰਾਂਗੇ। ਇਸਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਆਨਲਾਈਨ ਕੋਰਸ, ਸਿੱਖ ਧਰਮ ਦੀਆਂ ਨੈਤਿਕ ਕਦਰਾਂ ਕੀਮਤਾਂ, ਪੰਜਾਬ ਦੇ ਇਤਿਹਾਸ ਬਾਰੇ ਕੋਰਸ ਆਨਲਾਈਨ ਸ਼ੁਰੂ ਕਰਾਂਗੇ ਤਾਂ ਜੋ ਵਿਸ਼ਵ ਵਿਚੋਂ ਵੀ ਜੇਕਰ ਕੋਈ ਇਹ ਕੋਰਸ ਕਰਨਾ ਚਾਹੁੰਦਾ ਹੈ ਤਾਂ ਉਹ ਆਨਲਾਈਨ ਪੱਧਰ ਉੱਤੇ ਕਰ ਸਕਦਾ ਹੈ।

3. ਯੂਨੀਵਰਸਿਟੀਆਂ ਦੀਆਂ ਪ੍ਰਾਪਤੀਆਂ ਖੋਜ ਅਤੇ ਇਨੋਵੇਸ਼ਨ ਉੱਤੇ Depend ਹੁੰਦੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਬਹੁਤ ਵਧੀਆ ਫੈਕਲਟੀ ਹੈ ਜਿਹੜੀ ਕੰਮ ਕਰ ਰਹੀ ਹੈ। ਰਿਸਰਚ ਦੇ ਪ੍ਰੋਜੈਕਟ ਮਿਲ ਰਹੇ ਹਨ। ਹੁਣੇ ਹੁਣੇ Mathematics Department ਦੇ ਇਕ ਫੈਕਲਟੀ ਮੈਂਬਰ ਪ੍ਰੋ. ਸਾਹਿਬਾ ਨੂੰ 35 ਲੱਖ ਰੁਪਏ ਦਾ ਪ੍ਰੋਜੈਕਟ ਮਿਲਿਆ ਹੈ ਅਤੇ ਭਵਿੱਖ ਵਿਚ ਵੀ ਪ੍ਰੋਜੈਕਟ ਅਤੇ ਰਿਸਰਚ ਲਈ ਫੈਕਲਟੀ ਨੂੰ ਮੇਰਾ ਇਹ ਪਹਿਲਾ ਸੰਦੇਸ਼ ਹੋਵੇਗਾ ਕਿ ਤੁਸੀਂ ਜਿੰਨਾ ਹੋ ਸਕੇ ਰਿਸਰਚ ਕਰਨੀ ਹੈ ਤੇ ਰਿਸਰਚ ਉਹ ਹੋਵੇ ਜੋ ਗੁਣਵੱਤਾ ਭਰਪੂਰ ਅਤੇ ਸਮਾਜ ਲਈ ਲਾਭਦਾਇਕ ਹੋਵੇ ਉਹ ਭਾਵੇਂ ਕਿਸੇ ਵੀ ਪ੍ਰਕਾਰ ਦਾ ਵਿਸ਼ਾ ਹੋਵੇ। ਮੇਰੀ ਇਹ ਕਾਮਨਾ ਹੈ ਕਿ ਵਿਸ਼ਵ ਵਿਚ ਕਿਸੇ ਵੀ ਤਰ੍ਹਾਂ ਦੇ ਐਕਸਪਰਟ ਦੀ ਲੋੜ ਪਵੇ ਤਾਂ ਉਹ ਐਕਸਪਰਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚੋਂ ਮਿਲੇ ਮੈਂ ਯੂਨੀਵਰਸਿਟੀ ਨੂੰ ਇਸ ਪੱਧਰ ਉੱਤੇ ਲੈ ਕੇ ਜਾਵਾਂਗਾ।

4. ਇਹ ਚੌਥਾ ਨੁਕਤਾ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਕਟ ਵਿਚ ਇਹ ਲਿਖਿਆ ਹੋਇਆ ਹੈ ਕਿ ਪੰਜਾਬੀ ਨੂੰ ਪ੍ਰੋਤਸ਼ਾਹਿਤ ਕਰਨਾ। ਪੰਜਾਬੀ ਲਈ ਹਰੇਕ ਨੇ ਬਹੁਤ ਕੰਮ ਕੀਤਾ ਹੈ ਪਰ ਜਦੋਂ ਮੈਂ ਅੱਜ ਦੇ ਆਧੁਨਿਕ ਯੁੱਗ ਨੂੰ ਦੇਖਦਾ ਹਾਂ ਕਿ ਪੰਜਾਬੀ ਲਈ ਕੰਮ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਆਪਣੇ ਆਪ ਤੋਂ ਪਹਿਲਾਂ ਪੰਜਾਬੀ ਲਈ ਕੰਮ ਕਰਨਾ ਸ਼ੁਰੂ ਕਰੀਏ। ਮੈਂ ਇਸ ਦੀ ਪਹਿਲਕਦਮੀ ਕਰਦਿਆਂ ਹੋਇਆਂ, ਹਾਲਾਂਕਿ ਮੈਂ ਮੈਨੇਜਮੈਂਟ ਦਾ ਪ੍ਰੋਫੈਸਰ ਹਾਂ, ਮੇਰਾ ਕਾਰਜਕਾਰ ਜ਼ਿਆਦਾਤਰ ਅੰਗਰੇਜ਼ੀ ਭਾਸ਼ਾ ਨਾਲ ਸੰਬੰਧਿਤ ਹੈ ਪਰ ਅਸੀਂ ਪੰਜਾਬੀ ਨੂੰ ਪ੍ਰੋਤਸਾਹਿਤ ਕਰਨਾ ਹੈ ਅਤੇ ਮੈਂ ਜਦੋਂ ਤੋਂ ਇਹ ਅਹੁਦਾ ਸੰਭਾਲਿਆ ਹੈ, ਆਪਣੇ ਹਸਤਾਖਰ ਅੰਗਰੇਜ਼ੀ ਵਿਚ ਛੱਡ ਕੇ ਪੰਜਾਬੀ ਵਿਚ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਇਕ ਉਦਾਹਰਨ ਹੈ ਕਿ ਅਸੀਂ ਆਪਣੇ ਆਪ ਤੋਂ ਕੰਮ ਸ਼ੁਰੂ ਕਰੀਏ। ਇਹ ਕੰਮ ਮੈਂ ਅੱਗੇ ਆਪਣੀ ਫੈਕਲਟੀ ਨੂੰ ਵੀ ਦੇਵਾਂਗਾ ਅਤੇ ਹੋਰ ਵੀ ਸਹਿਯੋਗ ਭਾਵੇਂ ਕ੍ਹਿ ਕਰਨੇ ਹੋਣ, ਕਰਾਂਗੇ ਕਿ ਸਾਡੇ ਜਿੰਨੇ ਵੀ ਸਿਲੇਬਸ, Curriculum ਹਨ ਉਨ੍ਹਾਂ ਦਾ ਪੰਜਾਬੀ ਅਨੁਵਾਦ ਕਰਵਾਵਾਂਗੇ ਤਾਂ ਕਿ ਜੇਕਰ ਕੋਈ ਵੀ ਕਿਸੇ ਵੀ ਵਿਸ਼ੇ ਜਾਂ ਡਿਗਰੀ ਨੂੰ ਪੰਜਾਬੀ ਵਿਚ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕੋਈ ਸਮੱਸਿਆ ਨਾ ਹੋਵੇ। ਵਿਸ਼ਵ ਪੱਧਰ ਦੀਆਂ ਕਾਨਫਰੰਸਾਂ ਕੀਤੀਆਂ ਜਾਣਗੀਆਂ। ਸਾਡਾ ਪੰਜਾਬੀ ਭਾਈਚਾਰਾ ਜੋ ਕਿ ਬਾਹਰਲੇ ਮੁਲਕਾਂ ਵਿਚ ਵੱਸਿਆ ਹੋਇਆ ਹੈ ਉਸ ਨਾਲ ਜੋੜਨ ਦੇ ਹਰ ਸੰਭਵ ਯਤਨ ਕਰਾਂਗੇ।

5. ਪੰਜਵਾਂ ਨੁਕਤਾ ਸਪੋਰਟਸ ਨਾਲ ਸੰਬੰਧਿਤ ਹੈ। ਪੰਜਾਬ ਸਰਕਾਰ ਦੇ ਪੰਜਾਬ ਨੂੰ ਲੀਹਾਂ ਉੱਤੇ ਲਿਆਉਣ ਦੇ ਯਤਨਾਂ ਵਿਚੋਂ ਇਕ ਯਤਨ ਪੰਜਾਬ ਦੀ ਜਵਾਨੀ ਨੂੰ ਖੇਡਾਂ ਨਾਲ ਜੋੜਨਾ ਹੈ। ਸਾਡੀ ਯੂਨੀਵਰਸਿਟੀ ਇਸ ਉੱਪਰ ਖਰੀ ਉੱਤਰਦੀ ਹੈ। ਸਪੋਰਟਸ ਦੇ ਪੱਧਰ ਉੱਤੇ ਪਿਛਲੇ ਕਈ ਸਾਲਾਂ ਤੋਂ ਮਾਕਾ ਟਰਾਫੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੋਲ ਹੈ ਅਤੇ ਮੇਰੀ ਇਹ ਆਸ ਹੈ ਕਿ ਭਵਿੱਖ ਵਿਚ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸੇ ਤਰ੍ਹਾਂ ਕੰਮ ਕਰੇਗੀ ਅਤੇ ਆਪਣੇ ਇਸ ਸਟੇਟਸ ਨੂੰ ਵੀ ਬਰਕਰਾਰ ਰੱਖੇਗੀ। ਮੈਂ ਤੁਹਾਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਦਾ ਬੱਚਾ ਕਿਸੇ ਵੀ ਤਰ੍ਹਾਂ ਦੀ ਖੇਡ ਵਿਚ ਹਿੱਸਾ ਲੈਣਾ ਚਾਹੁੰਦਾ ਹੈ ਤਾਂ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਦਿੱਤੀ ਜਾਵੇਗੀ। ਉਸ ਦੇ ਲਈ ਚਾਹੇ ਸਾਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਨਾਮਣਾ ਖੱਟਣ ਵਾਲੇ ਕੋਚਾਂ ਦਾ ਸਹਾਰਾ ਲੈਣਾ ਪਵੇ। ਜਿਨ੍ਹਾਂ ਵਿਚ ਸਾਡੇ ਆਪਣੇ ਖਿੱਤੇ ਦੇ ਹਾਕੀ ਦੇ ਪਲੇਅਰ ਵੀ ਹਨ। ਉਨ੍ਹਾਂ ਨੂੰ ਵੀ ਆਪਣੇ ਨਾਲ ਜੋੜਾਂਗੇ। ਇਸਦੇ ਨਾਲ ਹੀ ਯੁਥ ਫੈਸਟੀਵਲ ਜਿਨ੍ਹਾਂ ਨਾਲ ਸਾਡਾ ਪੰਜਾਬ ਦਾ ਵਿਰਸਾ ਅਤੇ ਸੱਭਿਆਚਾਰ ਜੁੜਿਆ ਹੋਇਆ ਹੈ, ਉਸ ਦੇ ਲਈ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਹ ਮੇਰੀਆਂ ਭਵਿੱਖੀ ਯੋਜਨਾਵਾਂ ਹਨ। ਅੰਤ ਵਿਚ ਮੈਂ ਮੈਨੇਜਮੈਂਟ ਦਾ ਪ੍ਰੋਫੈਸਰ ਹਾਂ ਤੇ ਮੇਰੀ ਇਹ ਆਦਤ ਹੈ ਕਿ ਮੈਂ ਹਰੇਕ ਕੰਮ ਨੂੰ ਸਮਾਂਬੱਧ ਤਰੀਕੇ ਨਾਲ ਕਰਦਾ ਹਾਂ। ਇਹ ਸਾਰੇ ਪ੍ਰੋਜੈਕਟ ਸਮਾਂਬੱਧ ਸਮੇਂ ਦੇ ਵਿਚ ਹੀ ਤੁਹਾਡੇ ਸਾਰਿਆਂ ਦੇ ਸਾਹਮਣੇ ਹੋਣਗੇ।

---

(ਪਿਛਲੇ ਸਫੇ ਦਾ ਬਾਕੀ)


ਸਨ। ਇਸ ਸਾਰੇ ਸਿਆਸੀ ਖੇਲ ਵਿਚ ਹਰ ਧਿਰ ਨੇ ਅਕਾਲ ਤਖਤ ਅਤੇ ਜਥੇਦਾਰਾਂ ਨੂੰ ਵਰਤਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਪਰ ਗੱਲ ਕਿਸੇ ਪਾਸੇ ਲੱਗੀ ਨਹੀਂ। ਕਾਰਨ ਸਪੱਸ਼ਟ ਹੈ ਕਿ ਸਿੱਖ ਸੰਸਥਾਵਾਂ ਕੋਲ ਆਪਣੇ ਮਾਮਲੇ ਸੁਲਝਾਉਣ ਦੀ ਸਮਰੱਥਾ ਨਹੀਂ ਹੈ। ਜਦ ਕੋਈ ਮਾਮਲਾ ਉਲਝ ਜਾਂਦਾ ਹੈ ਤਾਂ ਅਸੀ ਕਿਸੇ ਸਰਵ ਸਮਰੱਥ ਸ਼ਕਤੀ ਕੋਲੋਂ ਝੁਰਲੂ ਨਾਲ ਮਾਮਲਾ ਹੱਲ ਕਰਵਾਉਣਾ ਚਾਹੁੰਦੇ ਹਾਂ। ਮਾਮਲੇ ਵੀ ਉਸ ਸੰਸਥਾ ਕੋਲ ਲਿਜਾਂਦੇ ਹਾਂ ਜਿਸਦਾ ਆਪਣਾ ਕੋਈ ਵਿਧੀ-ਵਿਧਾਨ ਹੀ ਨਹੀਂ ਹੈ। ਜਿਸਦੇ ਜਥੇਦਾਰਾਂ ਦੇ ਅਧਿਕਾਰਾਂ ਅਤੇ ਕਾਰਜ ਖੇਤਰ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਅਕਾਲ ਤਖਤ ਨੂੰ ਸਰਵਉੱਚ ਕਹਿਣ ਅਤੇ ਮੰਨਣ ਦੇ ਬੋਲੇ ਪਿੱਛੇ ਕੰਮ ਕਰਦੀ ਚਾਲਕ ਸ਼ਕਤੀ ਸਿੱਖਾਂ ਨੂੰ ਭੋਲੇ ਸਮਝ ਕੇ ਵਰਤਣ ਦੀ ਹੈ।

ਅਕਾਲੀ ਦਲ ਕਈ ਦਹਾਕਿਆਂ ਤੋਂ ਅਕਾਲ ਤਖਤ ਦੇ ਜਥੇਦਾਰਾਂ ਕੋਲ ਆਪਣੇ ਜਥੇਬੰਦਕ ਮਸਲੇ ਲੈ ਕੇ ਜਾਂਦਾ ਰਿਹਾ ਹੈ ਪਰ ਕਦੇ ਕੋਈ ਸਾਰਥਕ ਹੱਲ ਨਹੀਂ ਹੋਇਆ। ਸ. ਗੁਰਤੇਜ ਸਿੰਘ 1990 ਤੋਂ ਅਕਾਲੀ ਦਲ ਦੀ ਭਰਤੀ ਕਰਕੇ ਲੋਕਤੰਤਰੀ ਅਕਾਲੀ ਦਲ ਬਣਾਉਣ ਦੀ ਗੱਲ ਕਰਦਾ ਆ ਰਿਹਾ ਹੈ, ਪਰ ਟੇਕ ਅਕਾਲ ਤਖਤ 'ਤੇ ਰੱਖੀ ਹੋਣ ਕਾਰਨ ਲੋਕਤੰਤਰੀ ਅਕਾਲੀ ਦਲ ਬਣ ਨਹੀਂ ਸਕਿਆ। ਹੁਣ ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਅਤੇ ਆਮ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਕਾਲ ਤਖਤ ਦੇ ਜਥੇਦਾਰਾਂ ਰਾਹੀਂ ਜਥੇਬੰਦੀਆਂ ਦੇ ਜਥੇਬੰਦਕ ਮਾਮਲੇ ਨਾ ਹੱਲ ਹੋਏ ਹਨ ਅਤੇ ਨਾ ਹੋਣੇ ਹਨ। ਇਸ ਵਾਸਤੇ ਜਥੇਬੰਦੀਆਂ ਦੇ ਅੰਦਰ ਹੀ ਵਿਵਸਥਾ ਹੋਣੀ ਚਾਹੀਦੀ ਹੈ। ਨਵਾਂ ਅਕਾਲੀ ਦਲ ਵੀ ਅਕਾਲ ਤਖਤ ਦੇ ਜਥੇਦਾਰ ਰਾਹੀਂ ਬਣਵਾਉਣ ਵਾਲੀ ਗੱਲ ਨਾ ਸੰਭਵ ਹੋਈ ਹੈ ਅਤੇ ਨਾ ਹੋਣੀ ਹੈ। ਮੌਜੂਦਾ ਸਮੇ ਦਾ ਚੱਲ ਰਿਹਾ ਘਟਨਾ ਚੱਕਰ 'ਰੀਵਾਈਵਲ' ਅਤੇ 'ਸਰਵਾਈਵਲ' ਦਾ ਨਿਰੋਲ ਸਿਆਸੀ ਭੇੜ ਹੈ ਜਿਸਦਾ ਅਸਲ ਫੈਸਲਾ ਆਖੀਰ ਦੀ ਬਾਕੀ ਸਿੱਖ ਵਿਰਸੇ ਤੋਂ ਪ੍ਰੇਰਨਾ ਦੇ ਨਾਲ ਪੰਜਾਬ ਦੇ ਪੇਂਡੂ ਗਰੀਬ ਲੋਕ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੀ ਕਰਨਗੀਆਂ ਨਾ ਕਿ ਸਿੰਘ ਸਾਹਿਬਾਨ।

# ਆਲਮ ਲੁਹਾਰ

**ਲਹਿੰਦੇ ਪੰਜਾਬ ਦੇ ਜੋੜੀ (ਅਲਗੋਜ਼ੇ) ਨਾਲ ਗਾਉਣ ਵਾਲੇ ਗਾਇਕਾਂ ਵਿਚ ਆਲਮ ਲੁਹਾਰ ਦਾ ਇੱਕ ਵੱਖਰਾ ਅਤੇ ਵਿਸ਼ੇਸ਼ ਸਥਾਨ ਹੈ। ਆਲਮ ਲੁਹਾਰ ਦੀ ਵੱਖ ਵੱਖ ਰਿਕਾਰਡਿੰਗ ਕੰਪਨੀਆਂ ਵਿਚ ਬਹੁਤ ਸਾਰੀ ਰਿਕਾਰਡਿੰਗ ਹੋਈ ਮਿਲਦੀ ਹੈ।**

ਕਲਾ ਪਰਿਕਰਮਾ



ਹਰਦਿਆਲ ਸਿੰਘ ਥੂਹੀ
ਫੋਨ: 84271-00341

ਅਨਾਇਤ ਕੋਟੀਏ ਨਵਾਬ ਘੁਮਾਰ ਦੇ ਵਾਂਗ ਆਲਮ ਨੇ ਆਪਣੀ ਗਾਇਕੀ ਦਾ ਆਰੰਭ ਲੋਕ ਗਾਥਾਵਾਂ ਤੋਂ ਹੀ ਕੀਤਾ। ਸੁਚੇਤ ਜਾਂ ਅਚੇਤ ਰੂਪ ਵਿਚ ਆਲਮ ਨੇ ਨਵਾਬ ਦਾ ਪ੍ਰਭਾਵ ਜ਼ਰੂਰ ਕਬੂਲਿਆ ਹੈ। ਰਿਕਾਰਡਿੰਗ ਦੇ ਆਰੰਭ ਵਿਚ 'ਨਵਾਬ ਘੁਮਾਰ ਅਨਾਇਤ ਕੋਟੀਆ ਆਂਹਦੈ ਜੀ' ਦੀ ਤਰਜ਼ ਤੇ ਆਲਮ ਵੀ ਕਹਿੰਦੈ, 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ।' ਇਸਦੇ ਬਾਵਜੂਦ ਆਲਮ ਨੇ ਗਾਇਕੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ। ਨਵਾਬ ਘੁਮਾਰ ਦੀ ਸਿੱਧੀ ਸਾਦੀ ਗਾਇਕੀ ਪੇਂਡੂ ਲੋਕਾਂ ਤੱਕ ਸੀਮਿਤ ਰਹੀ, ਪਰੰਤੂ ਆਲਮ ਲੁਹਾਰ ਦੀ ਗਾਇਕੀ ਦਾ ਸਫ਼ਰ ਲੋਕ ਛੋਹ ਵਾਲੀ ਪੇਂਡੂ ਗਾਇਕੀ ਤੋਂ ਸ਼ੁਰੂ ਹੋ ਕੇ ਪੜ੍ਹੇ ਲਿਖੇ ਸ਼ਹਿਰੀ ਵਰਗ ਤੱਕ ਪਹੁੰਚਿਆ। ਉਸਨੇ ਦੇਸ ਦੇ ਨਾਲ ਨਾਲ ਵਿਦੇਸ਼ਾਂ ਤੱਕ ਪੈੜਾਂ ਕੀਤੀਆਂ।

ਆਲਮ ਲੁਹਾਰ ਨੇ ਸਾਂਝੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਆਛ (ਨੇੜੇ ਕਸਬਾ ਕੋਟਲਾ ਅਰਬ ਅਲੀ ਖਾਨ) ਵਿਖੇ 22 ਅਗਸਤ 1928 ਨੂੰ ਮੁਸਲਮਾਨ ਲੁਹਾਰਾਂ ਦੇ ਘਰ ਜਨਮ ਲਿਆ। ਉਸਦੇ ਪਿਤਾ ਦਾ ਨਾਂ ਜੁੰਮਾ ਖਾਂ ਸੀ, ਜੋ ਲੁਹਾਰਾ ਕੰਮ ਕਰਦਾ ਸੀ। ਉਸ ਦੇ ਪਿੰਡ ਆਛ ਦੇ ਨੇੜੇ ਪਿੰਡ ਗੋਛ ਪੈਂਦਾ ਹੈ। ਇਸ ਕਰਕੇ ਆਮਤੌਰ 'ਤੇ ਆਛਗੋਛ ਬੋਲਿਆ ਜਾਂਦਾ ਹੈ। ਆਲਮ ਦਾ ਪੂਰਾ ਨਾਂ ਮੁਹੰਮਦ ਆਲਮ ਸੀ। ਉਸਨੇ ਰਸਮੀ ਤੌਰ 'ਤੇ ਕੋਈ ਸਕੂਲੀ ਵਿਦਿਆ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਕਿਧਰੋਂ ਕੋਈ ਸੰਗੀਤ ਦੀ ਸਿਖਿਆ ਹਾਸਲ ਕੀਤੀ। ਉਸ ਸਮੇਂ ਪਿੰਡਾਂ ਵਿਚ ਨਵਾਬ ਘੁਮਾਰ ਦੀ ਗਾਇਕੀ ਦਾ ਬੋਲਬਾਲਾ ਸੀ ਅਤੇ ਗ੍ਰਾਮੋਫ਼ੋਨ ਦੇ ਤਵਿਆਂ ਵਿਚ ਵੀ ਉਸ ਦੀ ਆਵਾਜ਼ ਥਾਂ-ਥਾਂ ਗੂੰਜਦੀ ਸੀ। ਇਸ ਦਾ ਪ੍ਰਭਾਵ ਆਲਮ 'ਤੇ ਵੀ ਪਿਆ। ਨਵਾਬ ਘੁਮਾਰ ਦਾ ਪੜਪੋਤਰਾ ਫੈਸਲ ਘੁਮਾਰ ਤਾਂ ਕਹਿੰਦਾ ਹੈ ਕਿ ਆਲਮ ਸਾਹਿਬ ਨੇ ਮੇਰੇ ਪੜਦਾਦਾ ਜੀ ਤੋਂ ਸੰਗੀਤ ਦੀ ਸਿੱਖਿਆ ਲਈ। ਸਿੱਖਿਆ ਲਈ ਜਾਂ ਨਾ ਪਰੰਤੂ ਆਲਮ ਦੀ ਆਰੰਭਕ ਗਾਇਣ ਸ਼ੈਲੀ ਨਵਾਬ ਵਰਗੀ ਹੀ ਹੈ। ਬਚਪਨ ਤੋਂ ਹੀ ਉਸਦੀ ਰੁਚੀ ਗਾਇਕੀ ਵੱਲ ਹੋ ਗਈ ਸੀ। ਸੱਤ-ਅੱਠ ਸਾਲ ਦੀ ਉਮਰ ਵਿਚ ਸੱਥ ਵਿਚ ਬੈਠੇ ਵਡੇਰੀ ਉਮਰ ਦੇ ਬੰਦੇ ਉਸ ਤੋਂ ਗੀਤ ਸੁਣਦੇ। ਇਸ ਤਰ੍ਹਾਂ ਉਸਦਾ ਹੌਸਲਾ ਵਧਦਾ ਗਿਆ। 1940 ਵਿਚ ਆਲਮ ਦਾ ਪਰਵਾਰ 'ਲਾਲਾਮੂਸਾ' ਚਲਾ ਗਿਆ। ਪਿੰਡਾਂ ਦੀਆਂ ਸੱਥਾਂ ਵਿਚ ਪ੍ਰਸਿੱਧੀ ਮਿਲਣ ਤੋਂ ਬਾਅਦ ਉਹ ਹੌਸਲਾ ਕਰਕੇ ਲਾਹੌਰ ਪਹੁੰਚ ਗਿਆ। ਉਥੋਂ ਦੀ ਫਲ ਮੰਡੀ ਵਿਚ ਜਾਕੇ ਗਾਉਣਾ ਸ਼ੁਰੂ ਕਰ ਦਿੰਦਾ। ਲੋਕ ਉਸਨੂੰ ਇਨਾਮ ਦਿੰਦੇ। ਇਥੇ ਹੀ ਉਸਨੂੰ ਰਿਕਾਰਡਿੰਗ ਕੰਪਨੀ ਦਾ ਇੱਕ ਅਧਿਕਾਰੀ ਮਿਲਿਆ। ਉਸਦੀ ਗਾਇਕੀ ਸੁਣਕੇ ਪੁੱਛਿਆ ਕਿ ਤਵਾ ਰਿਕਾਰਡ ਕਰਵਾਏਂਗਾ? ਇਸ ਤਰ੍ਹਾਂ 1941-42 ਦੌਰਾਨ ਤੇਰਾਂ ਕੁ ਸਾਲ ਦੀ ਉਮਰ ਵਿਚ ਆਲਮ ਦੀ ਪਹਿਲੀ ਰਿਕਾਰਡਿੰਗ ਹੋਈ ਜੋ ਐਚ.ਐਮ.ਵੀ. ਰਿਕਾਰਡਿੰਗ ਕੰਪਨੀ ਨੇ 'ਰੀਗਲ' ਲੇਵਲ ਅਧੀਨ ਰਿਲੀਜ਼ ਕੀਤੀ। ਤਵਾ ਨੰ: ਆਰ.ਐਲ.3099 ਮਿਰਜ਼ੇ ਦੀ ਗਾਥਾ ਨਾਲ ਸੰਬੰਧਤ ਹੈ, ਜਿਸਦੇ ਬੋਲ ਹਨ 'ਸੁੱਤਾ ਮਿਰਜ਼ਾ ਉਠਿਆ,' 'ਬੁਰਾ ਕੀਤਾ ਸਾਹਿਬਾਂ'। ਇਸ ਤੋਂ ਬਾਅਦ ਰਿਕਾਰਡਿੰਗ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਸ ਤੋਂ ਬਾਅਦ ਵੱਖ-ਵੱਖ ਕੰਪਨੀਆਂ, ਰੇਡੀਓ, ਟੈਲੀਵੀਜ਼ਨ ਅਤੇ ਫ਼ਿਲਮਾਂ ਵਿਚ ਉਸਦੀ ਆਵਾਜ਼ ਵਿਚ ਢੇਰਾਂ ਦੇ ਢੇਰ ਰਿਕਾਰਡਿੰਗ ਹੋਈ। ਆਲਮ ਦੀ ਸਮੁੱਚੀ ਗਾਇਕੀ ਨੂੰ ਮੋਟੇ ਰੂਪ ਵਿਚ ਅਸੀਂ ਚਾਰ ਵਰਗਾਂ ਵਿਚ ਵੰਡ ਸਕਦੇ ਹਾਂ

**ੳ) ਲੋਕ ਗਾਥਾਵਾਂ** ' ਪੂਰਨ, ਹੀਰ, ਮਿਰਜ਼ਾ, ਯੂਸਫ-ਜੁਲੈਖਾਂ, ਸੈਫ-ਉਲ-ਮਲੂਕ, ਢੋਲ ਸੰਮੀ, ਦੁੱਲਾ, ਪੀਰ ਮੁਰਾਦੀਆ ਆਦਿ।

**ਅ) ਹੋਰ ਲੋਕ ਕਾਵਿ ਰੂਪ** ' ਟੱਪੇ, ਮਾਹੀਆ, ਬਾਰਾਂਮਾਹ, ਜੁਗਨੀ ਆਦਿ।

**ੲ) ਪੰਜਾਬੀ ਗੀਤ** ' ਵਾਜ਼ਾਂ ਮਾਰੀਆਂ, ਦਿਲ ਵਾਲਾ ਦੁੱਖੜਾ, ਹੁਣ ਕੀ ਮੇਰਾ ਜ਼ੋਰ ਨੀ ਗੁੱਡੀਏ, ਮੈਂ ਵਿਆਹ ਕਰਕੇ ਪਛਤਾਇਆ ਆਦਿ।

**ਸ) ਦੋਗਾਣੇ** ' ਦੋਗਾਣੇ ਜ਼ਿਆਦਾਤਰ ਲੋਕ ਕਾਵਿ ਵਿਚੋਂ ਹੀ ਲਏ ਗਏ ਹਨ। ਇਨ੍ਹਾਂ ਵਿਚ ਨਜ਼ੀਰ ਬੇਗ਼ਮ, ਬਾਲੀ ਜੱਟੀ ਆਦਿ ਔਰਤ ਗਾਇਕਾਵਾਂ ਨੇ ਉਸਦਾ ਸਾਥ ਦਿੱਤਾ ਹੈ।

ਇਥੇ ਅਸੀਂ ਆਲਮ ਦੀ ਉਸ ਗਾਇਕੀ ਦੀ ਹੀ ਚਰਚਾ ਕਰਾਂਗੇ ਜਿਹੜੀ ਲੋਕ ਗਾਥਾਵਾਂ ਨਾਲ ਸੰਬੰਧਤ ਵਿਸ਼ੇ ਅਧੀਨ ਆਉਂਦੀ ਹੈ, ਭਾਵ ਜੋ ਜੋੜੀ (ਅਲਗੋਜ਼ਿਆਂ) ਨਾਲ ਗਾਈ ਹੋਈ ਹੈ। ਆਲਮ ਦੀ ਅਲਗੋਜ਼ਿਆਂ ਨਾਲ ਗਾਈ ਹੋਈ ਬਹੁਤ ਸਾਰੀ ਰਿਕਾਰਡਿੰਗ ਮਿਲਦੀ ਹੈ। ਪੂਰਨ, ਢੋਲ ਸੰਮੀ, ਮਿਰਜ਼ਾ, ਹੀਰ, ਦੁੱਲਾ ਆਦਿ ਲੋਕ ਗਾਥਾਵਾਂ ਤੋਂ ਇਲਾਵਾ ਜੁਗਨੀ, ਬਾਰਾਂਮਾਹ ਆਦਿ ਰਚਨਾਵਾਂ ਅਲਗੋਜ਼ਿਆਂ ਨਾਲ ਹੀ ਗਾਈਆਂ ਹੋਈਆਂ ਹਨ। ਇਸ ਸਾਰੀ ਰਿਕਾਰਡਿੰਗ ਵਿਚ ਆਲਮ ਦੀ ਇਕੱਲੇ ਦੀ ਹੀ ਆਵਾਜ਼ ਹੈ, ਉਸਦਾ ਕੋਈ 'ਪਾਛੂ' ਨਹੀਂ ਹੈ। ਚਿਮਟਾ ਉਸਦਾ ਪਸੰਦੀ ਦਾ ਸਾਜ਼ ਸੀ, ਜੋ ਮਹਿਬੂਬ ਵਾਂਗ ਹਮੇਸ਼ਾ ਉਸਦੇ ਨਾਲ ਰਿਹਾ। ਗਲੀਆਂ ਵਿਚ ਮੰਗਣ ਵਾਲਿਆਂ ਤੋਂ ਖੋਹ ਕੇ ਆਲਮ ਨੇ ਚਿਮਟੇ ਨੂੰ ਇੱਕ ਲੋਕ ਸਾਜ਼ ਵਜੋਂ ਮਾਣਤਾ ਦਿਵਾਈ। ਜੋੜੀ ਅਤੇ ਚਿਮਟੇ ਤੋਂ ਇਲਾਵਾ ਤਾਲ ਲਈ ਉਸਨੇ ਢੋਲਕ ਨੂੰ ਹੀ ਲਿਆ ਹੈ।

ਆਲਮ ਨੇ ਆਪਣੀ ਰਿਕਾਰਡਿੰਗ ਵਿਚ ਰਚਨਾ ਦਾ ਆਰੰਭ ਖੂਬਸੂਰਤ ਪ੍ਰਸੰਗਾਂ ਦੀ ਪੇਸ਼ਕਾਰੀ ਨਾਲ ਕੀਤਾ ਹੋਇਆ ਹੈ। ਆਪਣੇ ਆਪ ਨੂੰ 'ਮਸ਼ਕੀਨ ਲੁਹਾਰ' ਆਖਦਾ ਹੋਇਆ ਉਹ ਬੜੇ ਸੰਖੇਪ ਵਿਚ ਕਾਵਿ ਨੁਮਾ ਵਾਰਤਕ ਰਾਹੀਂ ਰਚਨਾ ਦਾ ਸਾਰੰਸ਼ ਬਿਆਨ ਕਰਦਾ ਹੈ। ਵਿਸ਼ੇ ਨਾਲ ਸੰਬੰਧਤ ਇੱਕ ਤਸਵੀਰ ਸਰੋਤਿਆਂ ਦੀਆਂ ਅੱਖਾਂ ਅੱਗੇ ਰੂਪਮਾਨ ਹੋ ਜਾਂਦੀ ਹੈ। ਇੱਕ ਦੋ ਉਦਾਹਰਣਾਂ ਪੇਸ਼ ਹਨ-

* 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਗੁਰੂ ਨੇ ਕਿਹਾ ਚੇਲਿਆਂ ਨੂੰ, ਜਾਓ ਕਿਤੋਂ ਪਾਣੀ ਲਿਆਓ, ਮੈਂ ਛਿੰਝ ਕਰੂਲੀਆਂ ਕਰਕੇ ਰੱਬ ਰੱਬ ਕਰ ਲਾਂ। ਚੇਲਿਆਂ ਨੇ ਜਾ ਕੇ ਡੋਰੀਆਂ ਸੁੱਟੀਆਂ ਖੂਹ ਦੇ ਵਿਚ, ਅੱਗੋਂ ਪੂਰਨ ਦੀ ਲੋਥ ਚੋਂ ਅਵਾਜ਼ ਆਉਂਦੀ ਏ। ਚੇਲੇ ਉਹਨੂੰ ਕਿਵੇਂ ਬਾਹਰ ਕੱਢਦੇ ਨੇ? ਗੁਰੂ ਕਿਵੇਂ ਖੂਹ ਤੇ ਜਾ ਕੇ ਕੀ ਕਰਦੈ? ਹਲਾ ਬਈ, ਫ਼ਜ਼ਲ ਕਰੀਮ ਕਸਾਈਆ, ਸਰਾਏ ਆਲਮਗੀਰ ਵਾਲਿਆ, ਉਹ ਕੀ ਆਂਹਦੈ...?

* 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਦੁੱਲਾ ਜੁਆਨ ਬਾਹਰੋਂ ਆਉਂਦਾ ਏ, ਮਾਤਾ ਲੱਧੀ ਉਹਨੂੰ ਮੱਤ ਲੱਗੀ ਦੇਣ। ਉਹ ਕਿਹੜੀ ਮੱਤ ਦਿੰਦੀ ਐ? ਹਲਾ ਬਈ ਮੁਹੰਮਦ ਸ਼ਫੀ ਵਾੜੇ ਆਲਿਆ ਕੀ ਆਂਹਦੀ ਏ ਮਾਤਾ ਲੱਧੀ...?''

* 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਪੀਰਾਂ ਦਿੱਤਾ ਬਾਰਾਂਮਾਹ ਲਿਖਦੈ, ਉਹ ਕਿਹੜੇ ਬਾਰਾਂ ਮਾਹ ਲਿਖਦੈ? ਹਲਾ ਬਈ ਚੌਧਰੀ ਅਬਦੁੱਲ ਗਨੀ ਲਾਇਲਪੁਰ ਆਲਿਆ, ਉਹ ਕੀ ਆਖਦੈ...?

ਪ੍ਰਸੰਗ ਤੋਂ ਬਾਅਦ ਜੋੜੀ ਦੇ ਨਾਲ ਦੂਸਰੇ ਸਾਜ਼ ਸ਼ੁਰੂ ਹੋ ਜਾਂਦੇ ਹਨ ਤੇ ਸਰੋਤੇ ਝੂਮਣ ਲੱਗ ਜਾਂਦੇ ਹਨ।

ਕਈ ਰਚਨਾਵਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਲਮ ਪਰੰਪਰਿਕ ਗਾਇਕਾਂ ਵਾਂਗ ਪ੍ਰਸੰਗ ਤੋਂ ਬਾਅਦ ਦੋ ਤੁਕੇ ਜਾਂ ਚੌ ਤੁਕੇ ਬੰਦਾਂ ਦਾ ਪ੍ਰਯੋਗ ਕਰਦਾ ਹੈ।

ਆਲਮ ਬੜੇ ਫ਼ਖ਼ਰ ਨਾਲ ਆਪਣੇ ਆਪ ਨੂੰ 'ਲੁਹਾਰ' ਅਖਵਾਉਂਦਾ ਸੀ। ਆਪਣੀਆਂ ਰਚਨਾਵਾਂ ਦੇ ਪ੍ਰਸੰਗ ਤਾਂ ਉਹ ਸ਼ੁਰੂ ਹੀ 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ' ਤੋਂ ਕਰਦਾ ਹੈ। ਰਚਨਾਵਾਂ ਦੇ ਵਿਚ ਵਿਚ ਵੀ ਵਾਰ ਵਾਰ ਉਹ ਇਸ ਸ਼ਬਦ ਦੀ ਵਰਤੋਂ ਕਰਦਾ ਹੈ। ਕਿਤੇ ਕਿਤੇ ਤਾਂ ਉਸਨੇ ਲੁਹਾਰੇ ਕੰਮ ਦੀ ਵੀ ਸਰਾਹੁਣਾ ਕੀਤੀ ਹੈ।

1970 ਵਿਚ ਆਪਣੀ ਗਾਇਕੀ ਦੇ ਸਿਰ 'ਤੇ ਆਲਮ ਵਿਦੇਸ਼ਾਂ ਤੱਕ ਪਹੁੰਚਿਆ। ਜਿਥੇ ਉਸਨੇ ਪੰਜਾਬੀ ਸਰੋਤਿਆਂ ਦੇ ਨਾਲ ਨਾਲ ਵਿਦੇਸ਼ੀ ਸਰੋਤਿਆਂ ਨੂੰ ਵੀ ਪ੍ਰਭਾਵਿਤ ਕੀਤਾ। ਪੈਸਾ ਅਤੇ ਸ਼ੁਹਰਤ ਦੋਵੇਂ ਕਮਾਏ। ਉਸ ਨੇ ਇੰਗਲੈਂਡ, ਕੈਨੇਡਾ, ਨਾਰਵੇ, ਅਮਰੀਕਾ, ਜਰਮਨੀ ਆਦਿ ਦੇਸਾਂ ਵਿਚ ਆਪਣੀ ਗਾਇਕੀ ਦੀ ਧਾਂਕ ਜਮਾਈ।

ਗਾਇਕੀ ਸਦਕਾ ਹੀ ਆਲਮ ਦੀ ਪਾਕਿਸਤਾਨੀ ਪੰਜਾਬੀ ਫ਼ਿਲਮਾਂ ਤੱਕ ਪਹੁੰਚ ਹੋਈ। ਉਸਨੇ ਬਹੁਤ ਸਾਰੀਆਂ ਫ਼ਿਲਮਾਂ ਵਿਚ ਪਿੱਠਵਰਤੀ ਗਾਇਕ ਵਜੋਂ ਗਾਇਆ। ਕੁੱਝ ਫ਼ਿਲਮਾਂ ਵਿਚ ਉਸਦੇ ਖਾੜੇ ਫ਼ਿਲਮਾਏ ਗਏ। ਬਾਅਦ ਵਿਚ ਉਸਨੇ ਕੁਝ ਫ਼ਿਲਮਾਂ ਦਾ ਨਿਰਮਾਣ ਵੀ ਕੀਤਾ।

ਆਲਮ ਜਿੱਧਰ ਨੂੰ ਵੀ ਵਗਿਆ ਹੈ, ਦਰਿਆ ਬਣ ਕੇ ਵਗਿਆ ਹੈ। ਭਾਵੇਂ ਲੋਕ ਗਾਥਾਵਾਂ ਦੀ ਗੱਲ ਹੋਵੇ ਭਾਵੇਂ ਲੋਕ ਗੀਤਾਂ ਜਾਂ ਉਸਦੇ ਆਪਣੇ ਲਿਖੇ ਗੀਤਾਂ ਦੀ ਜਾਂ ਫੇਰ ਦੋਗਾਣਿਆਂ ਦੀ। ਉਸਨੇ ਆਪਣੀ ਵਿਲੱਖਣ ਆਵਾਜ਼ ਅਤੇ ਵਿਸ਼ੇਸ਼ ਅੰਦਾਜ਼ ਰਾਹੀਂ ਅਨੇਕਾਂ ਰਚਨਾਵਾਂ ਨੂੰ ਅਮਰ ਬਣਾ ਦਿੱਤਾ ਹੈ।

ਆਪਣੇ ਸੰਗੀਤ ਸਫ਼ਰ ਦੇ ਨਾਲ ਨਾਲ ਆਲਮ ਨੇ ਆਪਣੇ ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਉਸਨੇ ਚਾਰ ਵਿਆਹ ਕਰਵਾਏ। ਚਾਰ ਪਤਨੀਆਂ ਤੋਂ ਉਸਦੇ ਘਰ ਅੱਠ ਪੁੱਤਰਾਂ ਅਤੇ ਪੰਜ ਧੀਆਂ ਨੇ ਜਨਮ ਲਿਆ। ਪੁੱਤਰਾਂ ਵਿਚੋਂ ਮੁਹੰਮਦ ਆਰਿਫ਼ ਲੁਹਾਰ ਨੇ ਆਪਣੇ ਪਿਤਾ ਦੀਆਂ ਪੈੜਾਂ 'ਤੇ ਚੱਲਕੇ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ।

ਦੁਨੀਆਂ ਭਰ ਵਿਚ ਪੰਜਾਬੀ ਗਾਇਕੀ ਦੇ ਝੰਡੇ ਗੱਡਣ ਵਾਲੇ ਇਸ ਫੱਕਰ ਗਾਇਕ ਦੀ ਜੀ.ਟੀ. ਰੋਡ 'ਤੇ ਪਿੰਡ ਸ਼ਾਮ ਕੀ ਭੱਟੀਆਂ ਵਿਖੇ ਅਚਾਨਕ ਇੱਕ ਕਾਰ ਹਾਦਸੇ ਵਿਚ 3 ਜੁਲਾਈ 1979 ਨੂੰ ਮੌਤ ਹੋ ਗਈ। ਉਸਨੂੰ ਲਾਲਾਮੂਸਾ ਦੇ ਕਬਰਸਤਾਨ ਵਿਚ ਦਫ਼ਨਾਇਆ ਗਿਆ, ਜਿਥੇ ਉਸਦਾ ਮਕਬਰਾ ਬਣਿਆ ਹੋਇਆ ਹੈ। ਤਤਕਾਲੀ ਰਾਸ਼ਟਰਪਤੀ ਜਰਨਲ ਜ਼ਿਆ-ਉਲ-ਹੱਕ ਨੇ 1979 ਵਿਚ ਮੌਤ ਤੋਂ ਬਾਅਦ ਉਸਨੂੰ ਕਲਾ ਤੇ ਥੀਏਟਰ ਦੇ ਖੇਤਰ ਵਿਚ ਪਾਕਿਸਤਾਨ ਦਾ ਸਭ ਤੋਂ ਵੱਡਾ ਪੁਰਸਕਾਰ 'ਪਰਾਈਡ ਆਫ਼ ਪਰਫਾਰਮੈਂਸ' ਦੇਣ ਦਾ ਐਲਾਨ ਕੀਤਾ। ਜਿਸਨੂੰ ਉਸਦੇ ਪੁੱਤਰ ਮੁਹੰਮਦ ਆਰਿਫ਼ ਲੁਹਾਰ ਨੇ ਪ੍ਰਾਪਤ ਕੀਤਾ। ਭਾਵੇਂ ਆਲਮ ਅੱਜ ਸਾਡੇ ਦਰਮਿਆਨ ਨਹੀਂ, ਪਰੰਤੂ ਤਵਿਆਂ, ਫ਼ਿਲਮਾਂ ਅਤੇ ਕੈਸੇਟਾਂ ਵਿਚ ਰਿਕਾਰਡ ਉਸਦੀ ਆਵਾਜ਼ ਹਮੇਸ਼ਾ ਸਾਡੇ ਕੰਨਾਂ ਵਿਚ ਗੂੰਜਦੀ ਰਹੇਗੀ ਅਤੇ ਉਸਦੀ ਯਾਦ ਦਿਵਾਉਂਦੀ ਰਹੇਗੀ।

*-ਪਿੰਡ ਤੇ ਡਾਕ: ਥੂਹੀ,
ਤਹਿ: ਨਾਭਾ ਜਿਲ੍ਹਾ ਪਟਿਆਲਾ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਦਸੰਬਰ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-670



*ਬੀਤ ਗਿਆ ਹੈ ਯੁੱਗ ਖੂਹਾਂ ਦਾ, ਚਰਸ, ਹਲਟ ਸਾਰੇ ਮੁੱਕੇ,
ਭਉਣੀ, ਲੌਣ, ਵਿੱਢ, ਪੈੜੀ, ਟਿੰਡਾਂ, ਵਿਰਸਾ ਔਧ ਵਿਹਾ ਚੁੱਕੇ।
ਕਰੀ ਤਰੱਕੀ ਵਿਗਿਆਨ ਨੇ ਹੈ, ਟਾਂਵੇ ਟਾਂਵੇ ਕਰਦੇ ਹੀਲੇ,
ਟਿਊਬਵੈੱਲ ਪੰਪ ਟੂਟੀਆਂ ਹੁਣ, ਪਾਣੀ ਦੇ ਨੇ ਬਣੇ ਵਸੀਲੇ।*

## ਕੈਪਸ਼ਨ ਮੁਕਾਬਲਾ-668



ਚਾਰ ਚੌਧਰੀ ਮੰਦਰ ਜਾ ਕੇ
ਨਿੱਘੀ ਧੁੱਪੇ ਆਣ ਖਲੋਏ।
ਚੋਣ ਨਤੀਜੇ ਹਰਿਆਣੇ ਦੇ ਤਕ,
ਸੱਚ ਨਾ ਆਏ, ਹੈਰਾਨ ਅੱਤ ਹੋਏ।
ਇਕ ਆਖੇ 'ਉਨ੍ਹਾਂ' ਕੀਤੀ ਸ਼ੈਤਾਨੀ,
ਦੂਜਾ, ਭਾਈਚਾਰੇ ਦੀ ਜਾਨ ਨੂੰ ਰੋਏ।
ਤੀਜਾ ਕਹਿੰਦਾ, ਸਿਆਸਤ ਗੰਧਲੀ,
ਭਾਈ ਹੀ ਨਾ, ਭਾਈ ਦਾ ਹੋਏ।
ਚੌਥਾ, ਬਾਕੀਆਂ ਨੂੰ ਸਮਝਾਵੇ;
ਹੁਣ, ਕਰ ਕੀ ਪਛਤਾਵਾ ਹੋਏ।
ਸੋਚ ਸਮਝ ਕੇ ਵੋਟ ਸੀ ਪਾਉਣੀ,
ਹੁਣ ਤਾਂ ਹੱਥ ਵੱਢ, ਦਿੱਤੇ ਦੋਏ।
ਜਾਤ ਬਰਾਦਰੀ ਵਿਚ ਭਰਮਾ ਕੇ,
ਸ਼ਾਤਰਾਂ, ਇਕ ਥਾਂ ਵੋਟ ਪਰੋਏ।
'ਨਾਕਾਮ' ਪੰਜ ਸਾਲੀਂ ਇਹੋ ਸਿਆਪਾ,
ਲੋਕ ਅੱਖੀਂ ਦੇ ਮੁੱਕੀਆਂ ਰੋਏ।
***ਗੁਰਬਖ਼ਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

ਨਾਲ਼ ਠਾਠ ਦੇ ਉਮਰ ਲੰਘਾਈ
ਡਾਂਗ ਤੇ ਡੇਰਾ ਲਾ ਕੇ ਰੱਖਿਆ।
ਔਖਾਂ ਸੌਖਾਂ 'ਕੱਠਿਆਂ ਝੱਲੀਆਂ
ਸੋਥਾ ਪੂਰਾ ਬਣਾ ਕੇ ਰੱਖਿਆ।
ਹੁਣ ਵੀ 'ਕੱਠੇ ਹੋ ਜਾਈਏ ਤਾਂ
ਸਲਾਹ ਮਸ਼ਵਰਾ ਲਾ ਲੈਨੇ ਆਂ।
ਦੁੱਖ ਸੁੱਖ ਸਾਂਝੇ ਕਰ ਕੇ ਆਪਣੇ
ਵਧੀਆ ਡੰਗ ਟਪਾ ਲੈਨੇ ਆਂ।
***-ਜਗਮੀਤ ਸਿੰਘ ਪੰਧੇਰ***

---

ਸੁਬਹ ਸਵੇਰੇ ਵਿਚ ਚੁਰਾਹੇ,
ਖੜ੍ਹੇ ਚਾਰ ਇਕੱਠੇ ਯਾਰ,
ਹਾਲ ਚਾਲ ਤਬੀਅਤ ਪੁੱਛੇ,
ਜਾਂ ਖੈਰੀਅਤ ਪਰਿਵਾਰ।
ਨਾਲ਼ੇ ਕਰ ਆਏ ਇਬਾਦਤ,
ਤਬਸਰਾ ਸਣੇ ਵਿਚਾਰ,
ਦਿਨ ਭਰ ਦੇ ਜੀਅ ਰਾਜ਼ੀ,
ਠੱਠੇ ਮਾਸ਼ਕੂਲੇ ਪਿਆਰ।
***-ਸੇਵਾ ਸਿੰਘ "ਨੂਰਪੁਰੀ"***

---

ਇਕ ਦੂਜੇ ਦਾ ਹਾਲ ਪੁੱਛਦੇ
ਉਮਰਾਂ ਦੇ ਤਜਰਬੇ ਕਰਦੇ ਸਾਂਝੇ।
ਲੱਗਦਾ ਇਕ ਬਜ਼ੁਰਗ
ਮੁੜਿਆ ਤੀਰਥ ਤੋਂ
ਸਾਰੇ ਦੇ ਰਹੇ ਉਸਨੂੰ ਉਲਾਂਭੇ।
ਖੂੰਡੀਆਂ ਸਾਰਿਆਂ ਨੇ ਇੰਝ ਫੜੀਆਂ ਨੇ
ਪਿੰਡ ਦੇ ਨਾਕੇ 'ਤੇ ਪਹਿਰੇਦਾਰ ਖੜ੍ਹੇ ਨੇ।
ਹਾਲ-ਚਾਲ ਪੁੱਛ ਕੇ ਮਿੱਤਰ ਦਾ,
ਬਾਬੇ ਵਿਚ ਕਤਾਰ ਖੜ੍ਹੇ ਨੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***


---

ਬਚਪਨ ਤੋਂ ਜਾਣਦੇ ਇਕ ਦੂਜੇ ਨੂੰ
ਇਕੱਠੇ ਹੋਣ ਦਾ ਸਬੱਬ
ਬਣਿਆ ਬੁਢੇ-ਵਾਰੇ
ਫੜ ਹੱਥ ਖੂੰਡੇ
ਤੇੜ ਚੁੱਕਵੀਂ ਧੋਤੀ
ਦਿਹਾਤੀ ਪੱਗਾਂ ਸਿਰਾਂ 'ਤੇ
ਇਕ ਕਰਦਾ ਵਿਖਿਆਨ
ਬਾਕੀ ਸੁਣਦੇ ਸਾਰੇ।
***-ਦਰਸ਼ਨ ਪਾਲ ਦੋਸਾਂਝ***

# ਪੰਜਾਬ ਦੀ ਉੱਡਣ ਪਰੀ ਮਨਦੀਪ ਕੌਰ

**ਜਾਈਆਂ ਖੇਡ ਮੈਦਾਨ ਦੀਆਂ-2**

***ਮਨਦੀਪ ਨੇ ਆਪਣੇ ਖੇਡ ਕਰੀਅਰ ਵਿੱਚ ਏਸ਼ੀਅਨ ਗੇਮਜ਼ ਤੇ ਰਾਸ਼ਟਰਮੰਡਲ ਖੇਡਾਂ ਸਮੇਤ ਏਸ਼ੀਅਨ ਪੱਧਰ ਦੇ ਮੁਕਾਬਲੇ ਏਸ਼ੀਅਨ ਗ੍ਰਾਂ.ਪ੍ਰੀ., ਏਸ਼ੀਅਨ ਟਰੈਕ ਐਂਡ ਫੀਲਡ, ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਆਦਿ ਮੁਕਾਬਲਿਆਂ ਵਿੱਚ 4*400 ਮੀਟਰ ਰਿਲੇਅ ਦੌੜ ਵਿੱਚ 14 ਸੋਨ ਤਮ਼ਗੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮ਼ਗਾ ਜਿੱਤਿਆ। ਮਨਦੀਪ ਨੇ 400 ਮੀਟਰ ਵਿਅਕਤੀਗਤ ਦੌੜ ਵਿੱਚ ਵੀ ਦੋ ਸੋਨੇ ਅਤੇ ਇੱਕ ਕਾਂਸੀ ਦਾ ਤਮ਼ਗਾ ਜਿੱਤਿਆ।***




ਭਾਰਤੀ ਅਥਲੈਟਿਕਸ ਵਿੱਚ ਮਹਿਲਾਵਾਂ ਦੀ 4*400 ਮੀਟਰ ਰਿਲੇਅ ਦੌੜ ਈਵੈਂਟ ਵਿੱਚ ਸਭ ਤੋਂ ਵੱਧ ਚੜ੍ਹਾਈ ਪੰਜਾਬਣਾਂ ਦੀ ਰਹੀ ਹੈ। ਪੰਜਾਬ ਦੀਆਂ ਅਥਲੀਟਾਂ ਸਦਕਾ ਇਸ ਈਵੈਂਟ ਵਿੱਚ ਭਾਰਤ ਨੇ ਏਸ਼ੀਅਨ ਗੇਮਜ਼ ਵਿੱਚ ਦੋ ਦਹਾਕੇ ਕਿਸੇ ਨੂੰ ਖੰਘਣ ਨਹੀਂ ਦਿੱਤੀ। ਨਵੀਂ ਸਦੀ ਦੇ ਪਹਿਲੇ ਡੇਢ ਦਹਾਕੇ ਵਿੱਚ ਪੰਜਾਬ ਦੀ ਮਨਜੀਤ ਕੌਰ, ਰਾਜਵਿੰਦਰ ਕੌਰ ਗਿੱਲ, ਸਾਗਰਦੀਪ ਕੌਰ ਤੇ ਮਨਦੀਪ ਕੌਰ ਨੇ ਇਸ ਈਵੈਂਟ ਵਿੱਚ ਆਪਣੀ ਧਾਂਕ ਜਮਾਈ।ਅੱਜ ਦੇ ਕਾਲਮ ਵਿੱਚ ਓਲੰਪੀਅਨ ਮਨਦੀਪ ਕੌਰ ਦੇ



**ਨਵਦੀਪ ਸਿੰਘ ਗਿੱਲ**

ਸੁਨਹਿਰੀ ਖੇਡ ਸਫ਼ਰ ਦੀ ਗੱਲ ਕਰਾਂਗਾ ਜਿਸ ਨੂੰ ਹਾਲੇ ਤੱਕ ਉਸ ਨੂੰ ਉਹ ਬਣਦਾ ਮਾਣ-ਸਨਮਾਨ ਨਹੀਂ ਮਿਲਿਆ ਜਿਸ ਦੀ ਉਹ ਵੱਡੀ ਹੱਕਦਾਰ ਰਹੀ ਹੈ। ਮਨਦੀਪ ਕੌਰ ਭਾਰਤੀ ਅਥਲੈਟਿਕਸ ਦੀ ਉਹ ਸੁਨਹਿਰੀ ਅਥਲੀਟ ਹੈ ਜਿਸ ਨੇ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਿਆਂ ਦੀ ਹੈਟ੍ਰਿਕ ਪੂਰੀ ਕਰਨ ਦੇ ਨਾਲ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਸੋਨ ਤਮਗਾ ਵੀ ਜਿੱਤਿਆ ਹੈ।ਉਹ ਪੰਜਾਬ ਦੀ ਉੱਡਣ ਪਰੀ ਹੈ। ਮਨਦੀਪ ਨੇ ਏਸ਼ੀਅਨ ਪੱਧਰ ਦੀਆਂ ਮੀਟ ਅਤੇ ਮੁਕਾਬਲਿਆਂ ਵਿੱਚ 15 ਸੋਨ ਤਮਗਿਆਂ ਸਣੇ 20 ਤੋਂ ਵੱਧ ਤਮ਼ਗੇ ਜਿੱਤੇ ਹਨ ਪਰ ਉਸ ਨੂੰ ਹਾਲੇ ਤੱਕ ਅਰਜੁਨਾ ਐਵਾਰਡ ਵੀ ਨਹੀਂ ਮਿਲਿਆ। ਉਸ ਤੋਂ ਘੱਟ ਪ੍ਰਾਪਤੀਆਂ ਵਾਲਿਆਂ ਨੂੰ ਪਦਮ ਸ਼੍ਰੀ, ਰਾਜੀਵ ਖੇਲ ਰਤਨ (ਹੁਣ ਧਿਆਨ ਚੰਦ ਖੇਲ ਰਤਨ) ਪੁਰਸਕਾਰ ਤੱਕ ਮਿਲ ਚੁੱਕੇ ਹਨ।

ਇਕ ਦਹਾਕੇ ਦੇ ਕਰੀਬ ਸਮੇਂ ਤੋਂ 4ਯ400 ਮੀਟਰ ਰਿਲੇਅ ਟੀਮ ਦਾ ਅਹਿਮ ਮੈਂਬਰ ਰਹੀ ਮਨਦੀਪ ਕੌਰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਚੀਮਾ ਦੀ ਜੰਮਪਲ ਹੈ ਜਿਸ ਕਾਰਨ ਉਹ ਮਨਦੀਪ ਕੌਰ ਚੀਮਾ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ।ਮਨਦੀਪ ਦਾ ਜਨਮ 19 ਅਪਰੈਲ 1988 ਨੂੰ ਪਿਤਾ ਜਸਬੀਰ ਸਿੰਘ ਦੇ ਘਰ ਮਾਤਾ ਸਰਬਜੀਤ ਕੌਰ ਦੀ ਕੁੱਖੋਂ ਹੋਇਆ। ਮਨਦੀਪ ਹੁਰੀਂ ਦੋ ਭੈਣਾਂ ਤੇ ਦੋ ਭਰਾ ਹਨ। ਚਾਰੇ ਭੈਣ-ਭਰਾਵਾਂ ਵਿੱਚੋਂ ਉਹ ਇਕੱਲੀ ਹੈ ਜਿਸ ਨੇ ਖੇਡਾਂ ਵਿੱਚ ਕੁੱਦ ਕੇ ਨਾਮ ਖੱਟਿਆ। ਉਸ ਦੇ ਪਰਿਵਾਰ ਵਿੱਚ ਪਹਿਲਾਂ ਵੀ ਕੋਈ ਖਿਡਾਰੀ ਨਹੀਂ ਰਿਹਾ। ਕੈਰੋ ਵਿੰਗ ਵਿੱਚ ਸਕੂਲੀ ਪੜ੍ਹਾਈ ਕਰਦਿਆਂ ਮਨਦੀਪ ਨੇ ਅਥਲੈਟਿਕਸ ਦੇ ਗੁਰ ਕੋਚ ਬਲਜਿੰਦਰ ਸਿੰਘ ਮੰਡ ਤੋਂ ਸਿੱਖੇ। 2003 ਵਿੱਚ ਸਟੇਟ ਤੇ ਫੇਰ ਨੈਸ਼ਨਲ ਪੱਧਰ ਉੱਤੇ ਮੱਲਾਂ ਮਾਰਨੀਆਂ ਸ਼ੁਰੂ ਕੀਤੀਆਂ। ਸ਼ੁਰੂਆਤ ਵਿੱਚ ਉਹ 100 ਮੀਟਰ, 200 ਮੀਟਰ ਤੇ 400 ਮੀਟਰ ਤਿੰਨੇ ਈਵੈਂਟ ਕਰਦੀ ਸੀ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਤਿੰਨਾਂ ਵਿੱਚ ਹੀ ਮੈਡਲ ਜਿੱਤਦੀ ਰਹੀ। ਕੌਮਾਂਤਰੀ ਮੁਕਾਬਲਿਆਂ ਲਈ ਉਸ ਨੇ 400 ਮੀਟਰ ਈਵੈਂਟ ਨੂੰ ਹੀ ਪੱਕੇ ਤੌਰ ਉਤੇ ਅਪਣਾ ਲਿਆ ਜਿੱਥੇ ਉਹ ਵਿਅਕਤੀਗਤ ਤੇ ਰਿਲੇਅ ਦੋਵੇਂ ਦੌੜਾਂ ਦੌੜਦੀ।




2005 ਵਿੱਚ ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਵਿੱਚ ਸੋਨ ਤਮ਼ਗਾ ਅਤੇ ਫੇਰ 2006 ਵਿੱਚ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨ ਤਮ਼ਗਾ ਜਿੱਤਣ ਤੋਂ ਬਾਅਦ ਮਨਦੀਪ ਨੇ ਮੁੜ ਪਿੱਛੇ ਨਹੀਂ ਦੇਖਿਆ। ਮਨਦੀਪ ਪਹਿਲੀ ਵਾਰ ਸੁਰਖੀਆ ਵਿੱਚ 2006 ਵਿੱਚ ਆਈ ਜਦੋਂ ਉਹ ਦੋਹਾ ਏਸ਼ੀਆਡ ਲਈ ਚੁਣੀ ਗਈ ਭਾਰਤੀ ਮਹਿਲਾ 4*400 ਮੀਟਰ ਰਿਲੇਅ ਟੀਮ ਵਿੱਚ ਚੁਣੀ ਗਈ। ਦੋਹਾ ਵਿਖੇ ਭਾਰਤੀ ਟੀਮ ਨੇ ਸੋਨ ਤਮਗਾ ਜਿੱਤਿਆ। ਮਨਦੀਪ ਨੇ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿੱਚ ਵੀ ਹਿੱਸਾ ਲਿਆ। ਉਹ ਮਨਜੀਤ ਕੌਰ ਤੋਂ ਕੁਝ ਸਾਲ ਜੂਨੀਅਰ ਸੀ ਅਤੇ ਰਿਲੇਅ ਟੀਮ ਵਿੱਚ ਦੋਵੇਂ ਪੰਜਾਬ ਦੀ ਨੁਮਾਇੰਦਗੀ ਕਰਦੀਆਂ ਸਨ। ਮਨਦੀਪ ਤੋਂ ਪਹਿਲਾਂ ਇਸ ਟੀਮ ਦਾ ਹਿੱਸਾ ਪੰਜਾਬ ਦੀ ਰਾਜਵਿੰਦਰ ਕੌਰ ਗਿੱਲ ਤੇ ਸਾਗਰਦੀਪ ਕੌਰ ਸਨ। ਮਨਦੀਪ ਨੇ ਪਹਿਲਾਂ ਓ.ਐਨ.ਜੀ.ਸੀ. ਵਿੱਚ ਨੌਕਰੀ ਕਰਦੀ ਸੀ ਅਤੇ ਹੁਣ ਉਹ ਪੰਜਾਬ ਪੁਲਿਸ ਵਿੱਚ ਡੀਐਸਪੀ ਹੈ।

ਮਨਦੀਪ ਨੇ 2010 ਵਿੱਚ ਖੇਡ ਦੀ ਸਿਖਰ ਛੂੰਹਦਿਆਂ ਨਵੀਂ ਦਿੱਲੀ ਰਾਸ਼ਟਰਮੰਡਲ ਖੇਡਾਂ ਅਤੇ ਗੁਆਂਗਜ਼ੂ ਏਸ਼ਿਆਈ ਖੇਡਾਂ ਵਿੱਚ 4*400 ਮੀਟਰ ਰਿਲੇਅ ਦੌੜ ਦਾ ਸੋਨ ਤਮਗਾ ਜਿੱਤੀ। ਇਹ ਪਹਿਲਾ ਮੌਕਾ ਸੀ ਜਦੋਂ ਰਿਲੇਅ ਟੀਮ ਨੇ ਦੋਹਰਾ ਸੋਨ ਤਮਗਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਵਿੱਚ ਵੀ ਇਹ ਭਾਰਤੀ ਮਹਿਲਾ ਅਥਲੀਟਾਂ ਦਾ ਦੂਜਾ ਅਤੇ ਕੁੱਲ ਚੌਥਾ ਤਮਗਾ ਸੀ। ਮਨਦੀਪ ਦੀ ਦੋਹਰੀ ਖੁਸ਼ੀ ਉਸ ਵੇਲੇ ਦੁੱਖ ਵਿੱਚ ਬਦਲ ਗਈ ਜਦੋਂ ਮਿਆਦ ਪੁੱਗੇ ਫੂਡ ਸਪਲੀਮੈਂਟ ਖਾਣ ਕਾਰਨ ਉਸ ਨੂੰ ਡੋਪਿੰਗ ਦਾ ਦੋਸ਼ੀ ਕਰਾਰ ਦੇ ਕੇ ਕੁਝ ਸਮੇਂ ਲਈ ਟਰੈਕ ਤੋਂ ਬਾਹਰ ਕਰ ਦਿੱਤਾ। ਮਨਦੀਪ ਨੇ ਬਹੁਤ ਕਿਹਾ ਕਿ ਉਸ ਦਾ ਕੋਈ ਕਸੂਰ ਨਹੀਂ ਪਰ ਕਿਸੇ ਨੇ ਉਸ ਦੀ ਕੋਈ ਨਹੀਂ ਸੁਣੀ ਅਤੇ ਮਿਆਦ ਪੁੱਗੇ ਫੂਡ ਸਪਲੀਮੈਂਟ ਦੀ ਜਾਂਚ ਤੱਕ ਵੀ ਨਾ ਕਰਵਾਈ ਗਈ। ਮਨਦੀਪ ਲਈ ਇਹ ਬਹੁਤ ਅਸਹਿ ਪੀੜਾ ਦਾ ਸਮਾਂ ਸੀ। ਮਨਦੀਪ ਨੇ ਹਿੰਮਤ ਨਹੀਂ ਛੱਡੀ ਅਤੇ ਮੈਦਾਨ 'ਤੇ ਪ੍ਰੈਕਟਿਸ ਜਾਰੀ ਰੱਖੀ। ਇਸ ਦੌਰਾਨ ਉਸ ਦਾ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਕੌਮਾਂਤਰੀ ਸਾਈਕਲਿਸਟ ਹਰਪਿੰਦਰ ਸਿੰਘ ਗੱਗੀ ਨਾਲ ਵਿਆਹ ਹੋ ਗਿਆ ਅਤੇ ਸਹੁਰੇ ਪਰਿਵਾਰ ਨੇ ਉਸ ਨੂੰ ਧੀਆਂ ਵਾਲਾ ਸਤਿਕਾਰ ਦਿੰਦਿਆਂ ਪੂਰੀ ਮੱਦਦ ਕੀਤੀ।

ਮਨਦੀਪ ਦਾ ਵਾਪਸੀ ਦਾ ਜਜ਼ਬਾ ਆਖਰ ਉਸ ਨੂੰ ਰਿਲੇਅ ਟੀਮ ਵਿੱਚ ਵਾਪਸ ਲੈ ਆਇਆ। ਉਸ ਨੇ ਹਿੰਮਤ ਨਹੀਂ ਹਾਰੀ। 19 ਸਤੰਬਰ ਤੋਂ 4 ਅਕਤੂਬਰ ਤੱਕ ਦੱਖਣੀ ਕੋਰੀਆ ਦੇ ਸ਼ਹਿਰ ਇੰਚੇਓਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਲਈ ਉਹ ਚੁਣੀ ਗਈ। 400 ਮੀਟਰ ਵਿਅਕਤੀਗਤ ਦੌੜ ਵਿੱਚ ਉਸ ਨੇ ਦੌੜਦਿਆਂ ਛੇਵਾਂ ਸਥਾਨ ਹਾਸਲ ਕੀਤਾ। 4*400 ਮੀਟਰ ਰਿਲੇਅ ਦੌੜ ਵਿੱਚ ਉਹ ਭਾਰਤ ਦੀ ਚੌਕੜੀ ਦੀ ਅਹਿਮ ਅਥਲੀਟ ਸੀ। ਫਾਈਨਲ ਵਿੱਚ ਦੌੜਦਿਆਂ ਉਸ ਨੇ ਟਰੈਕ ਉਪਰ ਰੱਖੇ ਆਪਣੇ ਇਕ-ਇਕ ਕਦਮ ਨਾਲ ਆਲੋਚਕਾਂ ਦਾ ਮੂੰਹ ਬੰਦ ਕੀਤਾ ਅਤੇ ਆਖਰ ਭਾਰਤੀ ਰਿਲੇਅ ਟੀਮ ਨੂੰ ਨਵੇਂ ਏਸ਼ਿਆਈ ਰਿਕਾਰਡ ਨਾਲ ਸੋਨ ਤਮਗਾ ਜਿਤਾ ਕੇ ਦਮ ਲਿਆ। ਭਾਰਤੀ ਰਿਲੇਅ ਟੀਮ ਦਾ ਇਹ ਲਗਾਤਾਰ ਚੌਥਾ ਸੋਨ ਤਮਗਾ ਸੀ ਅਤੇ ਮਨਦੀਪ ਨੇ ਵੀ ਹੈਟ੍ਰਿਕ ਪੂਰੀ ਕੀਤੀ। ਮਨਦੀਪ ਦਾ ਵਤਨ ਪਰਤਣ 'ਤੇ ਸ਼ਾਹਾਨਾ ਸਵਾਗਤ ਹੋਇਆ। ਮਨਦੀਪ ਇਕ ਖਿਡਾਰਨ ਸੀ ਅਤੇ ਖੇਡ ਮੈਦਾਨ ਨਾਲ ਹੀ ਉਸ ਨੇ ਆਪਣੇ ਜ਼ਖਮਾਂ ਨੂੰ ਭਰਿਆ।

ਮਨਦੀਪ ਨੇ ਆਪਣੇ ਖੇਡ ਕਰੀਅਰ ਵਿੱਚ ਏਸ਼ੀਅਨ ਗੇਮਜ਼ ਤੇ ਰਾਸ਼ਟਰਮੰਡਲ ਖੇਡਾਂ ਸਮੇਤ ਏਸ਼ੀਅਨ ਪੱਧਰ ਦੇ ਮੁਕਾਬਲੇ ਏਸ਼ੀਅਨ ਗ੍ਰਾਂ.ਪ੍ਰੀ., ਏਸ਼ੀਅਨ ਟਰੈਕ ਐਂਡ ਫੀਲਡ, ਏਸ਼ੀਅਨ ਇੰਡੋਰ ਚੈਂਪੀਅਨਸ਼ਿਪ ਆਦਿ ਮੁਕਾਬਲਿਆਂ ਵਿੱਚ 4*400 ਮੀਟਰ ਰਿਲੇਅ ਦੌੜ ਵਿੱਚ 14 ਸੋਨ ਤਮਗੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮ਼ਗਾ ਜਿੱਤਿਆ। ਮਨਦੀਪ ਨੇ 400 ਮੀਟਰ ਵਿਅਕਤੀਗਤ ਦੌੜ ਵਿੱਚ ਵੀ ਦੋ ਸੋਨੇ ਅਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। ਮਨਦੀਪ ਦਾ 400 ਮੀਟਰ ਵਿਅਕਤੀਗਤ ਦੌੜ ਵਿੱਚ ਸਰਵੋਤਮ ਸਮਾਂ 51.74 ਸਕਿੰਟ ਹੈ ਜਦੋਂ ਕਿ 4ਯ400 ਮੀਟਰ ਰਿਲੇਅ ਦੌੜ ਵਿੱਚ 3.27.77 ਸੀ ਜੋ ਕਿ ਏਸ਼ੀਅਨ ਰਿਕਾਰਡ ਸੀ।ਫਰਾਟਾ ਦੌੜਾਂ ਦੌੜਨ ਕਰਕੇ ਉਸ ਦੀ ਰੇਸ ਸਪੀਡ ਵਾਲੀ ਰਹੀ। ਵੱਡੇ ਮੁਕਾਬਲਿਆਂ ਵਿੱਚ ਉਹ ਰਿਲੇਅ ਟੀਮ ਦੀ ਫਿਨਸ਼ਰ ਰਹੀ।

ਅਥਲੈਟਿਕਸ ਵਿੱਚ ਮਨਦੀਪ ਆਪਣੀ ਸੀਨੀਅਰ ਅਥਲੀਟ ਮਨਜੀਤ ਕੌਰ ਦੀ ਵਾਰਸ ਸਾਬਤ ਹੋਈ।

ਮਨਦੀਪ ਤੇ ਮਨਜੀਤ ਜਿੱਥੇ ਰਿਲੇਅ ਟੀਮ ਵਿੱਚ ਸਾਥਣਾਂ ਅਤੇ ਹੋਸਟਲ ਵਿੱਚ ਗੂੜ੍ਹੀਆਂ ਸਹੇਲੀਆਂ ਸਨ ਉਥੇ 400 ਮੀਟਰ ਵਿਅਕਤੀਗਤ ਦੌੜ ਵਿੱਚ ਇਕ-ਦੂਜੇ ਦੇ ਮੁਕਾਬਲੇ ਦੌੜਦੀਆਂ ਸਨ।ਇਕੇਰਾਂ ਪਟਿਆਲਾ ਵਿਖੇ ਇਕ ਮੀਟ ਦੌਰਾਨ ਮਨਦੀਪ ਨੇ ਮਨਜੀਤ ਨੂੰ ਮਾਤ ਦੇ ਕੇ ਸਨਸਨੀ ਵੀ ਫੈਲਾ ਦਿੱਤੀ। ਮਨਦੀਪ ਨੇ ਕਦੇ ਵੀ ਹੰਕਾਰ ਨਹੀਂ ਕੀਤਾ ਅਤੇ ਹਰ ਇਕ ਨੂੰ ਇਹੋ ਕਿਹਾ ਕਿ ਮਨਜੀਤ ਹਮੇਸ਼ਾਂ ਹੀ ਉਸ ਤੋਂ ਸਰਵੋਤਮ ਰਹੀ ਹੈ। ਦੋਵਾਂ ਦਾ ਸਾਥ ਭਾਰਤੀ ਰਿਲੇਅ ਟੀਮ ਦੀ ਵੱਡੀ ਤਾਕਤ ਸੀ।

ਮਨਦੀਪ ਦਾ ਸਹੁਰਾ ਪਿੰਡ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਮੰਡੀ ਗੋਬਿੰਦਗੜ੍ਹ ਕੋਲ ਪਿੰਡ ਬਡਗੁੱਜਰਾਂ ਹੈ। ਉਸ ਦਾ ਪਤੀ ਹਰਪਿੰਦਰ ਸਿੰਘ ਗੱਗੀ ਪੰਜਾਬ ਦੇ ਖੇਡ ਵਿਭਾਗ ਵਿੱਚ ਜ਼ਿਲ੍ਹਾ ਖੇਡ ਅਫਸਰ ਹੈ। ਖੇਡ ਜੋੜੀ ਮਨਦੀਪ ਤੇ ਹਰਪਿੰਦਰ ਦਾ ਇੱਕ ਬੇਟਾ ਜਿਸ ਦਾ ਨਾਮ ਅਦਵਿਕ ਹੈ। ਮਨਦੀਪ ਕੌਰ ਨੂੰ ਮਹਾਰਾਜਾ ਸਿੰਘ ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ ਪਰ ਉਹ ਵੱਡੇ ਪੁਰਸਕਾਰਾਂ ਦੀ ਹੱਕਦਾਰ ਹੈ।

# ਵੱਡਿਆਂ ਦਾ ਸਾਥ ਬੱਚਿਆਂ ਲਈ ਬਣਦਾ ਰਾਹ ਦਸੇਰਾ

**ਅੱਜ ਦੇਖਿਆ ਜਾਵੇ ਨੌਜਵਾਨੀ ਕਿੱਧਰ ਨੂੰ ਜਾ ਰਹੀ ਹੈ। ਸਾਰਾ ਦਿਨ ਬੱਚੇ ਛੁੱਟੀ ਵਾਲੇ ਦਿਨ ਮੋਬਾਇਲ ਫੋਨ ਤੇ ਹੀ ਵੀਡੀਓ ਗੇਮਾਂ ਖੇਡੀ ਜਾਂਦੇ ਹਨ। ਪਬਜੀ ਗੇਮ ਨੇ ਪਿੱਛੇ ਜੇ ਬਹੁਤ ਨੁਕਸਾਨ ਕੀਤਾ। ਕਈ ਬੱਚਿਆਂ ਨੇ ਗੇਮ ਖੇਡਣ ਦੇ ਚੱਕਰ ਵਿੱਚ ਆਪਣੇ ਮਾਂ ਬਾਪ ਦੀ ਜਮਾ ਪੂੰਜੀ ਹੀ ਗਵਾ ਦਿੱਤੀ।**

ਬਜ਼ੁਰਗ ਸਾਡੇ ਘਰ ਦੀ ਰੌਣਕ ਹੁੰਦੇ ਹਨ। ਆਪਣੀ ਪੋਤੇ ਪੋਤੀਆਂ ਨਾਲ ਬਹੁਤ ਜ਼ਿਆਦਾ ਲਾਡ ਪਿਆਰ ਲਡਾਉਂਦੇ ਹਨ। ਸਾਂਝੇ ਪਰਿਵਾਰ ਹੁੰਦੇ ਸੀ ।ਘਰ ਵਿੱਚ ਤਾਏ- ਚਾਚੇ,ਵੱਡੇ ਬਜ਼ੁਰਗ ਇੱਕ ਹੀ ਛੱਤ ਹੇਠ ਰਹਿੰਦੇ ਸਨ। ਬੱਚਿਆਂ ਨੂੰ ਬਜ਼ੁਰਗਾਂ ਦਾ ਬਹੁਤ ਡਰ ਹੁੰਦਾ ਸੀ। ਬਜ਼ੁਰਗ ਘਰ ਦੇ ਸਾਰੇ ਫੈਸਲੇ ਆਪ ਹੀ ਲੈਂਦੇ ਸਨ। ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ ।ਚੰਨ ਤੱਕ ਭਾਰਤ ਦੇ ਕਦਮ ਪੁੱਜ ਚੁੱਕੇ ਹਨ। ਅੱਜ ਕੱਲ ਲੋਕਾਂ ਕੋਲ ਪੈਸੇ ਦੀ ਵੀ ਕਮੀ ਨਹੀਂ ਰਹੀ ਹੈ। ਜੋ ਅੱਜ ਦਾ ਇਨਸਾਨ ਹੈ ਉਹ ਆਪਣੇ ਤੱਕ ਹੀ ਸੀਮਿਤ ਰਹਿ ਚੁੱਕਾ ਹੈ। ਉਸ ਨੂੰ ਹੋਰ ਕਿਸੇ ਤੋਂ ਕੁਝ ਨਹੀਂ ਲੈਣਾ ਹੈ। ਭਾਈ ਭਾਈ ਦੀ ਖਬਰ ਨਹੀਂ ਲੈ ਰਿਹਾ ਹੈ। ਬਜ਼ੁਰਗਾਂ ਦੀ ਬੇਕਦਰੀ ਹੋਣ ਲੱਗ ਗਈ



**ਸੰਜੀਵ ਸਿੰਘ ਸੈਣੀ**
**ਫੋਨ: 78889-66168**

ਹੈ। ਸਮਾਂ ਬਹੁਤ ਜਿਆਦਾ ਬਦਲ ਚੁੱਕਿਆ ਹੈ ।ਬੱਚਿਆਂ ਨੂੰ ਕੋਈ ਟੋਕਾ ਟੱਕੀ ਨਹੀਂ ਕਰਦਾ ਹੈ ।ਮੋਬਾਇਲ ਹੀ ਬੱਚਿਆਂ ਦੇ ਜੀਵਨ ਦਾ ਆਧਾਰ ਬਣ ਗਿਆ ਹੈ। ਮੋਬਾਇਲ ਤੋਂ ਬਿਨਾਂ ਬੱਚੇ ਬਿਲਕੁਲ ਵੀ ਨਹੀਂ ਰਹਿ ਸਕਦੇ ਹਨ। ਇੱਕ ਸਮੇਂ ਦੀ ਚਾਹੇ ਰੋਟੀ ਨਾ ਮਿਲੇ ,ਮੋਬਾਇਲ ਤੋਂ ਬਿਨਾਂ ਬੱਚੇ ਨਹੀਂ ਰਹਿ ਸਕਦੇ ,ਇਹ ਅੱਜ ਕੱਲ ਆਮ ਹੋ ਰਿਹਾ ਹੈ।

ਸਾਂਝੇ ਪਰਿਵਾਰ ਖਤਮ ਹੋ ਚੁੱਕੇ ਹਨ। ਕੋਈ ਅਜਿਹਾ ਵਿਰਲਾ ਪਰਿਵਾਰ ਹੀ ਹੋਣਾ, ਜੋ ਇਕੱਠੇ ਰਹਿ ਰਹੇ ਹਨ। ਨਹੀਂ ਤਾਂ ਵੱਡੀ ਵੱਡੀ ਕੋਠੀਆਂ ਹਨ ,ਕੋਠੀਆਂ ਵਿੱਚ ਰਹਿਣ ਵਾਲੇ ਚਾਰ ਤੋਂ ਪੰਜ ਮੈਂਬਰ ਹਨ। ਜੇ ਦੋ ਭਰਾ ਹਨ, ਵੱਡੇ ਭਰਾ ਕੋਲ ਮਾਂ ਰਹਿ ਰਹੀ ਹੈ, ਛੋਟੇ ਕੋਲ ਪਿਤਾ ਰਹਿ ਰਿਹਾ ਹੈ। ਮਾਂ ਬਾਪ ਵੀ ਬੱਚਿਆਂ ਨੇ ਵੰਡ ਲਏ ਹਨ ।ਸਭ ਦੇ ਅਲੱਗ ਅਲੱਗ ਕਮਰੇ ਹਨ ।ਕੰਮਾਂ ਕਾਰਾਂ ਤੋਂ ਆ ਕੇ ਆਪਣੇ ਕਮਰੇ ਵਿੱਚ ਜਾ ਕੇ ਵੜ ਜਾਂਦੇ ਹਨ ।ਉੱਥੇ ਮੋਬਾਇਲ ਤੇ ਲੱਗੇ ਰਹਿੰਦੇ ਹਨ ।ਜੇ ਬੱਚਿਆਂ ਦੀ ਗੱਲ ਕਰੀਏ ਤਾਂ ਬੱਚੇ ਸਕੂਲਾਂ ਤੋਂ ਆ ਕੇ ਸਿੱਧਾ ਮੋਬਾਇਲ ਨੂੰ ਚਿੰਬੜ ਜਾਂਦੇ ਹਨ । ਮੋਬਾਇਲ ਤੋਂ ਬਿਨਾਂ ਇਕ ਮਿੰਟ ਵੀ ਨਹੀਂ ਰਹਿ ਸਕਦੇ। ਕਿਸ ਤਰ੍ਹਾਂ ਬੱਚਿਆਂ ਨੇ ਵੱਡਿਆਂ ਨਾਲ ਗੱਲਬਾਤ ਕਰਨੀ ਹੈ। ਉਨਾਂ ਪ੍ਰਤੀ ਉਨਾਂ ਦਾ ਨਜ਼ਰੀਆ ਹੀ ਬਦਲ ਚੁੱਕਿਆ ਹੈ।



ਅੱਜ ਕੱਲ ਦੇ ਬੱਚਿਆਂ ਨੂੰ ਉਨਾਂ ਦੀ ਗਲਤੀ ਤੇ ਮਾਂ ਬਾਪ ਬਿਲਕੁਲ ਵੀ ਨਹੀਂ ਝਿੜਕਦੇ ।ਇੱਥੋਂ ਤੱਕ ਕਿ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਝਿੜਕਣ ਤੇ ਮਨਾਹੀ ਹੈ। ਕੋਈ ਵੇਲਾ ਹੁੰਦਾ ਸੀ ਜਦੋਂ ਬੱਚੇ ਗਲਤੀ ਕਰਦੇ ਸਨ ਤਾਂ ਮਾਂ ਬਾਪ ਸਕੂਲ ਜਾ ਕੇ ਆਪ ਹੀ ਮਾਸਟਰਾਂ ਨੂੰ ਕਹਿ ਕੇ ਆਉਂਦੇ ਸਨ ਕਿ ਇਹਨਾਂ ਦੀ ਚੰਗੀ ਤਰ੍ਹਾਂ ਕਟਾਈ ਕੀਤੀ ਜਾਵੇ, ਇਹ ਤੰਗ ਕਰਦੇ ਹਨ। ਜਾਂ ਇਹਨਾਂ ਨੇ ਇਹ ਗ਼ਲਤ ਹਰਕਤ ਕੀਤੀ ਹੈ। ਅੱਜ ਕੱਲ ਤਾਂ ਮਾਂ ਬਾਪ ਡਰਦੇ ਹਨ ਕਿ ਜੇ ਉਨ੍ਹਾਂ ਨੇ ਬੱਚਿਆਂ ਨੂੰ ਝਿੜਕ ਦਿੱਤਾ ਕਦੇ ਉਹ ਗਲਤ ਕਦਮ ਹੀ ਨਾ ਚੁੱਕ ਲੈਣ। ਅਜਿਹੀਆਂ ਕਈ ਅਣਸੁਖਾਵੀਂ ਘਟਨਾਵਾਂ ਪਹਿਲੇ ਵਾਪਰ ਚੁੱਕੀਆਂ ਹਨ। ਵੱਡੇ ਬਜ਼ੁਰਗ ਹੁੰਦੇ ਸਨ ਤਾਂ ਉਹ ਬੱਚਿਆਂ ਨੂੰ ਬਹੁਤ ਗੱਲਾਂ ਸਿਖਾਉਂਦੇ ਸਨ ਕਿਸ ਤਰ੍ਹਾਂ ਵੱਡਿਆਂ ਦਾ ਸਤਿਕਾਰ ਕਰਨਾ ਹੈ। ਬਜ਼ੁਰਗ ਕਹਿੰਦੇ ਸਨ ਕਿ ਵੱਡਿਆਂ ਦੇ ਪੈਰੀ ਹੱਥ ਲਗਾਉਣੇ ਹਨ ,ਪਰ ਅੱਜ ਕੱਲ ਦੇ ਬੱਚੇ ਤਾਂ ਪੈਰੀ ਹੱਥ ਕੀ ਲਗਾਉਣੇ? ਮੂੰਹ ਤੋਂ ਕੁਝ ਵੀ ਨਹੀਂ ਬੋਲਦੇ। ਸਕੂਲਾਂ ਤੋਂ ਘਰ ਆ ਕੇ ਜਾਂ ਛੁੱਟੀ ਵਾਲੇ ਦਿਨ ਬਾਹਰ ਮੈਦਾਨ ਵਿੱਚ ਖੇਡਣ ਵੀ ਨਹੀਂ ਜਾਂਦੇ। ਮੋਬਾਇਲ ਨੂੰ ਫੜ ਕੇ ਇੱਕ ਕਮਰੇ ਵਿੱਚ ਬੈਠ ਜਾਂਦੇ ਹਨ ।ਪਤਾ ਨਹੀਂ ਕੀ ਕੱਢਦੇ ਹਨ? ਸਾਰਾ ਦਿਨ ਮੋਬਾਇਲ ਵਿੱਚੋਂ ਕੀ ਕਰਦੇ ਹਨ? ਮਾਂ ਬਾਪ ਇਸ ਵੱਲ ਵੀ ਧਿਆਨ ਨਹੀਂ ਦਿੰਦੇ।

ਪੁਰਾਣੇ ਵੇਲਿਆਂ ਵਿੱਚ ਜੇ ਕੋਈ ਬੱਚਾ ਗਲਤੀ ਕਰਦਾ ਸੀ, ਬਜ਼ੁਰਗ ਉਸਨੂੰ ਸਮਝਾਉਦੇ ਸਨ ।ਬੱਚੇ ਮਨ ਵੀ ਲੈਂਦੇ ਸਨ। ਮਾਂ ਬਾਪ ਨੂੰ ਕੋਈ ਗੁੱਸਾ ਵੀ ਨਹੀਂ ਹੁੰਦਾ ਸੀ, ਜੇ ਵੱਡਾ ਬਜ਼ੁਰਗ ਬੱਚਿਆਂ ਨੂੰ ਝਿੜਕ ਦੇਵੇ। ਜੀਵਨ ਜਿਉਣ ਦਾ ਸਲੀਕਾ ਵੱਡੇ ਬਜ਼ੁਰਗ ਸਿਖਾਉਂਦੇ ਸਨ। ਕਿਸ ਤਰ੍ਹਾਂ ਕਿਸੇ ਨਾਲ ਗੱਲ ਕਰਨੀ ਹੈ ,ਕਿਸ ਤਰ੍ਹਾਂ ਕਿਸੇ ਦਾ ਆਦਰ ਸਤਿਕਾਰ ਕਰਨਾ ਹੈ ।ਕਿੱਥੇ ਕਿਹੜੀ ਗੱਲ ਕਰਨੀ ਹੈ, ਕਿੱਥੇ ਚੁੱਪ ਰਹਿਣਾ ਹੈ ।ਕਹਿਣ ਦਾ ਮਤਲਬ ਹੈ ਕਿ ਨੈਤਿਕ ਕਦਰਾਂ ਕੀਮਤਾਂ ਬਾਰੇ ਬੱਚਿਆਂ ਨੂੰ ਪਤਾ ਹੁੰਦਾ ਸੀ। ਬੱਚੇ ਜਿਆਦਾ ਸਮਾਂ ਆਪਣੇ ਦਾਦਾ ਦਾਦੀ ਕੋਲ ਗੁਜ਼ਾਰਦੇ ਸਨ। ਰਿਸ਼ਤੇਦਾਰੀ ਵਿੱਚ ਵੀ ਬੱਚੇ ਆਪਣੇ ਵੱਡਿਆਂ ਨਾਲ ਚਲੇ ਜਾਂਦੇ ਸਨ।ਦਾਦਾ ਦਾਦੀ ਉਹਨਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੇ ਸਨ। ਚੰਗੇ ਮਾੜੇ ਦੀ ਪਰਖ ਕਰਨੀ ਦੱਸਦੇ ਸਨ। ਸ਼ਾਮ ਨੂੰ ਸਾਰੇ ਬੱਚੇ ਇਕੱਠੇ ਹੋ ਕੇ ਖੇਡਦੇ ਸਨ।ਚਾਹੇ ਅੱਜ ਕੱਲ ਸਿੱਖਿਆ ਦੀ ਕੋਈ ਕਮੀ ਨਹੀਂ ਹੈ, ਘਰਾਂ ਵਿੱਚ ਪੀਐਚਡੀ ਤੱਕ ਕੀਤੀ ਹੋਈ ਹੈ, ਪਰ ਜੋ ਗੱਲਾਂ ਬਜ਼ੁਰਗ ਦੱਸਦੇ ਸਨ, ਉਹ ਤਜ਼ੁਰਬਾ ਅੱਜ ਦੀ ਪੀੜ੍ਹੀ ਕੋਲ ਨਹੀਂ ਹੈ। ਹਰ ਰਿਸ਼ਤੇ ਦੀ ਸਮਝ ਬਾਰੇ ਬੱਚਿਆਂ ਨੂੰ ਦੱਸਦੇ ਸਨ ।ਰਿਸ਼ਤੇ ਵਿੱਚ ਕੌਣ ਕੀ ਲੱਗਦਾ ਹੈ ?ਬੱਚਿਆਂ ਨੂੰ ਬਜ਼ੁਰਗ ਹੀ ਦੱਸਦੇ ਸਨ।

ਅੱਜ ਦੇਖਿਆ ਜਾਵੇ ਨੌਜਵਾਨੀ ਕਿੱਧਰ ਨੂੰ ਜਾ ਰਹੀ ਹੈ। ਸਾਰਾ ਦਿਨ ਬੱਚੇ ਛੁੱਟੀ ਵਾਲੇ ਦਿਨ ਮੋਬਾਇਲ ਫੋਨ ਤੇ ਹੀ ਵੀਡੀਓ ਗੇਮਾਂ ਖੇਡੀ ਜਾਂਦੇ ਹਨ। ਪਬਜੀ ਗੇਮ ਨੇ ਪਿੱਛੇ ਜੇ ਬਹੁਤ ਨੁਕਸਾਨ ਕੀਤਾ। ਕਈ ਬੱਚਿਆਂ ਨੇ ਗੇਮ ਖੇਡਣ ਦੇ ਚੱਕਰ ਵਿੱਚ ਆਪਣੇ ਮਾਂ ਬਾਪ ਦੀ ਜਮਾ ਪੂੰਜੀ ਹੀ ਗਵਾ ਦਿੱਤੀ। ਆਨਲਾਈਨ ਧੰਦਲੀਆਂ ਬਹੁਤ ਹਨ। ਜਿਸ ਤਰ੍ਹਾਂ ਸੋਸ਼ਲ ਨੈਟਵਰਕਿੰਗ ਸਾਈਟਸ ਤੇ ਬੱਚੇ ਲੱਗੇ ਹੋਏ ਹਨ, ਉਹਨਾਂ ਨੂੰ ਨਹੀਂ ਪਤਾ ਕਿ ਇਸ ਚੀਜ਼ ਦਾ ਕੀ ਫਾਇਦਾ ਹੈ ਜਾਂ ਨੁਕਸਾਨ ਹੈ ।ਇਹ ਹੁਣ ਮਾਂ ਬਾਪ ਨੂੰ ਹੀ ਸੰਭਲਣਾ ਪੈਣਾ ਹੈ। ਬੱਚਿਆਂ ਦੁਆਰਾ ਨੈੱਟ ਦੀ ਦੁਰਵਰਤੋਂ ਬਹੁਤ ਜਿਆਦਾ ਹੋ ਰਹੀ ਹੈ। ਆਪਸੀ ਗੱਲਬਾਤ, ਸੰਵਾਦ ਖਤਮ ਹੋ ਚੁੱਕਿਆ ਹੈ। ਬੱਚੇ ਲਗਾਤਾਰ ਮਸ਼ੀਨਾਂ ਬਣਦੇ ਜਾ ਰਹੇ ਹਨ। ਕੁਦਰਤ ਨਾਲੋਂ ਬੱਚਿਆਂ ਦਾ ਰਿਸ਼ਤਾ ਟੁੱਟ ਚੁੱਕਾ ਹੈ। ਉਹਨਾਂ ਨੂੰ ਪਤਾ ਹੀ ਨਹੀਂ ਹੈ ਕਿ ਕੁਦਰਤ ਹੀ ਰੱਬ ਹੈ। ਇਹ ਤਾਂ ਹੁਣ ਮਾਂ ਬਾਪ ਨੇ ਦੇਖਣਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਉਂ ਕੁਝ ਨਹੀਂ ਕਹਿ ਰਹੇ ਹਨ। ਆਉਣ ਵਾਲਾ ਵੇਲਾ ਹੀ ਦੱਸੇਗਾ ਕਿ ਨੌਜਵਾਨੀ ਕਿੱਧਰ ਨੂੰ ਚਲੀ ਗਈ ਹੈ। ਅੱਜ ਬੱਚਿਆਂ ਨੂੰ ਮਾਂ ਬਾਪ ਦੀਆਂ ਗੱਲਾਂ ਸਮਝਣੀਆਂ ਚਾਹੀਦੀਆਂ ਹਨ। ਆਪਣੇ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ‘ਮੱਕੀ ਦਾ ਗੀਤ’ ਵਾਲੇ ਗੁਰਦੇਵ ਚੌਹਾਨ ਦਾ ‘ਕਲਮੀ ਗੁਲਾਬ’

**ਪ੍ਰਕਾਸ਼ਕ: ਅੱਟਮ ਆਰਟ ਪਟਿਆਲਾ**
**ਪੰਨੇ:** 319
**ਕੀਮਤ:** 345/ **ਰੁਪਏ**

ਗੁਰਦੇਵ ਚੌਹਾਨ ਪਹਿਲੀ ਵਾਰ ਮੈਨੂੰ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਮਿਲਿਆ ਤੇ ਦੋਸਤ ਹੋ ਗਿਆ। ਇੱਕ ਸਾਹਿਤਕ ਸਮਾਗਮ ਦੌਰਾਨ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਵਿਦਵਾਨ ਡਾ. ਕੁਲਦੀਪ ਸਿੰਘ ਨਾਲ਼ ਚੌਹਾਨ ਦੀ ਜਾਣ-ਪਛਾਣ ਕਰਵਾਉਣ ਲੱਗਾ ਤਾਂ ਉਸ ਕਿਹਾ, “ਇਨ੍ਹਾਂ ਨੂੰ ਕੌਣ ਨਹੀਂ ਜਾਣਦਾ ਮੱਕੀ ਦਾ ਗੀਤ ਵਾਲਾ

**ਮਲਵਿੰਦਰ**
**ਫੋਨ: 365-994-6744**

ਗੁਰਦੇਵ ਚੌਹਾਨ”। ਮੈਨੂੰ ਸਮਝ ਆ ਗਿਆ ਕਿ ਗੁਰਦੇਵ ਚੌਹਾਨ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਮੇਰਾ ਤਾਂ ਬਿਲਕੁਲ ਨਹੀਂ। ਉਹ ਮੂਲ ਰੂਪ ਵਿਚ ਕਵੀ ਹੈ। ਪਿਛਲੇ ਛੇ ਦਹਾਕਿਆਂ ਤੋਂ ਨਿਰੰਤਰ ਕਵਿਤਾ ਲਿਖ ਰਿਹਾ ਕਵੀ। ਉਸਦੇ ਛੇ ਕਾਵਿ-ਸੰਗ੍ਰਹਿ ਛਪ ਚੁੱਕੇ ਹਨ ਤੇ ‘ਕਲਮੀ ਗੁਲਾਬ’ ਵਾਰਤਕ ਦੀ ਉਸਦੀ ਚੌਥੀ ਪੁਸਤਕ ਹੈ। ਇਸ ਨੂੰ ਉਸ ਚੋਣਵੀਂ ਵਾਰਤਕ ਕਿਹਾ ਹੈ। ਚੋਣਵੀਂ ਤੋਂ ਉਸਦਾ ਭਾਵ ਅਜਿਹੀ ਵਾਰਤਕ ਹੈ ਜੋ ਉਸਦੀ ਸੋਚ ਦਾ ਵੱਧ ਪੱਖ ਪੂਰਦੀ ਹੈ।

ਉਹ ਜੀਵਨ ਦੇ ਅਜਿਹੇ ਵੇਰਵਿਆਂ ਨੂੰ ਲਿਖਦਾ ਹੈ ਜੋ ਪੰਜ-ਛੇ ਦਹਾਕੇ ਪਹਿਲਾਂ ਵਾਪਰੇ ਹੋਣ ਦੇ ਬਾਵਜੂਦ ਉਸਦੇ ਲਿਖਣ ਛਿਣ ਵੇਲ਼ੇ ਤਾਲੂਏ ਕੋਲ਼ ਵਿਚਰਦੇ ਸ਼ਬਦਾਂ ਦੀ ਲਰਜ਼ ਵਾਂਗ ਬੀਤੇ ਕੱਲ੍ਹ ਜਿੰਨੇ ਨੇੜੇ ਹੋਣ। ਅਸੀਂ ਆਪਣੇ ਜੀਵਨ ’ਤੇ ਜਿੰਨੀ ਕੁ ਪਿੱਛਲ ਝਾਤ ਮਾਰ ਸਕਦੇ ਹਾਂ, ਜਿੰਨਾ ਕੁ ਸਾਡੇ ਚੇਤਿਆਂ ’ਚ ਸਾਂਭਿਆ ਹੈ, ਉਹ ਸਾਡਾ ਸਰਮਾਇਆ ਹੈ। ਇਸ ਸਰਮਾਏ ਦਾ ਇੱਕ ਲੇਖਕ ਹੀ ਸ਼ਬਦੀ ਰੂਪਾਂਤਰਨ ਕਰ ਸਕਦਾ ਹੈ। ਇਹੋ ਸਾਰਥਕ ਕਾਰਜ ਗੁਰਦੇਵ ਚੌਹਾਨ ਨੇ ਆਪਣੀ ਇਸ ਪੁਸਤਕ ਵਿਚ ਕੀਤਾ ਹੈ।

ਇਸ ਪੁਸਤਕ ਦੇ ਪਹਿਲੇ ਹਿੱਸੇ ਵਿਚ ਪੰਜਾਬੀ ਲੇਖਕਾਂ ਦੇ ਰੇਖਾ ਚਿੱਤਰ ਹਨ। ਇਹ ਲੇਖਕ ਪੰਜਾਬੀ ਸਾਹਿਤ ਦੇ ਵੱਡੇ ਨਾਂ ਹਨ। ਇਨ੍ਹਾਂ ਲੇਖਕਾਂ ਨਾਲ਼ ਚੌਹਾਨ ਦੀ ਨੇੜਤਾ ਅਤੇ ਦੋਸਤੀ ਨੇ ਹੀ ਉਸ ਕੋਲ਼ੋਂ ਇਹ ਭਾਵਪੂਰਤ ਨਿਬੰਧ ਲਿਖਵਾਏ ਹਨ। ਅੰਮ੍ਰਿਤਾ ਪ੍ਰੀਤਮ ਬਾਰੇ ਲਿਖਦਿਆਂ ਇਮਰੋਜ਼ ਦਾ ਜ਼ਿਕਰ ਤਾਂ ਹੋਣਾ ਹੀ ਸੀ, ਅੰਮ੍ਰਿਤਾ ਦੇ ਕਾਵਿਕ ਵਿਸਥਾਰ ਨਾਲ ਜੁੜੇ ਕੁਝ ਹੋਰ ਨਾਂ ਵੀ ਬਦੋਬਦੀ ਸ਼ਾਮਲ ਹੋ ਜਾਂਦੇ ਹਨ। ਹਰ ਲੇਖਕ ਬਾਰੇ ਲਿਖਦਿਆਂ ਉਸਦਾ ਥੋੜ੍ਹਾ ਕੁ ਨਿੱਜ ਤੇ ਬਹੁਤਾ ਸਾਹਿਤਕ ਹਿੱਤ ਪੜ੍ਹਨ ਨੂੰ ਮਿਲਦਾ ਹੈ।

ਅੰਮ੍ਰਿਤਾ ਬਾਰੇ ਉਹ ਲਿਖਦਾ ਹੈ ਕਿ ਅੰਮ੍ਰਿਤਾ ਦਾ ਘਰ ਸਾਹਿਤ ਅਤੇ ਨਵੀਂ ਜੀਵਨ ਸ਼ੈਲੀ ਦਾ ਅੱਡਾ ਬਣ ਗਿਆ ਸੀ। ਤੇ ਹੋਰ ਕਿ ਅੰਮ੍ਰਿਤਾ ਦਾ ਘਰ ਬਹੁਤ ਸਾਰੇ ਖ਼ੂਬਸੂਰਤ ਮੋੜਾਂ, ਸਬੱਬਾਂ ਅਤੇ ਮੌਕਾ-ਮੇਲਾਂ ਦਾ ਘਰ ਬਣ ਜਾਣ ਦੀ ਤੌਫ਼ੀਕ ਰੱਖਦਾ ਹੈ (ਸੀ )। ਅੰਮ੍ਰਿਤਾ ਨਾਲ਼, ਨਾਗਮਣੀ ਨਾਲ਼, ਨਾਗਮਣੀ ਵਿਚ ਛਪਦੇ ਕਾਲਮਾਂ ਦੇ ਚੇਤਿਆਂ ਨਾਲ ਅਤੇ ਇਸ ਸਾਰੇ ਵਿਚ ਚੌਹਾਨ ਦੀ ਭੂਮਿਕਾ ਬਾਰੇ ਪੜ੍ਹਦਿਆਂ ਇੱਕ ਯੁੱਗ ਸਾਕਾਰ ਹੋ ਜਾਂਦਾ ਹੈ। ਡਾ. ਹਰਿਭਜਨ ਸਿੰਘ ਦੀ ਗੱਲ ਉਸਦੀ ਕਵਿਤਾ ਦੇ ਹਵਾਲੇ ਨਾਲ਼ ਹੋਈ ਹੈ।

ਇੰਝ ਹੀ ਨਵਤੇਜ ਭਾਰਤੀ, ਅਮਰਜੀਤ ਚੰਦਨ ਅਤੇ ਅਜਮੇਰ ਰੋਡੇ ਦਾ ਸ਼ਬਦ ਚਿੱਤਰਣ ਉਨ੍ਹਾਂ ਦੀ ਸਿਰਜਣਾ ਵਿਚੋਂ ਸਾਕਾਰ ਹੁੰਦੇ ਹਨ। ਹਰ ਲੇਖਕ ਦਾ ਵਿਅਕਤਿਤਵ ਉਸਦੀ ਸਿਰਜਣਾ ਵਿਚ ਪਿਆ ਹੁੰਦਾ ਹੈ। ਸਿਰਜਣਾ ਤੋਂ ਬਾਹਰ ਪਿਆ ਲੇਖਕ ਆਮ ਮਨੁੱਖ ਹੁੰਦਾ ਹੈ। ਉਸ ਮਨੁੱਖ ਦਾ ਸੁਭਾਅ, ਆਦਤਾਂ, ਕਮਜ਼ੋਰੀਆਂ ਅਤੇ ਅਮਾਨਵੀ ਕਿਰਦਾਰ ਨੂੰ ਸ਼ਬਦ ਚਿੱਤਰ ਦਾ ਹਿੱਸਾ ਬਣਾਉਣਾ ਸ਼ੋਭਦਾ ਨਹੀਂ। ਇਸ ਗੱਲ ਦਾ ਧਿਆਨ ਗੁਰਦੇਵ ਚੌਹਾਨ ਨੇ ਸੁਚੇਤ ਤੌਰ ‘ਤੇ ਰੱਖਿਆ ਹੈ। ਡਾ. ਹਰਿਭਜਨ ਸਿੰਘ ਨੂੰ ਇੱਕ ਵਾਕ ਵਿਚ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਉਹ ਨਿਰਾ ਆਪਣੀ ਕਵਿਤਾ ਨਾਲ਼ ਹੀ ਨਹੀਂ ਸਗੋਂ ਇਸਦੇ ਨਾਲ਼ ਹੀ ਆਪਣੀ ਹੱਦ ਦਰਜੇ ਦੀ ਚਿੰਤਕੀ ਅਤੇ ਉਤਨੀ ਹੀ ਰੌਚਕ ਅਤੇ ਸ਼ਿੱਦਤ ਭਰੀ ਵਾਰਤਕ ਨਾਲ਼ ਵੀ ਪੂਰੀ ਸ਼ਿੱਦਤ ਨਾਲ਼ ਬੱਝਾ ਰਿਹਾ ਹੈ।


ਭੂਸ਼ਨ ਧਿਆਨਪੁਰੀ ਨਾਲ਼ ਕਿਉਂਕਿ ਗੁਰਦੇਵ ਦਾ ਲੰਮਾ ਸਮਾਂ ਨੇੜ ਰਿਹਾ ਹੈ, ਇਸ ਲਈ ਉਸਦੀ ਸਿਰਜਣਾ ਦੇ ਨਾਲ਼ ਬਹੁਤ ਸਾਰੀਆਂ ਨਿੱਜ ਮੂਲਕ ਗੱਲਾਂ ਵੀ ਸ਼ਾਮਲ ਹੋ ਗਈਆਂ ਹਨ। ਇਹ ਨਿੱਜ ਭੂਸ਼ਨ ਦੇ ਵਿਅਕਤਿਤਵ ਨੂੰ ਦਿਲਚਸਪ ਵਿਸਥਾਰ ਦਿੰਦਾ ਹੈ। ਨਵਤੇਜ ਭਾਰਤੀ ਬਹੁਤਾ ਲੀਲ੍ਹਾ ਦੇ ਪਾਠ ਦੀ ਰੀਵਿਊਕਾਰੀ ਵਿਚੋਂ ਸਾਕਾਰ ਹੋਇਆ ਹੈ। ਹਾਂ ਨਵਤੇਜ ਭਾਰਤੀ ਬਾਰੇ ਪੜ੍ਹਦਿਆਂ ਕਵਿਤਾ ਦੀਆਂ ਮਹੀਨ ਤੰਦਾਂ ਦੀ ਸਮਝ ਪੈਂਦੀ ਹੈ। ਅਮਰਜੀਤ ਚੰਦਨ ਕਿਉਂਕਿ ਗੁੰਝਲਦਾਰ ਕਰੈਕਟਰ ਹੈ, ਇਸ ਲਈ ਉਸ ਬਾਰੇ ਲਿਖਦਿਆਂ ਉਸਦੀ ਸਿਰਜਣਾ ਤੋਂ ਪਾਰ ਜਾ ਕੇ ਵੀ ਬਹੁਤ ਸਾਰੇ ਸਵਾਲ ਪਿੱਛੇ ਰਹਿ ਜਾਂਦੇ ਹਨ। ਸ਼ਾਇਦ ਇਸੇ ਲਈ ਚੌਹਾਨ ਨੂੰ ਅਖੀਰ ਵਿਚ ਚੰਦਨ ਨਾਲ਼ ਸੰਵਾਦ ਰਚਾਉਣਾ ਪੈਂਦਾ ਹੈ। ਇਸ ਸੰਵਾਦ ਦੇ ਸਵਾਲ ਤਿੱਖੇ ਵੀ ਹਨ ਅਤੇ ਜਗਿਆਸਾ ਦੇ ਅਨੁਕੂਲ ਵੀ।

ਅਜਮੇਰ ਰੋਡੇ ਦੀ ਸ਼ਬਦ ਯਾਤਰਾ ਕਰਦਿਆਂ ਗੁਰਦੇਵ ਨੇ ਰੋਡੇ ਬਾਰੇ ਬੜੀਆਂ ਗਹਿਰੀਆਂ ਗੱਲਾਂ ਕੀਤੀਆਂ ਹਨ। ਰੋਡੇ ਨਾਲ਼ ਚੌਹਾਨ ਦੀਆਂ ਮੁਲਾਕਾਤਾਂ ਵਿਚ ਹਰ ਵਾਰ ਕਵਿਤਾ ਵੀ ਸ਼ਾਮਲ ਹੁੰਦੀ ਰਹੀ ਹੈ। ਲਿਖਿਆ ਹੈ ਕਿ ਉਹ ਨਜ਼ਮ ਰਚਦਾ ਨਹੀਂ ਚੀਜ਼ਾਂ ਵਿਚੋਂ ਕੱਢਦਾ ਹੈ। ਤੇ ਹੋਰ ਕਿ ਅਜਮੇਰ ਰੋਡੇ ਕਾਵਿਕ ਸਥਿਤੀਆਂ ਦਾ ਜਾਦੂਗਰ ਹੈ। ਲਾਲੀ ਬਾਬੇ ਦਾ ਜ਼ਿਕਰ ਹਰ ਵਾਰ ਭੂਤਵਾੜੇ ਦੇ ਹਵਾਲੇ ਨਾਲ਼ ਪੜ੍ਹਨ ਨੂੰ ਮਿਲਦਾ ਹੈ। ਇਸ ਪੁਸਤਕ ਵਿਚ ਵੀ ਭੂਤਵਾੜਾ ਹੀ ਲਾਲੀ ਦੀ ਗੱਲ ਅਗਾਂਹ ਤੋਰਦਾ ਹੈ। ਲਾਲੀ ਬਾਬੇ ਬਾਰੇ ਇਹ ਟਿੱਪਣੀ ਬੜੀ ਸਾਰਥਕ ਹੈ ਕਿ ਲਾਲੀ ਮੌਖਿਕ ਪਰੰਪਰਾ ਦਾ ਆਖਰੀ ਚਿਰਾਗ ਸੀ। ਉਹ ਪੰਜਾਬ ਅਤੇ ਪੰਜਾਬੀ ਦੇ ਹੀ ਨਹੀਂ ਸਾਰੇ ਪੱਛਮੀ ਅਤੇ ਪੂਰਬੀ ਸਾਹਿਤ ਅਤੇ ਲੋਕਧਾਰਾ ਦੇ ਸ਼ਹਿਰਯਾਦ ਸਨ। ਸੁਰਜਨ ਜ਼ੀਰਵੀ ਨੂੰ ਚੌਹਾਨ ਨੇ ਇੱਕੀਵੀਂ ਸਦੀ ਦਾ ਸ਼ਾਹਸਵਾਰ ਲਿਖਿਆ ਹੈ। ਸੁਰਜਨ ਜ਼ੀਰਵੀ ਵੱਡੇ ਕਦ ਵਾਲਾ ਪੱਤਰਕਾਰ ਤੇ ਲੇਖਕ ਸੀ। ਜ਼ੀਰਵੀ ਦੀ ਕਿਤਾਬ ‘ਇਹ ਹੈ ਬਾਰਬੀ ਸੰਸਾਰ’ ਦਾ ਜ਼ਿਕਰ ਅੱਜ ਵੀ ਹੁੰਦਾ ਹੈ। ਜ਼ੀਰਵੀ ਬਾਰੇ ਲਿਖਦਿਆਂ ਗੁਰਦੇਵ ਚੌਹਾਨ ਨੇ ਸਭ ਤੋਂ ਵੱਧ ਇਸ ਪੁਸਤਕ ਵਿਚ ਸ਼ਾਮਲ ਲੇਖਾਂ ਦੇ ਹਵਾਲੇ ਨਾਲ਼ ਹੀ ਗੱਲ ਕੀਤੀ ਹੈ। ਬਰੈਂਪਟਨ ਦੇ ਚੇਤਿਆਂ ਵਿਚ ਸੁਰਜਨ ਜ਼ੀਰਵੀ ਅੱਜ ਵੀ ਤਾਜ਼ੀਆਂ ਪ੍ਰਾਪਤੀਆਂ ਵਾਂਗ ਪਿਆ ਹੈ।

ਗੁਰਬਚਨ ਦੀ ਆਲੋਚਨਾ ਅਤੇ ਵਾਰਤਕੀ ਸ਼ੈਲੀ ਜਿਸ ਸਿਖ਼ਰ ਨੂੰ ਛੋਹਦੀ ਹੈ, ਉਸ ਦੀ ਗੱਲ ਕਰਨ ਲੱਗਿਆ ਤੁਹਾਡੇ ਅੰਦਰ ਪਏ ਸ਼ਬਦਕੋਸ਼ ਦੇ ਸ਼ਬਦ ਵੀ ਕੰਬ ਜਾਂਦੇ ਹਨ। ਗੁਰਦੇਵ ਚੌਹਾਨ ਨੇ ਜੇਕਰ ਗੁਰਬਚਨ ਬਾਰੇ ਲਿਖਣ ਦਾ ਹੀਆ ਕੀਤਾ ਹੈ ਤਾਂ ਉਸ ਲਈ ਇੱਕ ਨਵਾਂ ਸ਼ਬਦਕੋਸ਼, ਨਵੀਂ ਭਾਸ਼ਾ ਵੀ ਸਿਰਜੀ ਹੈ। ਗੁਰਬਚਨ ਦਾ ਰੇਖਾ ਚਿੱਤਰ ‘ਪੰਜਾਬੀ ਸਾਹਿਤ ਦਾ ਸਕੰਦਰੀ ਪ੍ਰਵਚਨ’ ਤਹੱਮਲ ਨਾਲ਼ ਪੜ੍ਹਨਾ ਪੈਂਦਾ ਹੈ। ਗੁਰਦੇਵ ਚੌਹਾਨ ਜੇਕਰ ਗੁਰਬਚਨ ਦੀ ਸ਼ੈਲੀ ਨੂੰ ਉਲੰਘਦਾ ਨਹੀਂ ਤਾਂ ਨਵੀਆਂ ਪੈੜਾਂ ਦੇ ਨਕਸ਼ਾਂ ‘ਚ ਗੁਰਬਚਨ ਨੂੰ ਸਮੇਟਣ ਦਾ ਮਾਣਮੱਤਾ ਸਾਹਿਤਕ ਕਾਰਜ ਜ਼ਰੂਰ ਕਰਦਾ ਹੈ।

ਇਥੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਿਆਂ ਡਾ. ਨਾਹਰ ਸਿੰਘ, ਸੁਖਪਾਲ, ਜਸਵੰਤ ਆਰਟਿਸਟ ਤੇ ਬਲਰਾਜ ਚੀਮਾ ਚੌਹਾਨ ਦੇ ਨੇੜਲੇ ਮਿੱਤਰਾਂ ਵਿਚੋਂ ਹਨ। ਇਸ ਲਈ ਇਨ੍ਹਾਂ ਬਾਰੇ ਲਿਖਦਿਆਂ ਗੁਰਦੇਵ ਚੌਹਾਨ ਨੂੰ ਕੋਈ ਉਚੇਚ ਨਹੀਂ ਕਰਨਾ ਪਿਆ। ਡਾ. ਨਾਹਰ ਸਿੰਘ ਦੀ ਪੁਸਤਕ ‘ਪੰਜਾਬੀਆਂ ਦਾ ਮੌਤ ਦਰਸ਼ਨ’ ਅਤੇ ਸੁਖਪਾਲ ਦੀ ਪੁਸਤਕ ‘ਚੁੱਪ ਚੁਪੀਤੇ ਚੇਤਰ ਚੜ੍ਹਿਆ’ ਨੇ ਇਹ ਕੰਮ ਹੋਰ ਵੀ ਆਸਾਨ ਕਰ ਦਿੱਤਾ ਹੈ। ਜਸਵੰਤ ਦੀ ਕਲਾ ਦਾ ਉਹ ਪ੍ਰਸ਼ੰਸਕ ਹੈ। ਬਲਰਾਜ ਚੀਮੇ ਨਾਲ਼ ਉਸਦੀ ਸਾਂਝ ਚੁਬਾਰੇ ਵਿਚ ਪਈ ਪੌਣੀ ਬੋਤਲ ਵਰਗੀ ਹੈ। ਜਸਪਾਲ ਨਾਲ਼ ਉਸਦੀ ਮਿੱਤਰਤਾ ਜ਼ਿੰਦਗੀ ਵਿਚ ਵਾਪਰੀਆਂ ਸਾਹਿਤਕ ਘਟਨਾਵਾਂ ਵਰਗੀ ਹੈ।

ਰਾਮ ਸਰੂਪ ਅਣਖੀ ਦੇ ਚਰਚਿਤ ਨਾਵਲ ‘ਕੋਠੇ ਖੜਕ ਸਿੰਘ’ ਨੇ ਚੌਹਾਨ ਕੋਲ਼ੋਂ ਅਣਖੀ ਦਾ ਸ਼ਬਦ ਚਿੱਤਰ ਲਿਖਵਾ ਦਿੱਤਾ। ਇਸ ਸ਼ਬਦ ਚਿੱਤਰ ਵਿਚ ਨਾਵਲ ਦੀ ਵਿਸਥਾਰਤ ਸਮੀਖਿਆ ਹੈ। ਇਸ ਸਮੀਖਿਆ ਨੂੰ ਪੜ੍ਹਦਿਆਂ ਚੌਹਾਨ ਦੀ ਨਾਵਲ ਨੂੰ ਜਾਚਣ, ਪਰਖਣ ਦੀ ਸੂਝ ਪਤਾ ਲੱਗਦੀ ਹੈ।




*ਪੁਸਤਕ ਕਲਮੀ ਗੁਲਾਬ ਦਾ ਸਰਵਰਕ।*

ਗੁਰਦੇਵ ਚੌਹਾਨ ਜਿਸ ਬਾਰੇ ਵੀ ਲਿਖਦਾ ਉਸ ਦੀਆਂ ਉਹ ਪਰਤਾਂ ਵੀ ਖੋਲ੍ਹ ਦਿੰਦਾ ਹੈ ਜਿਹੜੀਆਂ ਉਸਨੂੰ ਲਿਖਣ ਛਿਣ ਵੇਲੇ ਕਿਸੇ ਕਰਿਸ਼ਮੇ ਵਾਂਗ ਫੁਰੀਆਂ ਹੁੰਦੀਆਂ। ਅਜਿਹੇ ਫੁਰਨੇ ਉਸਦੀ ਵਾਰਤਕ ਨੂੰ ਤਲਿੱਸਮ ਨਾਲ਼ ਭਰ ਦਿੰਦੇ ਹਨ। ਅਗਲੇ ਵਾਕ ਦੀ ਬਣਤਰ ਕੀ ਹੋਵੇਗੀ? ਇਹ ਸਵਾਲ ਪਾਠਕ ਅੰਦਰ ਜਗਿਆਸਾ ਪੈਦਾ ਕਰ ਦਿੰਦਾ ਹੈ। ਪਾਠਕ ਦੀ ਜਗਿਆਸਾ ਲੇਖਕ ਦੀ ਵਡੱਤਣ ਹੁੰਦੀ ਹੈ। ਲੇਖਕ ਨੂੰ ਭੀੜ ਨਾਲੋਂ ਵੱਖ ਕਰਦੀ ਹੈ। ਉਸਦੀ ਵਾਰਤਕ ਵਿਚਲਾ ਵਿਅੰਗ ਸੂਖਮ ਹੁੰਦਾ, ਵਗਦੇ ਪਾਣੀਆਂ ਦੇ ਸੰਗੀਤ ਵਰਗਾ ਜੋ ਪਾਠਕ ਦੀ ਰੂਹ ‘ਚ ਕੁਤਕੁਤਾੜੀਆਂ ਕੱਢਦਾ।

ਚੌਹਾਨ ਦੀ ਵਾਰਤਕ ਪਾਠਕ ਨਾਲ਼ ਸਾਹਿਤਕ ਸੰਵਾਦ ਛੇੜਦੀ ਹੈ। ਗਵਾਹੀ ਵਜੋਂ ਉਸਦਾ ਆਪਣੇ ਬਾਪ ਬਾਰੇ ਲਿਖਿਆ ਰੇਖਾ ਚਿੱਤਰ ਮੇਰਾ ਪਿਓ ਉਰਫ਼ ਮੇਰਾ ਚਾਚਾ ਪੜ੍ਹ ਸਕਦੇ ਹਾਂ। ਇਸ ਲਿਖਤ ਦੀ ਭਾਸ਼ਾ ਰਹੱਸਮਈ ਹੈ ਤੇ ਵਿਚਾਰ ਦਾਰਸ਼ਨਿਕ। ਇਸ ਵਿਚ ਇੱਕ ਪਰੰਪਰਾ, ਇੱਕ ਉਮਰ, ਇੱਕ ਪਰਿਵਾਰ ਅਤੇ ਸਮਾਜ ਦੀ ਜਟਿਲ ਬਣਤਰ ਦਾ ਉਲੇਖ ਹੈ। ਪਿਓ ਬਾਰੇ ਲਿਖੇ ਇਸ ਲੇਖ ਵਿਚ ਮਾਂ ਬਾਰੇ ਵੀ ਬਹੁਤ ਕੁਝ ਤੁਹਾਡੀਆਂ ਸੰਵੇਦਨਾਵਾਂ ਨੂੰ ਝੰਜੋੜਦਾ ਪੜ੍ਹਨ ਨੂੰ ਮਿਲਦਾ ਹੈ। ਇਹ ਆਰਟੀਕਲ ਬੇਹਤਰੀਨ ਵਾਰਤਕ ਦਾ ਨਮੂਨਾ ਹੈ। ਇਹ ਸ਼ਬਦ ਚਿੱਤਰ ਚੌਹਾਨ ਦੇ ਅੰਦਰ ਪਏ ਪਿਓ, ਮਾਂ ਤੇ ਹੋਰ ਰਿਸ਼ਤਿਆਂ ਦਾ ਸੂਖ਼ਮ ਬਿਰਤਾਂਤ ਹੈ।

ਅਰੁੰਧਤੀ ਰਾਏ ਦੀ ਸ਼ਖ਼ਸੀਅਤ ਦਾ ਮਿਆਰ ‘ਅੱਗ ਦੀ ਪੁਤਲੀ’ ਵਿਚ ਸਾਕਾਰ ਹੋਇਆ ਹੈ। ‘ਪੰਜਾਬੀ ਸਾਹਿਤ ਦੀ ਖੜੋਤ ਨਾਲ਼ ਚਲਦਿਆਂ’ ਇੱਕ ਹੋਰ ਦਿਲਚਸਪ ਅਤੇ ਭਾਵਪੂਰਤ ਨਿਬੰਧ ਹੈ ਜਿਸ ਵਿਚ ਕੁਝ ਵਿਦਵਾਨ ਦੋਸਤ ਝੀਲ ਦੇ ਕੰਢੇ ਤੁਰਦਿਆਂ ਸਾਹਿਤ ਦੀ ਚੀਰ-ਫਾੜ ਕਰਦੇ ਹਨ। ਦੋ ਲੇਖ ਹਾਇਕੂ ਬਾਰੇ ਹਨ। ਹਾਇਕੂ ਜਪਾਨੀ ਕਾਵਿ-ਵਿਧਾ ਹੈ ਜਿਸ ਨੂੰ ਹੁਣ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੇ ਅਪਣਾ ਲਿਆ ਹੈ। ਪਰ ਗੁਰਦੇਵ ਚੌਹਾਨ ਨੂੰ ਹਾਇਕੂ ਬਾਰੇ ਕਿਉਂ ਲਿਖਣਾ ਪੈ ਗਿਆ, ਸਮਝ ਨਹੀਂ ਆਈ। ਹਾਂ ਉਮਰ ਦੇ ਨਾਲ਼ ਤੁਹਾਡੇ ਅਨੁਭਵ ਤਬਦੀਲ ਹੁੰਦੇ ਹਨ ਅਤੇ ਇਸਦੀ ਗੱਲ ਕਰਨੀ ਵੀ ਬਣਦੀ ਹੈ।

ਇਸ ਤੋਂ ਅਗਾਂਹ ਤੁਰਦੇ ਹਾਂ ਤਾਂ ਕੁਝ ਨਵੇਂ ਵਿਸ਼ੇ ਨਵੀਂ ਭਾਸ਼ਾ ‘ਚ ਪਰੋਏ ਸਾਡੀਆਂ ਅੱਖਾਂ ਦਾ ਕੱਜਲ ਬਣਦੇ ਹਨ। ਇੱਕੀਵੀਂ ਸਦੀ ਨੂੰ ਉਸ ‘ਖਿਚੜੀ ਯੁੱਗ’ ਦਾ ਢੁੱਕਵਾਂ ਸਿਰਲੇਖ ਦਿੱਤਾ ਹੈ। ਸੰਤਾਲੀ ਦੀ ਵੰਡ ਦੀ ਗੱਲ ਜਦ ਵੀ ਤੁਰਦੀ ਹੈ ਅਜਾਈਂ ਡੁੱਲ੍ਹੇ ਖ਼ੂਨ ਅਤੇ ਜਜ਼ਬਾਤਾਂ ਦੇ ਘਾਣ ਵਿਚ ਦੀ ਗੱਲ ਬਣ ਜਾਂਦੀ ਹੈ। ‘ਸਫ਼ਰਨਾਮਾ’ ਦੇ ਬਹਾਨੇ ਪਹਿਲੀ ਵਾਰ ਸ਼੍ਰੀਮਤੀ ਚੌਹਾਨ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਗੁਰਦੇਵ ਚੌਹਾਨ ਅੰਦਰਲਾ ਕਵੀ ਦੇਵਨੀਤ ਦੀ ਗੱਲ ਕਿੰਝ ਤੇ ਕਿਉਂ ਨਾ ਕਰੇ। ਗੱਲਾਂ ਤਾਂ ਗੁਰਪ੍ਰੀਤ ਨਾਲ਼ ਵੀ ਹੋਈਆਂ, ਸੁਰਜੀਤ ਨਾਲ਼ ਤੇ ਮੇਰੇ ਨਾਲ਼ ਵੀ। ਸਾਡੇ ਤਿੰਨਾਂ ਨਾਲ ਹੋਈਆਂ ਮੁਲਾਕਾਤਾਂ ਇਸ ਪੁਸਤਕ ਵਿਚ ਛਪੀਆਂ ਵੇਖ ਕੇ ਮੈਨੂੰ ਤੇ ਖੁਸ਼ੀ ਹੋਈ ਹੈ ਤੇ ਦੂਜਿਆਂ ਨੂੰ ਵੀ ਬੁਰਾ ਨਹੀਂ ਲੱਗਿਆ ਹੋਣਾ। ਉਂਝ ਮੇਰੀ ਵੱਖਰੀ ਰਾਏ ਇਹ ਵੀ ਹੈ ਕਿ ਇਨ੍ਹਾਂ ਮੁਲਾਕਾਤਾਂ ਨੂੰ ਇਸ ਕਿਤਾਬ ਦਾ ਹਿੱਸਾ ਬਣਾਉਣਾ ਜ਼ਰੂਰੀ ਨਹੀਂ ਸੀ। ‘ਨਿੱਕੀਆਂ ਬੇੜੀਆਂ ਅਤੇ ਨਿੱਕੇ ਚੱਪੂ’ ਕਾਵਿ-ਸੰਗ੍ਰਹਿ ਦੀ ਭੂਮਿਕਾ ‘ਕਾਵਿ-ਸਿਰਜਣਾ : ਕੁਝ ਪ੍ਰਭਾਵ’ ਵੀ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ। ਇਸ ਵਿਚ ਕਾਵਿ-ਸਿਰਜਣਾ ਦੇ ਮਹੀਨ ਨੁਕਤੇ ਤੇ ਸੂਖਮ ਦਾਰਸ਼ਨਿਕਤਾ ਪੇਸ਼ ਹੋਈ ਹੈ। ਇਸ ਤੋਂ ਅਗਲੇ ਪੰਨਿਆਂ ‘ਤੇ ਵਾਰਤਕ ਦਾ ਨਵਾਂ ਮੁਹਾਂਦਰਾ ਪੜ੍ਹਨ ਨੂੰ ਮਿਲਦਾ ਹੈ। ਇਸ ਵਿਚ ਗੱਲਾਂ ਵਿਚੋਂ ਗੱਲ ਨਿਕਲਦੀ ਹੈ। ਵਿਚਾਰਾਂ ਵਿਚੋਂ ਵਿਚਾਰ ਫੁਰਦੇ ਹਨ। ਇਹ ਸਵੈ ਨਾਲ਼ ਸੰਵਾਦ ਦਾ ਬਿਰਤਾਂਤ ਹੈ। ‘ਜ਼ਿੰਦਗੀ ਵਿੱਚ ਸਬੱਬ ਦੀ ਭੂਮਿਕਾ’, ‘ਵਿਚਾਰੀ ਨੀਂਦ’, ‘ਮੇਰੀ ਪਹਿਲੀ ਵਿਦੇਸ਼ ਯਾਤਰਾ ਅਤੇ ਇਸ ਬਾਰੇ ਕਵਿਤਾ’, ‘ਕਸ਼ਮੀਰ ਪੰਨੂੰ ਦਾ ਨੌਵਾਂ ਸੜਕ ਹਾਦਸਾ’ ਤੇ ਬਰਫ਼ਨਾਮਾ ਆਦਿ ਲੇਖ ਸ਼ਾਮਲ ਹਨ। ਅਸਲ ਵਿਚ ਇਹ ਲਿਖਣ ਛਿਣ ਵੇਲ਼ੇ ਫੁਰੇ ਫੁਰਨਿਆਂ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ ਜਿਸ ਨੂੰ ਲਿਖਣ ਪਿੱਛੇ ਕੋਈ ਮਿਥੀ ਭਾਵਨਾ ਜਾਂ ਇਰਾਦਾ ਨਹੀਂ ਹੈ। ‘ਪੇੜ, ਪੱਤੇ ਅਤੇ ਬਾਰਸ਼’ ਵਿਚ ਵਿਪਾਸਨਾ ਕੋਰਸ ਦਾ ਜ਼ਿਕਰ ਹੈ। ਇਸ ਵਿਚ ਪੂਰੇ ਦਸ ਦਿਨ ਚੁੱਪ ਰਹਿਣਾ ਪੈਂਦਾ ਹੈ। ਖਾਣ-ਪੀਣ ਦੇ ਵਰਤ ਨਾਲੋਂ ਚੁੱਪ ਦਾ ਵਰਤ ਔਖਾ ਹੈ। ਚੁੱਪ ਮੈਡੀਟੇਸ਼ਨ ਵਿਚ ਇਸ ਦਾ ਖਾਸ ਮਹੱਤਵ ਹੈ। ‘ਮੱਛੀ ਦੇ ਪਕੌੜੇ, ਸ਼ਰਾਬ ਅਤੇ ਹਾਈਡਰੋਜਨ’ ਵਿਚ ਜਵਾਲ ਨੋਹਾ ਹਰਾਰੀ ਦੀਆਂ ਤਿੰਨ ਪੁਸਤਕਾਂ ਸੈਂਮਪੀਅਨਜ਼, ਹੋਮੋਡਿਆਸ ਅਤੇ ਇੱਕੀ ਲੈਸਨਜ਼ ਫਾਰ ਟਵੰਟੀਵੱਨ ਸੈਂਚਰੀ ਦਾ ਹਵਾਲਾ ਹੈ ਜਿਨ੍ਹਾਂ ਕਿਤਾਬਾਂ ਨੇ ਤਰਕਸ਼ੀਲ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ ਸੀ। ‘ਕਰੋਨਾ ਦੇ ਢਿੱਡ ਵਿਚ ਛਾਲ਼’ ਮਾਰ ਕੇ ਚੌਹਾਨ, ਗੁਰਦਿਆਲ ਬੱਲ ਅਤੇ ਦੀਦ ਨੇ ਕਰੋਨਾ ਦੇ ਕਠਿਨ ਵੇਲ਼ੇ ਦੀ ਇੱਕ ਯਾਦ ਨੂੰ ਸਾਂਝਾ ਕੀਤਾ ਹੈ।

ਅਗਲੇ ਪੰਨੇ ਪਲਟਦੇ ਹਾਂ ਤਾਂ ‘ਨਵ-ਉਦਾਰਵਾਦ ਦਾ ਕੱਚਾ ਚਿੱਠਾ’ ਪੜ੍ਹਨ ਨੂੰ ਮਿਲਦਾ ਹੈ। ਇਸ ਵਿਚ ਲੇਖਕ ਦੀ ਵਿਸ਼ਵਵਿਆਪੀ ਰਾਜਨੀਤਕ ਸਮਝ ਦਾ ਖੁਲਾਸਾ ਹੁੰਦਾ ਹੈ। ਗੱਲ ਦੂਜੇ ਸੰਸਾਰ ਯੁੱਧ ਤੋਂ ਸ਼ੁਰੂ ਹੋ ਕੇ ਹੁਣ ਦੇ ਸਮਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਉਹ ਵਿਸ਼ਵ ਕਵਿਤਾ ਦੀ ਸੰਪਾਦਨਾ ਕਰਨ ਦਾ ਪੰਗਾ ਵੀ ਲੈਂਦਾ ਹੈ। ਇਸ ਪੁਸਤਕ ਦੀ ਭੂਮਿਕਾ ‘ਕਵਿਤਾ ਅਤੇ ਵਿਸ਼ਵ-ਕਵਿਤਾ, ਇੱਕ ਨਜ਼ਰ’ ਵੀ ਕਿਤਾਬ ਦਾ ਹਿੱਸਾ ਹੈ। ਇਸ ਵਿਚ ਪਾਠਕ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਵਿਤਾ ਕੀ ਹੁੰਦੀ ਹੈ ਅਤੇ ਕੀ ਨਹੀਂ ਹੁੰਦੀ। ਕਵਿਤਾ ਬਾਰੇ ਅਜਿਹੀਆਂ ਡੂੰਘੀਆਂ ਗੱਲਾਂ ਪਹਿਲੀ ਵਾਰ ਪੜ੍ਹਨ ਨੂੰ ਮਿਲਦੀਆਂ ਹਨ। ‘ਵਾਇਆ ਬਠਿੰਡਾ’ ਕੁਰਾਹੀਏ ਦੀ ਪੈੜ ਨੱਪਦਾ ਧਰਮ, ਰਾਜਨੀਤੀ, ਸਾਹਿਤ ਆਦਿ ਅੰਦਰ ਇਸਦੀ ਪਛਾਣ ਕਰਦਾ ਹੈ। ਕੁਰਾਹੀਆ ਹੋਣ, ਬਣਨ ਜਾਂ ਕਹੇ ਜਾਣ ਵਿਚ ਕਈ ਤਰ੍ਹਾਂ ਦੇ ਇਤਿਹਾਸਕ, ਕੌਮਾਂਤਰੀ, ਸਮਾਜਕ, ਆਰਥਕ, ਸਦਾਚਾਰਕ, ਘਰੇਗੀ, ਵਿਗਿਆਨੀ, ਧਾਰਮਕ ਅਤੇ ਰਵਾਇਤੀ ਕਿਸਮ ਦੇ ਵਰਤਾਰੇ ਹਿੱਸਾ ਪਾਉਂਦੇ ਹਨ। ਮੋਟਲਨਾਮਾ ਨਾਲ਼ ਸਬੰਧਤ ਦੋ ਲੇਖ ਆਪਣੇ ਅੰਦਰ ਬੜਾ ਕੁਝ ਸਮਾਈ ਬੈਠੇ ਹਨ। ਕੈਨੇਡਾ ਦੇ ਸ਼ਹਿਰ ਟਰਿੰਟਨ ਵਿਚ ਸਥਿਤ ਪਾਰਕ ਮੋਟਲ ਵਿਚ ਲੇਖਕ ਨੇ ਅੱਠ ਸਾਲ ਕੱਟੇ ਹਨ। ਮੋਟਲ ਵਿਚ ਵੰਨ-ਸਵੰਨੇ ਲੋਕ ਆਉਂਦੇ ਸਨ। ਹਰ ਇੱਕ ਕੋਲ਼ ਆਪਣਾ ਸੁਭਾਅ, ਵਿਹਾਰ, ਦੰਭ, ਫਰੇਬ ਜਾਂ ਸ਼ਾਇਸਤਗੀ ਹੁੰਦੀ। ਉਨ੍ਹਾਂ ਨਾਲ ਵਿਚਰਦਿਆਂ ਗੁਰਦੇਵ ਚੌਹਾਨ ਨੂੰ ਕਈ ਸੁਖਾਵੇਂ ਤੇ ਕੁਝ ਕਠਿਨ ਤਜਰਬੇ ਹੋਏ। ਇਨ੍ਹਾਂ ਤਜਰਬਿਆਂ ਦਾ ਦਿਲਚਸਪ ਵਰਣਨ ਪਾਠਕ ਦੀ ਉਤਸੁਕਤਾ ਅਤੇ ਜਗਿਆਸਾ ਬਣਾਈ ਰੱਖਦੇ ਹਨ। ਝੀਲ ਕੰਢੇ ਵੱਸੇ ਟਰਿੰਟਨ ਸ਼ਹਿਰ ਦੀ ਇਤਿਹਾਸਕ ਮਹੱਤਤਾ ਦੀ ਆਪਣੀ ਖ਼ੂਬਸੂਰਤੀ ਹੈ। ਰਸੂਲ ਹਮਜ਼ਾਤੋਵ ਦਾ ਕਥਨ ਹੈ ਕਿ ਇਹ ਨਾ ਕਹੋ ਮੈਨੂੰ ਵਿਸ਼ਾ ਦੇਵੋ, ਇਹ ਕਹੋ ਕਿ ਮੈਨੂੰ ਅੱਖਾਂ ਦੇਵੋ। ਗੁਰਦੇਵ ਕੋਲ਼ ਉਹ ਅੱਖਾਂ ਹਨ ਜਿਨ੍ਹਾਂ ਵਿਚ ਸੁਪਨਿਆਂ ਵਰਗੇ ਵਿਸ਼ਿਆਂ ਦੀ ਭਰਮਾਰ ਹੈ। ਲੇਖਕ ਹਰ ਵਿਸ਼ੇ ਨਾਲ਼ ਨਿਆਂ ਕਰਦਾ ਹੈ।

ਗੁਰਦੇਵ ਚੌਹਾਨ ਚੁਸਤ ਵਾਰਤਕ ਲਿਖਦਾ ਹੈ। ਉਸਨੇ ਵਾਰਤਕ ਦਾ ਆਪਣਾ ਇੱਕ ਵੱਖਰਾ ਮੁਹਾਵਰਾ ਘੜ ਲਿਆ ਹੈ। ਇਸ ਮੁਹਾਵਰੇ ਕੋਲ਼ ਪਾਠਕ ਨੂੰ ਅਚੰਭਿਤ ਕਰਨ ਦਾ ਸੂਖ਼ਮ ਹੁਨਰ ਹੈ। ਜਿਵੇਂ ਡਾ. ਹਰਿਭਜਨ ਸਿੰਘ ਦੀ ਕਵਿਤਾ ਬਾਰੇ ਲਿਖਦਾ ਹੈ ਕਿ ਇਹ ਕਵਿਤਾ ਵਾਸਤਵਿਕਤਾ ਦੇ ਨਾਲ਼ ਨਾਲ਼ ਤੁਰਦੀ ਰਹੀ ਜਦੋਂ ਕਿ ਸ਼ਿਵ ਦੀ ਕਵਿਤਾ ਇੱਕ ਖਾਸ ਸਮੇਂ-ਸਥਾਨ ਅਤੇ ਛਿਣ ਨਾਲ਼ ਬੱਝੀ ਰਹੀ। ਅੱਗੇ ਹੋਰ ਲਿਖਦਾ ਹੈ ਕਿ ਉਸਦੀ ਕਵਿਤਾ ਕਦੇ ਵੀ ਭੀੜ ਦਾ ਹਿੱਸਾ ਨਹੀਂ ਬਣੀ। ਉਸਦੀ ਵਾਰਤਕ ਦੇ ਕੁਝ ਹੋਰ ਤਲਿਸਮੀ ਨਮੂਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਯਾਦਾਂ ਵਿਚੋਂ ਪੜ੍ਹ ਸਕਦੇ ਹਾਂ। ਬਿਰਹਾ ਇਵੇਂ ਉਪਜਦਾ ਹੈ ਜਿਵੇਂ ਕੋਈ ਰਾਹੀ ਆਪਣਾ ਪੰਧ ਮੁੱਕਣ ‘ਤੇ ਆਪਣਾ ਪੱਲਾ ਝਾੜਦਾ ਹੈ। ਹੋਰ ਕਿ ਇਤਫ਼ਾਕ ਜ਼ਿੰਦਗੀ ਦੇ ਲਮ੍ਹਿਆਂ ਨੂੰ ਫੁੱਲ ਲਾ ਦਿੰਦਾ ਹੈ। ਅੱਗ ਇਸ਼ਕ ਦਾ ਮੈਟਾਫਰ ਬਣ ਗਈ। ਅਜਿਹੇ ਹਵਾਲੇ ਪੂਰੀ ਕਿਤਾਬ ਵਿਚ ਵੇਖੇ ਪੜ੍ਹੇ ਜਾ ਸਕਦੇ ਹਨ।

ਇਸ ਪੁਸਤਕ ਵਿਚਲੀ ਵਾਰਤਕ ਪੰਜਾਬੀ ਵਿਚ ਹੁਣ ਤੱਕ ਲਿਖੀ ਗਈ ਵਾਰਤਕ ਨਾਲ਼ ਖਲੋਂਦੀ ਹੈ। ਇਸ ਨੂੰ ਪੜ੍ਹਦਿਆਂ ਤੁਹਾਡੇ ਅੰਦਰ ਇੱਕ ਨਵੀਂ ਭਾਸ਼ਾ ਆਕਾਰ ਲੈਂਦੀ ਹੈ। ਕੋਈ ਨਵੀਂ ਕਵਿਤਾ ਵੀ ਦਸਤਕ ਦੇ ਸਕਦੀ ਹੈ। ਇਹ ਸਭ ਚੰਗੀ ਲਿਖਤ ਦੇ ਪਛਾਣ-ਚਿੰਨ੍ਹ ਹੁੰਦੇ ਹਨ। ਉਸਦੀਆਂ ਛੇ ਕਵਿਤਾ ਦੀਆਂ ਕਿਤਾਬਾਂ, ਚਾਰ ਵਾਰਤਕ ਦੀਆਂ, ਦੋ ਹਾਸ-ਵਿਅੰਗ ਅਤੇ ਇੱਕ ਬੁੱਧ ਦ੍ਰਿਸ਼ਟੀ ਦੀ ਕਿਤਾਬ ਛਪ ਚੁੱਕੀਆਂ ਹਨ। ‘ਕਲਮੀ ਗੁਲਾਬ’ ਦੀ ਖ਼ੂਬਸੂਰਤੀ ਅਤੇ ਖ਼ੁਸ਼ਬੋਅ ਦਾ ਪਾਠਕ ਜ਼ਰੂਰ ਆਨੰਦ ਮਾਨਣਗੇ। ਨੌਵੇਂ ਦਹਾਕੇ ‘ਚ ਵਿਚਰ ਰਹੇ ਗੁਰਦੇਵ ਚੌਹਾਨ ਦੀ ਲੰਮੀ ਉਮਰ ਦੀ ਦੁਆ ਕਰੀਏ ਤਾਂ ਜੋ ਹੋਰ ਬੇਹਤਰ ਵਾਰਤਕ ਅਤੇ ਕਵਿਤਾ ਸਾਨੂੰ ਪੜ੍ਹਨ ਨੂੰ ਮਿਲ ਸਕੇ।

## ਨਾਕਾਮ ਟੱਕਰਾਂ

*ਦਸ਼ਮੇਸ਼ ! ਕੀ ਕਰੇ ‘ਨਾਕਾਮ’ ਸਿਫ਼ਤ ਤੇਰੀ, ਤੇਰੇ ਦਰ ’ਤੇ ਮੁਥਾਜ, ਤਾਰੀਫ਼ ਖੜ੍ਹੀ।*
*ਕੀ ਲਿਖਾਂ ਤੇਰੇ ਚੋਜ ਕੁਰਬਾਨੀਆਂ ਦੇ, ਤੈਨੂੰ ਦੇਖ ਏ ਹੈਰਾਨ, ਤਵਾਰੀਖ ਬੜੀ।*
*ਜੋਸ਼ ਭਰਿਆ ਤੂੰ ਚਾਲ੍ਹੀ ਯੋਧਿਆਂ ਤਾਈਂ, ਲਾਚਾਰ ਹੋਈ, ਮੁਗਲੀਆ ਫੌਜ ਚੜ੍ਹੀ।*
*ਇਹ ਤੇਰੇ ਹੀ ਹੱਥ-ਵੱਸ ਸੀ ਸਾਹਿਬਾ, ਕੱਚੀਓਂ ਕਿਲ੍ਹਾ ਸੀ ਬਣੀ, ਚਮਕੌਰ ਗੜ੍ਹੀ।*
*-ਗੁਰਬਖਸ਼ ਸਿੰਘ ‘ਨਾਕਾਮ’*
*+1 864 318 5500*

# ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਲੋਕ ਅਰਪਣ

ਪ੍ਰਿੰ. ਸਰਵਣ ਸਿੰਘ ਦੀ ਇਹ ਪੁਸਤਕ 'ਜੱਗ ਜੇਤੂਆਂ ਦੀ ਗਾਥਾ' ਦਾ ਦੂਜਾ ਭਾਗ ਹੈ। ਦੋਵੇਂ ਭਾਗ ਪੀਪਲਜ਼ ਫ਼ੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੇ ਹਨ। ਇਹ ਪੁਸਤਕ ਢੁੱਡੀਕੇ ਦੇ ਪੂਰਨਮਾਸ਼ੀ ਜੋੜ ਮੇਲੇ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸਵਰਾਜਬੀਰ ਨੇ ਲੋਕ ਅਰਪਣ ਕੀਤੀ। ਪੇਸ਼ ਹੈ ਇਹਦੇ ਮੁੱਖ ਬੰਦ ਦਾ ਸਾਰ:

ਦਾਰਾ ਸਿੰਘ ਰੰਧਾਵਾ ਪਹਿਲਵਾਨ ਵੀ ਸੀ ਤੇ ਫਿਲਮੀ ਅਦਾਕਾਰ ਵੀ। ਉਹ ਫਰੀ ਸਟਾਈਲ ਕੁਸ਼ਤੀ ਦਾ ਰੁਸਤਮੇ ਹਿੰਦ, ਕਾਮਨਵੈੱਲਥ ਦੇਸ਼ਾਂ ਦਾ ਚੈਂਪੀਅਨ ਤੇ ਰੁਸਤਮੇ ਜ਼ਮਾਂ ਸੀ...।

29 ਫੁੱਟ ਢਾਈ ਇੰਚ ਲੰਮੀ ਛਾਲ, 8 ਮਹੀਨਿਆਂ ਦੇ ਮਾਂ-ਮਹਿੱਟਰ ਹੋਏ ਬਾਲਕ ਬੌਬ ਬੀਮਨ ਨੇ 22 ਸਾਲਾਂ ਦਾ ਹੋ ਕੇ ਮੈਕਸੀਕੋ ਸਿਟੀ ਦੀਆਂ ਓਲੰਪਿਕ ਖੇਡਾਂ 'ਚ ਲਾਈ ਤੇ ਧੰਨ-ਧੰਨ ਕਰਾਈ...।

ਡੀਗੋ ਮਾਰਾਡੋਨਾ ਅਰਜਨਟੀਨਾ ਦਾ ਮਾਣ ਸੀ। ਪਹਿਲਾਂ ਫੁੱਟਬਾਲ 'ਚ ਵਧੇਰੇ ਪ੍ਰਸਿੱਧੀ ਬ੍ਰਾਜ਼ੀਲ ਦੇ ਪੇਲੇ ਦੀ ਸੀ। ਫਿਰ ਮਾਰਾਡੋਨਾ ਨੂੰ ਵੀ ਅਰਜਨਟੀਨਾ ਦਾ ਪੇਲੇ ਕਿਹਾ ਜਾਣ ਲੱਗ ਪਿਆ...।

ਵੇਟਲਿਫਟਰ ਲਾਸ਼ਾ ਤਲਖਾਡਜ਼ੇ ਨੂੰ ਵਿਸ਼ਵ ਦਾ ਸਭ ਤੋਂ ਤਕੜਾ ਬੰਦਾ ਮੰਨਿਆ ਜਾਂਦੈ। ਉਹ ਦੋ ਵਾਰ ਓਲੰਪਿਕ ਚੈਂਪੀਅਨ, ਸੱਤ ਵਾਰ ਯੌਰਪੀ ਚੈਂਪੀਅਨ ਤੇ ਸੱਤ ਵਾਰ ਵਰਲਡ ਚੈਂਪੀਅਨ ਬਣਿਆ। ਉਸ ਨੇ 225 ਕਿਲੋ ਸਨੈਚ ਤੇ 267 ਕਿਲੋ ਦੀ ਜਰਕ ਲਾਈ...।

'ਫਲਾਈਂਗ ਸਿੱਖ ਮਿਲਖਾ ਸਿੰਘ' ਏਸ਼ੀਆ ਮਹਾਂਦੀਪ ਦਾ ਬੈੱਸਟ ਅਥਲੀਟ ਸੀ। ਉਸ ਨੇ ਕਾਮਨਵੈੱਲਥ ਤੇ ਏਸ਼ਿਆਈ ਖੇਡਾਂ 'ਚੋਂ ਪੰਜ ਗੋਲਡ ਮੈਡਲ ਜਿੱਤੇ। ਉਹਦੇ 'ਤੇ 'ਭਾਗ ਮਿਲਖਾ ਭਾਗ' ਫਿਲਮ ਵੀ ਬਣੀ...।

ਸਰਗੀ ਬੁਬਕਾ ਨੂੰ ਪੋਲ ਵਾਲਟ ਦਾ 'ਫਲਾਈਂਗ ਬਰਡ' ਕਿਹਾ ਜਾਂਦੈ। ਉਸ ਨੇ 35 ਵਾਰ ਵਿਸ਼ਵ ਰਿਕਾਰਡ ਤੋੜੇ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6 ਮੀਟਰ ਦੀ ਉਚਾਈ ਪਾਰ ਕੀਤੀ।

ਰੋਨਾਲਡੋ ਫੁੱਟਬਾਲ ਦਾ ਸ਼ਹਿਨਸ਼ਾਹ ਹੈ। ਉਸ ਨੂੰ ਪੰਜ ਵਾਰ ਫੁੱਟਬਾਲ ਦਾ ਸਰਬੋਤਮ ਖਿਡਾਰੀ ਹੋਣ ਦਾ ਬੈਲਨ ਡੀ ਓਰ ਅਵਾਰਡ ਮਿਲ ਚੁੱਕੈ। ਉਹਦੀ ਉਮਰ 39 ਸਾਲਾਂ ਦੀ ਹੈ ਪਰ ਫੁਰਤੀ 29 ਸਾਲਾਂ ਦੇ ਗਭਰੂ ਵਰਗੀ ਹੈ...।

ਜੌਨ੍ਹਸਨ ਨੂੰ ਉਹਦੀ ਜਾਦੂਮਈ ਖੇਡ ਸਦਕਾ ਮੈਜਿਕ ਜੌਨ੍ਹਸਨ ਕਿਹਾ ਜਾਂਦੈ। 20 ਵਰ੍ਹਿਆਂ 'ਚ ਉਹਨੇ 14 ਵਿਸ਼ਵ ਚੈਂਪੀਅਨਸ਼ਿਪਾਂ ਜਿੱਤੀਆਂ। 3 ਵਾਰ ਐੱਮਬੀਏ ਦਾ ਐੱਮਵੀਪੀ ਯਾਨੀ ਮੋਸਟ ਵੈਲਿਊਏਬਲ ਪਲੇਅਰ ਬਣਿਆ...। ਪ੍ਰਿਥੀਪਾਲ ਸਿੰਘ ਨੂੰ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਉਹਦੀ ਖ਼ਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐੱਫਆਈਐੱਚ ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ...!



ਲਿਓਨਲ ਮੈੱਸੀ ਨੇ ਫੁੱਟਬਾਲ ਖੇਡਦਿਆਂ ਕਰੋੜਾਂ ਡਾਲਰ ਕਮਾਏ। ਉਸ ਨੂੰ ਫੁੱਟਬਾਲ ਦੀ ਖੇਡ ਦਾ ਸਭ ਤੋਂ ਵੱਡਾ ਅਵਾਰਡ ਬੈਲਨ ਡੀ ਓਰ ਮੈੱਸੀ ਨੂੰ 8 ਵਾਰ ਮਿਲ ਚੁੱਕੈ...!

ਬਿਸ਼ਨ ਸਿੰਘ ਬੇਦੀ ਕ੍ਰਿਕਟ ਦਾ ਮਹਾਨ ਗੇਂਦਬਾਜ਼ ਸੀ ਜਿਸ ਨੇ ਦਸੰਬਰ 1966 ਤੋਂ ਜਨਵਰੀ 1979 ਤੱਕ 67 ਟੈੱਸਟ ਮੈਚ ਖੇਡ ਕੇ 266 ਵਿਕਟਾਂ ਲਈਆਂ। ਉਸ ਨੂੰ 'ਸਰਦਾਰ ਆਫ਼ ਸਪਿੰਨ' ਦਾ ਖ਼ਿਤਾਬ ਮਿਲਿਆ...। ਕੀਨੀਆ ਦਾ ਕੈਲਵਿਨ ਕਿਪਟਮ ਸੂਰਜ ਵਾਂਗ ਚੜ੍ਹਿਆ ਤੇ ਤਾਰੇ ਵਾਂਗ ਅਲੋਪ ਹੋ ਗਿਆ। ਉਸ ਨੇ ਚੜ੍ਹਦੀ ਜੁਆਨੀ 'ਚ ਮੈਰਾਥਨ ਦੌੜ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ। ਉਹ ਅਜੇ 24 ਸਾਲਾਂ ਦਾ ਹੋਇਆ ਸੀ ਕਿ ਕਾਰ ਹਾਦਸੇ ਵਿਚ ਅਗਲੇ ਜਹਾਨ ਤੁਰ ਗਿਆ...।

ਜਰਨੈਲ ਸਿੰਘ ਫੁੱਟਬਾਲ ਦਾ ਜਰਨੈਲ ਸੀ। ਉਹ ਦੋ ਵਾਰ ਏਸ਼ੀਅਨ ਆਲ ਸਟਾਰਜ਼ ਫੁੱਟਬਾਲ ਟੀਮਾਂ ਦਾ ਕਪਤਾਨ ਬਣਿਆ। 1960 'ਚ ਉਸ ਨੂੰ ਵਰਲਡ ਫੁੱਟਬਾਲ ਇਲੈਵਨ ਦਾ ਸੈਂਟਰ ਫੁੱਲ ਬੈਕ ਨਾਮਜ਼ਦ ਕੀਤਾ ਗਿਆ ਸੀ...।

ਯੂਰੀ ਵਲਾਸੋਵ ਇਸ ਧਰਤੀ ਦਾ ਪਹਿਲਾ ਵੇਟਲਿਫਟਰ ਸੀ ਜਿਸ ਨੇ ਦੋ ਕੁਇੰਟਲ ਦੀ ਹੱਦ ਤੋੜੀ।

ਨਈਮ ਸੁਲੇਮਾਨੋਗਲੂ ਨੂੰ 'ਪਾਕਿਟ ਹਰਕੁਲੀਸ' ਕਿਹਾ ਜਾਂਦਾ ਹੈ। ਉਸ ਨੇ 60 ਕਿਲੋ ਵਜ਼ਨ 'ਚ 4 ਫੁੱਟ 11 ਇੰਚ ਦੇ ਕੱਦ-ਕਾਠ ਨਾਲ 190 ਕਿਲੋ ਵਜ਼ਨ ਦਾ ਬਾਲਾ ਕੱਢ ਕੇ ਦੁਨੀਆ ਦੰਗ ਕਰ ਦਿੱਤੀ ਸੀ...!

"ਗੁਰਬਚਨ ਸਿੰਘ ਜਿੰਨਾ ਤਕੜਾ ਅਥਲੀਟ ਸੀ, ਓਨਾ ਹੀ ਤਕੜਾ ਗਾਲੜੀ।" ਇੱਕ ਸਮੇਂ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ...।

ਕਿਊਬਾ ਦਾ ਜੇਵੀਅਰ ਸੋਟੋਮੇਅਰ ਅਫਲਾਤੂਨ ਅਥਲੀਟ ਹੈ। ਉਹ 1990ਵਿਆਂ ਦਾ ਸਿਰਮੌਰ ਹਾਈ ਜੰਪਰ ਰਿਹਾ। ਉਸ ਨੇ 1993 ਵਿਚ 8 ਫੁੱਟ 1/4 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ...।

ਨੇਮਾਰ ਜੂਨੀਅਰ ਬ੍ਰਾਜ਼ੀਲ ਦਾ ਚਮਕਦਾ ਸਿਤਾਰਾ ਹੈ। ਸੈਂਟੋਸ ਕਲੱਬ ਉਹਦਾ ਪੰਘੂੜਾ ਸੀ। ਉਸ ਪੰਘੂੜੇ 'ਚੋਂ ਅਨੇਕ ਖਿਡਾਰੀ ਉਡਾਰ ਹੋਏ ਜਿਨ੍ਹਾਂ ਨੇ ਬ੍ਰਾਜ਼ੀਲ ਦੀਆਂ ਵਰਦੀਆਂ ਪਾ ਕੇ ਸਭ ਤੋਂ ਵੱਧ ਵਾਰ ਵਿਸ਼ਵ ਕੱਪ ਜਿੱਤੇ...।

ਸੁਰਜੀਤ ਸਿੰਘ ਹਾਕੀ ਦਾ ਜੁਝਾਰੂ ਫੁੱਲ ਬੈਕ ਸੀ। 1978 ਦੀਆਂ ਏਸ਼ਿਆਈ ਖੇਡਾਂ ਸਮੇਂ ਇੱਕ ਕੁਮੈਂਟੇਟਰ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਸੁਰਜੀਤ ਸਿੰਘ 'ਕੱਲਾ ਹੀ ਪੂਰੀ ਪਾਕਿਸਤਾਨੀ ਟੀਮ ਨੂੰ ਡੱਕੀ ਖੜ੍ਹਾ ਹੈ...!

ਨੀਰਜ ਕੁਮਾਰ ਚੋਪੜਾ ਭਾਰਤ ਦਾ 'ਗੋਲਡਨ ਬੁਆਏ' ਹੈ। ਅਥਲੈਟਿਕਸ ਵਿਚ ਉਹ ਭਾਰਤ ਦਾ ਪਹਿਲਾ ਓਲੰਪਿਕ ਚੈਂਪੀਅਨ ਬਣਿਆ...।

ਅਰਸ਼ਦ ਨਦੀਮ ਲਹਿੰਦੇ ਪੰਜਾਬ ਦਾ ਮਾਣ ਹੈ ਤੇ ਪਾਕਿਸਤਾਨ ਦੀ ਸ਼ਾਨ। ਉਹ ਨਵਾਂ ਓਲੰਪਿਕ ਚੈਂਪੀਅਨ ਬਣਨ ਨਾਲ 92.97 ਮੀਟਰ ਦਾ ਨਵਾਂ ਓਲੰਪਿਕ ਰਿਕਾਰਡ ਵੀ ਰੱਖ ਗਿਆ...।

ਮਹਿੰਦਰ ਸਿੰਘ ਕਮਾਲ ਦਾ ਟ੍ਰਿਪਲ ਜੰਪਰ ਹੈ। ਉਸ ਨੇ ਕੌਮੀ ਤੇ ਕੌਮਾਂਤਰੀ ਮੀਟਾਂ 'ਚੋਂ 100 ਤੋਂ ਵੱਧ ਮੈਡਲ ਜਿੱਤੇ। 52 ਮੈਡਲ ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚੋਂ ਗਲ਼ ਪੁਆਏ।

ਲੇਬਰਾਨ ਜੇਮਸ ਨੇ ਓਲੰਪਿਕ ਖੇਡਾਂ 'ਚੋਂ ਇੱਕ ਬਰਾਂਜ਼ ਤੇ ਤਿੰਨ ਗੋਲਡ ਮੈਡਲ ਜਿੱਤੇ। ਚਾਰ ਵਾਰ ਐੱਨਬੀਏ ਦੀ ਚੈਂਪੀਅਨਸ਼ਿਪ ਜਿੱਤੀ ਤੇ ਅੱਠ ਵਾਰ ਐੱਨਬੀਏ ਦੇ ਫਾਈਨਲ ਮੈਚ ਖੇਡਿਆ। 2005 ਤੋਂ 2024 ਤੱਕ ਵੀਹ ਵਾਰ ਐੱਨਬੀਏ ਦੀ ਆਲ ਸਟਾਰ ਟੀਮ 'ਚ ਚੁਣਿਆ ਗਿਆ...।

ਉੱਤਰੀ ਕੋਰੀਆ ਦਾ ਵਿਸ਼ਵ ਜੇਤੂ ਵੇਟਲਿਫਟਰ ਓਮ ਯੁਨ-ਚੋਲ ਹੁਣ ਸਰਗਰਮ ਭਾਰਚੁਕਾਵਾ ਨਹੀਂ ਰਿਹਾ, ਕੋਚ ਬਣ ਗਿਐ। 2015 ਵਿੱਚ ਉਸ ਨੇ 54 ਕਿਲੋ ਦੇ ਜੁੱਸੇ ਨਾਲ 171 ਕਿਲੋ ਵਜ਼ਨ ਦਾ ਬਾਲਾ ਕੱਢਿਆ। ਆਪਣੇ ਵਜ਼ਨ ਤੋਂ ਤਿੰਨ ਗੁਣਾਂ ਤੋਂ ਵੀ ਵੱਧ!

ਅਜੀਤਪਾਲ ਸਿੰਘ ਨੇ ਓਲੰਪਿਕ ਖੇਡਾਂ 'ਚੋਂ ਦੋ ਮੈਡਲ, ਵਿਸ਼ਵ ਹਾਕੀ ਕੱਪਾਂ 'ਚੋਂ ਤਿੰਨ ਤੇ ਏਸ਼ਿਆਈ ਖੇਡਾਂ 'ਚੋਂ ਦੋ ਮੈਡਲ ਜਿੱਤੇ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਓਲੰਪਿਕ ਖੇਡਾਂ ਵਿੱਚ ਭਾਰਤ ਦਾ ਚੀਫ ਡੀ ਮਿਸ਼ਨ ਬਣਾਇਆ ਗਿਆ...।

ਦੇਵੀ ਦਿਆਲ ਕਬੱਡੀ ਦਾ 'ਫਲਾਈਂਗ ਰੇਡਰ' ਸੀ। ਉਹ ਪਿੰਡੇ ਨੂੰ ਮਿੱਟੀ ਨਹੀਂ ਸੀ ਲੁਆਉਂਦਾ। ਜਦੋਂ ਰੇਡ ਪਾਉਂਦਾ, 'ਔਹ ਗਿਆ' 'ਔਹ ਗਿਆ' ਹੁੰਦੀ ਰਹਿੰਦੀ। 16 ਜਨਵਰੀ 2024 ਨੂੰ ਉਹ ਸੱਚਮੁੱਚ ਹੀ ਚਲਾ ਗਿਆ...।

ਚੀਨ ਦੀ ਲੀ ਵੈਂਨਵੈਂਨ ਵਿਸ਼ਵ ਦੀ ਸਰਬੋਤਮ ਵੇਟਲਿਫਟਰ ਹੈ। +87 ਕਿਲੋ ਵਜ਼ਨ ਵਿੱਚ ਉਸ ਨੇ 148 ਕਿਲੋ ਸਨੈਚ ਤੇ 187 ਕਿਲੋ ਦੀ ਕਲੀਨ ਐਂਡ ਜਰਕ ਨਾਲ ਕੁਲ 335 ਕਿਲੋ ਵਜ਼ਨ ਦੇ ਬਾਲੇ ਕੱਢੇ।

ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣਦੀ-ਬਣਦੀ ਰਹਿ ਗਈ। ਸੈਮੀ ਫਾਈਨਲ ਮੈਚ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਫਿਰ ਵੀ ਓਲੰਪਿਕ ਚੈਂਪੀਅਨ ਹੈ।

ਮਾਈਕਲ ਜੋਰਡਨ ਨੂੰ ਬਾਸਕਟਬਾਲ ਦਾ ਸਰਬੋਤਮ ਖਿਡਾਰੀ ਮੰਨਿਆ ਜਾਂਦੈ। ਉਸ ਨੇ 1984 ਤੋਂ 2003 ਦੌਰਾਨ ਸ਼ਿਕਾਗੋ ਬੁੱਲਜ਼ ਨੂੰ ਐੱਨਬੀਏ ਦੀਆਂ ਛੇ ਚੈਂਪੀਅਨਸ਼ਿਪਾਂ ਜਿਤਾਈਆਂ। ਪੰਜ ਵਾਰ ਐੱਮਵੀਏ ਯਾਨੀ ਸਭ ਤੋਂ ਮੁੱਲਵਾਨ ਖਿਡਾਰੀ ਹੋਣ ਦੇ ਅਵਾਰਡ ਮਿਲੇ। 2024 ਤੱਕ ਉਹ ਸਾਢੇ ਤਿੰਨ ਬਿਲੀਅਨ ਡਾਲਰ ਕਮਾ ਚੁੱਕੈ...।

ਪਹਿਲਾਂ ਮੈਂ ਉਨ੍ਹਾਂ ਪੰਜਾਬੀ ਖਿਡਾਰੀਆਂ ਬਾਰੇ ਲਿਖਿਆ ਜਿਨ੍ਹਾਂ ਨੇ ਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਤਗ਼ਮੇ ਜਿੱਤੇ। ਫਿਰ ਉਨ੍ਹਾਂ ਖਿਡਾਰੀਆਂ ਬਾਰੇ ਲਿਖਿਆ ਜਿਹੜੇ ਏਸ਼ਿਆਈ, ਕਾਮਨਵੈੱਲਥ ਜਾਂ ਓਲੰਪਿਕ ਖੇਡਾਂ ਦੇ ਚੈਂਪੀਅਨ ਬਣੇ। ਮੇਰੀਆਂ ਖੇਡ ਲਿਖਤਾਂ ਦੇ ਨਾਲ-ਨਾਲ ਦਰਜਨਾਂ ਹੋਰ ਖੇਡ ਲੇਖਕਾਂ ਨੇ ਵੀ ਸੈਂਕੜੇ ਖਿਡਾਰੀਆਂ ਬਾਰੇ ਲਿਖਿਆ। ਉਨ੍ਹਾਂ ਖੇਡ ਲੇਖਕਾਂ ਬਾਰੇ ਮੈਂ ਚਾਰ ਪੁਸਤਕਾਂ ਲਿਖੀਆਂ ਜਿਨ੍ਹਾਂ ਦੇ ਨਾਂ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਹਨ। 1966 ਤੋਂ ਸ਼ੁਰੂ ਹੋਈ ਮੇਰੀ ਖੇਡ ਲੇਖਣੀ ਦੀ ਦੌੜ ਅਜੇ ਜਾਰੀ ਹੈ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਹਾਲੇ ਬਹੁਤ ਕੁੱਝ ਰਹਿੰਦਾ ਹੈ। ਅਸੀਂ ਪੰਜਾਬ ਜਾਂ ਭਾਰਤ ਦੇ ਵੱਡੇ ਖਿਡਾਰੀਆਂ ਬਾਰੇ ਤਾਂ ਕਾਫੀ ਲਿਖ ਲਿਆ ਪਰ ਵਿਸ਼ਵ ਦੇ ਮਹਾਨ ਖਿਡਾਰੀਆਂ ਬਾਰੇ ਓਨਾ ਨਹੀਂ ਲਿਖ ਸਕੇ ਜੋ ਲਿਖਣਾ ਚਾਹੀਦਾ ਸੀ। ਉਨ੍ਹਾਂ ਖਿਡਾਰੀਆਂ ਬਾਰੇ ਪੜ੍ਹ ਕੇ ਹੀ ਪਤਾ ਲੱਗੇਗਾ ਕਿ ਦੁਨੀਆ ਕਿੱਥੋਂ ਕਿੱਥੇ ਪਹੁੰਚ ਗਈ ਤੇ ਅਸੀਂ ਕਿੱਥੇ ਹਾਂ?

ਅਜਿਹੇ ਸੱਠ ਕੁ ਖਿਡਾਰੀਆਂ ਦੇ ਸ਼ਬਦ ਚਿੱਤਰ ਮੈਂ ਛਪਵਾ ਦਿੱਤੇ ਹਨ। ਸੌ ਕੁ ਖਿਡਾਰੀਆਂ ਦੀ ਸੂਚੀ ਤਿਆਰ ਹੈ। ਸੰਭਵ ਹੈ ਦੂਜਾ ਸੈਂਕੜਾ ਸ਼ੁਰੂ ਕਰਨ ਦੇ ਰਾਹ ਵੀ ਪੈ ਜਾਵਾਂ। 'ਜੱਗ ਜੇਤੂਆਂ ਦੀ ਗਾਥਾ' ਦਾ ਤੀਜਾ ਭਾਗ ਆਸ ਹੈ ਅਗਲੇ ਸਾਲ ਛਪ ਜਾਵੇਗਾ। 'ਜੱਗ ਜੇਤੂਆਂ ਦੀ ਗਾਥਾ-ਦੁਨੀਆ ਦੇ ਮਹਾਨ ਖਿਡਾਰੀ' ਤੇ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਦੋਵੇਂ ਪੁਸਤਕਾਂ ਪੀਪਲਜ਼ ਫੋਰਮ ਬਰਗਾੜੀ ਵਾਲਿਆਂ ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਫੋਨ ਨੰਬਰ 98729-89313, 98767-10809 ਹਨ।

*-ਪ੍ਰਿੰ. ਸਰਵਣ ਸਿੰਘ*

# ਔਰਤ ਦੇ ਕਈ ਰੂਪਾਂ ਅਤੇ ਚਰਿੱਤਰਾਂ ਦਾ ਵਰਣਨ ਕਰਦਾ ਨਾਵਲ – 'ਕਰਮਾਂ ਵਾਲ਼ੀ ਧੀ'

## ਪੁਸਤਕ ਸਮੀਖਿਆ





**ਸ਼ਿਵਚਰਨ ਜੱਗੀ ਕੁੱਸਾ**
E-mail: jaggikussa@yahoo. de


ਨਾਵਲਾਂ ਦੀ ਨਿਰਪੱਖ ਸਮੀਖਿਆ ਕਰਦਿਆਂ ਮੈਂ ਕਈ ਵਾਰ ਉਨ੍ਹਾਂ 'ਮਹਾਂਰਥੀਆਂ' ਦੇ ਨਜ਼ਲੇ ਦਾ ਸ਼ਿਕਾਰ ਹੋਇਆ ਹਾਂ, ਜੋ ਹਰਨਾਕਸ਼ ਵਾਂਗ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ 'ਤੁਮ ਖ਼ੁਦਾ-ਤੁਮ ਖ਼ੁਦਾ' ਹੀ ਸੁਣਨਾ ਚਾਹੁੰਦੇ ਹਨ। ਸ਼ਾਇਦ ਮੇਰੀ ਬਗ਼ੈਰ ਕਿਸੇ ਸੁਆਰਥ, ਜਾਂ ਲੋਭ-ਲਾਲਚ ਦੇ ਕੀਤੀ ਸਮੀਖਿਆ ਨਾਲ਼ ਉਨ੍ਹਾਂ ਦੀ 'ਹੈਂਕੜ' ਨੂੰ 'ਠੇਸ' ਪਹੁੰਚਦੀ ਹੋਵੇ ਕਿ ਸਾਡੇ ਸਮੁੰਦਰ ਵਿਚ ਆ ਕੇ, ਅਤੇ ਸਾਨੂੰ ਮਗਰਮੱਛਾਂ ਨੂੰ ਤਿਲਾਂਜਲੀ ਦੇ ਕੇ, ਇਹ 'ਕਾਫ਼ਰ' 'ਗ਼ੈਰ ਕਬੀਲੇ' ਦੇ ਮਾਨਵ ਦੀ ਉਸਤਤ ਕਰ ਰਿਹਾ ਹੈ...? ਹੋ ਸਕਦਾ ਹੈ ਕਿ ਕੋਈ ਆਪਣਾ ਵਿਰੋਧ ਦਰਜ ਕਰਵਾਉਣ ਲਈ 'ਖਣਪੱਟੀ' ਲੈ ਕੇ ਵੀ ਪੈ ਜਾਵੇ...??

ਮੈਨੂੰ ਇੱਥੇ ਕਹਿਣ ਵਿਚ ਕੋਈ ਸੰਕੋਚ ਨਹੀਂ, ਕਿ ਗੁਰਚਰਨ ਸੱਗੂ ਦਾ ਹਥਲਾ ਨਾਵਲ 'ਕਰਮਾਂ ਵਾਲ਼ੀ ਧੀ' ਇਸ ਦਹਾਕੇ ਦਾ ਇੱਕ ਬਿਹਤਰੀਨ, ਅਲੌਕਿਕ ਅਤੇ ਵਿਲੱਖਣ ਨਾਵਲਾਂ ਵਿਚ ਗਿਣਿਆ ਜਾਣ ਵਾਲ਼ਾ ਨਾਵਲ ਹੈ। ਮੈਂ ਇਹੀ ਲਫ਼ਜ਼ ਕਦੇ ਸਵਰਗੀ ਬਾਪੂ ਜਸਵੰਤ ਸਿੰਘ ਕੰਵਲ ਦੇ ਨਾਵਲ 'ਤੋਸ਼ਾਲੀ ਦੀ ਹੰਸੋ' ਅਤੇ ਮਰਹੂਮ ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਲਈ ਵੀ ਵਰਤੇ ਸਨ। ਕਈ ਸ਼ਾਇਦ ਹੁਣ ਵੀ ਸਿੰਗ ਮਿੱਟੀ ਚੁੱਕਣ, ਕਿ ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਵਰਗੇ ਪ੍ਰੌੜ ਨਾਵਲਕਾਰਾਂ ਨਾਲ ਇਸ ਲੇਖਕ ਦੀ ਬਰਾਬਰੀ ਕਿਉਂ...? ਉਹ ਇਸ ਲਈ, ਕਿ ਤੁਸੀਂ ਮੁਰਦਿਆਂ ਨੂੰ ਪੂਜਣ ਵਾਲ਼ੇ ਹੋ, ਅਤੇ ਮੈਂ ਜਿਉਂਦੇ ਜੀਆਂ ਦੀ ਕਦਰ ਕਰਨਾ ਆਪਣਾ ਫ਼ਰਜ਼ ਸਮਝਦਾ ਅਤੇ ਮੰਨਦਾ ਹਾਂ। ਤੁਸੀਂ ਕਦੇ ਪੱਖਪਾਤ, ਨਫ਼ਰਤ, ਠਿੱਬੀ ਲਾਉਣ ਅਤੇ ਇੱਕ-ਦੂਜੇ ਦਾ ਝੱਗਾ ਪਾੜ ਕੇ ਅੱਗੇ ਲੰਘਣ ਦੀ ਦੌੜ ਵਾਲ਼ੀ ਪੰਜਾਲ਼ੀ ਵਿਚੋਂ ਆਪਣੀ 'ਸਿਰੀ' ਬਾਹਰ ਕੱਢ ਕੇ ਤਾਂ ਦੇਖੋ, ਕਿ ਦੁਨੀਆਂ ਕਿੰਨੀ ਹੁਸੀਨ ਅਤੇ ਪਰ੍ਹੇ ਤੋਂ ਪਰ੍ਹੇ ਪਈ ਹੈ। ਜੇ ਦੁੱਖਾਂ ਤਕਲੀਫ਼ਾਂ ਤੋਂ ਲੈ ਕੇ ਪ੍ਰਮਾਰਥ ਤੱਕ ਦਾ ਸਫ਼ਰ ਕਰਨਾ ਹੈ, ਤਾਂ ਤੁਹਾਨੂੰ ਗੁਰਚਰਨ ਸੱਗੂ ਦਾ ਇਹ ਨਾਵਲ ਪੜ੍ਹਨਾ ਪਵੇਗਾ। ਉੱਤਰ ਤੁਹਾਨੂੰ ਆਪਣੇ ਆਪ ਹੀ ਮਿਲ਼ ਜਾਵੇਗਾ।

ਇਹ ਨਾਵਲ ਇੱਕ ਬਦਕਿਸਮਤ ਲੜਕੀ 'ਕਰਮੀ' ਦੇ ਦੁਆਲ਼ੇ ਘੁੰਮਦਾ ਹੈ, ਜਿਸ ਦਾ ਪਤੀ ਬਹੁਤ ਹੀ ਖ਼ਤਰਨਾਕ ਅਤੇ ਘਾਤਕ ਬਿਮਾਰੀ 'ਬਾਈਪੋਲਰ ਡਿਸਔਰਡਰ' ਨਾਲ਼ ਪੀੜਤ ਹੈ ਅਤੇ ਆਪਣੀ ਪਤਨੀ ਕਰਮੀ ਉਪਰ ਅਥਾਹ ਸਰੀਰਕ ਅਤੇ ਮਾਨਸਿਕ ਜ਼ੁਲਮ ਕਰਦਾ ਹੈ। 'ਕਰਮਾਂ ਵਾਲ਼ੀ ਧੀ' ਨਾਮ ਉਸ ਦੇ ਬਾਪ ਨੇ ਹੀ ਰੱਖਿਆ ਸੀ, ਜਦ ਉਸ ਦੇ ਜਨਮ ਤੋਂ ਬਾਅਦ ਘਰ ਵਿਚ ਪੈਸਾ ਹੀ ਪੈਸਾ 'ਵਰ੍ਹਨਾਂ' ਸ਼ੁਰੂ ਹੋ ਗਿਆ ਸੀ। ਪਰ ਬਾਅਦ ਵਿਚ ਉਹ ਇਸ ਨਾਮ ਬਾਰੇ ਆਪਣੇ ਬਾਪ ਨੂੰ ਸੁਆਲ ਕਰਦੀ ਹੈ, 'ਕਿਉਂ ਮੇਰਾ ਨਾਂ ਕਰਮਾਂ ਵਾਲ਼ੀ ਰੱਖਿਆ...? ਮੈਂ ਤਾਂ ਨਿਕਰਮਣ ਹਾਂ...! ਨਿਕਰਮਣ...!!' ਗੁਰਚਰਨ ਸੱਗੂ ਦਾ ਨਾਵਲ ਪੜ੍ਹਦਿਆਂ ਮੈਨੂੰ ਕਿਸੇ ਬੁੱਧੀਜੀਵੀ ਦਾ ਕਥਨ ਯਾਦ ਆਉਂਦੈ, 'ਇੱਕ ਮਜ਼ਬੂਤ ਔਰਤ ਬਣਨ ਲਈ ਤੁਹਾਨੂੰ ਮਰਦਾਨਾ ਕਿਰਦਾਰ ਨਿਭਾਉਣ ਦੀ ਲੋੜ ਨਹੀਂ ਹੈ। ਔਰਤਾਂ ਜਦ ਆਪਣੀਆਂ ਕਮਜ਼ੋਰੀਆਂ ਨਾਲ਼ 'ਲੈਸ' ਹੁੰਦੀਆਂ ਨੇ, ਤਾਂ ਉਹ ਕਦੇ ਵੀ ਤਾਕਤਵਰ ਨਹੀਂ ਹੁੰਦੀਆਂ।'

ਕਰਮੀਅਜਿਹੀ ਕੁੜੀ, ਜਿਸ ਨੂੰ ਨਾ ਆਪਣਿਆਂ ਨੇ, ਤੇ ਨਾ ਕਦੇ ਕਿਸਮਤ ਨੇ ਹੀ ਵਫ਼ਾ ਕੀਤਾ। ਉਸ ਦੇ ਦੁੱਖਾਂ ਦੀ ਚਰਮ ਸੀਮਾ ਤਾਂ ਉਸ ਵੇਲ਼ੇ ਅਸਮਾਨ ਛੂਹ ਜਾਂਦੀ ਹੈ, ਜਦ ਲੰਡਨ ਰਵਾਨਗੀ ਸਮੇਂ ਉਸ ਦੇ ਆਪਣੇ ਹੀ ਉਸ ਦਾ ਬੱਚਾ ਖੋਹ ਲੈਂਦੇ ਹਨ ਅਤੇ ਉਸ ਬੱਚੇ ਦਾ ਵਿਛੋੜਾ ਉਸ ਨੂੰ ਸਾਰੀ ਉਮਰ ਕੌਡੀਆਂ ਵਾਲ਼ੇ ਸੱਪ ਵਾਂਗ ਡੰਗਦਾ ਰਹਿੰਦਾ ਹੈ। ਉਸ ਨੂੰ ਥਾਂ-ਥਾਂ ਧੱਕੇ ਨਸੀਬ ਹੁੰਦੇ ਹਨ, ਪੈਰ-ਪੈਰ 'ਤੇ ਹਾਦਸਾ ਇੱਟ ਵਾਂਗ ਮੱਥੇ ਵੱਜਦੈ, ਪਰ ਉਸ ਦਾ ਹੌਸਲਾ ਹੀ ਇਤਨਾ ਫ਼ੌਲਾਦੀ ਹੈ, ਕਿ ਉਹ ਫ਼ਿਰ ਵੀ ਜ਼ਿੰਦਗੀ ਦਾ ਪੰਧ ਮਾਰਨ ਲਈ ਲਹੂ-ਲੁਹਾਣ ਆਤਮਾ ਨੂੰ ਸਬਰ ਅਤੇ ਆਸ ਦੇ ਪੱਲੇ ਨਾਲ਼ ਸਾਫ਼ ਕਰ ਕੇ ਅੱਗੇ ਤੁਰ ਪੈਂਦੀ ਹੈ।




ਗੁਰਚਰਨ ਸੱਗੂ ਦੀ ਲਿਖਣ ਕਲਾ ਵਿਚ ਰਵਾਨਗੀ ਹੈ, ਸਹਿਜ ਹੈ, ਜੋ ਬਹੁਤ ਘੱਟ ਲੇਖਕਾਂ ਦੇ ਹਿੱਸੇ ਆਉਂਦਾ ਹੈ। ਉਹ ਕਰਮੀ ਦੇ ਬਦ ਤੋਂ ਬਦਤਰ ਹਾਲਾਤਾਂ ਨਾਲ਼ ਗੁੱਥਮ-ਗੁੱਥਾ ਹੁੰਦਾ ਹੋਇਆ ਵੀ ਆਪਣਾ ਜ਼ਾਬਤਾ ਬਣਾਈ ਰੱਖਦਾ ਹੈ, ਖ਼ੁਦ ਕਿਤੇ ਉਲਾਰ ਨਹੀਂ ਹੁੰਦਾ ਅਤੇ ਨਾ ਹੀ ਆਪਣੀਆਂ ਖ਼ੂਨੋਂ-ਖ਼ੂਨ ਭਾਵਨਾਵਾਂ ਦੀ ਪਟਾਰੀ ਖਿੱਲਰਨ ਦਿੰਦੈ, ਸਗੋਂ ਕਹਾਣੀ ਅਤੇ ਜਜ਼ਬਾਤਾਂ ਦੇ ਵਹਿਣ ਦਾ ਸੰਤੁਲਨ ਬਰਕਰਾਰ ਰੱਖਦਾ ਹੈ। ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਇੱਕ ਅਖ਼ਬਾਰੀ ਇਸ਼ਤਿਹਾਰ ਦੀ ਪੌੜੀ ਚੜ੍ਹ ਕਰਮੀ ਇੱਕ ਅਮਰਜੀਤ ਨਾਂ ਦੇ ਵਿਅਕਤੀ ਨਾਲ਼ 'ਨੇੜਤਾ' ਗੰਢਦੀ ਹੈ, ਪਰ ਕਿਸਮਤ ਫ਼ਿਰ ਵੀ ਉਸ ਨੂੰ ਡਾਹ ਨਹੀਂ ਦਿੰਦੀ ਅਤੇ ਅਮਰਜੀਤ ਇੱਕ ਘਾਤਕ ਬਿਮਾਰੀ ਦਾ ਸ਼ਿਕਾਰ ਹੋਣ ਕਾਰਨ ਕਰਮੀ ਦੇ ਬੁਣੇ ਹੁਸੀਨ ਸੁਪਨਿਆਂ ਦਾ ਭੋਗ ਪੈ ਜਾਂਦਾ ਹੈ। ਚਾਹੇ ਕਰਮੀ ਦੀ ਜ਼ਿੰਦਗੀ ਦੇ ਰਸਤੇ ਵਿਚ ਹਰ ਮੋੜ 'ਤੇ ਔਕੜਾਂ ਆਉਂਦੀਆਂ ਹਨ, ਪਰ ਉਹ ਹੌਸਲਾ ਨਹੀਂ ਹਾਰਦੀ ਅਤੇ ਹਰ ਔਕੜ ਨੂੰ ਠੁੱਡ ਮਾਰ ਕੇ ਅਗਲੀ ਔਕੜ ਦਾ ਹੰਕਾਰ ਤੋੜਨ ਲਈ ਸਾਹਸ ਨਾਲ਼ ਅੱਗੇ ਵਧਦੀ ਹੈ। ਪਰ ਇੱਕ ਗੱਲ ਉਸ ਨੂੰ ਘਰੇਲੂ ਹਿੰਸਾ ਨਾਲ਼ੋਂ ਵੀ ਜ਼ਿਆਦਾ ਅਵਾਜ਼ਾਰ ਕਰਦੀ ਹੈ, ਜਦ ਸਾਹਮਣੇ ਰਹਿੰਦੀ ਇੱਕ ਚਤਰ ਜਿਹੀ ਆਂਟੀ ਉਸ ਦਾ ਰਿਸ਼ਤਾ ਆਪਣੇ ਉਮਰ ਹੰਢਾਈ ਬੈਠੇ ਬੇਟੇ ਨਾਲ਼ ਕਰਨਾ ਚਾਹੁੰਦੀ ਹੈ, ਜੋ ਇੰਡੀਆ ਬੈਠਾ ਹੈ। ਉਥੇ ਕਰਮੀ ਅੰਦਰੇ-ਅੰਦਰ ਆਪਣੀ ਕਿਸਮਤ 'ਤੇ ਝੁਰਦੀ ਅਤੇ ਇਨ੍ਹਾਂ ਸੁਆਰਥੀ ਲੋਕਾਂ 'ਤੇ ਮੁਸਕੁਰਾਉਂਦੀ ਕਿਸੇ ਚਿਖ਼ਾ ਵਾਂਗ ਹਉਕਾ ਭਰਦੀ ਹੈ। ਜਿਵੇਂ ਇੱਕ ਪਸ਼ੂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਾ, ਮੌਤ ਨਾਲ਼ ਜੂਝਦਾ ਹੁੰਦਾ ਹੈ, ਅਤੇ ਹੱਡਾਂਰੋੜੀ ਵਾਲ਼ੇ ਰੰਬੀਆਂ ਚੁੱਕੀ ਉਸ ਦੇ ਮਰਨ ਦੀ ਉਡੀਕ ਕਰ ਰਹੇ ਹੁੰਦੇ ਨੇ, ਕਿ ਕਦ ਮਰੇ, ਅਤੇ ਕਦੋਂ ਇਸ ਦੀ ਖੱਲ ਲਾਹ ਕੇ ਵੇਚੀਏ। ਇਹ ਦੁਨੀਆਂ ਵੀ ਇਨ੍ਹਾਂ ਨਕਸ਼ੇ ਕਦਮਾਂ 'ਤੇ ਚੱਲਦੀ ਹੈ, ਕਿਸੇ ਦੇ ਦੁਖ-ਸੁਖ ਦੀ ਦਿਲੋਂ ਭਾਈਵਾਲ਼ ਨਹੀਂ। ਬੱਸ ਲਾਹਾ ਲੈਣ ਦੀ 'ਤਾਕ' ਵਿਚ ਹੀ ਰਹਿੰਦੀ ਹੈ। ਉਸ ਦਾ ਧੱਕੇ ਨਾਲ਼ ਕੀਤਾ 'ਨਰੜ' ਅਤੇ ਆਪਣੇ ਸੁਆਰਥ ਨੂੰ ਮੁੱਖ ਰੱਖ ਕੇ ਪੱਲੇ ਪਾਇਆ ਮਾਨਸਿਕ ਰੋਗੀ ਪਤੀ ਕਿਵੇਂ ਉਸ ਨੂੰ ਨਿੱਕੀ-ਨਿੱਕੀ ਗੱਲ ਤੋਂ ਕੁੱਟ ਕੇ ਮੱਛੀਓਂ ਮਾਸ ਕਰਦਾ ਅਤੇ ਮਾਨਸਿਕ ਤਸ਼ੱਦਦ ਦੀ ਅੱਗ ਵਿਚ ਝੋਕਦਾ ਹੈ, ਪੜ੍ਹ ਕੇ ਬੰਦੇ ਦੀ ਰੂਹ ਕੰਬ ਉਠਦੀ ਹੈ। ਚਾਹੇ ਇਹ ਨਾਵਲ 'ਘਰੇਲੂ ਕਲੇਸ਼' ਦੁਆਲ਼ੇ ਘੁੰਮਦਾ ਹੈ, ਇਸ ਨੂੰ ਪੜ੍ਹ ਕੇ ਬੰਦਾ ਕਈ ਜਗਾਹ ਅਸ਼ਾਂਤ ਅਤੇ ਬੇਚੈਨ ਵੀ ਹੁੰਦਾ ਹੈ, ਪਰ ਜਦ ਰਾਣੀ, ਰੀਟਾ ਅਤੇ ਅਨੀਤਾ ਜਿਹੀਆਂ ਸਤਿਯੁਗੀ ਅਤੇ ਹਮਦਰਦ ਔਰਤਾਂ ਦੀ ਹਾਜ਼ਰੀ ਲੱਗਦੀ ਹੈ, ਤਾਂ ਪਾਠਕ ਕਾਫ਼ੀ ਹੱਦ ਤੱਕ 'ਸਾਂਅਵਾਂ' ਅਤੇ ਸੁਖ਼ਾਲ਼ਾ ਹੋ ਕੇ ਸੋਚਦਾ ਹੈ, ਕਿ ਜੇ ਪੰਜ ਉਂਗਲ਼ਾਂ ਇੱਕੋ ਜਿਹੀਆਂ ਨਹੀਂ, ਤਾਂ ਸਾਰੀ ਦੁਨੀਆਂ ਵੀ ਲਹੂ ਪੀਣੀ, ਕਮੀਨੀ ਅਤੇ ਮਤਲਬੀ ਨਹੀਂ।

ਸੱਗੂ ਇਸ ਨਾਵਲ ਦੇ ਅਖੀਰ ਵਿਚ ਇੱਕ ਅਧਿਆਤਮਕ ਨਿਚੋੜ ਕੱਢਦਾ ਹੈ; ਇਨਸਾਨ ਦੇ ਹਰ ਦੁੱਖ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਅਤੇ ਹਰ ਦੁੱਖ ਤੋਂ ਛੁਟਕਾਰਾ ਪਾਉਣ ਲਈ ਕੋਈ ਨਾ ਕੋਈ ਰਸਤਾ ਵੀ ਬਣ ਜਾਂਦਾ ਹੈ...। ਅੱਗੇ ਜਾ ਕੇ ਉਹ ਲਿਖਦਾ ਹੈ; ਇਨਸਾਨ ਦੀ ਸਿਰਫ਼ ਸਰੀਰਕ ਪੱਖੋਂ ਮੌਤ ਹੁੰਦੀ ਹੈ, ਆਤਮਾ ਕਦੇ ਮਰਦੀ ਨਹੀਂ...।

ਨਾਵਲ ਦੀ ਸਿਖਰ ਉਪਲੱਬਧੀ ਇਹ ਹੈ, ਜਦੋਂ ਨਾਵਲ ਦੇ ਅਖੀਰ ਵਿਚ ਮ੍ਰਿਤਕ ਪਾਤਰ ਅਮਰਜੀਤ, ਕਰਮੀ ਨੂੰ, ਜਾਂ ਕਹੋ ਕਰਮੀ ਦੀ 'ਰੂਹ' ਨੂੰ ਬ੍ਰਹਿਮੰਡ ਵਿਚ ਲੈ ਜਾਂਦਾ ਹੈ ਅਤੇ ਉਸ ਨੂੰ ਸੂਫ਼ੀ, ਸੰਤ, ਫ਼ਕੀਰਾਂ, ਔਲੀਆਂ ਅਤੇ ਹੋਰ ਰੱਬੀ ਰੂਹਾਂ ਦੇ ਦਰਸ਼ਨ ਕਰਵਾਉਂਦਾ ਹੈ।...ਪਰ ਜਦ ਅਚਨਚੇਤ ਉਸ ਦੀ ਅੱਖ ਖੁੱਲ੍ਹਦੀ ਹੈ, ਤਾਂ ਉਹ ਮੁੜ ਆਪਣੇ ਆਪ ਨੂੰ ਧਰਤੀ 'ਤੇ ਮਹਿਸੂਸ ਕਰਦੀ ਹੈ। ਹੁਣ ਜਿਵੇਂ ਉਸ ਕੋਲ਼ੋਂ ਬਹੁਤ ਕੁਝ 'ਖੁੱਸ' ਗਿਆ ਸੀ। ਨਾ ਉਸ ਨਾਲ਼ ਅਮਰਜੀਤ ਸੀ, ਅਤੇ ਨਾ ਹੀ ਉਹ ਰੱਬੀ ਰੂਹਾਂ, ਜਿਨ੍ਹਾਂ ਦੇ ਉਹ ਥੋੜ੍ਹੀ ਦੇਰ ਪਹਿਲਾਂ ਦਰਸ਼ਨ ਕਰ ਕੇ ਨਿਹਾਲ ਹੋ ਰਹੀ ਸੀ। ਦੁੱਖ ਦੇ ਸਮੇਂ ਰੱਬ ਦੀ ਹੋਂਦ ਤੋਂ ਮੁਨਕਰ ਕਰਮੀ ਹੁਣ ਰੱਬ ਨੂੰ, ਬ੍ਰਹਿਮੰਡ ਨੂੰ 'ਆਪਣਾ' ਮਹਿਸੂਸ ਕਰ ਰਹੀ ਸੀ। ਦੁਨਿਆਵੀ ਨਰਕਾਂ ਤੋਂ ਪ੍ਰਮਾਰਥ ਦੇ ਸਵਰਗ ਤੱਕ ਦੇ ਸਫ਼ਰ ਦੀ ਕਹਾਣੀ ਦਾ ਬਿਰਤਾਂਤ ਸਿਰਜਦਾ ਇਹ ਨਾਵਲ 'ਕਰਮਾਂ ਵਾਲ਼ੀ ਧੀ' ਸਫ਼ਲ ਅਤੇ ਬੇਹੱਦ ਭਾਵੁਕ ਨਾਵਲ ਹੈ, ਜਿਸ ਦੀਆਂ ਸਾਹਿਤਕ ਸੱਥਾਂ ਵਿਚ ਦੇਰ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ। ਕਈ ਵਿਧਾਵਾਂ ਵਿਚ ਢਾਲ਼ੇ ਇਸ ਰੌਚਕ ਨਾਵਲ ਲਈ ਮੈਂ ਗੁਰਚਰਨ ਸੱਗੂ ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ। ਆਸ ਹੈ ਸਾਡੇ ਸਾਹਿਤਕ 'ਮਹਾਂਰਥੀ' ਆਪਣੀਆਂ ਅੱਖਾਂ ਤੋਂ ਪੱਖਪਾਤੀ ਅਤੇ ਧੜੇਬੰਦੀ ਦੀ ਕਾਲ਼ੀ ਪੱਟੀ ਉਤਾਰ ਕੇ ਅਜਿਹੇ ਨਾਵਲਾਂ ਉਪਰ ਵੀ ਆਪਣੀ ਦ੍ਰਿਸ਼ਟੀ ਪਾਉਣਗੇ।

ਵਿਅੰਗ

# 'ਹੁਣ 'ਜੰਗਲੀ' ਮੁਰਗੇ ਨੂੰ ਸਿਆਸੀ ਤੜਕਾ'

ਅਜੇ 'ਸਮੋਸਾ ਸਕੈਮ' ਦਾ 'ਪੁਲੀਟੀਕਲੀ ਤਲਿਆ' ਜਾਣਾ ਮਸੀਂ ਕੁਝ ਮੱਠਾ ਪਿਆ ਸੀ ਕਿ ਹਿਮਾਚਲ ਵਿਚ ਬਰਫੀਲੀ ਪਹਾੜੀ ਠੰਢ ਵਧਣ ਨਾਲ 'ਜੰਗਲੀ ਮੁਰਗੇ' ਨੂੰ ਪੂਰੇ ਸੇਕ 'ਤੇ 'ਸਿਆਸੀ ਤੜਕਾ' ਲਗਾਏ ਜਾਣ ਦੀ ਗਰਮੀ ਵਧਣ ਲਗ ਪਈ ਹੈ! ਸਾਡੇ ਇਸ ਗੁਆਂਢੀ ਸੂਬੇ ਵਿਚ 'ਜੰਗਲੀ ਮੁਰਗੇ' ਨੂੰ ਖੂਬ ਮਿਰਚ ਮਸਾਲਾ ਲਾਇਆ ਜਾ ਰਿਹਾ ਹੈ, ਜਿਸ ਕਾਰਨ ਕਈਆਂ ਦੇ ਮਿਰਚਾਂ ਲੜ ਰਹੀਆਂ ਹਨ ਅਤੇ ਕਈ ਮੁਰਗੇ ਦੀ ਕਰਾਰੀ-ਕਰਾਰੀ ਤਰਕਾਰੀ ਤੇ ਸੰਘੀਆਂ ਦੇ ਸੁਆਦ ਨਾਲ ਚਟਖਾਰੇ ਲੈ ਰਹੇ ਹਨ!



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਗੱਲ ਦਰਅਸਲ ਇੱਕ ਫਿਕਰੇ ਤੋਂ ਤੁਰੀ-"ਇਨ ਕੋ ਦੋ ਜੰਗਲੀ ਮੁਰਗਾ, ਹਮੇਂ ਥੋੜੀ ਖਾਨਾ ਹੈ"। ਇਹ ਗੱਲ ਕਿਸੇ 'ਲੱਲੀ-ਛੱਲੀ' ਨੇ ਨਹੀਂ ਸੀ ਕਹੀ ਸਗੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਹੀ ਸੀ। ਆਹ ਲੰਘੇ ਸ਼ੁਕਰਵਾਰ (13 ਦਸੰਬਰ) ਦੀ ਤਾਂ ਗੱਲ ਹੈ, ਸ਼ਿਮਲਾ ਜ਼ਿਲ੍ਹੇ ਦੇ ਟਿੱਕਰ/ਕੁਪਵੀ ਇਲਾਕੇ ਦੀ। ਮੁੱਖ ਮੰਤਰੀ ਆਪਣੇ ਸਾਥੀ ਸਿਹਤ ਮੰਤਰੀ ਅਤੇ ਹੋਰ ਅਮਲੇ ਫੈਲੇ ਨਾਲ ਉਸ ਇਲਾਕੇ ਵਿਚ 'ਸਰਕਾਰ ਗਾਉਂ ਕੇ ਦਵਾਰ' ਪ੍ਰੋਗਰਾਮ ਤਹਿਤ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਗਏ ਸਨ ਕਿ ਆਪ ਮੁਸ਼ਕਲ ਵਿਚ ਫਸ ਗਏ। 'ਸਿਹਤ ਮੰਤਰੀ' ਦੀ ਸਿਹਤ ਦਾ ਖਿਆਲ ਰਖਦਿਆਂ ਅਤੇ ਮੁੱਖ ਮੰਤਰੀ ਪ੍ਰਤੀ ਉਚੇਚੀ ਪ੍ਰਾਹੁਣਚਾਰੀ ਦਰਸਾਉਂਦਿਆਂ ਇਲਾਕਾ ਨਿਵਾਸੀਆਂ ਵਲੋਂ 'ਜੰਗਲੀ ਮੁਰਗਾ' (ਜਾਂ ਦੇਸੀ ਮੁਰਗਾ) ਖਾਣੇ ਵਿਚ ਪ੍ਰੋਸਿਆ ਗਿਆ। ਪਹਾੜਾਂ ਵਿਚ ਠੰਢ ਵੀ ਵਧੇਰੇ ਪੈਂਦੀ ਹੈ, ਸੋ ਗਰਮ ਹੋਣ ਲਈ ਮੁਰਗ-ਮੁਸੱਲਮ ਤਾਂ ਚਲਦਾ ਈ ਐ। ਪਹਾੜਾਂ 'ਚ ਹੀ ਕਿਉਂ, ਸਾਡੇ ਮੈਦਾਨੀ ਇਲਾਕਿਆਂ ਵਿਚ ਵੀ ਖਾਸ ਮਹਿਮਾਨ/ਪ੍ਰਾਹੁਣਾ ਆ ਜਾਣ 'ਤੇ ਨਗਰ-ਖੇੜਿਆਂ/ ਪਿੰਡਾਂ-ਥਾਵਾਂ 'ਤੇ ਘਰ ਦਾ ਮੁਰਗਾ ਬਣਾਉਣ ਦਾ ਰਿਵਾਜ ਰਿਹੈ (ਹੋ ਸਕਦੈ ਹੁਣ ਵੀ ਹੋਵੇ)। ਜਵਾਈ-ਭਾਈ, ਜਿਸ ਨੂੰ ਪਹਿਲਾਂ ਪਿੰਡਾਂ 'ਚ 'ਪ੍ਰਾਹੁਣਾ' ਕਿਹਾ ਜਾਂਦਾ ਸੀ, ਦੇ ਆਉਣ 'ਤੇ ਤਾਂ ਪੱਕਾ ਦੇਸੀ ਮੁਰਗਾ ਧਰਿਆ ਜਾਂਦਾ ਸੀ। ਪਹਿਲੇ ਵੇਲਿਆਂ 'ਚ ਘਰਾਂ ਵਿਚ ਕੁੱਕੜ-ਕੁਕੜੀਆਂ ਆਮ ਰੱਖੇ ਜਾਂਦੇ ਸਨ। ਇੱਕ ਤਾਂ ਘਰ ਦੇ ਆਂਡੇ ਹੋ ਜਾਂਦੇ ਸਨ, ਦੂਜਾ ਆਂਡੇ ਵੇਚਣ ਨਾਲ ਕੁਝ ਕਮਾਈ ਵੀ ਹੋ ਜਾਂਦੀ ਸੀ। ਇੱਕ ਪੰਥ ਦੋ ਕਾਜ (ਸਗੋਂ ਤਿੰਨ ਕਾਜ) ਵਾਂਗ ਰੁੱਫੜ/ਭਣਵਈਆ/ਜਵਾਈ ਆਉਣ 'ਤੇ ਘਰ ਦਾ ਦੇਸੀ ਕੁੱਕੜ ਧਰਿਆ ਜਾਂਦਾ ਸੀ। ਤੇ ਨਾਨਾ/ਮਾਮਾ ਆਉਣ 'ਤੇ ਵੀ, ਕਿਉਂਕਿ 'ਸਾਰੀ ਖੁਦਾਈ ਇਕ ਤਰਫ ਜੋਰੂ ਕਾ ਭਾਈ ਇਕ ਤਰਫ'। ਲਗਭਗ ਹਰ ਘਰ/ਹਵੇਲੀ 'ਚ ਇੱਕ ਖੁੱਡਾ ਜ਼ਰੂਰ ਹੁੰਦਾ ਸੀ ਜਿਸ ਵਿਚ ਰਾਤ ਨੂੰ ਮੁਰਗੇ-ਮੁਰਗੀਆਂ ਡੱਕੇ ਜਾਂਦੇ ਸਨ।

ਸੁੱਖੂ ਜੀ ਵਾਲੇ ਮਾਮਲੇ 'ਚ ਇੱਕ ਬਹੁਤ ਹੀ ਵਿਸ਼ੇਸ਼ ਵਿਅਕਤੀ (ਵੀ.ਵੀ.ਆਈ.ਪੀ.) ਵਲੋਂ ਇੱਕ 'ਨਿਮਾਣੇ' ਪਿੰਡ ਨੂੰ ਨਿਵਾਜਣਾ ਸੀ, ਭਾਵ 'ਕੀੜੀ ਘਰ ਨਰੈਣ ਆਉਣ' ਵਰਗੀ ਘਟਨਾ। ਸੋ, ਪ੍ਰਾਹੁਣਚਾਰੀ 'ਚ ਉਚੇਚ ਤਾਂ ਹੋਣੀ ਹੀ ਸੀ।

ਤੇ ਭਾਜਪਾ ਨੇ ਸੁੱਖੂ ਉਪਰ ਭਰਵਾਂ ਸਿਆਸੀ ਵਾਰ ਕਰ ਦਿਤਾ। ਲਗਦੈ ਭਾਜਪਾ ਤਾਂ ਇਸ ਉਡੀਕ ਵਿਚ ਈ ਰਹਿੰਦੀ ਐ ਕਿ ਕਦ ਸੁੱਖੂ ਕੋਈ ਖਾਣ-ਪੀਣ ਦੀ ਗਲਤੀ ਕਰੇ ਤੇ ਕਦ ਉਹ ਉਸ ਨੂੰ ਘੇਰੇ। ਭਾਜਪਾ ਨੇਤਾਵਾਂ ਨੇ ਸੁੱਖੂ ਦੀ ਇਸ ਦਾਅਵਤ ਵਿਚਲੀ ਗੱਲਬਾਤ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਉਪਰੰਤ ਆਪਣੇ ਸਿਆਸੀ ਤੀਰ ਦਾਗਣੇ ਸ਼ੁਰੂ ਕਰ ਦਿਤੇ। ਵਿਰੋਧੀ ਧਿਰ ਦੇ ਨੇਤਾ ਅਤੇ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਸਮੇਤ ਹੋਰ ਭਾਜਪਾ ਆਗੂਆਂ ਨੇ ਹੋ-ਹੱਲਾ ਮਚਾ ਦਿੱਤਾ ਕਿ ਵਾਈਲਡ-ਲਾਈਫ ਕਾਨੂੰਨ ਤਹਿਤ ਸੁਰੱਖਿਅਤ 'ਜੰਗਲੀ ਮੁਰਗਾ' ਮੁੱਖ ਮੰਤਰੀ ਦੀ ਪਾਰਟੀ ਵਿਚ ਸਰਵ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਾ ਸਿਰਫ 'ਜੰਗਲੀ ਮੁਰਗਾ' ਪ੍ਰੋਸਿਆ ਗਿਆ ਬਲਕਿ ਇਹ 'ਮੈਨਿਊ' ਉਪਰ ਦਰਜ ਵੀ ਕੀਤਾ ਗਿਆ। ਮੁੱਖ ਮੰਤਰੀ ਆਪਣੇ ਸਾਥੀਆਂ ਨੂੰ ਇਹ ਮੁਰਗਾ ਖਾਣ ਲਈ ਉਤਸ਼ਾਹਿਤ ਕਰਦੇ ਸੁਣੇ ਗਏ ਜਦ ਕਿ ਇਹ ਪ੍ਰਜਾਤੀ 'ਵਾਈਲਡ ਲਾਈਫ ਪਰੋਟੈਕਸ਼ਨ ਐਕਟ 1972 ਅਤੇ 2022 'ਚ ਸੋਧੇ ਹੋਏ ਇਸ ਕਾਨੂੰਨ ਤਹਿਤ ਸੁਰੱਖਿਅਤ ਸ਼੍ਰੇਣੀ ਵਿਚ ਆਉਂਦੀ ਹੈ। ਇਕ ਸਵੈ-ਸੇਵੀ ਸੰਸਥਾ ਨੇ ਤਾਂ ਜੰਗਲਾਤ ਮਹਿਕਮੇ ਦੇ ਅਧਿਕਾਰੀਆਂ ਕੋਲ ਲਿਖਤੀ ਸ਼ਿਕਾਇਤ ਵੀ ਕਰ ਮਾਰੀ। ਇਕ ਵਿਰੋਧੀ ਨੇਤਾ ਨੇ ਸੁੱਖੂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਬਸ ਜਿੰਨੇ ਮੂੰਹ ਓਨੀਆਂ ਗੱਲਾਂ!

ਸੁੱਖੂ ਨੇ ਆਪ ਤਾਂ ਮੁਰਗਾ ਖਾਧਾ ਨਹੀਂ ਪਰ ਵਿਰੋਧੀ ਸਕੂਲ ਮਾਸਟਰਾਂ ਵਾਂਗ ਉਸ ਦਾ ਮੁਰਗਾ ਬਣਾਉਣ 'ਤੇ ਲੱਗੇ ਹੋਏ ਹਨ। ਜਿਵੇਂ 21 ਅਕਤੂਬਰ ਵਾਲੇ 'ਸਮੋਸਾ ਕਾਂਡ' ਵੇਲੇ ਸੁੱਖੂ ਨੂੰ ਸਪਸ਼ਟੀਕਰਨ ਦੇਣਾ ਪਿਆ ਸੀ, 'ਮੁਰਗਾ-ਕਾਂਡ' ਸਮੇਂ ਵੀ ਅਜਿਹਾ ਕਰਨਾ ਪਿਆ। ਉਸ ਅਨੁਸਾਰ 'ਉਹ ਸਿਹਤ-ਇਸ਼ੂ ਕਾਰਨ ਤਲੀਆਂ ਵਸਤਾਂ ਅਤੇ ਮੀਟ ਨਹੀਂ ਖਾਂਦੇ'। ਦੁਰਾਡੇ ਕਬਾਇਲੀ ਇਲਾਕਿਆਂ ਵਿਚ ਓਥੋਂ ਦੇ ਲੋਕਾਂ ਦਾ ਇਹ ਸਭਿਆਚਾਰ ਹੈ ਕਿ ਉਹ ਮਹਿਮਾਨਾਂ ਦੀ ਆਓ-ਭਗਤ ਲਈ 'ਦੇਸੀ' ਮੁਰਗਾ ਪ੍ਰੋਸਦੇ ਹਨ। ਪਹਾੜੀ ਇਲਾਕਿਆਂ ਵਿਚ (ਕਈ) ਲੋਕਾਂ ਦਾ ਮਾਸਾਹਾਰੀ ਹੋਣਾ ਜੀਵਨ-ਜਾਚ ਦਾ ਹਿਸਾ



ਹੈ। ਪਰ ਮੇਰੇ ਇਹ ਦੱਸਣ 'ਤੇ ਕਿ ਮੈਂ 'ਓਇਲੀ' ਖਾਣਾ ਤੇ ਮੁਰਗਾ ਨਹੀਂ ਖਾਂਦਾ ਤਾਂ ਮੇਜ਼ਬਾਨਾਂ ਨੇ ਕਿਹਾ ਕਿ ਪ੍ਰੋਸਿਆ ਗਿਆ ਮੁਰਗਾ ਕਿਸੇ ਸਟੋਰ ਤੋਂ ਨਹੀਂ ਲਿਆਂਦਾ ਗਿਆ ਸਗੋਂ 'ਦੇਸੀ' ਹੈ ਤਾਂ ਮੈਂ ਉਹ ਡਿਸ਼ ਆਪਣੇ ਸਾਥੀਆਂ ਨੂੰ ਪਰੋਸੇ ਜਾਣ ਲਈ ਕਿਹਾ। ਇਹ ਜੰਗਲੀ ਮੁਰਗਾ ਨਹੀਂ ਸੀ, ਸਗੋਂ ਦੇਸੀ ਮੁਰਗਾ ਸੀ। ਵਿਰੋਧੀਆਂ ਕੋਲ ਕੋਈ ਮੁੱਦਾ ਨਾ ਹੋਣ ਕਾਰਨ ਉਹ ਅਜਿਹੀਆਂ ਗੱਲਾਂ ਉਛਾਲਦੇ ਰਹਿੰਦੇ ਹਨ ਜੋ ਹੋਈਆਂ ਈ ਨਹੀਂ ਹੁੰਦੀਆਂ'।

ਪਰ ਵਿਰੋਧੀ ਤਾਂ ਆਖਿਰ ਵਿਰੋਧੀ ਹੁੰਦੇ ਹਨ। 'ਦੁਸ਼ਮਣ ਬਾਤ ਕਰੇ ਅਨਹੋਣੀ'! ਜੈ ਰਾਮ ਠਾਕੁਰ ਨੇ ਮੁੱਖ ਮੰਤਰੀ ਦੇ ਸਪੱਸ਼ਟੀਕਰਨ ਨੂੰ 'ਕਵਰ-ਅਪ' (ਲੀਪਾ-ਪੋਚੀ) ਕਰਨ ਦੀ ਕੋਸ਼ਿਸ਼ ਕਿਹੈ। ਉਨ੍ਹਾਂ ਦਾਅਵਾ ਕੀਤਾ ਕਿ ਦਾਅਵਤ ਦੇ ਮੈਨਿਊ ਵਿਚ 'ਜੰਗਲੀ ਮੁਰਗੇ' ਦੀ ਡਿਸ਼ ਸ਼ਾਮਲ ਸੀ ਅਤੇ ਪਰੋਸੀ ਵੀ ਗਈ। ਕਾਨੂੰਨ ਤੋਂ ਬਚਣ ਲਈ 'ਸ਼ੁਕਰਵਾਰ ਰਾਤ ਦਾ 'ਜੰਗਲੀ ਮੁਰਗਾ' ਸ਼ਨਿਚਰਵਾਰ ਦੀ ਸਵੇਰ ਨੂੰ 'ਦੇਸੀ ਮੁਰਗਾ' ਹੋ ਗਿਆ!

ਵਿਚਾਰਾ ਮੁਰਗਾ ਤੇ ਵਿਚਾਰਾ ਸੁੱਖੂ!

ਪਹਿਲਾਂ ਸ਼ਿਮਲੇ ਵਿਚ ਸੀ.ਆਈ.ਡੀ. ਦੇ ਅਕਤੂਬਰ ਵਾਲੇ ਇਕ ਸਮਾਗਮ ਵਿਚ ਆਲੀਸ਼ਾਨ ਹੋਟਲ 'ਚੋਂ ਮੰਗਵਾਏ ਗਏ ਸਮੋਸਿਆਂ/ਸਨੈਕਾਂ ਦੇ 3 ਡੱਬੇ ਮੁੱਖ ਮੰਤਰੀ ਦੀ ਬਜਾਏ ਉਸ ਦਾ ਸਟਾਫ ਛਕ ਗਿਆ ਤੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਿਆ ਸੁਖਵਿੰਦਰ ਸੁੱਖੂ! ਹੁਣ ਮੁਰਗਾ ਤਾਂ ਛਕ ਗਏ ਸਿਹਤ ਮੰਤਰੀ ਅਤੇ ਹੋਰ ਸਾਥੀ ਪਰ ਵਿਰੋਧੀਆਂ ਦੀਆਂ ਤਲਵਾਰਾਂ ਸ੍ਰੀਮਾਨ ਸੁੱਖੂ ਵਲ ਉਲਰ ਰਹੀਆਂ ਹਨ! ਪਤਾ ਨਹੀਂ ਸੁੱਖੂ ਨੂੰ ਵਿਵਾਦ ਘੇਰਦੇ ਹਨ ਜਾਂ ਸੁੱਖੂ ਜੀ ਆਪ ਵਿਵਾਦਾਂ 'ਚ ਘਿਰ ਜਾਂਦੇ ਹਨ ਇਹ ਤਾਂ ਸੈਰ-ਸਪਾਟਾ ਲਈ ਮਸ਼ਹੂਰ ਹਿਮਾਚਲ ਜਾਣੇ ਜਾਂ ਖੁਦ ਮੁਖ ਮੰਤਰੀ!

ਉਂਝ ਵਿੱਕੀਪੀਡੀਆ ਅਨੁਸਾਰ ਸਾਡੇ ਘਰਾਂ 'ਚ ਜਾਂ ਪੋਲਟਰੀ ਫਾਰਮਾਂ ਵਿਚ ਪਾਲੇ ਜਾਂਦੇ ਮੁਰਗੇ-ਮੁਰਗੀਆਂ ਦਾ ਘਰੇਲੂਕਰਨ 'ਲਾਲ-ਰੰਗੇ ਜੰਗਲੀ ਮੁਰਗੇ' (ਰੈੱਡ ਜੰਗਲ ਫਾਊਲ) ਤੋਂ ਹੀ ਹੋਇਐ (ਬੇਸ਼ਕ ਹਿਮਾਚਲੀ ਜੰਗਲੀ ਮੁਰਗਾ ਸਲੇਟੀ-ਰੰਗਾ ਹੁੰਦੈ)। ਇਹ ਵੀ ਕਿਹਾ ਗਿਐ ਕਿ ਇਹ 'ਡੁਮੈਸਟੀਕੇਸ਼ਨ' ਦੱਖਣ-ਪੂਰਬੀ ਏਸ਼ੀਆ ਵਿਚ ਕਰੀਬ 8,000 ਸਾਲ ਪਹਿਲਾਂ ਹੋਈ! ਇਹ ਜੀਵ ਮੀਟ, ਆਂਡੇ, ਖੰਭ ਜਾਂ ਕੁੱਕੜ-ਭੇੜ (ਕਾਕ-ਫਾਈਟ) ਲਈ ਪਾਲੇ ਜਾਂਦੇ ਹਨ। ਇਸ ਸਰੋਤ ਅਨੁਸਾਰ ਵਿਸ਼ਵ ਵਿਚ 2023 'ਚ ਇਨ੍ਹਾਂ ਦੀ ਕੁਲ ਸੰਖਿਆ 26.5 ਬਿਲੀਅਨ ਸੀ ਅਤੇ ਇਨ੍ਹਾਂ ਦੀ ਸਾਲਾਨਾ ਪ੍ਰੋਡਕਸ਼ਨ 50 ਬਿਲੀਅਨ ਤੋਂ ਵਧੇਰੇ ਸੀ।

ਇਨ੍ਹਾਂ ਦਾ ਵਰਨਣ ਲੋਕਧਾਰਾ, ਸਾਹਿਤ ਅਤੇ ਧਰਮ ਵਿਚ ਵੀ ਮਿਲਦੈ।

ਬੜੇ ਮੁਹਾਵਰੇ/ਅਖਾਣ ਹਨ ਇਨ੍ਹਾਂ ਸਬੰਧੀ। ਜਿਵੇਂ-ਕੁੱਕੜ ਖੇਹ ਉਡਾਈ ਆਪਣੇ ਹੀ ਸਿਰ ਪਾਈ, ਕੁੱਕੜ ਖੋਹੀ ਕਰਨੀ, ਘਰ ਦੀ ਮੁਰਗੀ ਦਾਲ ਬਰਾਬਰ, ਕੁੱਕੜ ਉਡਾਰੀ, ਮੁਰਗਾ ਬਾਂਗ ਨਹੀਂ ਦੇਵੇਗਾ ਤਾਂ ਕੀ ਸਵੇਰ ਨਹੀਂ ਹੋਵੇਗੀ, ਕੁੱਕੜ ਨਾ ਬੋਲੇਗਾ ਤਾਂ ਲੋ ਨਹੀਂ ਹੋਵੇਗੀ, ਕੁਕੜੀ ਦੀ ਬਾਂਗ ਰਵਾ ਨਹੀਂ, ਕੁੱਕੜਾਂ ਵਾਂਗ ਲੜਨਾ, ਕੁੜ ਕੁੜ ਕਿਤੇ ਤੇ ਅੰਡੇ ਕਿਤੇ, ਕੁਕੜੀ ਦੇ ਜਦੋਂ ਅੱਗ ਨਾਲ ਪੈਰ ਸੜਨ ਲਗਦੇ ਨੇ ਤਾਂ ਉਹ ਚੂਚਿਆਂ ਨੂੰ ਪੈਰਾਂ ਹੇਠ ਲੈ ਲੈਂਦੀ ਹੈ, ਜੇ ਮੁਰਗਾ ਮਾੜਾ ਵੀ ਬਣੂੰ ਤਾਂ ਵੀ ਮਸਰਾਂ ਦੀ ਦਾਲ ਨਾਲੋਂ ਸੁਆਦੀ ਬਣੂੰ, ਕੁੱਕੜ, ਕਾਂ, ਕੰਬੋ ਕਬੀਲਾ ਪਾਲਦਾ/ਜੱਟ, ਮੈਹਾਂ, ਸੰਸਾਰ ਕਬੀਲਾ ਗਾਲਦਾ ਆਦਿ।

ਇੱਕ ਮੁਰਗਾ ਤਾਂ ਪਤੀਲੇ/ਕੁਕਰ ਵਿਚ ਬਣਦੈ, ਪਰ ਇਕ ਸਕੂਲਾਂ 'ਚ ਵੀ ਬਣਦੈ। ਪਤੀਲੇ ਵਾਲਾ ਮੁਰਗਾ ਕੁੱਕੜੂੰ-ਘੜੂੰ/ਸ਼ੂੰ-ਸ਼ੂੰ ਕਹਿੰਦੈ/ਕਰਦੈ; ਸਕੂਲ ਵਾਲਾ, ਹਾਏ-ਹਾਏ/ਹੂੰ-ਹੂੰ! ਸਾਡੇ ਵੇਲੇ ਤਾਂ ਹਰ ਕਲਾਸ ਵਿਚ ਹੀ ਅਜਿਹੇ ਮੁਰਗੇ ਬਣੇ ਦਿਸ ਪੈਂਦੇ ਸਨ। ਅੱਜ-ਕੱਲ੍ਹ ਦਾ ਪਤਾ ਨਹੀਂ ਇਹ ਨਿਆਮਤ ਮਿਹਰਬਾਨ ਮਾਸਟਰਾਂ ਵਲੋਂ ਮਾਸੂਮ ਮੁੰਡਿਆਂ ਨੂੰ ਮਿਲਦੀ ਹੈ ਕਿ ਨਹੀਂ! (ਕਿਤੇ ਨਾ ਕਿਤੇ ਮਿਲਦੀ ਤਾਂ ਹੋਊ, ਮੁਰਗੇ ਬਣਦੇ ਤਾਂ ਹੋਣਗੇ!)

ਵੈਸੇ ਸ਼ਬਦ ਤਾਂ ਮੁਰਗ ਹੈ ਤੇ ਹੈ ਵੀ ਫਾਰਸੀ ਦਾ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਇਸ ਦੇ 3 ਅਰਥ ਕੀਤੇ ਗਏ ਹਨ- ਪੰਛੀ, ਸੂਰਜ ਤੇ ਕੁੱਕੜ। ਕੁੱਕੜ ਸੰਸਕ੍ਰਿਤ ਮੂਲ ਦੇ ਸ਼ਬਦ ਕੁਕਟ/ ਕੁੱਕੁਟ ਤੋਂ ਪੈਦਾ ਹੋਇਆ ਹੈ। ਮਦੀਨ ਨੂੰ ਮੁਰਗੀ/ਕੁਕੜੀ ਕਿਹਾ ਜਾਂਦੈ-"ਜਉ ਸਭ ਮਹਿ ਏਕੁ ਖੁਦਾਇ ਕਹਤਉ ਤਉ ਕਿਉ ਮੁਰਗੀ ਮਾਰੈ॥"(ਸ.ਗ.ਗ.ਸ.ਅੰਗ-1350)।

ਅੰਤ ਵਿਚ ਇੱਕ ਚੂਚੇ ਵਲੋਂ ਆਪਣੀ ਮੁਰਗੀ-ਮਾਂ ਨੂੰ ਕੀਤੇ ਮਾਸੂਮ ਪਰ ਮਾਨੀਖੇਜ਼ ਸਵਾਲ ਅਤੇ ਉਸ ਦੇ ਜਵਾਬ ਨਾਲ ਕਰਦੇ ਹਾਂ-

ਚੂਚਾ-ਮੰਮੀ, ਚੂਚਿਆਂ ਦਾ ਨਾਮਕਰਨ ਕਿਉਂ ਨਹੀਂ ਹੁੰਦਾ?

ਮੁਰਗੀ-ਪੁੱਤਰ, ਆਪਣਾ ਨਾਮਕਰਨ ਜੀਉਂਦੇ-ਜੀਅ ਨਹੀਂ ਸਗੋਂ ਮਰਨ ਉਪਰੰਤ ਹੁੰਦੈ-'ਤੰਦੂਰੀ ਮੁਰਗਾ (ਚਿਕਨ ਤੰਦੂਰੀ), ਬਟਰ ਚਿਕਨ, ਰੋਸਟਡ ਚਿਕਨ, ਚਿਕਨ ਕੋਰਮਾ, ਚਿਕਨ ਬਰਿਆਨੀ, ਚਿਕਨ ਟਿੱਕਾ, ਚਿੱਲੀ ਚਿਕਨ, ਤਰੀ ਵਾਲਾ ਮੁਰਗਾ, ਚਿਕਨ ਕੜ੍ਹਾਈ, ਬਾਰਬੇਕਿਊ, ਚਿਕਨ ਸੂਪ, ਲੈੱਗ ਪੀਸ (ਟੰਗੜੀ) ਆਦਿ!

# ਮਾਂ ਦੇ ਗਰਭ ਵਿਚ ਨਵਜੀਵਨ ਦਾ ਅੱਗੇ ਦਾ ਸਫਰ -2

ਸੋ ਗੱਲ ਕਰ ਰਹੇ ਸਾ ਕਿ ਆਉਲ ਰਾਹੀਂ ਮਾਂ ਵਲੋਂ ਆਉਂਦਾ ਖੂਨ ਉੱਪਰ ਵਾਲੇ ਸੱਜੇ ਆਟਰੀਅਮ ਵਿਚ ਜਾਂਦਾ ਹੈ ਜਿੱਥੋਂ ਹੇਠਾਂ ਵੈਨਟਰੀਕਲ ਵਿਚ ਜਾਣ ਦੀ ਬਜਾਏ ਖੱਬੇ ਪਾਸੇ ਦੇ ਆਟਰੀਅਮ ਵਿਚ ਸਿਧਾ ਇਕ ਸੁਰਾਖ ਰਾਹੀਂ ਚਲਾ ਜਾਂਦਾ ਹੈ ਜਿਸ ਸੁਰਾਖ ਦਾ ਨਾਂ ਫੋਰਾਮੈਨ ਓਵਲ ਹੈ। ਭਾਵ ਅੰਡੇ ਵਾਂਗ ਗੋਲ ਤੇ ਲੰਬੂਤਰਾ। ਜੋ ਜਨਮ ਬਾਅਦ ਬੰਦ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਛੇ ਕੁ ਮਹੀਨਿਆਂ ਵਿਚ ਪੂਰੀ ਤਰ੍ਹਾਂ ਬੰਦ ਹੋ ਜਾਂਦਾ ਹੈ। ਪਰ ਕਈ ਵੇਰਾਂ ਡੇਢ ਸਾਲ ਤੱਕ ਦਾ ਸਮਾਂ ਬੰਦ ਹੋਣ ਤੱਕ ਲੱਗ ਜਾਂਦਾ ਹੈ। ਤੇ ਕਈ ਵੇਰ ਬੰਦ ਹੁੰਦਾ ਹੀ ਨਹੀਂ ਜਿਸ ਨੂੰ ਬੰਦ ਕਰਨ ਲਈ ਅੱਜ-ਕੱਲ੍ਹ ਸਰਜਰੀ ਦਾ ਸਹਾਰਾ ਵੀ ਲਿਆ ਜਾਂਦਾ ਹੈ। ਸੋ ਮਤਲਬ ਇਹ ਹੋਇਆ ਕਿ ਫੀਟਸ ਦੇ ਦਿਲ ਦੇ ਉਪਰਲੇ ਆਟਰੀਅਮ ਖਾਨਿਆਂ ਵਿਚ ਆਪਸੀ ਸਿੱਧਾ ਲਿੰਕ ਹੁੰਦਾ ਹੈ। ਕਿਉਂਕਿ ਫਰੈਸ਼ ਆਕਸੀਜਨ ਤੇ ਖੁਰਾਕ ਮਿਕਸ ਖੂਨ ਮਾਂ ਵੱਲੋਂ ਹੀ ਆ ਰਿਹਾ ਹੁੰਦਾ ਹੈ। ਸੋ ਫੇਫੜਿਆਂ ਦੇ ਕੰਮ ਦੀ ਪੂਰਤੀ ਮਾਂ ਵੱਲੋਂ ਆ ਰਿਹਾ ਖੂਨ ਪਹਿਲੋਂ ਹੀ ਕਰ ਕੇ ਆ ਰਿਹਾ ਹੈ। ਤੇ ਫੇਫੜੇ ਤਹਿ ਕਰ ਕੇ ਰੱਖੇ ਭੁਕਨੇ ਵਾਂਗ ਛਾਤੀ ਵਿਚ ਰੱਖੇ ਹੁੰਦੇ ਹਨ।



**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਸੋ ਅਸੀਂ ਗੱਲ ਕਰ ਰਹੇ ਹਾਂ ਕਿ ਕੁਦਰਤੀ ਨਿਯਮ ਵਿਚ ਉਲਟ ਫੇਰ ਭਾਵ ਉਲੰਘਣਾ ਦੀ ਜਿਸਨੂੰ ਜਿਵੇਂ ਮੈਡੀਕਲ ਸਾਇੰਸ ਜਾਣਦੀ ਹੈ ਉਸ ਅਨੁਸਾਰ ਚੱਲਦੇ ਨਿਯਮ ਵਿਚ ਦੂਸਰਾ ਉਲਟ ਫੇਰ ਉਸ ਨੂੰ ਗਿਣਿਆ ਜਾਂਦਾ ਹੈ।

ਜਦ ਆਮ ਜੀਵਨ ਵਿਚ ਇੰਜ ਇਹ ਦਿਲ ਵਿਚ ਵਾਪਰਦਾ ਹੈ ਕਿ ਦਿਲ ਦੇ ਸੱਜੇ ਖ਼ਾਨੇ ਵਿਚੋਂ ਖ਼ੂਨ ਸੱਜੇ ਹੇਠਲੇ ਖ਼ਾਨੇ ਯਾਨੀ ਸੱਜੇ ਵੈਂਟਰੀਕਲ ਵਿਚ ਜਾਂਦਾ ਹੈ ਉਥੋਂ ਇਕ ਖ਼ੂਨ ਦੀ ਨਾੜੀ ਜਿਸ ਨੂੰ ਪਲਮੋਨਰੀ ਆਰਟਰੀ ਕਹਿੰਦੇ ਹਾਂ ਇਸ ਖ਼ੂਨ ਨੂੰ ਫੇਫੜਿਆਂ ਵਿਚ ਪਹੁੰਚਾਉਂਦੀ ਹੈ। ਫਿਰ ਦੁਹਰਾ ਦਿਆਂ ਕਿਉਂਕਿ ਨਿਯਮ ਅਨੁਸਾਰ ਦਿਲ ਤੋਂ ਖ਼ੁਰਾਕ ਤੇ ਆਕਸੀਜਨ ਮਿਕਸ ਖ਼ੂਨ ਜਦੋਂ ਵੀ ਦਿਲ ਤੋਂ ਬਾਹਰ ਜਾਂਦਾ ਹੈ ਤਾਂ ਬਾਹਰ ਲੈ ਜਾਣ ਵਾਲੀ ਨਾੜੀ ਨੂੰ ਆਰਟਰੀ ਕਹਿੰਦੇ ਹਨ। ਤੇ ਇਥੇ ਵੀ ਇਕ ਵਾਰ ਖ਼ੂਨ ਦਿਲ ਤੋਂ ਬਾਹਰ ਫੇਫੜਿਆਂ ਵਿਚ ਜਾ ਰਿਹਾ ਹੈ ਤੇ ਦਿਲ ਤੋਂ ਬਾਹਰ ਲੈ ਕੇ ਜਾਣ ਵਾਲੀ ਨਾੜੀ ਨੂੰ ਹਮੇਸ਼ਾ ਆਰਟਰੀ ਕਹਿੰਦੇ ਹਨ ਤੇ ਇੱਥੇ ਵੀ ਇਸ ਆਰਟਰੀ ਨੂੰ ਜਿਸ ਦਾ ਨਾਂ ਪਲਮੋਨਰੀ ਆਰਟਰੀ ਹੈ ਵਿਚ ਫਰੈਸ਼ ਖ਼ੂਨ ਦੀ ਥਾਂ ਵਰਤਿਆ ਹੋਇਆ ਖ਼ੂਨ ਜਾ ਰਿਹਾ ਹੈ ਜੋ ਕੰਮ ਵੇਨਾਂ ਦਾ ਹੈ। ਸੋ ਨਿਯਮ ਦੀ ਉਲੰਘਣਾ ਹੋਈ।

ਸੋ ਇਹ ਉਲਟ ਫੇਰ ਜਾਂ ਉਲੰਘਣਾ ਬੱਚੇ ਦੇ ਪੈਦਾ ਹੋਣ ਬਾਅਦ ਜੀਵਨ ਭਰ ਚਲਦੀ ਹੈ ਕਿ ਸਾਰੇ ਸਰੀਰ ਤੋਂ ਇਕੱਠਾ ਹੋਇਆ ਖ਼ੂਨ ਦਿਲ ਦੇ ਸੱਜੇ ਉਪਰ ਵਾਲੇ ਖ਼ਾਨੇ ਵਿਚ ਪਹੁੰਚਦਾ ਹੈ ਜਿਸ ਨੂੰ ਰਾਈਟ ਆਟਰੀਅਮ ਕਹਿੰਦੇ ਹਨ ਤਾਂ ਉਥੋਂ ਇਹ ਖ਼ੂਨ ਦਿਲ ਦੇ ਇਸ ਉਪਰ ਵਾਲੇ ਖ਼ਾਨੇ ਰਾਈਟ ਆਟਰੀਅਮ ਤੋਂ ਹੇਠਾਂ ਵਾਲੇ ਖ਼ਾਨੇ ਜਿਸਨੂੰ ਰਾਈਟ ਵੈਨਟਰੀਕਲ ਕਹਿੰਦੇ ਹਨ ਉਸ ਵਿਚ ਜਾਂਦਾ ਹੈ। ਤੇ ਉਥੋਂ ਫਿਰ ਫੇਫੜਿਆਂ ਵੱਲ ਜਾਂਦਾ ਹੈ। ਇਸ ਦੀ ਡੀਟੇਲ ਅੱਗੇ ਚਲ ਕੇ ਫਿਰ ਕਰਾਂਗੇ ਜਦ ਕਾਰਡੀਅਕ ਸਰਕੂਲੇਸ਼ਨ ਭਾਵ ਦਿਲ ਦੇ ਵਿਚੋਂ ਵਿਚ ਖ਼ੂਨ ਦੇ ਸਰਕਲ ਕਰਦੇ ਖ਼ੂਨ ਦੀ ਵਿਆਖਿਆ ਕਰਾਂਗੇ। ਕਿਉਂਕਿ ਹੁਣ ਵਿਸ਼ਾ ਫੀਟਸ ਯਾਨੀ ਇਮਬਰੀਓ ਦੀ ਅੱਗੇ ਦੀ ਡਿਵੈਲਪਮੈਂਟ ਵਿਚਾਰਨ ਦਾ ਹੈ। ਜਿਸ ਦੇ ਨਾਂ ਤੋਂ ਹੀ ਇਸ ਸਬਜੈਕਟ ਦਾ ਨਾਂ ਇਮਬਰਾਇਲੋਜੀ ਰੱਖਿਆ ਗਿਆ ਹੈ।

ਸੋ ਔਲ ਦੀ ਲੰਬਾਈ ਚਾਲੀ ਤੋਂ ਸੱਠ ਸੈਂਟੀਮੀਟਰ ਯਾਨੀ ਚਾਲੀ ਇੰਚ ਤੱਕ ਹੁੰਦੀ ਹੈ। ਕੁਝ ਹਾਲਤਾਂ ਵਿਚ ਇਹ ਹੋਰ ਲੰਬੀ ਵੀ ਤੇ ਨਾਰਮਲ ਨਾਲੋਂ ਛੋਟੀ ਵੀ ਹੋ ਸਕਦੀ ਹੈ। ਦੋਹਾਂ ਹਾਲਤਾਂ ਵਿਚ ਇਸਦੇ ਨੁਕਸਾਨ ਹੋ ਸਕਦੇ ਹਨ।

ਔਲ ਦੂਸਰੇ ਪਾਸੇ ਪਲਸੈਟਾ ਦੇ ਸੈਂਟਰ ਨਾਲ ਜੁੜੀ ਹੁੰਦੀ ਹੈ। ਪਲਸੈਟਾ ਇਕ ਗੋਲਾਕਾਰ ਮਾਸ ਹੈ ਜੋ ਸੈਂਟਰ ਵਿਚੋਂ ਮੋਟਾ ਭਾਵ ਥਿਕ ਹੁੰਦਾ ਹੈ ਤੇ ਘੇਰੇ ਵਾਲੇ ਪਾਸੇ ਪਤਲਾ ਹੁੰਦਾ ਜਾਂਦਾ ਹੈ। ਇਹ ਆਮ ਤੌਰ 'ਤੇ ਇਕ ਐਕਸਚੇਂਜ ਸੈਂਟਰ ਦਾ ਕੰਮ ਕਰਦਾ ਹੈ। ਬਲਕਿ ਐਕਸਚੇਂਜ ਸੈਂਟਰ ਨਾਲੋਂ ਇਸ ਨੂੰ ਦੋ ਦੇਸ਼ਾਂ ਦੇ ਬਾਰਡਰ 'ਤੇ ਕਸਟਮ ਵਾਲਾ ਕੰਮ ਕਰਨ ਵਾਲਾ ਕਹਿ ਸਕਦੇ ਹਾਂ। ਕਿਉਂਕਿ ਇਹ ਇਕੱਲਾ ਖ਼ੂਨ ਰਾਹੀਂ ਆਕਸੀਜਨ ਤੇ ਖ਼ੁਰਾਕ ਦੀ ਅਦਲਾ ਬਦਲੀ ਦਾ ਹੀ ਕੰਮ ਨਹੀਂ ਕਰਦਾ ਬਲਕਿ ਮਾਂ ਵਾਲੇ ਪਾਸਿਓਂ ਅਗਰ ਕੋਈ ਟੌਕਸਿਨ ਭਾਵ ਕੋਈ ਨਾ ਲੋੜੀਂਦਾ ਖ਼ੁਰਾਕੀ ਤੱਤ ਆ ਰਿਹਾ ਹੈ ਤਾਂ ਉਸਨੂੰ ਫੀਲਟਰ ਕਰਕੇ ਜਿੰਨਾ ਹੋ ਸਕਦਾ ਹੈ ਉਸਨੂੰ ਫ੍ਰੀਟਸ ਵੱਲ ਜਾਣ ਤੋਂ ਰੋਕ ਵੀ ਲੈਂਦਾ। ਪਰ ਕਿਸੇ ਜ਼ਹਿਰੀਲੇ ਤੱਤ ਦੀ ਬਹੁਤਾਤ ਅਗਰ ਪਲਸੈਟਾ ਦੇ ਕੰਟਰੋਲ ਤੋਂ ਵੱਧ ਹੋ ਜਾਵੇ ਤਾਂ ਇਹ ਬੱਚੇ ਨੂੰ ਨੁਕਸਾਨ ਵੀ ਕਰ ਸਕਦਾ ਹੈ।

ਇਹ ਇਕ ਰਿਜ਼ਰਵ ਹਾਊਸ ਵੀ ਹੈ, ਸਟੋਰ ਹੈ ਖ਼ੁਰਾਕ ਤੇ ਖ਼ੂਨ ਦਾ। ਤੁਸੀਂ ਸੁਣਿਆ ਹੋਵੇਗਾ ਕਈ ਵੇਰ ਮਾਂ ਦੀ ਕਿਸੇ ਹਾਦਸੇ ਵਿਚ ਮੌਤ ਹੋ ਜਾਣ ਤੋਂ ਬਾਅਦ ਵੀ ਬੱਚੇ ਨੂੰ ਜਿਉਂਦਾ ਕੱਢ ਲਿਆ ਜਾਂਦਾ ਹੈ। ਜਦ ਤੱਕ ਇਹ ਕਾਰਵਾਈ ਪੂਰੀ ਹੁੰਦੀ ਹੈ ਉਸ ਸਮੇਂ ਤੱਕ ਬੱਚੇ ਨੂੰ ਖ਼ੁਰਾਕ ਤੇ ਆਕਸੀਜਨ ਪਹੁੰਚਾਉਣ ਦਾ ਕੰਮ ਇਹ ਪਲਸੈਟਾ ਬਾਖ਼ੂਬੀ ਨਿਭਾ ਰਿਹਾ ਹੁੰਦਾ ਹੈ।

ਪਲਸੈਟਾ ਆਮ ਤੌਰ 'ਤੇ ਬੱਚੇਦਾਨੀ ਦੀ ਪਿੱਛੇ ਵਾਲੀ ਦਿਵਾਰ ਨਾਲ ਜੁੜਦਾ ਹੈ।

ਪਲਸੈਟਾ ਆਮ ਤੌਰ 'ਤੇ ਪੰਜ ਸੌ ਗ੍ਰਾਮ ਵਜ਼ਨ ਤੇ ਨੌਂ ਕੁ ਇੰਚ ਲੰਬਾ ਅਤੇ ਸੈਂਟਰ ਵਿਚੋਂ ਦੋ ਤੋਂ ਢਾਈ ਇੰਚ ਤੱਕ ਮੋਟਾ ਹੁੰਦਾ ਹੈ। ਇਹਦਾ ਰੰਗ ਜ਼ਿਆਦਾ ਨੀਲੀ ਭਾਅ ਮਾਰਦਾ ਕੁਝ ਲਾਲ ਰੰਗਤ ਦਾ ਹੁੰਦਾ ਹੈ।

ਆਮ ਤੌਰ 'ਤੇ ਪਲਸੈਟਾ ਬੱਚੇਦਾਨੀ ਦੀ ਪਿੱਛੇ ਵਾਲੀ ਦਿਵਾਰ ਨਾਲ ਅਟੈਚ ਹੁੰਦਾ ਹੈ। ਪਰ ਕੁਝ ਹਾਲਤਾਂ ਵਿਚ ਪਲਸੈਟਾ ਦਾ ਟਿਕਾਣਾ ਬੱਚੇਦਾਨੀ ਦੀਆਂ ਸਾਈਡਾਂ ਜਾਂ ਹੇਠਲਾ ਭਾਗ ਵੀ ਹੋ ਸਕਦਾ ਹੈ।

**ਸਿਹਤ ਵਿਗਿਆਨ-8**

ਜਿੰਨਾ ਜ਼ਿਆਦਾ ਇਹ ਬੱਚੇਦਾਨੀ ਵਿਚ ਨੀਵਾਂ ਜਾ ਕੇ ਫਿਕਸ ਹੁੰਦਾ ਹੈ ਓਨਾ ਹੀ ਪਰੈਗਨੈਂਸੀ ਦਾ ਚਾਲੀ ਹਫ਼ਤਿਆਂ ਦਾ ਸਮਾਂ ਔਰਤ ਦਾ ਮੁਸ਼ਕਲਾਂ ਭਰਿਆ ਹੁੰਦਾ ਹੈ। ਤੇ ਖਾਸ ਕਰ ਜੇ ਬੱਚੇਦਾਨੀ ਦੇ ਹੇਠਲੇ ਭਾਗ ਵਿਚ ਇਹ ਫਿਕਸ ਹੁੰਦਾ ਹੈ ਤਾਂ ਇਸ ਨੂੰ ਪਲਸੈਟਾ ਪਰੀਵੀਆ ਕਹਿੰਦੇ ਹਨ। ਭਾਵ ਫ੍ਰੀਟਸ ਤੋਂ ਪਹਿਲਾ। ਤੇ ਇਸ ਹਾਲਤ ਵਿਚ ਪਰੈਗਨੈਂਸੀ ਦਾ ਸਮਾਂ ਚਾਲੀ ਹਫ਼ਤਿਆਂ ਤੋਂ ਘੱਟ ਵੀ ਹੋ ਸਕਦਾ ਹੈ ਤੇ ਡਲਿਵਰੀ ਤੋਂ ਪਹਿਲਾਂ ਲਗਾਤਾਰ ਬਲੀਡਿੰਗ ਵੀ ਹੋ ਸਕਦੀ ਹੈ। ਜਿਸ ਨਾਲ ਬਚਾ ਤੇ ਮਾਂ ਦੋਹਾਂ ਦੀ ਹਾਲਤ ਨਾਜ਼ੁਕ ਹੋ ਸਕਦੀ ਹੈ। ਇਸ ਹਾਲਾਤ ਵਿਚ ਪਲਸੈਟਾ ਦੀ ਡਲਿਵਰੀ ਬੱਚੇ ਤੋਂ ਵੀ ਪਹਿਲਾਂ ਹੋ ਸਕਦੀ ਹੈ ਤੇ ਬੱਚੇ ਦਾ ਸਾਹ ਘੁਟਨ ਨਾਲ ਮੌਤ ਵੀ ਹੋ ਸਕਦੀ ਹੈ।

ਸੋ ਫ੍ਰੀਟਸ ਦਾ ਬੱਚੇਦਾਨੀ ਵਿਚ ਨਿਵਾਸ ਟੋਟਲ ਚਾਲੀ ਹਫ਼ਤਿਆਂ ਦਾ ਹੁੰਦਾ ਹੈ। ਯਾਨੀ 280 ਦਿਨ ਜਿਸ ਵਿਚ ਇਹ ਪੂਰੀ ਤਰ੍ਹਾਂ ਵਿਕਸਤ ਹੋ ਕੇ ਮਾਂ ਦੇ ਪੇਟ ਵਿਚੋਂ ਬਾਹਰ ਆਉਂਦਾ ਹੈ। ਬੱਚੇਦਾਨੀ ਤੋਂ ਬਾਹਰ ਆਉਣ ਦੀ ਕਹਾਣੀ ਅਸੀਂ ਅਗਲੇ ਲੈਕਚਰ ਵਿਚ ਵਿਚਾਰਾਂਗੇ ਭਾਵ ਡਲਿਵਰੀ ਜਾਂ ਲੇਬਰ ਦੀ ਪੂਰੀ ਜਾਣਕਾਰੀ।

# ਵਡਭਾਗਾ

ਕਹਾਣੀ

'ਆਹ ਲੂ ਗੱਲ ਕਰੋ ਡੈਡੀ, ਆਪਣੇ ਪਿੰਡ ਤੋਂ ਨੇ ਅੰਕਲ।' ਕੁੜੀ ਨੇ ਮੈਨੂੰ ਫੋਨ ਫੜਾਉਂਦੇ ਕਿਹਾ।

ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਕੀ ਗੱਲ ਕਰਾਂ, ਜਾਣਦਾ ਨਹੀਂ, ਕੌਣ ਹੈ ਮੇਰੇ ਪਿੰਡ ਤੋਂ, ਤਦੇ ਉਧਰੋਂ ਅਵਾਜ ਆਈ, 'ਭਾਈ ਸਾਹਿਬ ਘਰ ਨੂੰ ਆ ਜਾਓ, ਫੋਨ 'ਤੇ ਮੇਰੇ ਤੋਂ ਗੱਲ ਨਹੀਂ ਹੋ ਰਹੀ।' ਉਸ ਦੀ ਇਹ ਗੱਲ ਸੁਣ ਕੇ ਮੈਂ ਹੋਰ ਫਸ ਗਿਆ ਕਿ ਜੁਆਬ ਵਿਚ ਕੀ ਕਹਾਂ। ਮੈਨੂੰ ਲੱਗਿਆ, ਉਹ ਹੁਣੇ ਰੋ ਪਵੇਗਾ। ਉਸਦਾ ਗਲਾ ਬਹੁਤ ਭਾਰੀ ਸੀ। ਮੈਂ ਸੋਚਿਆ ਕਿ ਇਸ ਨੂੰ ਕੋਈ ਲਾ-ਇਲਾਜ ਬਿਮਾਰੀ ਹੈ। ਮੈਂ ਫੋਨ ਚੁਪ-ਚੁਪੀਤੇ ਕੁੜੀ ਨੂੰ ਫੜਾ ਦਿੱਤਾ।

'ਅੰਕਲ ਕਿਹੜੇ ਨੋਟ ਲੈਣੇ ਨੇ?'

'ਨੌਂ ਸੌ ਸੌ ਦੇ ਅਤੇ ਅਤੇ ਇਕ ਇਕ ਦੇ ਸੌ ਦੇ ਦਿਉ' ਗੁਰਦੁਆਰੇ ਮੱਥਾ ਟੇਕਣ ਲਈ ਵੀ ਮੈਂ ਬੈਂਕ ਤੋਂ ਹੀ ਲੈ ਲੈਂਦਾਂ।

**ਲਖਬੀਰ ਸਿੰਘ ਮਾਂਗਟ**
**ਫੋਨ: 917-932-6439**

ਊਂ ਤਾਂ ਗੁਰਦੁਆਰੇ ਤੋਂ ਵੀ ਦਸ ਬੀਹ ਦੇ ਇਕੱਲੇ ਇਕੱਲੇ ਮਿਲ ਜਾਂਦੇ, ਪਰ ਕਈ ਵਾਰ ਉਨ੍ਹਾਂ ਕੋਲ ਵੀ ਨਾ ਹੁੰਦੇ ਤਾਂ ਮੱਥਾ ਵੀ ਦਸ-ਬੀਹ ਨਾਲ ਟੇਕਣਾ ਪੈ ਜਾਂਦਾ। ਦਿਹਾੜੀਦਾਰ ਲਈ ਦਸ-ਵੀਹ ਦੀ ਰਕਮ ਬਹੁਤ ਵੱਡੀ ਹੁੰਦੀ ਕਿਉਂਕਿ ਉਹ ਡਾਲਰ ਨੂੰ ਰੁਪਿਆਂ ਵਿਚ ਹੀ ਤਬਦੀਲ ਕਰਕੇ ਸੋਚਦਾ ਹੈ।

'ਅੰਕਲ ਦਸ ਮਿੰਟ ਬੈਠੋ, ਮੈਂ ਹੁਣੇ ਤੁਹਾਨੂੰ ਘਰ ਛੱਡ ਆਉਨੀ ਆਂ। ਆਹ ਨਾਲ ਹੀ ਸਾਡਾ ਘਰ ਹੈ। ' ਕੁੜੀ ਨੇ ਪੈਸੇ ਫੜਾਉਂਦੀ ਨੇ ਕਿਹਾ।

'ਕੱਲ੍ਹ ਨੂੰ ਚਲੇ ਚੱਲਾਂਗੇ ਬੇਟਾ।' ਮੈਂ ਆਪਣੇ ਕੱਪੜਿਆਂ ਤੇ ਪੈਰੀਂ ਪਾਈਆਂ ਚੱਪਲਾਂ ਵੱਲ ਵੇਖ ਕੇ ਕਿਹਾ।

'ਅੰਕਲ ਅੱਜ, ਹੁਣੇ ਹੀ ਜਾਣਾ, ਆਪਦੇ ਵੱਲ ਨਾ ਵੇਖੋ ਸਭ ਠੀਕ ਆ। ਘਰ ਡੈਡੀ ਤੁਹਾਨੂੰ ਉਡੀਕ ਰਹੇ ਨੇ। ਨਾਂਹ ਮੇਰੇ ਸੰਘ ਵਿਚ ਹੀ ਫਸ ਗਈ। ਉਸਨੇ ਇੰਨੀ ਅਪਣੱਤ ਨਾਲ ਕਿਹਾ ਜਿਵੇਂ ਮੇਰੀ ਆਪਣੀ ਬੇਟੀ ਮੇਰੇ 'ਤੇ ਹੱਕ ਜਤਾ ਰਹੀ ਹੋਵੇ।

ਅੰਗਰੇਜ਼ੀ ਦੀ ਮੁਸੀਬਤ ਕਰਕੇ ਲਾਈਨ ਵਿਚ ਲੱਗਿਆ ਮੈਂ ਸੋਚ ਰਿਹਾ ਸੀ ਕਿ ਔਸ ਕੁੜੀ ਕੋਲ ਮੇਰੀ ਵਾਰੀ ਆ ਜਾਵੇ ਤਾਂ ਸ਼ਾਇਦ ਠੀਕ ਰਹੇ। ਉਸਦੇ ਚਿਹਰੇ ਤੋਂ ਲੱਗ ਰਿਹਾ ਸੀ ਕੋਈ ਦੇਸੀ ਕੁੜੀ ਹੈ। ਇਸ ਨੂੰ ਕੋਈ ਗੱਲ ਪੁੱਛਣੀ ਤੇ ਦੱਸਣੀ ਸੌਖੀ ਰਹੇਗੀ। ਪੰਜਾਬੀ ਭਾਈਚਾਰੇ ਵਿਚ ਇਥੇ, ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਬਾਸ਼ਿੰਦਿਆਂ ਨੂੰ ਦੇਸੀ ਕਹਿੰਦੇ ਨੇ। ਮਤਲਬ ਕਿ ਪੰਜਾਬ ਨੂੰ ਵੰਡ ਕੇ ਨਹੀਂ ਵੇਖਿਆ ਜਾਂਦਾ। ਬੰਗਲਾ ਦੇਸ਼ੀਆਂ ਨੂੰ ਬੰਗਾਲੀ, ਚੀਨੇ ਤੇ ਅਜਿਹੇ ਹੋਰ ਫਿਡੇ ਨੱਕਾਂ ਵਾਲਿਆਂ ਨੂੰ ਏਸ਼ੀਅਨ ਤੇ ਕਾਲਿਆਂ ਨੂੰ ਤਾਂ ਕਾਲੇ ਹੀ ਕਹਿੰਦੇ ਨੇ ਚਾਹੇ ਬਾਸ਼ਿੰਦੇ ਹੋਣ ਜਾਂ ਬਾਹਰੋਂ ਆਏ। ਬੇਸ਼ਕ ਮੈਂ ਵੀ ਹੁਣ ਥੋੜ੍ਹਾ ਜਿਹਾ ਅੰਗਰੇਜ਼ੀ ਨੂੰ ਮੂੰਹ ਮਾਰਨ ਲੱਗ ਪਿਆ ਸਾਂ, ਪਰ ਕਾਊਟਰਾਂ ਤੇ ਕੰਮ ਕਰਦੇ ਕੈਸ਼ੀਅਰ ਏਨੀ ਤੇਜ ਅੰਗਰੇਜ਼ੀ ਬੋਲਦੇ ਕਿ ਮੇਰੇ ਤਾਂ ਕੰਨਾਂ ਦੇ ਬਾਹਰ ਬਾਹਰ ਦੀ ਹੀ ਲੰਘ ਜਾਂਦੀ ਹੈ।

'ਨੈਕਸਟ' (ਅਗਲਾ) ਦੀ ਅਵਾਜ਼ ਆਈ ਤਾਂ ਮੈਂ ਆਪਣੇ ਤੋਂ ਪਿੱਛੇ ਖੜ੍ਹੀ ਗੋਰੀ ਨੂੰ ਹੱਥ ਦੇ ਇਸ਼ਾਰੇ ਨਾਲ ਜਾਣ ਲਈ ਆਖ ਦਿੱਤਾ। ਮੈਨੂੰ ਆਸ ਸੀ ਕਿ ਤਦ ਤੱਕ ਦੇਸੀ ਕੁੜੀ ਵਾਲੀ ਖਿੜਕੀ ਵਿਹਲੀ ਹੋ ਜਾਵੇਗੀ। ਜਦ ਉਸਨੇ ਅਵਾਜ ਮਾਰੀ ਤਾਂ ਮੇਰੇ ਪੈਰ ਖੁਸ਼ੀ ਨਾਲ ਤੁਰ ਪਏ। ਉਸਨੇ ਫਰਾਟੇਦਾਰ ਅੰਗਰੇਜ਼ੀ ਵਿਚ ਚਾਰ ਪੰਜ ਸ਼ਬਦ ਮੇਰੇ ਸੁਆਗਤ ਲਈ ਰਿਵਾਜ ਅਨੁਸਾਰ ਬੋਲੇ। ਮੈਂ ਕੁੱਝ ਵੀ ਬੋਲੇ ਬਗੈਰ ਆਪਦਾ ਪਹਿਚਾਣ ਕਾਰਡ ਅਤੇ ਚੈਂਕ ਸ਼ੀਸ਼ੇ ਵਿਚ ਬਣੀ ਮਘੋਰੀ ਰਾਹੀਂ ਅੰਦਰ ਕਰ ਦਿੱਤੇ। ਉਹ, ਮੇਰੀ ਸਮੱਸਿਆ ਨੂੰ ਸਮਝਦੇ ਹੋਏ ਮੁਸਕਰਾ ਕੇ ਮੇਰੇ ਕਾਰਡ ਤੇ ਚੈਕ ਫੜ, ਕੰਪਿਊਟਰ ਤੇ ਕੰਮ ਕਰਨ ਲੱਗੀ। ਮੈਂ ਸੋਚਿਆ, ਜਿਹੜੇ ਸਿਆਪੇ ਤੋਂ ਡਰਦਾ ਇਹਦੇ ਕੋਲ ਆਇਆ ਸੀ ਉਹ ਤਾਂ ਜਿਉਂ ਦਾ ਤਿਉਂ ਹੀ ਰਿਹਾ।

'ਕਿੱਥੋਂ ਹੋ ਅੰਕਲ ਜੀ?' ਕੁੜੀ ਨੇ ਕੰਪਿਊਟਰ 'ਤੇ ਕੰਮ ਕਰਦੀ ਨੇ ਜਦ ਮੈਨੂੰ ਪੁੱਛਿਆ ਤਾਂ ਮੇਰੇ ਵਿਚ ਜਿਵੇਂ ਜਾਨ ਆ ਗਈ ਹੋਵੇ। ਮੇਰੀ ਆਈ ਡੀ ਵੇਖ ਕੇ ਉਸਨੇ ਜਾਣ ਲਿਆ ਸੀ ਕਿ ਪੰਜਾਬੀ ਹੈ।

'ਇੰਡੀਆ ਤੋਂ। '

'ਨਹੀਂ ਨਹੀਂ ਮੇਰਾ ਮਤਲਬ ਤੁਸੀਂ ਇੰਡੀਆ ਪੰਜਾਬ ਵਿਚ ਕਿਥੋਂ ਹੋ?'

'ਲੁਧਿਆਣੇ ਤੋਂ।' ਮੈਂ ਸੋਚਿਆ ਕਿ ਇਹ ਵੀ ਕਿਤੇ ਨੇੜੇ ਤੇੜੇ ਦੀ ਹੀ ਲਗਦੀ ਆ।

'ਖਾਸ ਲੁਧਿਆਣੇ ਤੋਂ ਜਾਂ ਕਿਸੇ ਪਿੰਡ ਤੋਂ'

'ਮਾਛੀਵਾੜੇ ਕੋਲ, ਪਿੰਡ ਹੈ ਭਮਾਂ ਕਲਾਂ।' ਮੈਂ ਬੜਾ ਹੈਰਾਨ ਸਾਂ ਕਿ ਕੁੜੀ ਮੇਰੇ ਵਿਚ ਇੰਨੀ ਦਿਲਚਸਪੀ ਕਿਉਂ ਲੈ ਰਹੀ ਹੈ। ਹੋ ਸਕਦਾ ਇਸਨੂੰ ਆਪਣੇ ਕਿਸੇ ਰਿਸ਼ਤੇਦਾਰ ਦਾ ਭੁਲੇਖਾ ਲੱਗਦਾ ਹੋਵੇ ਜਾਂ ਮੇਰੇ ਪਿੰਡ ਕੋਈ ਰਿਸ਼ਤੇਦਾਰੀ ਹੀ ਹੋਵੇ।

'ਇਹ ਨਾਂ ਸੁਣਿਆ ਲੱਗਦੈ' ਆਖ ਕੇ ਉਸਨੇ ਆਪਣਾ ਫੋਨ ਕਿਸੇ ਨੂੰ ਲਗਾਇਆ।

'ਡੈਡੀ ਤੁਹਾਡਾ ਕਿਹੜਾ ਪਿੰਡ ਸੀ ਭਲਾ ਇੰਡੀਆ ਵਿਚ...ਮਾਛੀਵਾੜੇ ਕੋਲ ਸੀ'

'ਚਲੋ ਚੱਲੀਏ ਅੰਕਲ।' ਅਵਾਜ ਸੁਣ ਕੇ ਮੈਂ ਤ੍ਰਭਕਿਆ। ਪਤਾ ਹੀ ਨਹੀਂ ਚੱਲਿਆ ਕਦੋਂ ਦਸ ਮਿੰਟ ਬੀਤ ਗਏ। ਤਿੰਨ-ਚਾਰ ਕੁ ਮਿੰਟ ਵਿਚ ਹੀ ਅਸੀਂ ਉਸਦੇ ਘਰ ਪਹੁੰਚ ਗਏ। ਮੈਂ ਹੈਰਾਨ ਹੋਇਆ ਕਿਉਂਕਿ ਸਾਰਾ ਪਰਿਵਾਰ ਗੇਟ ਤੇ ਸੁਆਗਤ ਲਈ ਖੜ੍ਹਾ ਸੀ। ਸਾਰੇ ਮੈਨੂੰ ਗਲੇ ਲੱਗ ਕੇ ਮਿਲੇ। ਬਜੁਰਗ ਗਲੇ ਮਿਲੇ ਤਾਂ ਮੈਨੂੰ ਮਹਿਸੂਸ ਹੋਇਆ ਕਿ ਹੰਝੂ ਮੇਰੀ ਗਰਦਨ ਤੇ ਗਿਰੇ ਨੇ। ਉਹ ਡੁਸਕ ਰਿਹਾ ਸੀ। ਮੈਂ ਹੈਰਾਨ ਸਾਂ ਕਿ ਆਖਰ ਗੱਲ ਕੀ ਹੈ, ਇਸ ਤਰ੍ਹਾਂ ਤਾਂ ਚਿਰਾਂ ਤੋਂ ਵਿਛੜੇ ਪੁੱਤ ਬਾਰੇ ਹੀ ਇੰਨਾ ਭਾਵੁਕ ਹੋ ਸਕਦਾ ਹੈ। ਮੈਨੂੰ ਇਸ ਸਾਰੇ ਮਾਜਰੇ ਦੀ ਅਜੇ ਤੱਕ ਭੋਰਾ ਵੀ ਕੰਨਸੋਅ ਨਹੀਂ ਸੀ ਮਿਲੀ। ਅਣਜਾਣ ਬੰਦਿਆਂ ਤੋਂ ਇੰਨਾ ਮੋਹ, ਮੇਰੀ ਸਮਝ ਤੋਂ ਬਾਹਰ ਸੀ। ਮੇਰੀ ਇਹ ਸੋਚ ਹੋਰ ਪੱਕੀ ਹੋ ਗਈ ਕਿ ਜਰੂਰ ਇੰਨ੍ਹਾਂ ਨੂੰ ਕੋਈ ਭੁਲੇਖਾ ਲੱਗਿਆ ਹੈ। ਬਜ਼ੁਰਗ ਅਜੇ ਵੀ ਹੁਬਕੀਆਂ 'ਚੋਂ ਬਾਹਰ ਨਹੀਂ ਸੀ ਨਿਕਲ ਸਕਿਆ।

'ਅੱਬਾ ਆਜੋ ਬੈਠ ਕੇ ਗੱਲਾਂ ਕਰੋ।' ਕਹਿੰਦਿਆਂ ਕੁੜੀ ਨੇ ਬਜੁਰਗ ਨੂੰ ਮੇਰੇ ਨਾਲੋਂ ਵੱਖ ਕੀਤਾ ਤੇ ਸੋਫੇ 'ਤੇ ਬਿਠਾ ਦਿੱਤਾ ਪਰ ਬਜੁਰਗ ਅਜੇ ਵੀ ਬੱਚਿਆਂ ਵਾਂਗ ਡੁਸਕੀ ਜਾ ਰਿਹਾ ਸੀ। ਬੈਂਕ ਵਿਚ ਡੈਡੀ ਕਹਿ ਰਹੀ ਕੁੜੀ ਘਰੇ ਅੱਬਾ ਕਹਿ ਰਹੀ ਸੀ।

'ਇਹ ਆਪਣੀ ਜਨਮ ਭੋਇੰ ਨੂੰ ਯਾਦ ਕਰ ਕਰ ਕੇ ਹਮੇਸ਼ਾ ਉਦਰੇ ਰਹਿੰਦੇ ਨੇ' ਪਾਕਿਸਤਾਨ ਵਾਲੇ ਘਰ ਦੀ ਤਾਂ ਉਕਾ ਹੀ ਗੱਲ ਨਹੀਂ ਕਰਦੇ ਬਸ ਇੰਡੀਆ ਵਾਲੇ ਨੂੰ ਹੀ ਰੋਈ ਜਾਂਦੇ ਨੇ। ' ਮੁੰਡੇ ਦੀ ਗੱਲ ਵਿਚ ਥੋੜ੍ਹਾ ਹਿਰਖ ਵੀ ਮੈਨੂੰ ਲੱਗਿਆ। ਮੈਂ ਹੁਣ ਸਾਰੀ ਗੱਲ ਸਮਝ ਗਿਆ। ਮੈਂ ਉਠਿਆ ਬਜੁਰਗ ਦੇ ਪੈਰੀਂ ਹੱਥ ਲਾਇਆ। ਉਨ੍ਹਾਂ ਮੈਨੂੰ ਫਿਰ ਆਪਣੇ ਨਾਲ ਘੁੱਟ ਲਿਆ ਤੇ ਉੱਚੀ ਉੱਚੀ ਰੋਣ ਲੱਗ ਪਏ। ਮੇਰੀਆਂ ਅੱਖਾਂ ਵੀ ਸਿੱਲੀਆਂ ਹੋ ਗਈਆਂ ਸਨ।

'ਕੀ ਹਾਲ ਆ ਪਿੰਡ ਦਾ? ਮੈਂ ਬੀਹ ਕੁ ਸਾਲ ਦਾ ਸੀ ਉਦੋਂ। ਸੰਤਾਲੀ ਨੇ ਬੜਾ ਉਜਾੜਾ ਕੀਤਾ' ਉਨ੍ਹਾਂ ਭਰੇ ਗਲੇ ਨਾਲ ਕਿਹਾ। 'ਆਪਣੇ ਪਿੰਡ ਵਿਚ ਖਜੂਰਾਂ ਬਹੁਤ ਸੀ।' ਬਜੁਰਗ ਦੇ ਚਿਹਰੇ ਤੇ ਥੋੜੀ ਖੁਸ਼ੀ ਦਿਸੀ।

'ਸਾਰਾ ਪਿੰਡ ਮੌਜਾਂ ਵਿਚ ਆ ਤਾਇਆ ਜੀ' ਤਕਰੀਬਨ ਹਰ ਘਰ 'ਚੋਂ ਕੋਈ ਨਾ ਕੋਈ ਬਾਹਰਲੇ ਮੁਲਕ ਵਿਚ ਆ।' ਮੈਂ ਵੀ ਆਪਣਾਪਣ ਵਿਖਾਂਦੇ ਸਬੰਧ ਜੋੜ ਦਿੱਤਾ।

'ਬੜੀ ਸੇਗਲ਼ ਹੁੰਦੀ ਸੀ ਪਹਾੜ ਵਾਲੇ ਪਾਸੇ। ਕਾਹੀ ਦਾ ਝੱਲ ਹੀ ਝੱਲ ਖੜਾ ਸੀ। ਸੂਰ, ਗਿੱਦੜ, ਹਿਰਨ, ਬੜੇ ਹੁੰਦੇ ਸੀ ਡਾਰਾਂ ਦੀਆਂ ਡਾਰਾਂ। ਸੂਏ ਦੇ ਨਾਲ ਨਾਲ ਨੜੇ ਹੀ ਨੜੇ ਸੀ। ਏਧਰ ਹਾੜੀਆ ਤੇ ਇਰਾਕ ਵਾਲੇ ਪਾਸੇ ਤਾਂ ਕਾਹੀ ਦੇ ਨਾਲ ਨੜਿਆਂ ਦਾ ਜੰਗਲ ਹੀ ਸੀ। ਗੋਡੇ ਗੋਡੇ ਪਾਣੀ 'ਚੋਂ ਨੜੇ ਵੱਢ ਕੇ ਲਿਆਂਦੇ ਸੀ ਬਾਲਣ ਲਈ।' ਬਜੁਰਗ ਨੇ ਇਕੋ ਸਾਹ ਹੀ ਪਿੰਡ ਦੇ ਦੋ ਪਾਸਿਆਂ ਦੀ ਜ਼ਮੀਨ ਦੀ ਹਾਲਤ ਦੱਸ ਦਿੱਤੀ।

'ਸਾਰਾ ਕੁੱਝ ਸਾਫ਼ ਹੋ ਗਿਆ ਜੀ ਹੁਣ ਤਾਂ, ਨਾ ਕਾਹੀ ਰਹੀ ਐ ਨਾ ਹੀ ਨੜੇ। ਸੇਗਲ ਵੀ ਚੱਕੀ ਗਈ ਹੈ। ਟਰੈਕਟਰਾਂ ਨਾਲ ਸਾਰੀ ਜ਼ਮੀਨ ਆਬਾਦ ਹੋ ਗਈ ਹੈ। ਹੁਣ ਤਾਂ ਜਿਧਰ ਵੇਖੋ ਕਣਕ-ਝੋਨੇ ਦੇ ਖੇਤ ਹੀ ਦਿਸਦੇ ਆ। ਪਾਣੀ ਬੀਹ ਬੀਹ ਫੁੱਟ ਥੱਲੇ ਚਲਿਆ ਗਿਆ ਝੋਨੇ ਕਰਕੇ।

'ਅੱਛਾ' ਬਜ਼ੁਰਗ ਨੇ ਬੜੇ ਹੀ ਅਚੰਭੇ ਨਾਲ ਕਿਹਾ ਜਿਵੇਂ ਉਸਨੂੰ ਯਕੀਨ ਨਾ ਹੋਵੇ। 'ਅਸੀਂ ਤਾਂ ਡੰਗਰ ਚਾਰਦੇ ਪਾਣੀ ਪੀਣ ਲਈ ਹੱਥ ਨਾਲ ਹੀ ਮਿੱਟੀ ਪੁੱਟਦੇ ਸੀ ਤਾਂ ਪਾਣੀ ਸਿੰਮ ਆਂਦਾ ਸੀ'

'ਅੱਬਾ ਦੱਸਦੇ ਹੁੰਦੇ ਆ ਬਈ ਐਡਾ ਵੱਡਾ ਝੱਲ ਆ ਜੇ ਚਰਦੇ ਚਰਦੇ ਡੰਗਰ ਵਿਚ ਵੜ ਜਾਂਦੇ ਸੀ ਤਾਂ ਲੱਭਦੇ ਨੀ ਸੀ ਹੁੰਦੇ। ਆਪੇ ਦਿਨ ਛਿਪੇ ਤੋਂ ਆ ਜਾਂਦੇ ਸੀ।' ਅਲੀ ਮੇਰੇ ਤੋਂ ਝੱਲ ਬਾਰੇ ਯਕੀਨ ਦਹਾਨੀ ਚਾਹੁੰਦਾ ਸੀ ਕਿ ਕਿਤੇ ਉਸਦਾ ਅੱਬਾ ਐਵੇਂ ਤਾਂ ਗੱਲਾਂ ਨਹੀਂ ਸੁਣਾਈ ਗਿਆ।

'ਦੱਖਣ ਵਾਲੇ ਪਾਸੇ ਰੇਤੇ ਦੇ ਬੜੇ ਉਚੇ ਉਚੇ ਟਿੱਬੇ ਸੀ। ਬਹੁਤ ਮੂੰਗਫਲੀ ਹੁੰਦੀ ਸੀ ਰੇਤਲੇ ਇਲਾਕੇ ਵਿਚ। ਨੇਰੀਆਂ ਵਗਦੀਆਂ ਤਾਂ ਰਸਤੇ ਭਰ ਜਾਂਦੇ ਰੇਤੇ ਨਾਲ। ਮੂਹਰੇ ਬੰਦੇ ਕਹੀਆਂ, ਜਿੰਦਿਆਂ ਨਾਲ ਰੇਤੇ ਨੂੰ ਪਹੇ ਵਿਚੋਂ ਹਟਾਉਂਦੇ ਤਾਂ ਕਿਤੇ ਜਾ ਕੇ ਗੱਡੇ ਸਰਕ ਸਰਕ ਕੇ ਚਲਦੇ। ਬਲਦਾਂ ਦੀ ਬੱਸ ਹੋ ਜਾਂਦੀ ਸੀ।' ਬਜ਼ੁਰਗ ਦਾ ਦਿਲ ਭਰਿਆ ਪਿਆ ਸੀ ਆਪਣੇ ਪਿੰਡ ਦੀਆਂ ਗੱਲਾਂ ਨਾਲ।

'ਜਿੰਨਾ ਚਿਰ ਰੇਤੇ ਵਿਚ ਮੂੰਗਫਲੀ ਹੁੰਦੀ ਰਹੀ ਲੋਕ ਬੜੇ ਸੁਖੀ ਸੀ। ਨਿਰੀ ਆਮਦਨ ਦੀ ਫਸਲ ਸੀ। ਮੂੰਗਫਲੀ ਹੋਣੋ ਹਟ ਗਈ ਤੇ ਲੋਕਾਂ ਖੇਤ ਪੱਧਰ ਕਰਕੇ ਰੇਤੇ ਵਿਚ ਵੀ ਝੋਨਾ ਗੱਡ ਤਾ। ਤਾਇਆ ਜੀ ਟਿੱਬੇ ਤਾਂ ਇਕ ਪਾਸੇ ਮੁੱਠੀ ਭਰ ਰੇਤਾ ਵੇਖਣ ਨੂੰ ਨਹੀਂ ਰਿਹਾ।'

'ਯਾ ਮੇਰੇ ਖੁਦਾ ਤੇਰੀਆਂ ਤੂੰਹੀ ਜਾਣੇ' ਬਜ਼ੁਰਗ ਟਿੱਬਿਆਂ ਤੋਂ ਬਿਨਾਂ ਇਲਾਕੇ ਦਾ ਤਸੱਵਰ ਕਰ ਰਿਹਾ ਸੀ।

'ਸਿੱਖ ਵਾਕਿਆ ਹੀ ਬਹੁਤ ਮਿਹਨਤੀ ਨੇ। ਪਹਿਲਾਂ ਅੰਗਰੇਜ਼ਾਂ ਨੇ ਇਨ੍ਹਾਂ ਤੋਂ ਬਾਰ ਅਬਾਦ ਕਰਾਈ ਸੀ।' ਅਲੀ ਪੂਰਬੀ ਪੰਜਾਬ ਦੀ ਤਰੱਕੀ ਬਾਰੇ ਕੁਝ ਜਿਆਦਾ ਹੀ ਸੋਚਦਾ ਸੀ। ਇਸ ਤਰੱਕੀ ਨੇ ਜੋ ਨੁਕਸਾਨ ਕੀਤੇ ਅਤੇ ਕਰਨੇ ਹਨ, ਜਿਨ੍ਹਾਂ ਦਾ ਖਮਿਆਜਾ ਏਸ ਇਲਾਕੇ ਦੀਆਂ ਪੀੜ੍ਹੀਆਂ ਨੇ ਭੁਗਤਣਾ, ਉਨ੍ਹਾਂ ਤੋਂ ਉਹ ਅਣਜਾਣ ਸੀ।

'ਮੁਸਲਮਾਨ ਤਾਂ ਪਿੰਡੋਂ ਸਾਰੇ ਇਕੱਠੇ ਹੀ ਚਲੇ ਗਏ ਸਨ। ਸਿੱਖ ਸਾਡੇ ਪਿੰਡ ਵਿਚ ਕੋਈ ਨਹੀਂ ਸੀ ਪਰ ਇਕ ਘਰ ਤਖਾਣਾਂ ਦਾ ਸੀ, ਇੰਨਾਂ ਦਾ ਵੱਡਾ ਮੁੰਡਾ ਚਾਨਾ ਮੇਰਾ ਹਾਣੀ ਸੀ, ਬੜਾ ਜਿੱਦੀ ਸੀ। ਚੂਹੜਿਆਂ ਦਾ ਇਕੋ ਘਰ ਸੀ, ਉਹਦੇ ਚਾਰ ਮੁੰਡੇ ਤੇ ਤਿੰਨ ਕੁੜੀਆਂ ਸੀ। ਵੱਡੇ ਦੋ ਜੌੜੇ ਮੇਰੇ ਤੋਂ ਸਾਲ ਕੁ ਵੱਡੇ ਸਨ। ਤਿੰਨ ਚਾਰ ਘਰ ਚਮਾਰਾਂ ਦੇ ਵੀ ਸਨ। ਮਸੀਂ ਬੀਹ ਕੁ ਘਰਾਂ ਦਾ ਪਿੰਡ ਸੀ। '

'ਤਾਇਆ ਜੀ ਮੈਨੂੰ ਪਤਾ ਲੱਗਿਆ ਕਿ ਅਜ਼ਾਦੀ ਤੋਂ ਪਹਿਲਾਂ ਪਿੰਡ ਦਾ ਸਕੂਲ ਛੇਵੀਂ ਤੱਕ ਸੀ'

'ਆਹੋ ਸਾਲ ਪਹਿਲਾਂ ਹੀ ਬਣਿਆ ਸੀ ਅੱਠਵੀਂ ਤੱਕ। ਛੇਵੀ ਜਮਾਤ ਚਾਲੂ ਹੋ ਗਈ ਸੀ'

'ਅੱਠਵੀਂ ਤੱਕ' ਮੈਨੂੰ ਹੈਰਾਨੀ ਹੋਈ ਕਿ ਅਜ਼ਾਦੀ ਤੋਂ ਬਾਅਦ ਸਾਡਾ ਇਹ ਸਕੂਲ ਫਿਰ ਕਿਵੇਂ ਪ੍ਰਾਇਮਰੀ ਬਣ ਗਿਆ। 'ਤਾਇਆ ਜੀ ਤੁਸੀਂ ਕਿੰਨੀਆਂ ਪੜ੍ਹੇ ਓ।'

'ਮੈਂ ਚੌਥੀ 'ਚੋਂ ਹੱਟ ਗਿਆ ਸੀ। ਪੰਜ ਤਾਂ ਕੋਈ ਕੋਈ ਹੀ ਟੱਪਦਾ ਸੀ। ਨੇੜੇ-ਤੇੜੇ ਦੇ ਅੱਠ ਪਿੰਡਾਂ 'ਚੋਂ ਸਿਰਫ ਸਾਡੇ ਪਿੰਡ ਹੀ ਸਕੂਲ ਹੁੰਦਾ ਸੀ।' ਉਹਦੇ ਮੂੰਹੋਂ 'ਸਾਡੇ ਪਿੰਡ' ਸ਼ਬਦ ਇਸ ਤਰ੍ਹਾਂ ਨਿਕਲਿਆ ਜਿਵੇਂ ਇਸ ਵਕਤ ਉਸ ਪਿੰਡ ਵਿਚ ਹੀ ਬੈਠਾ ਹੋਵੇ।

'ਫਿਰ ਤਾਂ ਬਹੁਤ ਜੁਆਕ ਹੋਣਗੇ ਸਕੂਲ ਵਿਚ' ਸਕੂਲ ਪੜ੍ਹਦੇ ਅਲੀ ਦੇ ਛੋਟੇ ਮੁੰਡੇ ਨੇ ਵੀ ਰੁਚੀ ਵਿਖਾਈ।

'ਬੜੇ ਘੱਟ ਜੁਆਕ ਹੁੰਦੇ ਸੀ। ਕਿਸੇ ਕਿਸੇ ਘਰ ਦਾ ਕੋਈ ਜੁਆਕ ਪੜ੍ਹਦਾ ਸੀ। ਸਾਡੇ ਨਾਲ ਪਿੰਡ 'ਚੋਂ ਸਿਰਫ ਤਖਾਣਾਂ ਦੇ ਦੋ ਮੁੰਡੇ ਹੀ ਪੜ੍ਹਦੇ ਸੀ। ਇਹੀ ਹਾਲ ਬਾਕੀ ਪਿੰਡਾਂ ਦਾ ਸੀ। ਇਕੋ ਹੀ ਮੁਣਸ਼ੀ ਹੁੰਦਾ ਸੀ। ਪੜ੍ਹਾਈ ਦੀ ਕੀਮਤ ਤਾਂ ਇਥੇ ਆ ਕੇ ਪਤਾ ਲੱਗੀ ਆ।

'ਸਕੂਲ ਤਾਂ ਅਜ਼ਾਦੀ ਤੋਂ ਬਾਅਦ ਪਿਛੇ ਨੂੰ ਮੁੜ ਕੇ ਪੰਜਵੀਂ 'ਤੇ ਹੀ ਆ ਗਿਆ। ਜਿਹੜੇ ਪਿੰਡਾਂ 'ਚ ਸਕੂਲ ਨਹੀਂ ਸਨ ਉਥੇ ਹੁਣ ਮਿਡਲ ਤੇ ਹਾਈ ਬਣੇ ਹੋਏ ਨੇ। ਜੱਟ ਆਪਦੇ ਬੱਚੇ ਪਬਲਿਕ ਸਕੂਲਾਂ 'ਚ ਭੇਜ ਪੈਸਾ ਪੱਟੀ ਜਾ ਰਹੇ ਆ ਤੇ ਸਰਕਾਰੀ ਸਕੂਲਾਂ ਵਿਚ ਗਰੀਬਾਂ ਦੇ, ਯੂਪੀ ਤੇ ਬਿਹਾਰੀ ਬੱਚੇ ਪੜ੍ਹਦੇ ਨੇ। '

'ਮੇਰਾ ਹਾਣੀ ਕੋਈ ਹੈਗਾ'

'ਚਾਨਾ ਤਾਂ ਤਿੰਨ ਕੁ ਸਾਲ ਹੋਗੇ ਰੱਬ ਨੂੰ ਪਿਆਰਾ ਹੋ ਗਿਆ ਸੀ। ਬਾਕੀ ਮੈਂ ਪਿੰਡੋਂ ਪਤਾ ਕਰਾਂਗਾ।' ਤਾਏ ਦਾ ਹੌਕਾ ਨਿਕਲ ਗਿਆ। ਉਸ ਨੇ ਆਪਣਾ ਸਿਰ ਹੱਥਾਂ ਵਿਚ ਘੁੱਟ ਲਿਆ।

'ਅੱਬਾ ਦੱਸਦੇ ਹੁੰਦੇ ਆ ਕਿ ਇਸ ਪਿੰਡ ਦੀ ਮਸੀਤ ਵਰਗੀ ਮਸੀਤ ਦਸ ਦਸ ਕੋਹਾਂ ਤੱਕ ਨਹੀਂ ਸੀ। ਕਹਿੰਦੇ ਅੰਦਰ ਤੇ ਬਾਹਰ ਬਹੁਤ ਮੀਨਾਕਾਰੀ ਕੀਤੀ ਹੋਈ ਸੀ। ਪੰਜ ਪੀਰਾਂ ਤੇ ਬੜਾ ਭਾਰੀ ਮੇਲਾ ਲਗਦਾ ਸੀ। ਹੈਗੇ ਕਿ ਢਾਹ ਦਿੱਤ' ਬੇਸ਼ਕ ਇਹ ਸੁਆਲ ਅਲੀ ਨੇ ਕੀਤਾ ਸੀ ਪਰ ਬਜੁਰਗ ਅਤੇ ਬਾਕੀ ਪਰਿਵਾਰ ਵੀ ਜੁਆਬ ਸੁਣਨ ਲਈ ਉਤਾਵਲੇ ਹੋ ਗਏ। ਮਸੀਤ ਦੇ ਉਪਰ ਅਰਨੇ-ਬਰਨੇ ਦਾ ਦਰੱਖਤ ਉਗ ਆਇਆ ਜਿਸ ਦੀਆਂ ਜੜਾਂ ਨੇ ਗੁੰਬਦ ਨੂੰ ਢਾਹ ਦਿੱਤਾ ਸੀ, ਪਰ ਮੈਂ ਇਹ ਗੱਲ ਲੁਕੋ ਗਿਆ ਕਿ ਇਨ੍ਹਾਂ ਦੇ ਮਨ ਨੂੰ ਠੇਸ ਪਹੁੰਚੇਗੀ।

'ਪੀਰਾਂ ਵਾਲਾ ਫਰਸ਼ ਉਖੜ ਗਿਆ ਸੀ ਉਹ ਰੰਗ ਬਰੰਗੀਆਂ ਡੀਟੀਆਂ ਵਾਲਾ ਤਾਂ ਨਹੀਂ ਲੱਗਿਆ ਪਰ ਪੱਕਾ ਫਰਸ਼ ਬਣਾ ਦਿੱਤਾ ਹੈ। ਪੰਜਾਂ ਕਬਰਾਂ 'ਤੇ ਵੀ ਟਾਈਲਾਂ ਲਾ ਕੇ ਉਪਰ ਲੈਂਟਰ ਵਾਲਾ ਪੱਕਾ ਹਾਲ ਬਣਾ ਦਿੱਤਾ ਹੈ ਪਿੰਡ ਵਾਲਿਆਂ ਨੇ। ਵੀਰਵਾਰ ਨੂੰ ਕਾਫੀ ਲੋਕ ਮੰਨਦੇ ਨੇ ਤੇ ਹਰ ਸਾਲ ਭਾਦੋਂ ਦੇ ਮਹੀਨੇ ਮੇਲਾ ਭਰਦਾ।' ਇਹ ਸੁਣ ਕੇ ਅਲੀ ਅਤੇ ਉਸਦੇ ਮਾਂ-ਬਾਪ ਦੇ ਚਿਹਰੇ ਚਮਕ ਉਠੇ। ਮੈਨੂੰ ਯਾਦ ਆਇਆ ਕਿ ਫਰਸ਼ ਦੀਆਂ ਰੰਗ ਬਰੰਗੀਆਂ ਡੀਟੀਆਂ ਨਾਲ ਤਾਂ ਜੁਆਕ ਪੀਚੋ-ਬੱਕਰੀ ਤੇ ਹੋਰ ਖੇਡਾਂ ਖੇਡਿਆ ਕਰਦੇ ਸਨ।

'ਪਿੰਡ ਵਿਚ ਪੁਰਾਣੇ ਘਰ ਤਾਂ ਨਹੀਂ ਹੋਣੇ ਪੁੱਤਰਾ? ਮੈਂ ਸਮਝ ਗਿਆ ਕਿ ਉਹ ਆਪਦੇ ਘਰ ਬਾਰੇ ਪੁੱਛਣਾ ਚਾਹੁੰਦਾ ਹੈ। ਮੈਂ ਸਿੱਧਾ ਹੀ ਪੁੱਛ ਲਿਆ, 'ਤੁਹਾਡਾ ਘਰ ਕਿਥੇ ਕਰਕੇ ਸੀ ਤਾਇਆ ਜੀ'

ਉਨ੍ਹਾਂ ਦੇ ਦੱਸਣ ਅਨੁਸਾਰ, ਮੈਂ ਸਮਝ ਗਿਆ ਕਿ ਸਾਡਾ ਗੁਆਂਢੀ ਗਿੱਲ ਪਰਿਵਾਰ ਹੀ ਪਾਕਿਸਤਾਨ ਤੋਂ ਆ ਕੇ ਇਸ ਘਰ ਵਿਚ ਰਿਹਾ ਸੀ। ਅਤੇ ਹੁਣ ਉਥੇ ਬੰਦ ਪਈ ਸ਼ਾਨਦਾਰ ਕੋਠੀ ਲਿਸ਼ਕਾਂ ਮਾਰ ਰਹੀ ਸੀ। ਪਰਿਵਾਰ ਸਾਰਾ ਕਨੇਡਾ ਵੱਸ ਗਿਆ ਸੀ।

'ਬਿਲਕੁਲ ਏਹੀ ਆ' ਜਦੋਂ ਮੈਂ ਮਕਾਨ ਦੀਆਂ ਨਿਸ਼ਾਨੀਆਂ ਦੱਸੀਆਂ ਤਾਂ ਬਜੁਰਗ ਦਾ ਚਿਹਰਾ ਖਿੜ ਉਠਿਆ। ਪਰ ਮੈਂ ਉਨ੍ਹਾਂ ਦਾ ਮਨ ਰੱਖਣ ਲਈ ਝੂਠ ਦਾ ਸਹਾਰਾ ਲਿਆ। ਦੱਸਿਆ ਕਿ ਇਸ ਮਕਾਨ ਵਿਚ ਤਾਂ ਪਾਕਿਸਤਾਨੋਂ ਆ ਕੇ ਸਾਡੇ ਛੋਟੇ ਬਾਬੇ ਦਾ ਪਰਿਵਾਰ ਰਿਹਾ ਸੀ। ਪਰਿਵਾਰ ਵੱਡਾ ਹੋਣ ਕਰਕੇ ਉਥੇ ਸਰਦਾ ਨਹੀਂ ਸੀ। ਉਨ੍ਹਾਂ ਖੇਤ ਵਿਚ ਘਰ ਪਾ ਲਿਆ ਸੀ ਤੇ ਇਥੇ ਮਾੜਾ ਮੋਟਾ ਪੁਰਾਣਾ ਸਮਾਨ ਹੀ ਪਿਆ ਹੈ। ਆਪਦੇ ਘਰ ਨੂੰ ਸੁਰੱਖਿਅਤ ਸੁਣ ਕੇ ਬਜੁਰਗ ਦੇ ਚਿਹਰੇ ਤੇ ਪਈਆਂ ਝੁਰੜੀਆਂ ਵਿਚੀਂ ਵੀ ਖੁਸ਼ੀ ਬਾਹਰ ਦਿਸ ਰਹੀ ਸੀ।

'ਜਿਉਂਦਾ ਰਹਿ ਪੁੱਤਰਾ, ਅੱਲਾ ਤੈਨੂੰ ਲੰਮੀਆਂ ਉਮਰਾਂ ਦੇਵੇ। ਕੀ ਕੰਮ ਕਰਦਾਂ ਇਥੇ'

'ਟੈਕਸੀ ਚਲਾਉਨਾ ਤਾਇਆ ਜੀ। ਦੋ ਸਾਲ ਹੋਗੇ ਗਰੀਨ ਕਾਰਡ ਮਿਲ ਗਿਆ ਸੀ। ਪਹਿਲਾਂ ਗੈਸ ਸਟੇਸ਼ਨ ਤੇ ਲੱਗਿਆ ਰਿਹਾਂ।'

'ਕਮਾਈ ਵਧੀਆ ਹੈਗੀ ਇਸ ਕੰਮ ਵਿਚ। ਮੈਂ ਤਾਂ ਕੰਸਟਰਕਸ਼ਨ ਦੀ ਕੰਪਨੀ ਬਣਾਈ ਸੀ ਉਹ ਹੁਣ ਅਲੀ ਨੂੰ ਸੰਭਾਲ ਤੀ ਆ। '

'ਤੁਸੀਂ ਤਾਂ ਹੁਣ ਵਧੀਆ ਅਰਾਮ ਦੀ ਜ਼ਿੰਦਗੀ ਗੁਜ਼ਾਰੋ।'

'ਉਹ ਹਾਥੀ ਵਾਲੀ ਕਹੌਤ ਨੂੰ ਮੈਂ ਇਉਂ ਕਹਿਨਾ ਹੁੰਨਾ ਇਥੇ, ਜੁਆਨ ਲੱਖ ਦਾ ਤੇ ਬੁੱਢਾ ਸਵਾ ਲੱਖ ਦਾ, ਇਕ ਹਜ਼ਾਰ ਪੈਨਸ਼ਨ ਆ, ਤਿੰਨ ਸੌ ਫੂਡ ਲਈ ਤੇ ਡੇਢ ਸੌ ਕੈਸ਼ ਹਰ ਮਹੀਨੇ ਕਾਰਡ 'ਚ ਆਪੇ ਆ ਜਾਂਦੇ ਨੇ। ਦਵਾਈਆਂ ਤੇ ਇਲਾਜ ਫਰੀ ਹੀ ਆ। ਦੋ ਹਜ਼ਾਰ ਮੇਰੀ ਹੋਮ ਕੇਅਰ ਦਾ ਪੋਤੀ ਕੁੱਟ ਲੈਂਦੀ ਹੈ ਤੇ ਨਾਲੇ ਬੈਂਕ ਦੀ ਡਿਊਟੀ ਕਰ ਆਉਂਦੀ ਆ। ਅਲੀ ਦੀ ਬੀਵੀ ਆਪਦੀ ਸੱਸ ਦਾ ਸਤਾਰਾਂ ਸੌ ਲੈ ਲੈਂਦੀ ਹੈ ਤੇ ਰਾਤ ਨੂੰ ਏਅਰਪੋਰਟ 'ਤੇ ਡਿਊਟੀ ਕਰਦੀ ਆ। ਬੁੱਢੇ ਤਾਂ ਇਥੇ ਡਾਲਰਾਂ ਦੀਆਂ ਖਾਣਾਂ ਹੀ ਨੇ। ' ਤਦੇ ਤਾਂ ਧੀਆਂ-ਪੁੱਤ ਮਾਪਿਆਂ ਨੂੰ ਇਥੋਂ ਜਾਣ ਨਹੀਂ ਦਿੰਦੇ। ਨਾਲੇ ਇਸੇ ਲਾਲਚ ਕਰਕੇ ਸੇਵਾ-ਸੰਭਾਲ ਹੋਈ ਜਾਂਦੀ ਹੈ। ਮੇਰੇ ਦਿਮਾਗ ਨੇ ਉਨ੍ਹਾਂ ਦੀ ਗੁੱਝੀ ਆਮਦਨ ਸੁਣ ਕੇ ਸੋਚਿਆ।

'ਅਮਰੀਕਾ ਆਇਆਂ ਕਿੰਨਾ ਚਿਰ ਹੋ ਗਿਆ ਤਾਇਆ ਜੀ'

'ਇਥੇ ਆਏ ਨੂੰ ਤਾਂ ਤੀਹ ਕੁ ਸਾਲ ਹੀ ਹੋਏ ਨੇ, ਪਰ ਘਰੋਂ ਨਿਕਲੇ ਨੂੰ ਪੰਜਾਹ ਹੋਗੇ।'

'ਪਹਿਲਾਂ ਕਿਥੇ ਰਹੇ' ਮੈਨੂੰ ਲੱਗ ਰਿਹਾ ਸੀ ਕਿ ਬਜੁਰਗ ਨੇ ਬੜੇ ਪਾਪੜ ਵੇਲੇ ਆ।

'ਪਹਿਲਾਂ ਡੁਬਈ ਰਿਹਾ ਪੰਦਰਾਂ ਸਾਲ, ਇਥੇ ਜੱਟ ਤੋਂ ਮਿਸਤਰੀ ਬਣਿਆ। ਡੁਬਈ ਸਿਖਿਆ ਇਹ ਕੰਮ ਇਥੇ ਅਮਰੀਕਾ ਮੇਰੇ ਬੜਾ ਫਿਟ ਆਇਆ। ਫਿਰ ਤਿੰਨ ਸਾਲ ਸਾਊਦੀ ਅਰਬ ਰਿਹਾ। ਇਥੋਂ ਜਰਮਨ ਪਹੁੰਚ ਕੇ ਦੋ ਸਾਲ ਲੁਕ-ਛੁਪ ਕੇ ਕੱਢੇ ਤੇ ਫਿਰ ਘੁੰਮਦੇ-ਫਿਰਦੇ ਮੈਕਸੀਕੋ ਤੇ ਇਥੇ ਲੈ ਦੇ ਕੇ ਬਾਰਡਰ ਟੱਪ ਕੇ ਅਮਰੀਕਾ 'ਚ ਘੁਸ ਗਏ।'

'ਬੜੀ ਘਾਲਣਾ ਘਾਲੀ ਆ' ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ।

'ਇਥੇ ਅੱਠ ਕੁ ਸਾਲ ਇਕ ਕੰਸਟਰੱਕਸਨ ਕੰਪਨੀ ਵਿਚ ਲੱਗਿਆ ਰਿਹਾ। ਕੰਮ ਨੂੰ ਚੰਗੀ ਤਰ੍ਹਾਂ ਸਮਝ ਕੇ ਫਿਰ ਆਪਦੀ ਕੰਪਨੀ ਖੋਲ੍ਹ ਲਈ। ਨਾਲ ਈ ਇਨ੍ਹਾਂ ਨੂੰ ਬੁਲਾ ਲਿਆ। ਫਿਰ ਚੱਲ ਸੋ ਚੱਲ।'

'ਸਾਡੇ ਔਲਾਦ ਲਈ ਬੰਦਾ ਕਿੰਨੇ ਦੁੱਖ ਤਕਲੀਫਾਂ ਝੱਲਦਾ, ਗੋਰੇ ਭੋਰਾ ਪ੍ਰਵਾਹ ਨੀ ਕਰਦੇ।' ਅਲੀ ਦੀ ਮਾਂ ਨੇ ਪਤੀ ਵੱਲੋਂ ਝੱਲੀਆਂ ਤਕਲੀਫਾਂ ਦਾ ਅਹਿਸਾਸ ਕਰਦਿਆਂ ਕਿਹਾ।

'ਤਦੇ ਸੌਖੇ ਵੀ ਨੇ।' ਅਲੀ ਦੇ ਮੂੰਹੋਂ ਇਹ ਸੁਣ ਕੇ ਮੈਂ ਸਮਝ ਗਿਆ ਕਿ ਉਹ ਪੱਛਮੀ ਰੰਗ ਵਿਚ ਰੰਗਿਆ ਗਿਆ ਹੈ।

ਮੈਂ ਸੋਚ ਰਿਹਾ ਸਾਂ ਕਿ ਮੈਂ ਹੁਣ ਇਸ ਘਰ ਵਿਚੋਂ ਵਿਦਾਇਗੀ ਕਿਵੇਂ ਲਵਾਂ। ਇੰਨੀ ਅਪਣੱਤ ਤਾਂ ਸਾਡੇ ਇਥੇ ਰਹਿੰਦੇ ਰਿਸ਼ਤੇਦਾਰਾਂ ਨੇ ਵੀ ਕਦੇ ਨਹੀਂ ਸੀ ਦਿਖਾਈ, ਜਿੰਨਾ ਪਿਆਰ ਤੇ ਸਤਿਕਾਰ ਮੈਨੂੰ ਇਸ ਅਣਜਾਣੇ ਘਰ ਵਿਚ ਮਿਲਿਆ। ਉਹ ਵੀ ਸੱਤ ਸਮੁੰਦਰੋਂ ਪਾਰ। ਸਨੇਹ ਦੀਆਂ ਬੇਸ਼ੁਮਾਰ ਤੰਦਾਂ ਵਿਚ ਮੈਂ ਲਿਪਟਿਆ ਜਾ ਚੁੱਕਾ ਸਾਂ। ਮੈਂ ਜਿਹੜਾ ਆਪਣੇ ਘਰੇਲੂ ਕੱਪੜਿਆਂ ਕਰਕੇ ਇਸ ਘਰ ਵਿਚ ਆਉਣ ਤੋਂ ਹਿਚਕਚਾ ਰਿਹਾ ਸਾਂ, ਹੁਣ ਇਸ ਘਰ ਵਿਚੋਂ ਬਾਹਰ ਜਾਣ ਤੋਂ ਡਰ ਰਿਹਾ ਸਾਂ। ਮੈਂ ਜਾਣਦਾ ਸਾਂ ਕਿ ਜਦੋਂ ਹੀ ਤੁਰਨ ਦੀ ਕੋਸ਼ਿਸ਼ ਕੀਤੀ ਮੇਰਾ ਭਰਿਆ ਗੱਚ ਅੱਖਾਂ ਰਾਹੀਂ ਬਾਹਰ ਆ ਜਾਵੇਗਾ। ਇਸ ਘਰ ਦੇ ਮੋਹ ਦੇ ਸੰਗਲ ਮੇਰੇ ਗਿੱਟਿਆਂ ਦੁਆਲੇ ਆਪਣੇ ਆਪ ਹੀ ਵਲੇਟੇ ਗਏ ਸਨ। ਇਹ ਸਾਡੇ ਸਾਂਝੇ ਭਾਈਚਾਰੇ ਦੇ ਸੰਗਲ ਸਨ। ਇਹ ਸਾਡੇ ਸਾਂਝੇ ਪੰਜਾਬੀ ਮੋਹ ਦੇ ਸੰਗਲ ਸਨ। ਇਹ ਸਾਡੀ ਸਾਂਝੀ ਧਰਤੀ ਦੇ ਸੰਗਲ ਸਨ।

'ਤਾਇਆ ਜੀ ਤੁਹਾਡਾ ਨਾਂ ਕੀ ਆ, ਘਰੇ ਤੁਹਾਡੇ ਬਾਰੇ ਦੱਸਾਂਗਾ।'

'ਮੇਰਾ ਨਾਂ ਤਾਂ ਮੁਹੰਮਦ ਜਾਵੇਦ ਸੰਧੂ ਆ, ਊਂ ਜੀਦਾ ਆਖਦੇ ਸੀ ਸਾਰੇ, ਪਿਓ ਦਾ ਨਾਂ ਰਸੂਲ ਸੀ।'

'ਵਹਿਣਾਂ ਵਿਚ ਵਹਿ ਕੇ, ਤੇਰਾ ਨਾਂ ਵੀ ਪੁੱਛਣਾ ਭੁੱਲ ਗਏ ਪੁੱਤਰਾ'

'ਮੇਰਾ ਨਾਂ ਤਾਂ ਅਲਬੇਲ ਸਿੰਘ ਢਿੱਲੋਂ ਹੈ, ਪਿੰਡ ਬਿੱਲੂ ਕਹਿੰਦੇ ਸੀ ਇਥੇ ਐਲਸ ਬਣ ਗਿਆ। '

'ਮੈਂ ਤਾਂ ਕਹਿਨਾ ਜਿਉਂਦਾ ਰਹੇ ਅਮਰੀਕਾ, ਇਹਨੇ ਪਿੱਛੇ ਸਾਨੂੰ ਜਿਉਂਦਿਆਂ ਵਿਚ ਕਰਤਾ। ਨਹੀਂ ਤਾਂ ਮਿੱਟੀ ਨਾਲ ਮਿੱਟੀ ਹੋਏ ਰਹੀ ਦਾ ਸੀ। ਖੂਹ ਦੀ ਮਿੱਟੀ ਖੂਹ ਨੂੰ ਲੱਗੀ ਜਾਂਦੀ ਸੀ। ' ਤਾਈ ਨੇ ਖੇਤੀ ਦੇ ਧੰਧੇ ਦੀ ਸਚਾਈ ਬਿਆਨ ਦਿੱਤੀ ਸੀ। ਦੋਨਾਂ ਪੰਜਾਬਾਂ ਵਿਚ ਕਿਸਾਨ ਦੀ ਹਾਲਤ ਇਕੋ ਜਿਹੀ ਹੀ ਆ।

'ਅੱਲਾ ਸੱਭ ਨੂੰ ਸੁਮੱਤ ਦੇਵੇ, ਸੰਤਾਲੀ ਕਿਸੇ ਵੀ ਦੇਸ਼ 'ਤੇ ਨਾ ਆਵੇ। ਬਹੁਤ ਦੁੱਖ ਭੋਗਿਆ ਦੋਨਾਂ ਪਾਸਿਆਂ ਨੇ।' ਤਾਏ ਦਾ ਗੱਚ ਭਰਿਆ ਹੋਇਆ ਸੀ। ਤਾਈ ਨੇ ਵੀ ਚੁੰਨੀ ਨਾਲ ਅੱਖਾਂ ਦੇ ਕੋਏ ਸਾਫ ਕੀਤੇ।

'ਊਂ ਹਾਂ ਤਾਂ ਮੈਂ ਅਭਾਗਾ ਹੀ। ਪਾਕਿਸਤਾਨੋ ਚੱਲ ਕੇ ਕਿੰਨੇ ਮੁਲਕ ਗਾਹੁੰਦਾ, ਅਮਰੀਕਾ ਤਾਂ ਆ ਗਿਆ ਪਰ ਆਪਣੇ ਪਿੰਡ, ਆਪਣੀ ਜਨਮ ਭੋਇੰ ਨਹੀਂ ਜਾ ਸਕਿਆ।'

'ਹੋ ਸਕਦਾ ਤਾਇਆ ਜੀ ਅਸੀਂ ਵੀ ਜਾਂ ਸਾਡੇ ਬੱਚੇ ਵੀ ਨਾ ਵੇਖ ਸਕਣ, ਪਰ ਇਕ ਦਿਨ ਜਰੂਰ ਆਵੇਗਾ ਜਦੋਂ ਵਾਹਗੇ ਵਾਲੀ ਲਕੀਰ ਮਿਟ ਜਾਵੇਗੀ।'

'ਜ਼ਰੂਰ ਮਿਟੇਗੀ ਜੇ ਬਰਲਿਨ ਦੀ ਕੰਧ ਡਿੱਗ ਸਕਦੀ ਹੈ ਤਾਂ ਇਕ ਦਿਨ ਇਹ ਲਕੀਰ ਵੀ ਨਹੀਂ ਰਹੇਗੀ।' ਬੈਂਕ ਵਾਲੀ ਕੁੜੀ ਨੇ ਅੰਦਰ ਵੜਦੇ ਹੀ ਕਿਹਾ। ਮੈਨੂੰ ਫਿਰ ਯਾਦ ਆਇਆ ਕਿ ਬਹੁਤ ਸਮਾਂ ਹੋ ਗਿਆ ਹੈ, ਹੁਣ ਚਲਣਾ ਚਾਹੀਦਾ ਹੈ।

'ਪੁੱਤਰਾ ਉਹ ਬਹੁਤ ਭਾਗਾਂ ਵਾਲਾ ਦਿਨ ਹੋਵੇਗਾ। ਮੈਂ ਕਹਿਨਾਂ ਸਿਰਫ ਮੈਂ ਹੀ ਨਹੀਂ ਕਹਿੰਦਾ ਮੇਰਾ ਦਿਲ ਜਾਣਦਾ ਕਿ 'ਸਾਰਾ ਪੰਜਾਬ' ਚਾਹੁੰਦਾ, ਉਹ ਸੁਭਾਗਾ ਦਿਨ ਜਲਦ ਆਵੇ। ਪੁੱਤਰਾ ਤੂੰ ਮਿਲ ਗਿਆਂ, ਮੈਂ ਆਪਦੇ ਪਿੰਡ ਦੀ ਮਿੱਟੀ ਦਾ ਜਗਦਾ ਦੀਵਾ ਵੇਖ ਲਿਆ। ਸਮਝ ਲਿਆ ਕਿ ਮੈਂ ਆਪਣੇ ਪਿੰਡ ਹੀ ਜਾ ਆਇਆਂ। ਹੁਣ ਮੈਂ ਅਭਾਗਾ ਨਹੀਂ ਵਡਭਾਗਾ ਹੋ ਗਿਆਂ।'

# ਦੇਸ਼ ਅਤੇ ਪ੍ਰਵਾਸ ਦੀਆਂ ਸਮੱਸਿਆਵਾਂ ਵਿਚ ਪਿਸ ਰਹੇ ਹਨ ਬਜ਼ੁਰਗ

***ਵਿਦੇਸ਼ਾਂ 'ਚ ਆਪਣੇ ਮੁੰਡੇ ਕੁੜੀਆਂ ਕੋਲ ਵਿਸਟਰ, ਸੁਪਰ ਵੀਜੇ ਤੇ ਗਏ, ਪੱਕੇ ਤੌਰ ਤੇ ਵਸ ਰਹੇ ਬਜੁਰਗਾਂ ਨੂੰ ਸਿਹਤ ਸੇਵਾਵਾਂ ਦਾ ਯੋਗ ਪ੍ਰਬੰਧ ਨਾ ਹੋਣ, ਆਪਣੇ ਪਿੱਛੇ ਛੱਡੇ ਘਰਾਂ ਦੇ ਬਿਜਲੀ, ਪਾਣੀ ਤੇ ਹੋਰ ਕਈ ਤਰ੍ਹਾਂ ਦੇ ਬਿੱਲਾਂ ਦੀ ਅਦਾਇਗੀ, ਘਰਾਂ ਦੀ ਸਾਫ ਸਫਾਈ ਆਪਣੇ ਦੇਸ਼ ਤੋਂ ਆਪਣੀਆਂ ਦਵਾਈਆਂ ਮੰਗਵਾਉਣ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਦੇ ਦੁਖਾਂ ਸੁਖਾਂ'ਚ ਸ਼ਾਮਿਲ ਨਾ ਹੋ ਸਕਣ, ਨੂੰਹਾਂ ਪੁੱਤਰਾਂ ਦਾ ਭੈੜਾ ਸਲੂਕ, ਆਉਣ ਜਾਣ ਦੀਆਂ ਟਿਕਟਾਂ ਦਾ ਖਰਚ, ਮਨ ਪਸੰਦ ਦੇ ਖਾਣੇ ਨਾ ਹੋਣ, ਵਿਦੇਸ਼ ਵਿਚ ਵਸਦੇ ਬੱਚਿਆਂ ਦਾ ਚੰਗੀ ਤਰ੍ਹਾਂ ਸੈੱਟ ਹੋਣ, ਪੈਨਸ਼ਨਾਂ ਲੱਗਣ ਦੇ ਬਾਵਜੂਦ ਪੁੱਤਰਾਂ ਨੂੰਹਾਂ ਦਾ ਮਾੜਾ ਵਤੀਰਾ, ਪੁੱਤਰਾਂ ਧੀਆਂ ਨੂੰ ਯੋਗ ਰਿਸ਼ਤੇ ਨਾ ਮਿਲਣ, ਉਨ੍ਹਾਂ ਨੂੰ ਰੋਜ਼ਗਾਰ ਨਾ ਮਿਲਣ ਅਤੇ ਪੁੱਤਰਾਂ, ਧੀਆਂ ਦੇ ਤਲਾਕ, ਮੁੰਡੇ ਕੁੜੀਆਂ ਦੇ ਮਾਪਿਆਂ ਦੇ ਵਾਰੀ ਵਾਰੀ ਆਉਣ, ਬੱਚਿਆਂ ਦੇ ਪਾਲਣ ਪੋਸ਼ਣ ਇਨ੍ਹਾਂ ਸਾਰੀਆਂ ਸਮੱਸਿਆਂਵਾਂ ਨਾਲ ਜੂਝ ਰਹੇ ਬਜ਼ੁਰਗ ਦੇਸ਼ ਅਤੇ ਪ੍ਰਵਾਸ ਦੀ ਜਿੰਦਗੀ 'ਚ ਪਿਸ ਰਹੇ ਨਾ ਇੱਥੇ ਵਸਣ ਜੋਗੇ ਤੇ ਨਾ ਪਿੱਛੇ ਨੂੰ ਮੁੜਨ ਜੋਗੇ ਮਹਿਸੂਸ ਕਰ ਦੇ ਹਨ।***

ਪ੍ਰਵਾਸ ਦੀ ਡਾਲਰਾਂ ਦੀ ਚਕਾਚੌਂਧ ਵਾਲੀ ਜਿੰਦਗੀ ਅਤੇ ਦੇਸ਼ ਦੀ ਬੇਰੋਜ਼ਗਾਰੀ ਨੇ ਨੌਜਵਾਨ ਮੁੰਡੇ ਕੁੜੀਆਂ ਦੇ ਮਨਾਂ 'ਚ ਇਹ ਗੱਲ ਬਿਠਾ ਦਿੱਤੀ ਹੈ ਕਿ ਉਨ੍ਹਾਂ ਦੇ ਦੇਸ਼ ਵਿਚ ਕੁੱਝ ਨਹੀਂ ਰੱਖਿਆ, ਜੇਕਰ ਖੁਸ਼ਹਾਲ ਜਿੰਦਗੀ ਜਿਉਣੀ ਹੈ ਤਾਂ ਅਮਰੀਕਾ, ਆਸਟ੍ਰੇਲੀਆ, ਕੈਨੇਡ, ਜਪਾਨ, ਜਰਮਨੀ, ਨਿਊਜੀਲੈਂਡ, ਸਿੰਘਾਪੁਰ, ਇੰਗਲੈਂਡ, ਇਟਲੀ, ਫਰਾਂਸ ਤੇ ਹੋਰ ਮੁਲਕਾਂ 'ਚ ਜਾ ਕੇ ਵਸ ਜਾਓ। ਨੌਜਵਾਨ ਮੁੰਡੇ ਕੁੜੀਆਂ ਦੇ ਵਿਦੇਸ਼ 'ਚ ਜਾਕੇ ਵਸਣ ਦੇ ਜਨੂੰਨ 'ਚ ਗਲਤ ਤੇ ਠੀਕ ਦਾ ਫਰਕ ਵੀ ਖਤਮ ਹੋ ਗਿਆ ਹੈ। ਇੱਕ ਦੂਜੇ ਦੇ ਵੇਖੋ ਵੇਖੀ ਜ਼ਿਆਦਤਰ ਨੌਜਵਾਨ ਮੁੰਡੇ ਕੁੜੀਆਂ ਨੇ ਆਪਣੇ ਜੀਵਨ ਦਾ ਇਕੋ ਹੀ ਟੀਚਾ ਮਿੱਥ ਲਿਆ ਕਿ ਚਾਹੇ ਜ਼ਮੀਨ ਵੇਚਣੀ ਪਵੇ, ਗਹਿਣੇ ਰੱਖਣੀ ਪਵੇ, ਬੈਂਕ ਤੋਂ ਕਰਜ ਲੈਣਾ ਪਵੇ, ਡੌਂਕੀ ਵਾਲਾ ਰਾਹ ਅਪਣਾਉਣਾ ਪਵੇ, ਵਿਦੇਸ਼ ਜਾਣ ਦੀ ਆਂ ਯੋਗਤਾਵਾਂ ਪੂਰੀਆਂ ਹੋਣ ਜਾਂ ਨਾ ਹੋਣ ਕਿਸੇ ਏਜੈਂਟ ਦੀ ਲੁੱਟ ਦਾ ਸ਼ਿਕਾਰ ਹੋਣਾ ਪਵੇ, ਵਿਦੇਸ਼ ਜਾਣਾ

**ਪ੍ਰਿੰਸੀਪਲ ਵਿਜੈ ਕੁਮਾਰ**
vijaykumarbehki@gmail.com

ਹੀ ਜਾਣਾ ਹੈ। ਨੌਜਵਾਨ ਮੁੰਡੇ ਕੁੜੀਆਂ ਦੇ ਵਿਦੇਸ਼ 'ਚ ਜਾਕੇ ਵਸਣ ਦੇ ਇਸ ਸ਼ੋਂਕ ਅਤੇ ਫੈਸਲੇ ਨੇ ਬੱਚਿਆਂ ਦੇ ਮਾਪਿਆਂ ਜਾਂ ਬਜੁਰਗਾਂ ਲਈ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਨੌਜਵਾਨ ਮੁੰਡੇ ਕੁੜੀਆਂ ਦੀ ਵਿਦੇਸ਼ ਜਾਕੇ ਵਸਣ ਦੀ ਅੜੀ ਨੇ ਉਨ੍ਹਾਂ ਦੇ ਮਾਪਿਆਂ ਜਾਂ ਬਜ਼ੁਰਗਾਂ ਅੱਗੇ ਬਹੁਤ ਵੱਡਾ ਧਰਮ ਸੰਕਟ ਖੜ੍ਹਾ ਕਰ ਦਿੱਤਾ। ਉਹ ਬੇਬਸ ਹੋ ਕੇ ਰਹਿ ਗਏ ਨੇ। ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਵਾਲਾ ਰਾਹ ਅਪਣਾਉਣ ਜਾਂ ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਰੋਕਣ। ਜੇਕਰ ਉਹ ਆਪਣੇ ਬੱਚਿਆਂ ਦੀ ਗੱਲ ਨਹੀਂ ਮੰਨਦੇ ਹਨ ਤਾਂ ਉਨ੍ਹਾਂ ਸਾਹਮਣੇ ਆਪਣੇ ਬੱਚਿਆਂ ਤੋਂ ਬੁਰੇ ਬਣਨ, ਉਨ੍ਹਾਂ ਦਾ ਜਾ ਨ ਗੁਆ ਬੈਠਣ ਦਾ ਡਰ ਅਤੇ ਉਨ੍ਹਾਂ ਦਾ ਭਵਿੱਖ ਨਾ ਬਣਨ ਦਾ ਫ਼ਿਕਰ ਦੀਆਂ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ ਪਰ ਜੇਕਰ ਉਹ ਉਨ੍ਹਾਂ ਦਾ ਕਹਿਣਾ ਮੰਨਕੇ ਉਨ੍ਹਾਂ ਨੂੰ ਵਿਦੇਸ਼ ਭੇਜਦੇ ਹ ਨ ਤਾਂ ਉਹ ਨਾ ਆਪਣੇ ਦੇਸ਼ ਜੋਗੇ ਰਹਿੰਦੇ ਹਨ ਤੇ ਨਾ ਵਿਦੇਸ਼ ਜੋਗੇ।

ਜਿਨ੍ਹਾਂ ਬੱਚਿਆਂ ਕੋਲ ਨੌਕਰੀ ਨਹੀਂ ਹੈ, ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਆਰਥਿਕ ਸਥਿਤੀ ਬਹੁਤ ਜਿਆਦਾ ਚੰਗੀ ਨਹੀਂ ਹੈ, ਉਨ੍ਹਾਂ ਬੱਚਿਆਂ ਦੇ ਵਿਦੇਸ਼ ਜਾਣ ਦੀ ਗੱਲ ਸਮਝ ਆਉਂਦੀ ਹੈ ਪਰ ਜਿਹੜੇ ਬੱਚੇ ਆਪਣੇ ਦੇਸ਼ ਵਿਚ ਲੱਖਾਂ ਰੁਪਏ ਮਹੀਨੇ ਦੇ ਕਮਾ ਰਹੇ ਹਨ, ਜਿਨ੍ਹਾਂ ਦੇ ਮਾਪਿ ਆਂ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੈ, ਜਿਨ੍ਹਾਂ ਦੇ ਮਾਪਿਆਂ ਦੀ ਕਰੋੜਾਂ ਰੁਪਿਆਂ ਦੀ ਜਾ ਇਦਾਦ ਹੈ, ਉਹ ਬੱਚੇ ਚੰਗੀ ਆਰਾਮ ਵਾਲੀ ਜਿੰਦਗੀ ਅਤੇ ਆਪਣਾ ਦੇਸ਼ ਛੱਡਕੇ ਵਿਦੇਸ਼ਾਂ 'ਚ ਜਾਕੇ ਆਪਣੇ ਆਪ ਨੂੰ ਅਤੇ ਆਪਣੇ ਬਜੁਰਗਾਂ ਨੂੰ ਸਮੱਸਿਆਵਾਂ 'ਚ ਪਾਉਣ ਲਈ ਵਿਦੇਸ਼ਾਂ ਵੱਲ ਕਿਉਂ ਭੱਜ ਰਹੇ ਹਨ? ਡਾਲਰ ਕਮਾਕੇ ਅਰਬਪਤੀ ਹੋਣ ਅਤੇ ਵਿਦੇਸ਼ਾਂ ਦੀਆਂ ਹੋਰ ਸਹੂ ਲਤਾਂ ਮਾਣਨ ਦੇ ਚੱਕਰ ਵਿਚ ਨੌਜਵਾਨ ਮੁੰਡੇ ਕੁੜੀਆਂ ਦੀ ਵਿਦੇਸ਼ਾਂ 'ਚ ਵਸਣ ਦੀ ਅੰਨ੍ਹੀਂ ਦੌੜ ਲੱਗੀ ਹੋਈ ਹੈ। ਵਿਦੇਸ਼ਾਂ ਵਿਚ ਵਸੇ ਕਈ ਪ੍ਰਵਾਸੀ ਮੁੰਡੇ ਕੁੜੀਆਂ ਦੇ ਬਜੁਰਗਾਂ ਦੀ ਸਥਿਤੀ ਇ ਹ ਬਣ ਚੁੱਕੀ ਹੈ ਕਿ ਉਨ੍ਹਾਂ ਦੇ ਸਾਰੇ ਬੱਚੇ ਵਿਦੇਸ਼ 'ਚ ਵਸੇ ਹੋਏ ਹਨ। ਜੇਕਰ ਇੱਕ ਮੁੰਡਾ ਕੈਨੇ ਡਾ 'ਚ ਹੈ ਤਾਂ ਦੂਜਾ ਅਮਰੀਕਾ ਵਿਚ ਹੈ ਤੇ ਕੁੜੀ ਆਸਟ੍ਰੇਲੀਆ ਵਿਚ ਹੈ।ਅਜਿਹੀ ਸਥਿਤੀ'ਚ ਉਨ੍ਹਾਂ ਦੇ ਬਜੁਰਗ ਪਿੱਛੇ ਇੱਕਲੇ ਰਹਿ ਕੇ ਆਪਣੇ ਬੁਢਾਪੇ ਦਾ ਸੰਤਾਪ ਭੋਗ ਰਹੇ ਹੁੰਦੇ ਹਨ। ਜਿਨ੍ਹਾਂ ਬਜੁਰਗਾਂ ਦੀ ਉਨ੍ਹਾਂ ਦੇ ਬੁਢਾਪੇ ਵਿਚ ਉਨ੍ਹਾਂ ਦੇ ਬੱਚਿਆਂ ਨੇ ਸੇਵਾ ਕਰਨੀ ਹੁੰਦੀ ਹੈ ਉਲ ਟਾ ਉਹ ਬਜੁਰਗ ਆਪਣੇ ਬੱਚਿਆਂ ਦੀ ਸਹਾਇਤਾ ਲਈ ਕਦੇ ਇੱਕ ਬੱਚੇ ਕੋਲ ਤੁਰੇ ਹੋਏ ਹੁੰਦੇ ਹਨ, ਕਦੇ ਦੂਜੇ ਕੋਲ ਤੇ ਕਦੇ ਤੀਜੇ ਕੋਲ। ਜੇਕਰ ਵਿਦੇਸ਼ ਗਏ ਬੱਚਿਆਂ ਕੋਲ ਜਾਣ ਲਈ ਬਜੁ ਰਗਾਂ ਦੀ ਸਿਹਤ ਅਤੇ ਉਨ੍ਹਾਂ ਦੇ ਘਰਾਂ ਦੇ ਹਾਲਾਤ ਵੀ ਇਜਾਜ਼ਤ ਨਾ ਦਿੰਦੇ ਹੋਣ ਤਾਂ ਵੀ ਉਨ੍ਹਾਂ ਨੂੰ ਉਨ੍ਹਾਂ ਕੋਲ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।




ਜੇਕਰ ਇੱਕ ਬੱਚੇ ਕੋਲ ਬਜੁਰਗਾਂ ਦੇ ਚਾਰ ਮਹੀਨੇ ਵੱਧ ਲੱਗ ਜਾਣ ਤਾਂ ਦੂਜੇ ਗੁੱਸਾ ਹੋ ਜਾਂਦੇ ਹਨ। ਕਈ ਪਰਿਵਾਰਾਂ ਦੀ ਸਥਿਤੀ ਤਾਂ ਅਜਿਹੀ ਵੀ ਹੁੰਦੀ ਹੈ ਕਿ ਇੱਕੋ ਇੱਕ ਪੁੱਤਰ ਵੀ ਆਪਣੇ ਮਾਪਿਆਂ ਨੂੰ ਛੱਡਕੇ ਵਿਦੇਸ਼ ਵਿਚ ਜਾ ਵਸਿਆ ਹੈ। ਵਿਦੇਸ਼ਾਂ 'ਚ ਵਸੇ ਪ੍ਰਵਾਸੀ ਬੱਚੇ ਇੱਕ ਦੂਜੇ ਨੂੰ ਕਹੀ ਜਾਂਦੇ ਹਨ ਕਿ ਉਹ ਬਜ਼ੁਰਗਾਂ ਨੂੰ ਵੇਖਣ ਜਾਵੇ ਪਰ ਜਾਂਦਾ ਕੋਈ ਨਹੀਂ। ਪੈਸੇ ਖਰਚ ਹੋਣ ਦੇ ਮਾਰੇ ਕੋਈ ਵੀ ਜਾਣ ਨੂੰ ਤਿਆਰ ਨਹੀਂ ਹੁੰਦਾ। ਬਜ਼ੁਰਗ ਆਪਣੇ ਪੋਤੇ ਪੋਤੀਆਂ ਨੂੰ ਵੇਖ ਣ ਅਤੇ ਮਿਲਣ ਲਈ ਤਰਸ ਰਹੇ ਹੁੰਦੇ ਹਨ, ਉਨ੍ਹਾਂ ਦੇ ਬੱਚੇ ਵੀਡਿਓ ਕਾਲ ਤੇ ਹੀ ਉਨ੍ਹਾਂ ਦੀ ਗੱ ਲ ਕਰਵਾਕੇ ਆਪਣਾ ਫਰਜ ਪੂਰਾ ਕਰ ਦਿੰਦੇ ਹਨ। ਇੱਕ ਬਜੁਰਗ ਲਕਵੇ ਕਾਰਨ ਬੈਡ ਉਤੇ ਲੰਬਾ ਪੈ ਗਿਆ। ਵਿਦੇਸ਼ ਵਸਦੇ ਬੱਚਿਆਂ ਦੀ ਮਾਂ ਨੇ ਆਪਣੇ ਦੋਵੇਂ ਮੁੰਡਿਆਂ ਅਤੇ ਧੀ ਨੂੰ ਫੋਨ ਕੀਤਾ ਕਿ ਉਨ੍ਹਾਂ ਦੇ ਪਿਉ ਨੂੰ ਲਕਵਾ ਮਾਰ ਗਿਆ ਹੈ। ਉਨ੍ਹਾਂ ਨੂੰ ਉਸਦੇ ਇਲਾਜ ਲਈ ਆਉ ਣਾ ਪਵੇਗਾ ਪਰ ਉਸ ਬਜੁਰਗ ਦੇ ਤਿੰਨਾਂ ਬੱਚਿਆਂ ਨੇ ਛੁੱਟੀ ਨਾ ਮਿਲਣ ਅਤੇ ਸਮਾਂ ਨਾ ਹੋਣ ਦੀ ਗੱਲ ਕਹਿਕੇ ਆਉਣ ਤੋਂ ਮਨ੍ਹਾ ਕਰ ਦਿੱਤਾ ਤੇ ਪਿਉ ਦੀ ਦੇਖਭਾਲ ਲਈ ਨਰਸ ਰੱਖਣ ਵਾ ਸਤੇ ਪੈਸੇ ਭੇਜਣ ਲਈ ਕਹਿ ਦਿੱਤਾ।ਪਾਰਕ'ਚ ਬੈਠੇ ਬਜੁਰਗ ਦਾ ਇਹ ਕਹਿਣਾ ਕਿ ਡਾਲਰਾਂ ਨੇ ਸਾਡੇ ਬੱਚਿਆਂ ਦਾ ਖ਼ੂਨ ਅਤੇ ਰਿਸ਼ਤਿਆਂ ਦਾ ਨਿੱਘ ਸਫ਼ੇਦ ਕਰ ਦਿੱਤਾ ਹੈ, ਕਾਫੀ ਹੱਦ ਤੱਕ ਠੀਕ ਹੈ। ਵਿਦੇਸ਼ 'ਚ ਵਸਦੇ ਤਿੰਨ ਬੱਚਿਆਂ ਦੀ ਮਾਂ ਨੂੰ ਆਪਣੀ ਬਿਮਾਰੀ ਤੋਂ ਤੰਗ ਆਕੇ ਬਿਰਧ ਆਸ਼ਰਮ ਵਿਚ ਰਹਿਣਾ ਪੈ ਰਿਹਾ ਹੈ। ਵਿਦੇਸ਼ਾਂ ਵਿਚ ਆਪਣੇ ਬੱਚਿਆਂ ਕੋਲ ਆਏ ਜਾਂ ਵਸ ਰਹੇ ਬਜੁਰਗਾਂ ਨੂੰ ਘਰਾਂ ਨੂੰ ਜਾਂ ਤਾਂ ਜਿੰਦਰੇ ਲਗਾਕੇ ਆਉਣਾ ਪੈਂਦਾ ਹੈ ਜਾਂ ਫੇਰ ਕਿਸੇ ਦੇ ਹਵਾ ਲੇ ਕਰਕੇ ਆਉਣਾ ਪੈਂਦਾ ਹੈ। ਜੇਕਰ ਘਰ ਨੂੰ ਜ਼ਿੰਦਰੇ ਲਗਾਕੇ ਆਉਂਦੇ ਹਨ ਤਾਂ ਘਰਾਂ ਨੂੰ ਸਿਉਂਕ ਲਗਦੀ ਹੈ ਜੇਕਰ ਘਰ ਕਿਸੇ ਦੇ ਹਵਾਲੇ ਕਰਦੇ ਹਨ ਤਾਂ ਦੂਜਿਆਂ ਦੇ ਇਹਸਾਨ ਲੈਣੇ ਪੈਂਦੇ ਹਨ। ਘਰ ਦਾ ਨੁਕਸਾਨ ਹੋਣ ਤੇ ਕਿਸੇ ਨੂੰ ਕੁੱਝ ਕਿਹਾ ਨਹੀਂ ਜਾ ਸਕਦਾ । ਜ਼ਮੀਨਾਂ ਦੀ ਦੁਰ ਵਰਤੋਂ ਅਤੇ ਉਨ੍ਹਾਂ ਨੂੰ ਜ਼ਮੀਨਾਂ ਦਾ ਘੱਟ ਠੇਕਾ ਮਿਲਣ ਜਾਂ ਨਾ ਮਿਲਣ ਦਾ ਦੁੱਖ ਮਜਬੂਰੀ 'ਚ ਜਰਨਾ ਪੈਂਦਾ ਹੈ ਕਿਉਂਕਿ ਉਹ ਵਿਦੇਸ਼ਾਂ ਵਿਚ ਬੈਠੇ ਕਰ ਕੁੱਝ ਨਹੀਂ ਸਕਦੇ।

ਲੱਖਾਂ ਦੀ ਤਾਦਾਦ ਵਿੱਚ ਵਿਦੇਸ਼ਾਂ ਵਿਚ ਵਸਦੇ ਲੋਕਾਂ ਨੇ ਆਪਣੇ ਘਰ ਪ੍ਰਵਾਸੀ ਮਜਦੂਰਾਂ ਦੇ ਹਵਾਲੇ ਕੀਤੇ ਹੋਏ ਹਨ। ਕਈ ਪ੍ਰਵਾਸੀ ਮਜਦੂਰਾਂ ਵਲੋਂ ਉਨ੍ਹਾਂ ਦੇ ਘਰਾਂ ਉੱਤੇ ਕਬਜਾ ਕਰਨ ਦੀ ਆਂ ਗੱਲਾਂ ਵੀ ਸੁਣਨ ਨੂੰ ਮਿਲਦੀਆਂ ਹਨ। ਵਿਦੇਸ਼ਾਂ ਵਿਚ ਵਸਦੇ ਅਨੇਕਾਂ ਪ੍ਰਵਾਸੀ ਲੋਕਾਂ ਦੀ ਆਂ ਜ਼ਮੀਨਾਂ ਉੱਤੇ ਕਬਜਾ ਕਰਨ ਦੀਆਂ ਖ਼ਬਰਾਂ ਮੀਡੀਏ ਵਿਚ ਛਪਦੀਆਂ ਰਹਿੰਦੀਆਂ ਹਨ।

ਵਿਦੇਸ਼ਾਂ 'ਚ ਆਪਣੇ ਮੁੰਡੇ ਕੁੜੀਆਂ ਕੋਲ ਵਿਸਟਰ, ਸੁਪਰ ਵੀਜੇ ਤੇ ਗਏ, ਪੱਕੇ ਤੌਰ ਤੇ ਵਸ ਰਹੇ ਬਜੁਰਗਾਂ ਨੂੰ ਸਿਹਤ ਸੇਵਾਵਾਂ ਦਾ ਯੋਗ ਪ੍ਰਬੰਧ ਨਾ ਹੋਣ, ਆਪਣੇ ਪਿੱਛੇ ਛੱਡੇ ਘਰਾਂ ਦੇ ਬਿਜਲੀ, ਪਾਣੀ ਤੇ ਹੋਰ ਕਈ ਤਰ੍ਹਾਂ ਦੇ ਬਿੱਲਾਂ ਦੀ ਅਦਾਇਗੀ, ਘਰਾਂ ਦੀ ਸਾਫ ਸਫਾਈ ਆਪਣੇ ਦੇਸ਼ ਤੋਂ ਆਪਣੀਆਂ ਦਵਾਈਆਂ ਮੰਗਵਾਉਣ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਦੇ ਦੁਖਾਂ ਸੁਖਾਂ'ਚ ਸ਼ਾਮਿਲ ਨਾ ਹੋ ਸਕਣ, ਨੂੰਹਾਂ ਪੁੱਤਰਾਂ ਦਾ ਭੈੜਾ ਸਲੂਕ, ਆਉਣ ਜਾਣ ਦੀਆਂ ਟਿਕਟਾਂ ਦਾ ਖਰਚ, ਬੇ ਸਮੈਂਟਾਂ 'ਚ ਰਹਿਣ ਦਾ ਸੰਕਟ, ਸਮਾਂ ਪਾਸ ਨਾ ਹੋਣ, ਮਨ ਪਸੰਦ ਦੇ ਖਾਣੇ ਨਾ ਹੋਣ, ਵਿਦੇਸ਼ ਵਿਚ ਵਸਦੇ ਬੱਚਿਆਂ ਦਾ ਚੰਗੀ ਤਰ੍ਹਾਂ ਸੈੱਟ ਹੋਣ, ਪੈਨਸ਼ਨਾਂ ਲੱਗਣ ਦੇ ਬਾਵਜੂਦ ਪੁੱਤਰਾਂ ਨੂੰਹਾਂ ਦਾ ਮਾੜਾ ਵਤੀਰਾ, ਪੁੱਤਰਾਂ ਧੀਆਂ ਨੂੰ ਯੋਗ ਰਿਸ਼ਤੇ ਨਾ ਮਿਲਣ, ਉਨ੍ਹਾਂ ਨੂੰ ਰੋਜ਼ਗਾਰ ਨਾ ਮਿਲਣ ਅਤੇ ਪੁੱਤਰਾਂ, ਧੀਆਂ ਦੇ ਤਲਾਕ, ਮੁੰਡੇ ਕੁੜੀਆਂ ਦੇ ਮਾਪਿਆਂ ਦੇ ਵਾਰੀ ਵਾਰੀ ਆਉਣ, ਬੱਚਿਆਂ ਦੇ ਪਾਲਣ ਪੋਸ਼ਣ ਇਨ੍ਹਾਂ ਸਾਰੀਆਂ ਸਮੱਸਿਆਂਵਾਂ ਨਾਲ ਜੂਝ ਰਹੇ ਬਜ਼ੁਰਗ ਦੇਸ਼ ਅਤੇ ਪ੍ਰਵਾਸ ਦੀ ਜਿੰਦਗੀ 'ਚ ਪਿਸ ਰਹੇ ਨਾ ਇੱਥੇ ਵਸਣ ਜੋਗੇ ਤੇ ਨਾ ਪਿੱਛੇ ਨੂੰ ਮੁੜਨ ਜੋਗੇ ਮਹਿਸੂਸ ਕਰ ਦੇ ਹਨ। ਵਿਦੇਸ਼ਾਂ 'ਚ ਵਸਦੇ ਮੁੰਡੇ ਕੁੜੀਆਂ ਅਤੇ ਬਜ਼ੁਰਗਾਂ ਨੂੰ ਚੰਗੀ ਜਿੰਦਗੀ ਗੁਜਾਰਨ ਲਈ ਦੂਰ ਅੰਦੇਸ਼ੀ ਨਾਲ ਕੰਮ ਲੈਂਦੇ ਹੋਏ ਡਾਲਰਾਂ ਦੀ ਕਮਾਈ ਪਿੱਛੇ ਭਜਣ ਨਾਲੋਂ ਆਪਣੇ ਆਪਣੇ ਫਰਜ਼ਾਂ ਦੀ ਪਹਿਚਾਣ ਕਰਦਿਆਂ ਠੀਕ ਫੈਸਲੇ ਲੈਣੇ ਚਾਹੀਦੇ ਹਨ।

# ਦਿਲ ਦੇ ਜਮਾਂਦਰੂ ਰੋਗ ਅਤੇ ਲਾਪਰਵਾਹੀ

ਸਿਹਤ ਦੇ ਖੇਤਰ ਵਿੱਚ ਨਿਤ ਨਵੀਆਂ ਖੋਜਾਂ ਹੋ ਰਹੀਆਂ ਹਨ। ਜਿੰਨਾਂ ਚ ਰੋਗਾਂ ਦੇ ਮੂਲ ਕਾਰਾਨਾਂ ਨੂੰ ਸਮਝਣ ਅਤੇ ਇਲਾਜ ਦੇ ਸਧਾਰਨ ਤਰੀਕਿਆਂ ਦਾ ਅਧਿਅਨ ਤੇਜੀ ਨਾਲ ਜਾਰੀ ਹੈ। ਇੱਕ ਵਾਰੀ ਨਵੀਆਂ ਤਕਰੀਕਾਂ ਨਾਲ ਇਲਾਜ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹੀ ਕਾਰਨ ਹੈ ਕਿ ਜਨਮਜਾਤ ਦਿਲ ਦੇ ਰੋਗਾਂ ਵਿੱਚ ਵੀ ਸਾਵਧਾਨੀ



**ਡਾ.ਅਜੀਤਪਾਲ ਸਿੰਘ**
**ਐਮ ਡੀ**
**98156 29301**

ਵਰਤ ਕੇ ਸਮੇਂ ਸਿਰ ਇਲਾਜ ਜਾਰੀ ਰੱਖਿਆ ਜਾਵੇ ਤਾਂ ਆਮ ਤੌਰ ਤੇ ਹੀ ਬੰਦਾ ਲੰਬਾ ਜੀਵਨ ਜਿਉਣ ਸਕਦਾ ਹੈ। ਦਿਲ ਦੇ ਰੋਗ ਦੀ ਸ਼ੁਰੂਆਤ ਆਮ ਤੌਰ ਤੇ ਦਿਲ ਨੂੰ ਖ਼ੂਨ ਦੀ ਸਪਲਾਈ ਕਰਨ ਵਾਲੀਆਂ ਧਮਨੀਆਂ ਚ ਰੁਕਾਵਟਾਂ ਆ ਜਾਣ ਜਾਂ ਦਿਲ ਦੇ ਪੱਠਿਆਂ ਦੇ ਗੈਰ-ਸਰਗਰਮ ਤੇ ਨਸ਼ਟ ਹੋ ਜਾਣ ਕਰਕੇ ਹੁੰਦੀ ਹੈ।

## ਜਨਮਜਾਤ ਦਿਲ ਦੇ ਰੋਗਾਂ ਦੇ ਲੱਛਣ ਅਤੇ ਪਹਿਚਾਣ :

ਜਨਮ ਮੌਕੇ ਜਾਂ ਸਿਸ਼ੂ ਕਾਲ ਵਿੱਚ ਦਿਲ 'ਚ ਅਸਮਰਥਾ ਦੇ ਨਾਲ ਨਾਲ ਧੜਕਣ ਦੀ ਬੇਨਿਯਮੀ, ਲੈਬਧਤਾ 'ਚ ਕਮੀ, ਵੱਖੀ 'ਚ ਦਰਦ, ਦਿਲ ਦੀ ਧੜਕਣ ਤੇ ਰਫਤਾਰ 'ਚ ਅੜਿਕਾ, ਸਾਹ ਲੈਣ 'ਚ ਕਸ਼ਟ ਦਾ ਅਨੁਭਵ, ਘੱਟੋ ਘੱਟ ਮਿਹਨਤ ਨਾਲ ਹੀ ਦਿਲ ਦਾ ਵੱਧ ਧੜਕਣਾ ਤੇ ਕਿਸ਼ੋਰ ਅਵਸਥਾ ਆਉਂਦੇ ਆਉਂਦੇ ਪ੍ਰੌੜ ਅਵਸਥਾ ਤੱਕ ਕਾਰਜ ਕੁਸ਼ਲਤਾ ਦਾ ਮੰਦਾਪਣ, ਹਾਈ ਬਲੱਡ ਪ੍ਰੈਸ਼ਰ, ਅਸਮਰਥਾ, ਪਹਿਲਾਂ ਹੋਈ ਸਰਜਰੀ ਕਾਰਨ ਵੱਖ ਵੱਖ ਉਲਝਣਾ,ਧੜਕਣ ਦੇ ਨਾਲ ਖੱਬੇ ਮੋਢੇ ਚ ਦਰਦ, ਰੋਗੀ ਨੂੰ ਦਰਦ ਦਾ ਅਨੁਭਵ, ਦਿਲ ਦੇ ਖੇਤਰ 'ਚ ਦਰਦ,ਨੱਕ ਲਾਲ ਦੇ ਬੇਚੈਨੀ, ਸ਼ਿਰੋਭਮ, ਕੰਨਾਂ 'ਚ ਆਵਾਜ਼ ਤੇ ਅਤੀ ਬੇਚੈਨੀ, ਦਿੱਲ ਦੀ ਰਫਤਾਰ 120 ਪ੍ਰਤੀ ਮਿੰਟ ਤੋਂ ਵੱਧ ਦੇ ਨਾਲ ਨਾਲ ਨਸਾਂ ਦੀ ਦੁਰਬਲਤਾ,ਵੱਧ ਮਾਨਸਿਕ ਚਿੰਤਾ, ਗੁਲਮ, ਸ਼ੌਕ, ਔਰਤਾਂ 'ਚ ਮਹਾਵਾਰੀ ਚ ਬੇਨਿਯਮੀ, ਤੇਜ ਏਸਡਿਕ ਰੋਗ, ਦਿਲ ਦਾ ਫੈਲ ਜਾਣਾ, ਵੱਧਔਰਤ ਪ੍ਰਸੰਗ ਨਾਲ ਸ਼ਰੀਰਕ ਕਸਟ ਦਾ ਅਨੁਭਵ ਤੇ ਕਈ ਵਾਰੀ ਰੋਗੀ ਨੂੰ ਆਪਣੀ ਧੜਕਨ ਸਪਸ਼ਟ ਸੁਣਾਈ ਦੇਣ ਲੱਗਦੀ ਹੈ। ਇਸ ਦੇ ਨਾਲ ਨਾਲ ਇੰਫਲੂੰਜਾ, ਮਲੇਰੀਆ ਜਾਂ ਬੁਖਾਰ ਚ ਤੇਜ ਤੋਂ ਤੇਜ ਕਸ਼ਟ ਦਾ ਅਨੁਭਵ, ਕਦੀ ਕਦੀ ਕਦੀ ਅੱਖ ਤੇ ਨੱਕ ਤੋਂ ਪਾਣੀ ਆਉਣਾ, ਅਚਾਨਕ ਹਿਚਕੀ ਵੱਡੇ ਰੂਪ ਚ ਜਾਰੀ ਰਹਿੰਦੀ ਹੈ ਤੇ ਦਿਲ ਦਾ ਦਰਦ ਬਣਿਆ ਰਹਿ ਸਕਦਾ ਹੈ।

ਦਿਲ ਦੇ ਪੱਠਿਆਂ ਨੂੰ ਅਸਰ ਅੰਦਾਜ਼ ਕਰਨ ਵਾਲਾ ਰੋਗ ਕਾਰਡੀਓ-ਮਾਇਓਪੈਥੀ ਦੇ ਤਹਿਤ ਆਉਂਦਾ ਹੈ। ਜਮਾਂਦਰੂ ਹੋਣ ਦੇ ਕਾਰਨ ਦਿਲ ਦਾ ਪੱਠਾ ਵਧਿਆ ਹੋਇਆ ਹੁੰਦਾ ਹੈ ਤੇ ਦਿਲ ਦਾ ਕੰਮ ਥੱਕਾ ਜੰਮਣ ਦੇ ਕਾਰਨ ਵੀ ਵੱਧ ਜਾਂਦਾ ਹੈ। ਅਨੇਕ ਕਿਸਮ ਦੀਆਂ ਇਨਫੈਕਸ਼ਨ, ਸ਼ਰਾਬ ਦੀ ਵੱਧ ਵਰਤੋਂ ਤੇ ਵਿਟਾਮਿਨ ਦੀ ਕਮੀ ਦੇ ਕਰਨ ਵੀ ਵਿਅਕਤੀ ਪ੍ਰਭਾਵਿਤ ਹੁੰਦਾ ਹੈ। ਉੱਪਰ ਦਿੱਤੇ ਲੱਛਣਾਂ ਦੇ ਨਾਲ ਨਾਲ ਵਾਰੀ ਵਾਰੀ ਬੇਹੋਸ਼ੀ, ਮਿਹਨਤ ਵਾਲਾ ਕੰਮ ਕਰਨ 'ਤੇ ਬਲੱਡ ਪ੍ਰੈਸ਼ਰ,ਈਸੀਜੀ ਵਿੱਚ ਮਲਟੀਪਲ ਐਪੀਸੋਡਸ ਆਫ ਨਾਨ ਸਸਟੇਨ-ਏਬਲ ਵੈਂਟਰੀਕੂਲਰ ਟੈਕੀਕਾਰਡੀਆ ਦੇ ਲੱਛਣ ਦੇ ਨਾਲ ਖੱਬੀ ਵੈਟੀਕੂਲਰ ਦੀਵਾਰ ਦੀ ਮੋਟਾਈ ਵਧ ਜਾਂਦੀ ਹੈ। ਦਿਲ ਦੇ ਅੰਦਰਲੀ ਤੇ ਬਾਹਰਲੀ ਸਲੇਸ਼ਮਿਕ ਝਿੱਲੀ 'ਚ ਸੋਜ ਹੋ ਸਕਦੀ ਹੈ,ਜੋ ਇਨਫੈਕਸ਼ਨ ਜਾਂ ਕੈਂਸਰ ਆਦਿ ਕਾਰਨ ਵੀ ਹੋ ਸਕਦੀ ਹੈ। ਦਿਲ ਦੇ ਪੱਠਿਆਂ ਤੇ ਝਿੱਲੀ ਵਿਚਾਲੇ ਤਰਲ ਪਦਾਰਥ ਇਕੱਠਾ ਹੋ ਜਾਂਦਾ ਹੈ। ਮਿਸਾਲ ਵਜੋਂ ਰੋਜ਼ ਦਾ ਕਸ਼ਟ ਵਿਅਕਤੀ ਨੂੰ ਬੇਵਸ ਕਰ ਸਕਦਾ ਹੈ। ਮਹਾਂਧਮਣੀ ਅੜਕਿਆ ਤੇ ਸੁਕੜਣ ਕਾਰਨ ਖ਼ੂਨ ਦੇ ਵਹਾਅ 'ਚ ਦਿੱਕਤ ਆਉਂਦੀ ਹੈ। ਮਹਾਂਧਮਨੀ




'ਚ ਸੁੰਗੜਨ ਕਰਨ ਜਨਮਜਾਤ ਵਿਗਾੜ, ਚਿਹਰੇ ਦਾ ਵਿਗਾੜ, ਜਨਮਜਾਤ ਸੁਪ੍ਰਾਵੇਲੋਰ, ਮਹਾਂਧਮਨੀ ਦਾ ਭੀੜਾਪਣ ਤੇ ਕੈਲਸ਼ੀਅਮ ਜਮ੍ਹਾ ਹੋ ਜਾਂਦਾ ਹੈ,ਜਦ ਕਿ ਪ੍ਰੌੜ ਉਮਰ 'ਚ ਦੂਜੀ ਮਹਾਂਧਮਣੀ ਦੇ ਸੈਲਾਂ ਦਾ ਹਰਜਾ ਹੁੰਦਾ ਹੈ। ਦਿਲ ਚ ਅਕੜਾ ਦੇ ਨਾਲ ਨਾਲ ਛਾਤੀ ਚ ਮਰੋੜ ਵਰਗਾ ਦਰਦ, ਦਿਲ ਤੇ ਕੰਜੇਸ਼ਨ, ਫੇਂਟਿੰਗ (ਬੇਹੋਸ਼ੀ), ਦਿਲ ਦੀ ਧੜਕਣ ਚ ਬੇਨਿਯਮੀ, ਨੀਲਾਪਣ (ਸਾਈਨੋਸਿਸ), ਖੰਘ,ਵੱਧ ਪਿਆਸ, ਭੁੱਖ ਦਾ ਮਰਨਾ, ਡਰ, ਪੇਟ ਗੈਸ, ਕਬਜ਼ ਵੀ ਬਣੀ ਰਹਿ ਸਕਦੀ ਹੈ।

## ਸਾਵਧਾਨੀਆਂ :-

ਗਰਭਵਤੀ ਔਰਤ ਗਰਭਧਾਰਣ ਪਿੱਛੋਂ ਸਮੇਂ ਸਮੇਂ ਸਿਰ ਯੋਗ ਡਾਕਟਰ ਤੋਂ ਸਲਾਹ ਮਸ਼ਵਰਾ ਲੈਂਦੀ ਰਹੇ,ਕਿਉਂਕਿ ਬੱਚੇ ਦੇ ਜਨਮ ਤੋਂ ਪਹਿਲਾਂ ਕਈ ਵਾਰ ਔਰਤਾਂ ਵੱਲੋਂ ਬਹੁਤ ਮਾਤਰਾ ਚ ਚਾਹ, ਤੰਬਾਕੂ, ਸ਼ਰਾਬ, ਬੇਹਦ ਕਸਰਤ ਤੇ ਅਨੀਮੀਆ, ਬੇਰੀ,-ਬੇਰੀ, ਥਾਇਰੋਟੋਕਸੀਕੋਸਿਸ, ਬਵਾਸੀਰ, ਵਿਆਈ (ਫਿਸਚੁਲਾ) ਰੋਗਾਂ ਤੋਂ ਗ੍ਰਸਿਤ ਹੋਣ ਤੇ ਨਾਲ ਨਾਲ ਵੱਧ ਦਵਾਈ ਨਾਈਟਰੇਟ ਦੇ ਡਾਈਜੌਕਸਨ ਜਾਂ ਇਨਸੂਲਿਨ ਦੀ ਵੱਧ ਮਾਤਰਾ ਚ ਵਰਤੋਂ ਕੀਤੀ ਜਾਂਦੀ ਹੈ,ਜਿਸ ਕਾਰਨ ਬੱਚਾ ਵੀ ਜਵਾਨੀ 'ਚ ਦਿਲ ਦੀ ਬੇਲੋੜੀ ਧੜਕਣ (ਪੈਲਪੀਟੇਸ਼ਨ) ਦਾ ਸ਼ਿਕਾਰ ਰਹਿੰਦਾ ਹੈ।

* ਵੱਧ ਦਿਮਾਗੀ ਮਿਹਨਤ, ਵੱਧ ਸਰਦੀ ਲੱਗਣੀ, ਵੱਧ ਭੋਜਨ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਖ਼ੂਨ ਦੀਆਂ ਨਸਾਂ ਦੇ ਰੋਗ,ਆਲਸ,ਵੱਧ ਮਿਹਨਤ ਕਾਰਨ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਦਿਲ ਦਾ ਦਰਦ (ਇੰਜਾਇਨਾ) ਤੋਂ ਪੀੜਿਤ ਹੋਣਾ।

* ਬਚਪਨ ਹੀ ਗਲੇ ਦੀ ਇਨਫੈਕਸ਼ਨ,ਖ਼ੂਨ ਚ ਵਿਟਾਮਿਨ-ਸੀ ਦੀ ਕਮੀ,ਸਿਲ੍ਹੀ ਜਮੀਨ ਤੇ ਰਿਹਾਇਸ਼ ਆਦਿ ਦੇ ਕਾਰਨ ਵਿਅਕਤੀ ਸਟ੍ਰੇਪਟੋਕੋਸੀਸ ਇਨਫੈਕਸ਼ਨ ਨਾਲ ਸੰਬੰਧਿਤ ਤੇਜ਼ ਬੁਖਾਰ ਤੋਂ ਪੀੜਿਤ ਹੋ ਕੇ ਜੀਵਨ ਚ ਮਾਈਟਰਲ ਸਟਿਨੋਸੀਸ ਰੋਗਾਂ ਤੇ ਜਨਕ ਦਾ ਕਾਰਨ ਬਣਦਾ ਹੈ,ਜੋ (ਜਨਮਜਾਤ ਦੇ ਰੋਗ 'ਚ) ਬੇਹਦ ਘਾਤਕ ਹੁੰਦਾ ਹੈ।

ਹਾਈ ਬਲੱਡ ਪ੍ਰੈਸ਼ਰ ਬਣੇ ਰਹਿਣਾ ਜੀਵਨ ਲਈ ਬੇਹਦ ਘਾਤਕ ਹੈ।

* ਲੋ ਬਲੱਡ ਪੈਸ਼ਰ ਵੀ ਜੀਵਨ ਭਰ ਪ੍ਰਭਾਵੀ ਹੁੰਦਾ ਹੈ। ਪਿਤਾ ਪੁਰਖੀ (ਜੇਨੇਟਿਕ) ਹੋਣ ਕਾਰਣ ਪੂਰੇ ਪਰਿਵਾਰ ਚ ਤਾਂ ਸੰਭਵ ਹੀ ਹੈ,ਜਨਮਜਾਤ ਦਿਲ ਦੇ ਰੋਗ ਘਾਤਕ ਸਿੱਟੇ ਕੱਢਦਾ ਹੈ।

* ਕਦੀ ਕਦੀ ਦਿਲ ਦੀ ਢਿੱਲੀ ਦੀ ਸੋਜ਼,ਜਿਸ ਦਾ ਕਾਰਨ ਨਿਮੋਨੀਆ,ਪਲਮੋਨਰੀ ਟੀਬੀ/ਤਪਦਿਕ,ਇੰਮਫਾਇਮਾ,ਸ਼ੂਗਰ ਰੋਗ,ਮਾਇਓ ਕਾਰਡੀਅਲ ਇਨਫਾਰਕਸ਼ਨ, ਯੂਰੀਮੀਆ, ਸਿਫਲਸ, ਦਿਮਾਗੀ ਸੋਜ਼,ਜਾਂ ਵੱਖ ਵੱਖ ਬੈਕਟੀਰੀਆ/ਜੀਵਾਣੂਆਂ ਦੇ ਕਾਰਨ ਵੀ ਦਿਲ ਦੀ ਝਿੱਲੀ ਦੀ ਸੋਜ਼ ਦਰਦਨਾਕ ਹੁੰਦੀ ਹੈ।

ਧਿਆਨ ਰੱਖੋ, ਬੱਚੇ ਦੇ ਪੈਦਾ ਹੋਣ ਤੋਂ ਹੀ ਡਾਕਟਰ ਵੱਲੋਂ ਜਾਂਚ ਪਿੱਛੋਂ ਕਿਹਾ ਜਾਣ ਲੱਗੇ ਕਿ ਬੱਚੇ ਦੇ ਦਿਲ 'ਚ ਸੁਰਾਖ ਹੈ ਜਾ ਦਿਲ ਆਪਣਾ

**ਹਾਈ ਬਲੱਡ ਪ੍ਰੈਸ਼ਰ ਬਣੇ ਰਹਿਣਾ ਜੀਵਨ ਲਈ ਬੇਹਦ ਘਾਤਕ ਹੈ**

ਆਮ ਕੰਮ ਕਰਨ 'ਚ ਅਸਮਰਥ ਹੈ, ਤਾਂ ਸਮਝ ਲਓ ਕਿ ਜਿੰਦਗੀ ਭਰ ਤੁਸੀਂ ਆਪਣੇ ਸ਼ਰੀਰ ਦੀ ਰਾਖੀ ਕਰਨੀ ਹੈ। ਸਰਜਰੀ ਰਾਹੀਂ ਦਿਲ ਦੇ ਸੁਰਾਖ ਦੇ ਵਿਗਾੜ ਨੂੰ ਤੁਸੀਂ ਦੂਰ ਕਰ ਸਕਦੇ ਹੋ ਪਰ ਹੋਰਨਾਂ ਲੱਛਣਾ ਦੇ ਨਾਲ,ਦਵਾਈ ਦੇ ਨਾਲ ਪ੍ਰਹੇਜ ਵੀ ਕਰਨਾ ਪੈਣਾ ਹੈ।

ਮਾਵਾਂ ਗਰਭ ਧਾਰਣ ਪਿੱਛੋਂ ਲਾਹਪ੍ਰਵਾਹੀ ਨਾ ਵਰਤਨ ਤਾਂ ਹੀ ਦਿਲ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਵੱਧ ਭੱਜ ਦੌੜ ਨਾ ਕਰੋ, ਪੌੜੀਆਂ ਚੜਨ ਤੋਂ ਪ੍ਰਹੇਜ ਕਰੋ,ਚਿੰਤਾ ਮੁਕਤ ਰਹੋ,ਭੋਜਨ ਚ ਕੈਸਟਰੋਲ ਵਧਾਉਣ ਵਾਲੀਆਂ ਚੀਜ਼ਾਂ ਨਾ ਖਾਓ। ਬਲੱਡ ਪ੍ਰੈਸ਼ਰ ਤੇ ਸ਼ੁਗਰ ਨੂੰ ਕਾਬੂ ਚ ਰੱਖੋ। ਨਿਯਮਤ ਜਾਂਚ ਵੀ ਕਰਾਓ। ਚੌਕਸ ਰਹੋ,ਜ਼ਮਾਦਰੂ ਦਿਲ ਦਾ ਰੋਗ ਮੌਤ ਦਾ ਕਾਰਣ ਬਣ ਸਕਦਾ ਹੈ,ਡਾਕਟਰ ਦੇ ਸੰਪਰਕ ਚ ਹੀ ਰਹੋ ਤਾਂ ਹੀ ਸੁਰੱਖਿਆ ਹੈ।

***-ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ***

# ਗਭਰੂ ਪੁੱਤ ਪੰਜਾਬ ਦੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀਆਂ ਨੂੰ ਆਪਣੇ ਗੱਭਰੂਆਂ 'ਤੇ ਬਹੁਤ ਗੁਮਾਨ ਹੈ, ਉਨ੍ਹਾਂ ਨੂੰ ਲਗਦਾ ਹੈ ਗਭਰੂ ਪੰਜਾਬ ਦੇ ਹੀ ਹੁੰਦੇ ਹਨ, ਬਾਕੀ ਦੇਸ਼ ਵਿਚ ਤਾਂ ਬੁਢੇ ਠੇਰੇ, ਮਾੜਕੂ, ਜੁਆਕੜੇ ਹੀ ਵਸਦੇ ਹਨ, ਜਾਣੋਂ ਗਭਰੂ ਸ਼ਬਦ ਹੀ ਪੰਜਾਬੀ ਜਵਾਨਾਂ ਲਈ ਬਣਿਆ ਹੈ। ਹਰ ਪੰਜਾਬੀ ਗਾਇਕ ਨੇ ਗਭਰੂ ਦੀ ਸਲਾਹੁਤਾ ਕਰਦੇ ਗੀਤ ਗਏ ਹਨ। ਵਾਰਿਸ ਦੇ ਕਿੱਸੇ ਵਿਚ ਇਹ ਸ਼ਬਦ ਬਹੁਤ ਵਾਰੀ ਆਇਆ ਹੈ। ਗਭਰੂਆਂ ਦੇ ਲੱਛਣ ਦਰਸਾਉਂਦੀਆਂ ਕੁਝ ਕਾਵਿਕ ਝਲਕੀਆਂ ਪੇਸ਼ ਹਨ:

ਦਿਲ ਔਰਤਾਂ ਲੈਣ ਪਿਆਰ ਕਰਕੇ, ਇਹ ਗਭਰੂ ਮਿਰਗ ਹਨ ਸਰਾਂ ਦੇ ਨੀ।

ਤਦੋਂ ਰੰਨ ਬਦਖੂ ਨੂੰ ਅਕਲ ਆਵੇ, ਜਦੋਂ ਲੱਤ ਵੱਜਸ ਵਿਚ ਫਰਾਂ ਦੇ ਨੀ।

ਚੂਚਕ ਸਿਆਲ ਰਾਂਝਿਆਂ ਨੂੰ ਸ਼ਿਕਾਇਤ ਕਰਦਾ ਹੈ,

ਅਸਾਂ ਜੱਟ ਹੈ ਜਾਣ ਕੇ ਚਾਕ ਲਾਇਆ, ਦੇਈਏ ਤਰਾਹ ਜੇ ਜਾਣੀਏ ਗੁੰਡੜਾ ਜੇ।

ਇਹ ਗੱਭਰੂ ਘਰੋਂ ਕਿਉਂ ਕਢਿਆ ਜੇ, ਲੰਙਾ ਨਹੀਂ ਕੰਮਚੋਰ ਨਾ ਟੁੰਡੜਾ ਜੇ।

ਗਭਰੂਆਂ ਦੀ ਜਨੇਤ ਕਿਵੇਂ ਢੁਕਦੀ ਹੈ,

ਚੜ੍ਹ ਘੋੜਿਆਂ ਖੇੜਿਆਂ ਗੰਢ ਫੇਰੀ, ਚੜ੍ਹੇ ਗਭਰੂ ਡੰਕ ਵਜਾਇ ਕੇ ਜੀ।

ਕਾਠੀਆਂ ਸੁਰਖ਼ ਬਨਾਤ ਦੀਆਂ ਹੱਥ ਨੇਜ਼ੇ, ਦਾਰੂ ਪੀ ਕੇ ਧਰਗ ਵਜਾਇਕੇ ਜੀ।

ਵੀਹਵੀਂ ਸਦੀ ਦੇ ਧਨੀ ਰਾਮ ਚਾਤ੍ਰਿਕ ਵੀ ਗਭਰੂ ਨੂੰ ਖੂਬ ਵਡਿਆਉਂਦੇ ਹਨ,

ਸੌਚੀਂ ਖੇਡਦੇ ਗਭਰੂ ਪਿੜਾਂ ਅੰਦਰ,
ਛਿੰਝਾਂ ਪਾਉਂਦੇ ਤੇ ਛਾਲਾ ਲਾਉਂਦੇ ਨੇ।
ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ,
ਸਾਉਣ ਮਾਹ ਦੇ ਸੋਹਲੇ ਗਾਉਂਦੇ ਨੇ।

ਤੀਜੇ ਮਹਲ ਅਮਰ ਦਾਸ ਨੇ ਗਭਰੂ ਸ਼ਬਦ ਵਰਤਿਆ ਹੈ, 'ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ'। ਗੁਰੂ ਜੀ ਵਲੋਂ ਬ੍ਰਿਧ ਦੇ ਟਾਕਰੇ 'ਤੇ ਗਭਰੂ ਸ਼ਬਦ ਵਰਤਣ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਵਿਚ ਗਭਰੂ ਸ਼ਬਦ ਜਵਾਨ ਦਾ ਹੀ ਅਰਥਾਵਾਂ ਹੈ। ਸ਼ਾਇਦ ਗਭਰੂ ਗ੍ਰਾਮੀਣ ਜਟਕਾ ਜਿਹਾ ਸ਼ਬਦ ਹੈ, ਜੋ ਪਿੰਡ ਦੇ ਖਾਂਦੇ-ਪੀਂਦੇ, ਰਿਸ਼ਟ- ਪੁਸ਼ਟ ਜਵਾਨਾਂ ਲਈ ਵਰਤਣਾ ਹੀ ਉਚਿਤ ਹੈ। ਇਹ ਸੱਚ ਹੈ ਕਿ ਠੇਠ ਪੰਜਾਬੀ ਦੇ ਸ਼ਬਦ ਪੰਜਾਬ ਦੇ ਪਿੰਡਾਂ ਵਿਚ ਹੀ ਬੋਲੇ ਜਾਂਦੇ ਹਨ, ਸਹੀ ਅਰਥਾਂ ਵਿਚ ਪੰਜਾਬੀ ਅਜੇ ਤੱਕ ਵੀ ਏਥੋਂ ਦੇ ਸ਼ਹਿਰੀਆਂ ਨੇ ਅਪਣਾਈ ਹੀ ਨਹੀਂ। ਆਮ ਤੌਰ 'ਤੇ ਲੋਕਾਂ ਵਲੋਂ ਪੰਜਾਬੀ ਭਾਸ਼ਾ ਦੀ ਵਿਆਪਕ ਸਵੀਕਾਰਤਾ ਦੇ ਬਥੇਰੇ ਮਸਲੇ ਹਨ ਪਰ ਆਪਾਂ ਗਭਰੂ ਦੇ ਮਸਲੇ ਨੂੰ ਹੀ ਹੱਥ ਪਾਈਏ।

ਪਹਿਲਾਂ ਪੰਜਾਬੀਆਂ ਦਾ ਇਹ ਭੁਲੇਖਾ ਦੂਰ ਕਰ ਦੇਈਏ ਕਿ ਇਸ ਸ਼ਬਦ 'ਤੇ ਸਿਰਫ ਉਨ੍ਹਾਂ ਦਾ ਏਕਾਧਿਕਾਰ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਤਰੀ ਭਾਰਤ ਦੇ ਧੁਰ ਪੂਰਬ ਤੋਂ ਲੈ ਕੇ ਧੁਰ ਪੱਛਮ ਤੱਕ ਸਾਰੀਆਂ ਆਰਿਆਈ ਭਾਸ਼ਾਵਾਂ ਵਿਚ ਇਹ ਸ਼ਬਦ ਥੋੜ੍ਹੇ ਬਹੁਤੇ ਰੂਪ ਅਤੇ ਅਰਥ ਦੇ ਫਰਕ ਨਾਲ ਵਿਦਮਾਨ ਹੈ। ਮੁਨੀਰ ਸ਼ਿਕੋਹਾਬਾਦੀ ਦਾ ਉਰਦੂ ਸ਼ਿਅਰ ਹੈ,

ਸਿਲਸਿਲਾ ਗਬਰੂ ਮੁਸਲਮਾਂ ਕੀ ਅਦਾਵਤ ਕਾ ਮਿਟਾ
ਐ ਪਰੀ ਬੇ-ਪਰਦਾ ਹੋ ਕਰ ਸੁਬਹਾ-ਏ-ਜ਼ੁੱਨਾਰ ਤੋੜ।

ਲਿਲੀ ਟਰਨਰ ਦੇ ਕੋਸ਼ ਤੋਂ ਹੋਰ ਭਾਸ਼ਾਵਾਂ ਵਿਚ ਇਸ ਸ਼ਬਦ ਦੀ ਇਸ ਪ੍ਰਕਾਰ ਟੋਹ ਮਿਲਦੀ ਹੈ:

ਕਸ਼ਮੀਰੀ ਗੋਬੁਰ = ਮੁੰਡਾ, ਸਿੰਧੀ ਗਭਿਰੂ= ਨੌਜਵਾਨ, ਗਭੂਰੂ= ਪੰਜ ਛੇ ਸਾਲ ਦਾ ਮੁੰਡਾ, ਲਹਿੰਦਾ ਗਭਰੂ = ਸਰਬਾਲਾ, ਲਹਿੰਦਾ ਗਭਰੂ = ਪਤੀ, ਪੱਛਮੀ ਪਹਾੜੀ ਪਾਦ ਗੋਭਰ =ਪੁੱਤਰ, ਨੈਪਾਲੀ ਗਬੜੁ 10 ਤੋਂ ਸੋਲਾਂ ਸਾਲ ਦਾ ਮੁੰਡਾ, ਕਿਸ਼ੋਰ, ਅਸਾਮੀ ਗਾਭਰੂ = ਬਾਲਗ, ਬਾਲਗ ਕੁੜੀ, ਮੁਟਿਆਰ, ਗਭੁਰਾ =ਮੁੰਡਾ, ਬੰਗਾਲੀ ਗਾਬੁਰ = ਨੌਜਵਾਨ, ਬਿਹਾਰੀ ਗਭਰੂ = ਲਾੜਾ, ਭੋਜਪੁਰੀ ਗਭਰੂ = ਜਵਾਨ, ਹਿੰਦੀ ਗਬਰੂ = ਬਚਗਾਨਾ, ਲਾੜਾ।

ਉਪਰੋਕਤ ਸੂਚੀ ਤੋਂ ਪ੍ਰਤੱਖ ਹੈ ਕਿ ਗਭਰੂ ਜਿਹੇ ਸ਼ਬਦ ਵਿਚ ਪੰਜ-ਛੇ ਸਾਲ ਦੇ ਬੱਚੇ ਤੋਂ ਲੈ ਕੇ ਬਾਲਗ ਅਵਸਥਾ ਤੱਕ ਦੇ ਭਾਵੇ ਮਿਲਦੇ ਹਨ। ਇਸ ਤੋਂ ਪੰਜਾਬੀਆਂ ਵਲੋਂ ਗਭਰੂ ਸ਼ਬਦ



ਦੇ ਝੂਠੇ ਮਾਣ ਦਾ ਪਰਦਾ ਵੀ ਫਾਸ਼ ਹੋ ਜਾਂਦਾ ਹੈ। ਸਪੱਸ਼ਟਤਾ ਲਈ ਗਭਰੂ ਦੇ ਨਿਰੁਕਤਕ ਅਰਥਾਂ ਬਾਰੇ ਜਾਨਣਾ ਜ਼ਰੂਰੀ ਹੈ। ਇਸ ਦੀ ਉਤਪਤੀ ਬਾਰੇ ਇੱਕ ਆਮ ਧਾਰਨਾ ਹੈ ਕਿ ਇਹ 'ਗਰਭਕਰੂ' ਦਾ ਸੰਕੁਚਤ ਰੂਪ ਹੈ ਜਿਸ ਦਾ ਮਤਲਬ ਹੋਇਆ ਉਹ ਨਰ ਜੋ ਗਰਭ ਕਰਨ (ਫੂਹੜ ਜਿਹੀ ਭਾਸ਼ਾ ਵਿਚ ਢਿਡ ਕਰਨ) ਦੀ ਉਮਰ ਦਾ ਹੋ ਗਿਆ ਹੋਵੇ। ਅਸੀਂ ਇਸ ਨੂੰ ਹਾਸੋ-ਹੀਣੀ ਵਿਆਖਿਆ ਨਹੀਂ ਕਹਿ ਸਕਦੇ ਕਿਉਂਕਿ ਲੌਕਿਕ ਪੱਧਰ 'ਤੇ ਹਰ ਸ਼ਬਦ ਦੀ ਸਤਹੀ ਵਿਆਖਿਆ ਹੀ ਹੋਇਆ ਕਰਦੀ ਹੈ। ਨਾਲੇ ਜਿਵੇਂ ਅੱਗੇ ਜਾ ਕੇ ਦੇਖਾਂਗੇ, ਇਸ ਵਿਚ ਵੀ ਅਰਧ ਸਚਾਈ ਹੈ। 'ਮਹਾਨ ਕੋਸ਼' ਅਨੁਸਾਰ ਗਭਰੂ, "ਗਰਵ ਹੈ ਜਿਸ ਨੂੰ ਰੂਪ ਦਾ, ਜੁਆਨ. ਤਰੁਣ 'ਕਿਆ ਗਭਰੂ ਕਿਆ ਬਿਰਧ ਹੈ?' (ਮ3 ਵਾਰ ਸੋਰ)"। ਐਨ ਏਹੀ ਵਿਆਖਿਆ ਐਸ. ਜੀ. ਜੀ. ਐਸ. ਦੇ ਗੁਰਮੁਖੀ/ਹਿੰਦੀ ਪੰਜਾਬੀ ਤੋਂ ਪੰਜਾਬੀ ਅੰਗ੍ਰੇਜ਼ੀ/ਹਿੰਦੀ ਕੋਸ਼ ਨੇ ਕੀਤੀ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਕੋਸ਼ਾਂ ਨੇ ਗਭਰੂ ਸ਼ਬਦ ਨੂੰ ਮਾਣ ਫਖਰ ਦੇ ਅਰਥਾਂ ਵਾਲੇ 'ਗਰਵ' ਸ਼ਬਦ, ਜਿਸ ਦਾ ਪੰਜਾਬੀ ਰੂਪ ਗਰਬ ਵੀ ਹੈ, ਨਾਲ ਜੋੜਿਆ ਹੈ। ਇਸ ਹਿਸਾਬ ਨਾਲ ਗਰਵ ਤੋਂ ਗਭਰੂ ਬਣਨ ਲੱਗਿਆਂ ਦੋ ਤਬਦੀਲੀਆਂ ਆਈਆਂ ਹੋਣਗੀਆਂ। ਵਰਣ-ਵਿਪਰੈ ਹੋਇਆ ਹੈ ਅਰਥਾਤ ਵ ਤੇ ਰ ਧੁਨੀਆਂ ਨੇ ਆਪਸ ਵਿਚ ਥਾਂ ਬਦਲੀ ਕੀਤੀ ਹੈ। 2. ਵ ਧੁਨੀ ਭ ਵਿਚ ਬਦਲੀ ਹੈ। ਕੋਸ਼ਕਾਰਾਂ ਨੇ ਲੱਖਣ ਲਾਇਆ ਪ੍ਰਤੀਤ ਹੁੰਦਾ ਹੈ ਕਿ 'ਗਭਰੂ' ਸ਼ਬਦ 'ਗਰਵੂ' ਤੋਂ ਬਣਿਆ ਹੋਵੇਗਾ। ਪਰ ਗਰਵੂ ਤਾਂ ਕੋਈ ਸ਼ਬਦ ਨਹੀਂ ਹੈ।

ਇੱਕ ਹੋਰ ਨਮੂਨਾ ਹਿੰਦੀ ਤੇ ਉਰਦੂ ਕੋਸ਼ਕਾਰਾਂ ਵਲੋਂ ਸਾਹਮਣੇ ਆਉਂਦਾ ਹੈ। ਹਿੰਦੀ ਦੇ ਸਭ ਤੋਂ ਪੁਰਾਣੇ ਤੇ ਵੱਡੇ ਕੋਸ਼ 'ਸ਼ਬਦ ਸਾਗਰ' ਨੇ ਫਾਰਸੀ ਵੱਲ ਇਸ਼ਾਰਾ ਕੀਤਾ ਹੈ। ਉਸ ਅਨੁਸਾਰ ਗਬਰੂ/ਗਭਰੂ ਫਾਰਸੀ 'ਖੂਬਰੂ' ਤੋਂ ਵਿਗੜਿਆ ਹੈ। ਉਹ ਦਿੱਲੀ ਦੇ 18ਵੀਂ ਸਦੀ ਦੇ ਕਵੀ ਘਨਾਨੰਦ ਦੀ ਇੱਕ ਤੁਕ ਪੇਸ਼ ਕਰਦੇ ਹਨ, 'ਅਸਾਨੂੰ ਚੇਟਕ ਲਾਇ ਗਿਆ, ਕੀ ਕਰਾਂ ਕੁਛ ਹੋਰ ਨਾ ਸੁਝਦਾ; ਸਾਂਵਲਾ ਸੋਹਨ ਮੋਹਤ, ਇਤ ਵੱਲ ਆਇ ਗਿਆ'। ਏਥੇ ਕੋਸ਼ ਅਨੁਸਾਰ ਸ਼ਬਦ ਦੇ ਮੁੱਖ ਭਾਵ (ਕ੍ਰਿਸ਼ਨ) ਦੇ ਸੁਹਣਾ ਹੋਣ ਵੱਲ ਹੀ ਸੰਕੇਤ ਹੈ। ਗਭਰੂ ਦੀ ਅਜਿਹੀ ਵਿਆਖਿਆ ਵੱਲ ਕੁਝ ਇੱਕ ਕੋਸ਼ਕਾਰਾਂ ਅਤੇ ਭਾਸ਼ਾ-ਵਿਗਿਆਨੀਆਂ ਨੇ ਸੁਵੱਲੀ ਨਜ਼ਰ ਰੱਖੀ ਹੈ। ਫਾਰਸੀ ਵਿਚ ਖੂਬਰੂ ਸ਼ਬਦ ਹੈ ਜੋ ਖੂਬ + ਰੂ ਤੋਂ ਬਣਿਆ ਹੈ। ਇਸ ਤੋਂ ਬਣੇ ਭਾਵਵਾਚਕ ਨਾਂਵ 'ਖੂਬਰੂਈ' ਦਾ ਅਰਥ ਹੈ ਸੁੰਦਰਤਾ, ਖੂਬਸੂਰਤੀ। ਇਸ ਦੇ ਸ਼ਾਬਦਿਕ ਅਰਥ ਬਣਦੇ ਹਨ, ਸੁੰਦਰ ਹੈ ਜਿਸ ਦਾ ਮੂੰਹ। 'ਖੂਬ' ਸੰਸਕ੍ਰਿਤ ਵਲੋਂ 'ਸ਼ੁਭ' ਦਾ ਸਜਾਤੀ ਹੈ ਅਤੇ 'ਰੂ' ਸੰਸਕ੍ਰਿਤ ਵਲੋਂ 'ਰੂਪ' ਦਾ। ਹੋਰ ਮਿਸਾਲ ਦੇਖੋ, 'ਰੂ-ਬ-ਰੂ' = ਇੱਕ ਦੂਜੇ ਵੱਲ ਮੂੰਹ ਕਰ ਕੇ, ਆਹਮਣੇ-ਸਾਹਮਣੇ। ਪਰ ਫਾਰਸੀ ਵਲੋਂ ਆਏ ਹੋਣ ਦੀ ਇਹ ਵਿਆਖਿਆ ਦਰੁਸਤ ਨਹੀਂ। ਪ੍ਰਾਚੀਨ ਵਿਚ ਫਾਰਸੀ ਦੀ ਖ ਧੁਨੀ ਹਿੰਦ-ਆਰਿਆਈ ਭਾਸ਼ਾਵਾਂ ਵਿਚ ਸ ਵਿਚ ਬਦਲਦੀ ਹੈ ਜਿਵੇਂ ਫਾਰਸੀ ਖੁਰਸ਼ੀਦ = ਸੰਸਕ੍ਰਿਤ ਸੂਰਯ; ਫਾਰਸੀ ਖੁਦ = ਸੰਸਕ੍ਰਿਤ ਸਵਤ। ਦੂਜੇ ਪਾਸੇ ਜੇ ਇਹ ਸ਼ਬਦ ਹਾਲੀਆ ਵਿਚ ਹੀ ਏਧਰਲੀਆਂ ਭਾਸ਼ਾਵਾਂ ਵਿਚ ਆਇਆ ਹੁੰਦਾ ਤਾਂ ਇਸ ਦਾ ਰੂਪ ਖੂਬਰੂ ਹੀ ਰਹਿਣਾ ਸੀ। ਧਿਆਨ ਦਿਓ, ਏਧਰ ਖੂਬ ਸ਼ਬਦ ਖੂਬ ਹੀ ਰਹਿੰਦਾ ਹੈ ਤਾਂ ਖੂਬਰੂ ਨੂੰ ਗਭਰੂ ਬਣਨ ਦੀ ਕੀ ਲੋੜ ਪਈ ਸੀ? ਅੰਦਾਜ਼ਾ ਲਾ ਸਕਦੇ ਹਾਂ ਕਿ ਖੂਬਰੂ ਪਹਿਲਾਂ ਗੁਬਰੂ ਬਣਿਆ ਹੋਵੇਗਾ ਫਿਰ ਗਬਰੂ/ਗਭਰੂ ਆਦਿ।

ਇਸ ਸ਼ਬਦ ਦੀ ਸਭ ਤੋਂ ਤਾਰਕਿਕ ਵਿਆਖਿਆ ਇਸ ਨੂੰ ਗਰਭ ਸ਼ਬਦ ਨਾਲ ਜੋੜਨ ਵਿਚ ਹੈ ਪਰ ਜਿਵੇਂ ਅਸੀਂ ਅੱਗੇ ਚੱਲ ਕੇ ਵੇਖਾਂਗੇ, ਇਹ ਸਬੰਧ ਵੀ ਕੋਸ਼ਾਂ ਅਨੁਸਾਰ ਦੋ-ਤਿੰਨ ਤਰ੍ਹਾਂ ਜੋੜਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਗਰਭਕਰੂ ਵਾਲੀ ਵਿਆਖਿਆ ਸਚਾਈ ਦੇ ਕੁਝ ਕੁਝ ਨਜ਼ਦੀਕ ਹੈ। ਗਿਆਨੀ ਹਜ਼ਾਰਾ ਸਿੰਘ ਕ੍ਰਿਤ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਇਸ ਸ਼ਬਦ ਨੂੰ ਇਸ ਤਰ੍ਹਾਂ ਨਿਪਟਾਇਆ ਗਿਆ ਹੈ, "ਗਭਰੂ (ਸੰ.। ਪੰਜਾਬੀ ਗਭੇ*, ਗਭਲਾ, ਗਭਰਾ=ਵਿਚਕਾਰਲਾ) ਬਾਲ ਜੁਆਨੀ ਤੇ ਬ੍ਰਿਧਾਪਨ ਤਿੰਨਾਂ ਉਮਰਾਂ ਵਿਚੋਂ ਵਿਚਕਾਰਲੀ ਉਮਰ ਦਾ। ਵਿਚਕਾਰਲੀ ਉਮਰ ਜੁਆਨੀ ਹੈ, ਸੋ ਗਭਰੂ ਜੁਆਨ ਨੂੰ ਆਖਦੇ ਹਨ। ਗਭਰੂ ਦੇ ਰੂਪਾਂਤਰ ਇਤਨੇ ਹਨ- ਗਭਰੂ, ਗਭਰੇਟਾ, ਗਭਰੋਟ, ਗਭਰੋਟਾ, ਗਭਰੋਡ, ਗਭਰੂਟ। ਯਥਾ 'ਕਿਆ ਗਭਰੂ ਕਿਆ ਬ੍ਰਿਧ ਹੈ"। ਇਸ ਤਰ੍ਹਾਂ ਇਹ ਵਿਆਖਿਆ ਗਭਰੂ ਸ਼ਬਦ ਦੇ ਅਰਥਾਂ ਨੂੰ ਮਨੁੱਖ ਦੀ ਗਭਲੀ ਉਮਰ ਨਾਲ ਜੋੜਦੀ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜਵਾਨੀ ਦੀ ਉਮਰ ਵਾਕਈ ਵਿਚਕਾਰਲੀ ਹੁੰਦੀ ਹੈ, ਭਾਰਤ ਦੇ ਆਸ਼ਰਮ ਸਿਧਾਂਤ ਅਨੁਸਾਰ ਤਾਂ ਗ੍ਰਿਹਿ-ਆਸ਼ਰਮ ਦੀ ਆਯੂ ਵਿਚਕਾਰਲੀ ਆਯੂ ਹੈ।

ਪਰ ਮੇਰੀ ਜਾਚੇ ਇਸ ਸ਼ਬਦ ਦੀ ਸਭ ਤੋਂ ਢੁਕਵੀਂ ਵਿਆਖਿਆ ਪਲੈਟਸ ਦੇ ਹਿੰਦੁਸਤਾਨੀ-ਅੰਗਰੇਜ਼ੀ ਕੋਸ਼ ਵਿਚ ਮਿਲਦੀ ਹੈ। ਇਸ ਅਨੁਸਾਰ ਹਿੰਦੁਸਤਾਨੀ ਗਬਰੂ ਸ਼ਬਦ ਅੰਤਮ ਤੌਰ 'ਤੇ ਸੰਸਕ੍ਰਿਤ ਗਰਭ+ਰੂਪ ਤੋਂ ਬਣਿਆ ਹੈ ਜਿਸ ਦਾ ਪਰਾਕ੍ਰਿਤ ਰੂਪ ਗਰਭ+ਰੂਵੋ ਹੈ। ਲਿਲੀ ਟਰਨਰ ਦਾ ਹਿੰਦ-ਆਰਿਆਈ ਭਾਸ਼ਾਵਾਂ ਦਾ ਨਿਰੁਕਤ ਕੋਸ਼ ਵੀ ਏਧਰ ਹੀ ਇਸ਼ਾਰਾ ਕਰਦਾ ਹੈ। ਪਰ ਇਸ ਸੰਯੁਕਤ ਸ਼ਬਦ ਦੀ ਘੁੰਡੀ ਕਿਸੇ ਨੇ ਨਹੀਂ ਖੋਲ੍ਹੀ। ਇਸ ਕਾਰਜ ਲਈ ਗਰਭ ਸ਼ਬਦ ਦਾ ਅਰਥ-ਪਸਾਰਾ ਸਮਝਣਾ ਜ਼ਰੂਰੀ ਹੈ। ਸੰਸਕ੍ਰਿਤ ਵਿਚ ਇਸ ਸ਼ਬਦ ਦੇ ਮੁੱਖ ਅਰਥ ਇਸ ਪ੍ਰਕਾਰ ਹਨ 1 ਕੁੱਖ, ਪੇਟ, ਢਿਡ, 2 ਭਰੂਣ, ਪੇਟ ਵਿਚਲਾ ਬੱਚਾ, ਗਰਭ ਅਵਸਥਾ, ਉਮੈਦਵਾਰੀ, ਹਮਲ 3. ਪੰਛੀਆਂ ਦਾ ਬੱਚਾ, ਬੋਟ 4. ਕਿਸੇ ਚੀਜ਼ ਦਾ ਅੰਦਰਲਾ ਭਾਗ, ਗੱਭਾ 5. ਅੰਦਰਲੇ ਕਮਰੇ। ਆਪਟੇ ਦੇ ਸੰਸਕ੍ਰਿਤ ਸ਼ਬਦ ਕੋਸ਼ ਵਿਚ 'ਗਰਭਰੂਪ' ਸ਼ਬਦ ਦਾ ਅਰਥਾਪਣ ਇਸ ਤਰ੍ਹਾਂ ਕੀਤਾ ਗਿਆ ਹੈ, 'ਬਚਗਾਨਾ, ਜਵਾਕੜਾ, ਜਵਾਨਾਂ ਜਿਹਾ'। ਕੋਸ਼ ਵਿਚਲੇ ਸੰਸਕ੍ਰਿਤ ਭਾਸ਼ਾ ਵਿਚ ਦਿੱਤੇ ਅਰਥ ਦਾ ਪੰਜਾਬੀ ਉਲੱਥਾ ਇਸ ਪ੍ਰਕਾਰ ਹੈ, 'ਜਿਸ ਦਾ ਲਾਵਣਯ ਗਰਭ ਤੋਂ ਬਾਹਰ ਆਈ ਦੇਹ ਜਿਹਾ ਸੁਕੋਮਲ ਪ੍ਰਤੀਤ ਹੋਵੇ ਅਜਿਹੇ ਤਰੁਣ ਕਿਸ਼ੋਰੀ ਨਵ ਯੁਵਕ ਨੂੰ ਗਬਰੂ ਕਿਹਾ ਗਿਆ ਹੈ।" 'ਬਚਗਾਨਾ' ਤੇ 'ਜਵਾਨਾਂ ਜਿਹਾ' ਅਰਥਾਂ ਵਿਚ ਆਯੂ ਦੇ ਹਿਸਾਬ ਨਾਲ ਵਿਰੋਧਤਾਈ ਦਿਸਦੀ ਹੈ। ਅਸਲ ਵਿਚ ਨਿਰੁਕਤਕ ਤੌਰ 'ਤੇ ਗਭਰੂ ਉਹ ਨਹੀਂ ਜੋ ਬਚਪਨ ਅਤੇ ਬੁਢਾਪੇ ਦੇ ਵਿਚਕਾਰਲੇ ਦੌਰ ਵਿਚ ਜੀਅ ਰਿਹਾ ਹੈ ਬਲਕਿ ਉਹ ਹੈ ਜੋ ਦਿੱਖ ਵਜੋਂ ਗਰਭ ਅਰਥਾਤ ਭਰੂਣ ਜੈਸਾ ਹੈ। ਪੈਦਾ ਹੁੰਦਾ ਬੱਚਾ ਸਲੋਨਾ, ਲਵਾ, ਮੁਲਾਇਮ, ਨਾਜ਼ੁਕ ਜਿਹਾ ਹੁੰਦਾ ਹੈ ਅਤੇ ਜਵਾਨੀ ਵਿਚ ਵੀ ਲੜਕਿਆਂ ਦੀ ਅਜਿਹੀ ਹੀ ਆਭਾ ਹੁੰਦੀ ਹੈ। ਇਹ ਗੱਲ ਵੱਖਰੀ ਹੈ ਕਿ ਪੰਜਾਬੀਆਂ ਦੇ ਸਰੀਰਕ ਬਲ 'ਤੇ ਜ਼ੋਰ ਦੇਣ ਵਾਲੇ ਸੁਭਾਅ ਅਨੁਸਾਰ ਇਸ ਸ਼ਬਦ ਵਿਚ ਅਜਿਹੇ ਪਸਾਰ ਆਏ ਹਨ।

**ਗਰਭ ਸ਼ਬਦ ਵਿਚੋਂ ਰ ਧੁਨੀ ਅਲੋਪ ਹੋਣ ਨਾਲ 'ਗੱਭ' ਸ਼ਬਦ ਬਣਦਾ ਹੈ ਜਿਸ ਵਿਚ ਵੀ ਦੋਨੋਂ ਮੁਖ ਅਰਥ ਗਰਭ ਅਵਸਥਾ, ਹਮਲ ਅਤੇ ਵਿਚਕਾਰ, ਅੰਦਰ ਦੇ ਭਾਵ ਕਾਇਮ ਰਹਿੰਦੇ ਹਨ। ਪਰ ਗਰਭ ਕਰਨ ਵਾਲੇ ਸ਼ਬਦ 'ਗੱਭਣ, ਗੱਭਣ ਕਰਨ' ਆਮ ਤੌਰ 'ਤੇ ਪਸ਼ੂਆਂ ਦੇ ਪ੍ਰਸੰਗ ਵਿਚ ਵਰਤੇ ਜਾਂਦੇ ਹਨ, ਇਸਤਰੀਆਂ ਲਈ ਇਹ ਸ਼ਬਦ 'ਢਿਡ ਕਰਨਾ'** ਦੀ ਤਰ੍ਹਾਂ **ਅਪਮਾਨਜਨਕ ਸਮਝੇ ਜਾਂਦੇ ਹਨ। 'ਗੱਭ' ਦਾ ਦੂਜਾ ਅਰਥ ਵਿਚਕਾਰ, ਮੱਧ ਹੈ ਜੋ ਪੰਜਾਬੀ ਵਿਚ ਆਮ ਵਰਤਿਆ ਜਾਂਦਾ ਹੈ, ਖਾਸ ਤੌਰ 'ਤੇ ਇਸ ਦਾ ਵਿਸ਼ੇਸ਼ਣ ਰੂਪ ਗੱਭਾ, ਗਭਲਾ। ਗਰਭ ਜਾਂ ਗੱਭ ਸ਼ਬਦ ਵਿਚ ਵਿਚਕਾਰ ਜਾਂ ਅੰਦਰਲਾ ਦਾ ਭਾਵ ਇਸ ਕਰਕੇ ਆਇਆ ਕਿਉਂਕਿ ਇਹ ਅੰਗ ਸਰੀਰ ਦੇ ਅੰਦਰ ਜਾਂ ਵਿਚਕਾਰ ਸਥਿਤ ਹੁੰਦਾ ਹੈ।**

ਪਾਲੀ ਭਾਸ਼ਾ ਦੇ ਕੋਸ਼ ਤੇ ਕੁਝ ਹੋਰ ਸਰੋਤਾਂ ਤੋਂ ਮੈਨੂੰ ਗਰਭ ਸ਼ਬਦ ਦੇ ਭਾਰੋਪੀ ਹੋਣ ਦੀ ਟੋਹ ਵੀ ਮਿਲੀ ਹੈ ਜਿਸ ਦਾ ਭਾਰੋਪੀ ਮੂਲ ***ਗਇਲਬ(ਹ)** ਜਿਹਾ ਹੈ। ਇਸ ਦੇ ਹੋਰ ਭਾਸ਼ਾਵਾਂ ਵਿਚ ਸਜਾਤੀ ਸ਼ਬਦ ਦੱਸੇ ਜਾਂਦੇ ਹਨ ਜਿਵੇਂ ਲਾਤੀਨੀ ਗਲਬ, ਪੁਰਾਣੀ ਜਰਮੈਨਿਕ ਕਲਬਮ, ਗੌਥਿਕ, ਕਲਬੋ, ਜਰਮਨ ਕਲਬ ਅਤੇ ਅੰਤ ਵਿਚ ਬਛੜੇ ਦੇ ਅਰਥਾਂ ਵਾਲਾ ਜਾਣਿਆ ਪਛਾਣਿਆ ਅੰਗ੍ਰੇਜ਼ੀ ਸ਼ਬਦ ਕਾਫ਼ (**ਚਅਲਾ**)। ਇਨ੍ਹਾਂ ਸਾਰੇ ਸ਼ਬਦਾਂ ਵਿਚ ਗਰਭ, ਕੁੱਖ, ਭਰੂਣ, ਜਾਨਵਰ ਦਾ ਬੱਚਾ, ਬੋਟ ਆਦਿ ਦੇ ਭਾਵ ਹਨ। ਪਰ ਸਾਡੇ ਗਰਭ ਸ਼ਬਦ ਨੂੰ ਹੋਰ ਭਾਸ਼ਾਵਾਂ ਦੇ ਇਨ੍ਹਾਂ ਸ਼ਬਦਾਂ ਦੇ ਸਜਾਤੀ ਠਹਿਰਾਉਣ ਵਿਚ ਕੁਝ ਧੁਨੀ ਸਬੰਧੀ ਦਿੱਕਤਾਂ ਹਨ ਜਿਸ ਕਰਕੇ ਇਸ ਪਾਸੇ ਅਜੇ ਹੋਰ ਖੋਜ ਦੀ ਲੋੜ ਹੈ।

---

# 'ਫਰਕ'

ਇੱਥੇ ਫਰਕ ਤੋਂ ਮੇਰੀ ਮੁਰਾਦ ਮੋਟੇ-ਪਤਲੇ, ਲੰਬੇ-ਮਧਰੇ, ਅਮੀਰ-ਗਰੀਬ, ਸਿਆਣੇ ਜਾਂ ਸਿਧਰੇ ਦਾ ਮੁਲਾਂਕਣ ਕਰਨ ਤੋਂ ਨਹੀਂ ਹੈ, ਇੱਥੇ ਸਵਾਲ ਪੁਰਾਤਨ ਅਤੇ ਅਜੋਕੇ ਰਾਜ ਕਰਨ ਵਾਲਿਆਂ ਵਿਚਲਾ 'ਫਰਕ' ਪੜਚੋਲ ਕਰਨਾ ਹੈ। ਪੰਜਾਬ ਦੇ ਇਤਿਹਾਸ ਨੂੰ ਪੜ੍ਹਦਿਆਂ ਬਹੁਤ ਸਾਰੇ ਜਮ੍ਹਾਂ-ਘਟਾਉ ਦੇ ਸਵਾਲ ਜ਼ਿਹਨ ਵਿਚ ਉਤਪੰਨ ਹੋ ਜਾਣਗੇ। ਬਹੁਤ ਸਦੀਆਂ ਪਿੱਛੇ ਨਹੀਂ ਜਾਂਦੇ ਪਿਛਲੇ ਦੋ ਕੁ ਸੌ ਸਾਲ ਦੇ ਹਿਸਾਬ-ਕਿਤਾਬ ਨੂੰ ਖੰਘਾਲਣ ਬੈਠੀਏ ਤਾਂ ਸਿਰ ਚਕਰਾਉਣ ਲਗਦਾ ਹੈ। ਸਿੱਖ ਮਿਸਲਾਂ ਦੇ ਇਤਿਹਾਸ ਤੋਂ ਬਾਅਦ ਤਿੰਨ ਰਾਜਿਆਂ ਦੇ ਇਤਿਹਾਸ ਉੱਪਰ ਨਜ਼ਰ ਮਾਰਨ ਉਪਰੰਤ ਬਹੁਤ ਕੁਝ ਪਤਾ ਲਗਦਾ ਹੈ ਕਿ ਮਹਾਰਾਜਾ ਪਟਿਆਲਾ



ਹਰਦੀਪ ਸਿੰਘ ਸੋਢੀ
ਫੋਨ: 480-794-0325

ਬਹੁਤ ਅਮੀਰ, ਐਸ਼ ਪ੍ਰਸਤ ਅਤੇ ਖੁੱਲ੍ਹਾ ਖਰਚਣ ਵਾਲਾ ਰਜਵਾੜਾ ਖਾਨਦਾਨ ਸੀ। ਅਮੀਰੀ ਏਨੀ ਕਿ ਭਾਰਤ ਸਰਕਾਰ ਦੇ ਹਵਾਈ ਜਹਾਜ਼ ਖਰੀਦਣ ਤੋਂ ਪਹਿਲਾਂ ਇਨ੍ਹਾਂ ਨੇ ਹਵਾਈ ਜਹਾਜ਼ ਖਰੀਦ ਲਿਆ ਸੀ, ਰਾਇਲਸ ਰਾਏ ਅਤੇ ਬੀ ਐਮ ਡਬਲਿਊ ਵਰਗੀਆਂ ਗੱਡੀਆਂ ਲੈ ਆਉਣਾ ਹੈਰਾਨੀ ਵਾਲੀਆਂ ਗੱਲਾਂ ਸਨ। ਦਿੱਲੀ ਯੂਨੀਵਰਸਿਟੀ ਬਣਨ ਤੋਂ ਪਹਿਲਾਂ ਹੀ ਪਟਿਆਲਾ ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਫੀਲੀਏਸ਼ਨ ਲੈ ਕੇ ਕਾਲਜ ਖੁਲ੍ਹਵਾਉਣਾ ਅਤੇ ਆਈਸ ਹਾਕੀ ਦਾ ਇਨਡੋਰ ਸਟੇਡੀਅਮ ਬਣਵਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਕਿਉਂਕਿ ਉਦੋਂ ਖੇਤੀ ਏਨੀ ਵਿਕਸਤ ਨਹੀਂ ਸੀ, ਫਸਲਾਂ ਦੇ ਭਾਅ ਅਤੇ ਝਾੜ ਬਹੁਤ ਘੱਟ ਸਨ। ਇੰਡਸਟਰੀ ਨਾਂਹ ਦੇ ਬਰਾਬਰ ਸੀ ਫਿਰ ਏਨਾ ਖੁੱਲ੍ਹਾ ਖਰਚਾ ਆਉਂਦਾ ਕਿਥੋਂ ਸੀ?

ਪਾਠਕ ਇਹੋ ਜਵਾਬ ਦੇਣਗੇ ਕਿ ਇਸ ਘਰਾਣੇ ਨੂੰ ਫਿਰੰਗੀਆਂ ਦੀ ਮਦਦ ਸੀ ਜਦ ਕਿ ਅਜਿਹਾ ਨਹੀਂ ਸੀ। ਫਿਰ ਵੀ ਜੇ ਮੰਨ ਲਉ ਕਿ ਪਟਿਆਲਾ ਵਾਲਿਆਂ ਨੂੰ ਪੈਸਾ ਮਿਲਦਾ ਵੀ ਸੀ ਤਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਨ੍ਹਾਂ ਨਾਲ ਅੰਗਰੇਜ਼ ਹਕੂਮਤ ਥਾਂ-ਥਾਂ 'ਤੇ ਅੱਡਾ ਲਾਉਂਦੀ ਸੀ ਉਨ੍ਹਾਂ ਕੋਲ ਏਨਾ ਪੈਸਾ ਕਿੱਥੋਂ ਆਉਂਦਾ ਸੀ। ਉਨ੍ਹਾਂ ਦੀ ਫੌਜ ਵਿਚ ਫ਼ਰਾਂਸ ਦੇ ਜਰਨੈਲ ਵੀ ਸਨ ਜੋ ਅੰਗਰੇਜ਼ੀ ਹਕੂਮਤ ਨਾਲ ਲੜਨ ਵਾਸਤੇ ਰੱਖੇ ਹੋਏ ਸਨ ਉਹ ਤਨਖਾਹਾਂ ਆਨਿਆਂ ਦਵਾਨੀਆਂ ਵਿਚ ਨਹੀਂ ਸਨ ਲੈਂਦੇ। ਉਨ੍ਹਾਂ ਦੀਆਂ ਬਹੁਤ ਜ਼ਿਆਦਾ ਤਨਖਾਹਾਂ ਸਨ ਉਪਰੋਂ ਅਫ਼ਗਾਨਿਸਤਾਨ ਦੇ ਦਰਾ ਖੈਬਰ ਅਤੇ ਤਿੱਬਤ ਆਦਿ ਤੱਕ ਲੜਾਈਆਂ ਲੜੀਆਂ ਅਤੇ ਜਿੱਤੀਆਂ.. ਪਬਲਿਕ ਨੂੰ ਕਦੇ ਕੋਈ ਤੰਗੀ ਨਹੀਂ ਆਉਣ ਦਿੱਤੀ ਸੀ। ਲੋੜ ਪੈਣ 'ਤੇ ਅਨਾਜ ਦੇ ਭੰਡਾਰੇ ਮੁਫ਼ਤ ਖੋਲ੍ਹ ਦਿੱਤੇ ਜਾਂਦੇ ਸਨ। ਗੁਰਦੁਆਰਾ ਸਾਹਿਬਾਨ ਅਤੇ ਮੰਦਰਾਂ ਉੱਪਰ ਕਵਿੰਟਲਾਂ ਦੇ ਹਿਸਾਬ ਨਾਲ ਸੋਨਾ ਲਵਾਇਆ। ਇਸਲਾਮਿਕ ਮਸਜਿਦਾਂ ਨੂੰ ਬਣਾਉਣ ਅਤੇ ਚਲਾਉਣ ਵਾਸਤੇ ਖੁਲ੍ਹੇ ਗੱਫੇ ਦਿੱਤੇ। ਸਿਰਫ ਪੰਜਾਬ ਹੀ ਨਹੀਂ ਕਾਂਸ਼ੀ ਤੱਕ ਦੇ ਮੰਦਰਾਂ ਵਿਚ ਸੋਨਾ ਚੜ੍ਹਾਇਆ। ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਘਰ ਬਣਵਾਉਣੇ... ਨਵਾਬ ਹੈਦਰਾਬਾਦ ਦੇ ਸੱਦੇ 'ਤੇ ਆਪਣੀਆਂ ਫੌਜਾਂ ਆਪਣੇ ਖਰਚੇ 'ਤੇ ਭੇਜੀਆਂ ਅਤੇ ਰੱਜੀ ਨੀਅਤ ਵਾਲੇ ਫੌਜੀ ਭੇਜੇ। ਉਨ੍ਹਾਂ ਬਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਏਨੇ ਰੱਜੇ-ਪੁੱਜੇ ਫੌਜੀ ਸਨ ਕਿ ਨਵਾਬ ਹੈਦਰਾਬਾਦ ਵੱਲੋਂ ਉਨ੍ਹਾਂ ਨੂੰ ਤਨਖਾਹ ਦੇ ਤੌਰ 'ਤੇ ਪੇਸ਼ ਕੀਤੀ ਚੰਗੀ ਖਾਸੀ ਰਕਮ ਉਨ੍ਹਾਂ ਵੱਲੋਂ ਠੁਕਰਾ ਦਿੱਤੀ ਗਈ ਕਿ ਅਸੀਂ ਜਿਸ ਦੇ ਫੌਜੀ ਹਾਂ ਉਹ ਸਾਨੂੰ ਠੀਕ-ਠਾਕ ਖਰਚ ਦੇਂਦਾ ਹੈ। ਅਸੀਂ ਤੁਹਾਡੇ ਸੱਦੇ 'ਤੇ ਆਏ ਹਾਂ, ਤੁਹਾਡੇ ਕੋਲ ਨੌਕਰੀ ਕਰਨ ਨਹੀਂ ਆਏ। ਇਸ ਗੱਲ ਤੋਂ ਬਾਅਦ ਨਵਾਬ ਨੇ ਉਨ੍ਹਾਂ ਨੂੰ ਲਾਲਚ ਵਜੋਂ ਕਿ ਇਹ ਸੂਰਮੇ ਦੱਖਣ ਤੋਂ ਵਿਚ ਹੀ ਟਿਕ ਜਾਣ ਉਨ੍ਹਾਂ ਨੂੰ ਜਗੀਰਾਂ ਆਫਰ ਕੀਤੀਆਂ। ਜਗੀਰਾਂ ਦੇ ਕਾਗਜ਼ ਦਿੱਤੇ ਪਰ ਬਹਾਦਰ ਦਲੇਰ ਅਤੇ ਸਿਦਕੀ ਜਰਨੈਲਾਂ ਨੇ ਉਹ ਕਾਗਜ਼ ਤੋਪ ਦੇ ਮੂੰਹ 'ਤੇ ਬੰਨ੍ਹ ਕੇ ਗੋਲੇ ਨਾਲ ਉਹ ਕਾਗਜ਼ ਉਡਾ ਦਿੱਤਾ ਅਤੇ ਸ਼ੇਰੇ ਪੰਜਾਬ ਦੀ ਇੱਜ਼ਤ ਨੂੰ ਚਾਰ ਚੰਨ ਲਾ ਦਿੱਤੇ...।

ਤੀਜੇ ਨੰਬਰ 'ਤੇ ਗੱਲ ਕਰਦੇ ਹਾਂ ਮਹਾਰਾਜਾ ਕਪੂਰਥਲਾ ਦੀ। ਉਨ੍ਹਾਂ ਵੱਲੋਂ ਬਣਾਈਆਂ ਇਮਾਰਤਾਂ, ਸੜਕਾਂ, ਮਹਿਲ ਅਤੇ ਸੈਰਗਾਹਾਂ ਅੱਜ ਵੀ ਵਿਸ਼ਵ ਪੱਧਰੀ ਰੁਤਬਾ ਰੱਖਦੀਆਂ ਹਨ। ਉਹ ਕਿੰਨਾ ਖਰਚ ਖਾਹ ਰਾਜਾ ਸਨ ਕਿ ਉਨ੍ਹਾਂ ਦੇ ਖਰਚਿਆਂ ਦਾ ਹਿਸਾਬ ਦੀਵਾਨ ਜਰਮਨੀ ਦਾਸ ਜੀ ਦੀ ਕਿਤਾਬ *ਮਹਾਰਾਜਾ* ਵਿਚ ਪੜ੍ਹ ਸਕਦੇ ਹੋ..। ਸੋਚਣ ਵਾਲੀ ਗੱਲ ਹੈ ਕਿ ਉਦੋਂ ਬਹੁਤ ਘੱਟ ਆਮਦਨ ਹੋਣ ਕਾਰਨ ਵੀ ਏਨੇ ਕੰਮ ਕਿਵੇਂ ਹੋ ਜਾਂਦੇ ਸਨ? ਅੱਜ ਏਨੇ ਟੈਕਸ!! ਦੋਹਰੇ ਤੀਹਰੇ ਟੈਕਸ ਲਾਉਣ ਉਪਰੰਤ ਵੀ ਸਰਕਾਰਾਂ ਦਾ ਸਰਕਾਰੀ ਖਜ਼ਾਨੇ ਵਾਲਾ ਪੀਪਾ ਖਾਲੀ ਕਿਉਂ ਖੜਕਦਾ ਹੈ? ਕੋਈ ਸੜਕ ਨਵੀਂ ਬਣਨੀ ਨਹੀਂ ਸਿਰਫ ਚੌੜੀ ਹੋਣੀ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਕੁਦਰਤ ਵੱਲੋਂ ਬਖਸ਼ੀ ਛਾਂ ਦੇਣ ਵਾਲੇ ਅਤੇ ਆਕਸੀਜਨ ਦੇਣ ਵਾਲੇ ਦੇਵਤੇ ਸਰੂਪ (ਰੁੱਖਾਂ) ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਏਥੇ ਵੀ ਢਿੱਡ ਨਹੀਂ ਭਰਦਾ ਤਾਂ ਸੜਕਾਂ ਉੱਪਰ ਟੋਲ ਪਲਾਜ਼ਾ ਬਣਾ ਕੇ ਲੋਕਾਂ ਦਾ ਲਹੂ ਪੀਤਾ ਜਾਂਦਾ ਹੈ ਅਜਿਹਾ ਕਿਉਂ ਹੁੰਦਾ ਹੈ?

ਇਹੋ 'ਫਰਕ' ਦਿਨ ਰਾਤ ਸੋਚਣ ਨੂੰ ਮਜਬੂਰ ਕਰਦਾ ਹੈ ਕਿ ਆਖਿਰ ਸਰਕਾਰਾਂ ਦਾ ਪੈਸਾ ਜਾਂਦਾ ਕਿੱਥੇ ਹੈ? ਮੈਂ ਕਿਸੇ ਪਾਰਟੀ ਵਿਸ਼ੇਸ਼ ਦੀ ਗੱਲ ਨਹੀਂ ਕਰਦਾ ਫਿਰ ਵੀ ਸਵਾਲ ਉਠਦਾ ਹੈ ਕਿ ਗਿਆਨੀ ਜ਼ੈਲ ਸਿੰਘ ਹੋਰਾਂ ਦੇ ਕਾਂਗਰਸੀ ਮੁੱਖ ਮੰਤਰੀ ਹੁੰਦਿਆਂ 1972/73 ਵਿਚ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਪੰਜ ਸੌ ਅੱਸੀ ਕਿਲੋਮੀਟਰ ਨਮੂਨੇ ਦੀ ਸੜਕ ਕਿਵੇਂ ਬਣ ਗਈ ਸੀ? ਉਸ ਉਪਰ ਤਾਂ ਕੋਈ ਟੋਲ ਪਲਾਜ਼ਾ ਨਹੀਂ ਸੀ ਲਗਾਇਆ? ਇਹ *ਫਰਕ* ਸਾਨੂੰ ਸਮਝਣੇ ਅਤਿ ਜ਼ਰੂਰੀ ਹਨ ਵਰਨਾ ਉਹ ਦਿਨ ਦੂਰ ਨਹੀਂ ਜਦ ਸਾਰਾ ਪੰਜਾਬ ਹਿਜ਼ਰਤ ਕਰ ਜਾਵੇਗਾ ਅਤੇ ਪੰਜਾਬ ਦਾ ਕੀ ਹੋਵੇਗਾ ਇਹ ਭਵਿੱਖ ਦੇ ਗਰਭ ਵਿਚ ਹੈ?

ਲੋਕ ਵੇਦਨਾ

# ਏਹੁ ਹਮਾਰਾ ਜੀਵਣਾ...

ਪੰਜਾਬੀ ਦੇ ਆਦਿ ਕਵੀ ਸ਼ੇਖ ਬਾਬਾ ਫਰੀਦ ਨੇ ਕਿਸੇ ਹੋਰ ਪ੍ਰਸੰਗ 'ਚ ਇਹ ਸ਼ਬਦ ਲਿਖੇ ਸਨ, ਪਰ ਪੰਜਾਬੀ ਦੀ ਨਾਵਲਕਾਰਾ ਡਾ. ਦਲੀਪ ਕੌਰ ਟਿਵਾਣਾ ਨੇ ਇਸ ਹੀ ਨਾਂਅ ਦਾ ਨਾਵਲ ਲਿਖਿਆ ਤੇ ਟਿਵਾਣਾ ਜੀ ਦੀ ਪਛਾਣ ਇਸ ਨਾਵਲ ਨਾਲ ਜੁੜ ਗਈ, ਬਾਅਦ 'ਚ ਭਾਵੇਂ ਡਾ. ਟਿਵਾਣਾ ਨੇ ਕਈ ਕਹਾਣੀਆਂ ਅਤੇ ਨਾਵਲਾਂ 'ਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕੀਤਾ, ਪਰ ਪਾਠਕਾਂ ਦੇ ਚੇਤਿਆਂ 'ਚ 'ਏਹੁ ਹਮਾਰਾ ਜੀਵਣਾ...' ਦੀ ਭਾਨੋ ਹੀ ਵਸੀ ਰਹੀ ਤੇ ਉਹ ਡਾ. ਟਿਵਾਣਾ ਦੇ ਅਜਿਹੇ ਹਰ ਪਾਤਰ ਨੂੰ ਭਾਨੋ ਵਿੱਚੀਂ ਹੀ ਦੇਖਦੇ ਰਹੇ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਭਾਰਤ ਦਾ ਬਹੁਤ ਵੱਡਾ ਹਿੱਸਾ ਆਜ਼ਾਦੀ ਦੇ ਜਸ਼ਨਾਂ 'ਚ ਡੁੱਬਿਆ ਹੋਇਆ ਸੀ, ਪਰ ਪੰਜਾਬ ਦਾ ਇਹ



**ਹਰਜਿੰਦਰ ਸਿੰਘ ਅਟਵਾਲ (ਡਾ.)**
ਫੋਨ : 98721-73425

ਖਿੱਤਾ (ਲਹਿੰਦੇ ਅਤੇ ਚੜ੍ਹਦੇ ਦਾ) ਇੱਕ ਡੂੰਘੇ ਸੰਤਾਪ ਵਿੱਚੀਂ ਲੰਘ ਰਿਹਾ ਸੀ। ਉਸ ਸੰਤਾਪ ਨਾਲ ਜੁੜੇ ਸਾਹਿਤ ਦੀ ਸੂਚੀ ਬਹੁਤ ਲੰਮੀ ਹੈ, ਪਰ ਜੋ ਅੰਮ੍ਰਿਤਾ ਪ੍ਰੀਤਮ ਦੀ ਨਜ਼ਮ 'ਅੱਜ ਆਖਾਂ ਵਾਰਸ ਸ਼ਾਹ ਨੂੰ...' ਤੇ 'ਪਿੰਜਰ' ਦੀ 'ਪੂਰੋ' ਰਾਹੀਂ ਬਿਰਤਾਂਤ ਸਿਰਜਿਆ ਗਿਆ ਹੈ। ਉਹ ਸਮੇਂ ਦੀ ਧੂੜ ਵਿੱਚੋਂ ਅੱਜ ਵੀ ਉੱਭਰਵੇਂ ਰੂਪ 'ਚ ਉਜਾਗਰ ਹੁੰਦਾ ਹੈ। ਵਾਰਿਸ ਦੇ ਮਹਾਂ-ਕਾਵਿ ਹੀਰ ਬਾਰੇ ਬਹੁਤ ਕੁਝ ਕਿਹਾ ਜਾਂਦਾ ਹੈ ਤੇ ਕਿਹਾ ਜਾ ਸਕਦਾ ਹੈ ਪਰ ਜਿਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਉਸ ਯਾਦਗਾਰੀ ਨਜ਼ਮ 'ਚ ਇੱਕ ਔਰਤ ਦੇ ਨਜ਼ਰੀਏ ਤੋਂ ਦੇਖਿਆ ਤੇ ਪੇਸ਼ ਕੀਤਾ ਹੈ, ਉਹ ਮਿਸਾਲ ਆਪ ਹੀ ਹੈ। ਪੰਜਾਬੀ ਸਾਹਿਤ 'ਚ ਔਰਤ ਦੀ ਪੀੜਾ ਦੀ ਅਜਿਹੀ ਵੇਦਨਾ ਸਮੇਂ-ਸਮੇਂ ਪੇਸ਼ ਹੁੰਦੀ ਆ ਰਹੀ ਹੈ, ਭਾਵੇਂ ਸਥਿਤੀ ਅੱਜ ਤੱਕ ਵੀ ਜਿਵੇਂ ਦੀ ਤਿਵੇਂ ਹੀ ਹੈ।

ਪਿਛਲੇ ਲੱਗਭੱਗ ਤਿੰਨ ਮਹੀਨਿਆਂ ਤੋਂ ਅਸੀਂ ਪੜ੍ਹਦੇ-ਸੁਣਦੇ ਆ ਰਹੇ ਹਾਂ ਕਿ ਭਾਰਤ ਦੇ ਉੱਤਰ-ਪੂਰਬੀ ਹਿੱਸੇ ਦੇ ਇੱਕ ਸੂਬੇ ਵਿੱਚ ਅਸ਼ਾਂਤੀ ਫੈਲੀ ਹੋਈ ਹੈ ਜਾਂ ਫੈਲਾਉਣ ਦਾ ਯਤਨ ਹੋ ਰਿਹਾ ਹੈ। ਸੂਬੇ ਵਿੱਚ ਮਸਲਾ ਬਹੁ-ਗਿਣਤੀ ਵੱਲੋਂ ਘੱਟ-ਗਿਣਤੀ ਦੇ ਲੋਕਾਂ, ਆਸਥਾ ਵਾਲੀਆਂ ਥਾਵਾਂ, ਜਾਇਦਾਦ ਆਦਿ ਨੂੰ ਨਿਸ਼ਾਨਾ ਬਣਾ ਕੇ ਹਮਲੇ ਹੋ ਰਹੇ ਹਨ। ਇੰਟਰਨੈੱਟ ਸੇਵਾਵਾਂ ਉੱਥੇ ਲੰਮੇ ਸਮੇਂ ਤੋਂ ਬੰਦ ਪਈਆਂ ਹੋਣ ਕਰਕੇ ਸਥਿਤੀ ਦੀ ਜ਼ਮੀਨੀ ਹਕੀਕਤ ਦੀ ਸਹੀ ਜਾਣਕਾਰੀ ਨਹੀਂ ਪਹੁੰਚ ਰਹੀ। ਸਰਕਾਰੀ ਮੀਡੀਆ ਰਾਹੀਂ ਪੁਣ-ਛਾਣ ਕੇ ਆ ਰਹੀ ਜਾਣਕਾਰੀ 'ਤੇ ਆਮ ਬੰਦੇ ਨੂੰ ਯਕੀਨ ਨਹੀਂ ਰਿਹਾ, ਪਰ ਅਚਾਨਕ ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਨਤਕ ਹੁੰਦੀ ਹੈ, ਜਿਸ ਵਿੱਚ ਉਸ ਸੂਬੇ ਦੀ ਬਹੁ-ਗਿਣਤੀ ਵਾਲੇ ਲੋਕ ਦੋ ਔਰਤਾਂ ਨੂੰ ਨਿਰ-ਵਸਤਰ ਕਰਕੇ ਅਤੇ ਉਹਨਾਂ ਨਾਲ ਜਿਸਮਾਨੀ ਭੱਦੀਆਂ ਹਰਕਤਾਂ ਕਰਦੇ ਨਜ਼ਰ ਆਉਂਦੇ ਹਨ। ਔਰਤਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸੂਬੇ ਦੇ ਘੱਟ-ਗਿਣਤੀ ਭਾਈਚਾਰੇ ਤੇ ਭਾਰਤ ਵਿਚਲੇ ਘੱਟ-ਗਿਣਤੀ ਧਾਰਮਿਕ ਫਿਰਕੇ ਨਾਲ ਸੰਬੰਧਤ ਹਨ। ਇਸ ਅਣਮਨੁੱਖੀ ਕਾਰੇ ਨੂੰ ਸਿਰਫ 'ਮੰਦਭਾਗਾ' ਕਹਿ ਕੇ ਹਊ ਪਰੇ ਨਹੀਂ ਕੀਤਾ ਜਾ ਸਕਦਾ, ਸਗੋਂ ਇੱਕ ਮਨੁੱਖ ਸਮੂਹ ਵੱਲੋਂ 'ਔਰਤ' ਉੱਪਰ ਹੋ ਰਹੇ ਜ਼ੁਲਮ/ਤਸ਼ੱਦਦ ਦੀ ਕਰੂਰ ਤਸਵੀਰ ਹੈ, ਜਿਸ ਵਿੱਚ ਦੋਸ਼ੀਆਂ ਨੂੰ ਇਬਰਾਤਨਾਕ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਹ ਔਰਤ ਜਿਸ ਦੇ ਪਤੀ ਨੇ ਦੇਸ਼ ਲਈ ਲੜਦਿਆਂ ਕਾਰਗਿਲ ਦੀ ਜੰਗ ਤਾਂ ਜਿੱਤ ਲਈ, ਪਰ ਮਹਾਨ ਭਾਰਤ ਵਿੱਚ ਆਪਣੀ ਪਤਨੀ ਦੀ 'ਇੱਜ਼ਤ' ਨਹੀਂ ਬਚਾ ਸਕਿਆ। ਦੂਜੀ ਲੜਕੀ ਜਿਸ ਦੀ ਉਮਰ ਵੀਹ ਸਾਲ ਦੱਸੀ ਜਾ ਰਹੀ ਹੈ, ਉਹ ਆਪਣੇ ਭਵਿੱਖੀ ਜੀਵਨ ਵਿੱਚ ਇਹ ਸੰਤਾਪ ਲੈ ਕੇ ਕਿਵੇਂ ਵਿਚਰੇਗੀ, ਇਹ ਸੋਚ ਹੀ ਹਰ ਹਸਾਸ ਵਿਅਕਤੀ ਨੂੰ ਧੁਰ-ਅੰਦਰ ਤੱਕ ਕੰਬਾਅ ਕੇ ਰੱਖ ਦਿੰਦੀ ਹੈ। ਅਜਿਹਾ ਨਹੀਂ ਹੈ ਕਿ ਇਹ ਪਹਿਲੀ ਘਟਨਾ ਹੈ, ਆਜ਼ਾਦ ਭਾਰਤ ਵਿੱਚ ਦੇਸ਼ ਵੰਡ ਸਮੇਂ ਧਰਮਾਂ ਦੀ ਉਸ ਲੜਾਈ ਵਿੱਚ ਵੀ ਔਰਤ ਦੀ ਆਬਰੂ ਤਾਰ-ਤਾਰ ਹੁੰਦੀ ਹੈ। ਹਜ਼ਾਰਾਂ ਕਿੱਸੇ, ਕਹਾਣੀਆਂ ਅਸੀਂ ਪੜ੍ਹਦੇ/ਸੁਣਦੇ ਆ ਰਹੇ ਹਾਂ। ਅੱਜ ਵੀ ਉਸ ਸਮੇਂ ਦੇ ਵਿੱਛੜੇ ਜਾਂ ਜਬਰੀ ਵਿਛੋੜ ਦਿੱਤੇ ਗਏ ਲੋਕ ਮਿਲਦੇ ਹਨ ਤਾਂ ਉਹਨਾਂ ਦੇ ਮਨ ਵਿੱਚ ਉਸ ਸਮੇਂ ਨਾਲ ਜੁੜੀ ਟੀਸ ਉੱਭਰ ਆਉਂਦੀ ਹੈ। ਔਰਤ ਦੀ ਅਜ਼ਮਤ ਚੌਰਾਸੀ ਦੇ ਦਿੱਲੀ ਕਤਲੇਆਮ, ਗੋਧਰਾ ਕਾਂਡ, ਤੰਦੂਰ ਕਾਂਡ, ਨਿਰਭਇਆ ਅਤੇ ਹੋਰ ਅਨੇਕਾਂ ਉਦਾਹਰਣਾਂ ਮਿਲ ਜਾਣਗੀਆਂ। ਨਵੇਂ ਸਮਾਜਿਕ ਵਰਤਾਰੇ ਵਿੱਚ ਪਨਪ ਰਹੇ ਨਵੇਂ ਰਿਸ਼ਤਿਆਂ ਵਿੱਚ ਔਰਤ ਪ੍ਰਤੀ ਹਿੰਸਾ ਬਹੁਤ ਹੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਪਿਛਲੇ ਹੀ ਦਿਨੀਂ ਲਗਾਤਾਰ ਖਬਰਾਂ ਆਉਂਦੀਆਂ ਰਹੀਆਂ ਕਿ ਮਰਦ ਮਿੱਤਰ ਵੱਲੋਂ ਹੀ ਔਰਤ ਨੂੰ ਕਤਲ ਕਰਕੇ ਉਸ ਦੇ ਮਰੇ ਹੋਏ ਵਜੂਦ ਨਾਲ ਵੀ ਦਰਿੰਦਗੀ ਕੀਤੀ ਜਾਂਦੀ ਰਹੀ। ਅਜਿਹੀਆਂ ਹਜ਼ਾਰਾਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨਾਂ ਦੀ ਯਾਦ ਸਾਨੂੰ ਇੱਕ ਵਾਰ ਫੇਰ 'ਮਨੀਪੁਰ' ਵਿੱਚ ਵਾਪਰੀ ਘਟਨਾ ਦੀ ਵੀਡੀਓ ਨੇ ਯਾਦ ਕਰਵਾ ਦਿੱਤੀ।

> ***ਇਹ ਤੱਥ ਸਿਰਫ ਕਾਗਜ਼ਾਂ ਵਿੱਚ ਹੀ ਹੈ ਕਿ ਅਸੀਂ ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਨੂੰ ਚਲਾ ਰਹੇ ਹਾਂ, ਜਿਸ ਵਿੱਚ ਹਰ ਮਨੁੱਖ ਨੂੰ ਬਿਨਾਂ ਕਿਸੇ ਲਿੰਗ-ਭੇਦ, ਧਰਮ-ਭੇਦ, ਵਰਣ-ਭੇਦ, ਭੂਗੋਲਿਕ, ਪਹਿਰਾਵੇ ਆਦਿ ਦੇ ਭਿੰਨ-ਭੇਦ ਦੇ ਬਰਾਬਰ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਹੈ, ਜਦ ਕਿ ਜ਼ਮੀਨੀ ਹਕੀਕਤ ਇਹ ਹੈ ਕਿ ਅਸੀਂ ਆਪਣੇ ਘਰ, ਕੰਮਕਾਜੀ ਥਾਵਾਂ, ਧਾਰਮਿਕ ਕੰਮਕਾਜ, ਸਮਾਜਿਕ ਕੰਮਕਾਜ ਵਿੱਚੋਂ ਕਿਸੇ ਇੱਕ ਵਿੱਚ ਵੀ ਔਰਤ ਨੂੰ ਮਰਦ ਦੀ ਬਰਾਬਰੀ ਦਾ ਅਧਿਕਾਰ ਪੂਰਨ ਰੂਪ ਵਿੱਚ ਨਹੀਂ ਦੇ ਸਕੇ।***

ਇਹ ਤੱਥ ਸਿਰਫ ਕਾਗਜ਼ਾਂ ਵਿੱਚ ਹੀ ਹੈ ਕਿ ਅਸੀਂ ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਨੂੰ ਚਲਾ ਰਹੇ ਹਾਂ, ਜਿਸ ਵਿੱਚ ਹਰ ਮਨੁੱਖ ਨੂੰ ਬਿਨਾਂ ਕਿਸੇ ਲਿੰਗ-ਭੇਦ, ਧਰਮ-ਭੇਦ, ਵਰਣ-ਭੇਦ, ਭੂਗੋਲਿਕ, ਪਹਿਰਾਵੇ ਆਦਿ ਦੇ ਭਿੰਨ-ਭੇਦ ਦੇ ਬਰਾਬਰ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਹੈ, ਜਦ ਕਿ ਜ਼ਮੀਨੀ ਹਕੀਕਤ ਇਹ ਹੈ ਕਿ ਅਸੀਂ ਆਪਣੇ ਘਰ, ਕੰਮਕਾਜੀ ਥਾਵਾਂ, ਧਾਰਮਿਕ ਕੰਮਕਾਜ, ਸਮਾਜਿਕ ਕੰਮਕਾਜ ਵਿੱਚੋਂ ਕਿਸੇ ਇੱਕ ਵਿੱਚ ਵੀ ਔਰਤ ਨੂੰ ਮਰਦ ਦੀ ਬਰਾਬਰੀ ਦਾ ਅਧਿਕਾਰ ਪੂਰਨ ਰੂਪ ਵਿੱਚ ਨਹੀਂ ਦੇ ਸਕੇ। ਇਹ ਮਰਦਾਵੀਂ ਮਾਨਸਿਕਤਾ ਹੀ ਹੈ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਗਾਲੀ-ਗਲੋਚ ਵਿੱਚ ਦੋਨਾਂ ਧਿਰਾਂ ਦੀ 'ਮਾਂ-ਭੈਣ-ਧੀ' ਹੀ ਹਾਜ਼ਰ ਰਹਿੰਦੀ ਹੈ। ਇਸੇ ਮਾਨਸਿਕਤਾ ਅਧੀਨ ਹੀ ਜਦੋਂ ਦੋ ਫਿਰਕੇ ਆਪਸ ਵਿੱਚ ਖੂਨੀ ਸੰਘਰਸ਼ ਵਿੱਚ ਪੈਂਦੇ ਹਨ ਤਾਂ ਦੋਵੇਂ ਹੀ ਇੱਕ-ਦੂਜੇ ਦੀ ਧਿਰ ਦੀਆਂ ਔਰਤਾਂ ਦੀ ਬੇਹੁਰਮਤੀ ਕਰਕੇ ਆਪਣੇ-ਆਪ ਨੂੰ 'ਸੂਰਮੇ' ਸਮਝਦੇ ਹਨ। ਮਨੀਪੁਰ ਦੀ ਉਸ ਘਟਨਾ ਵਿੱਚ ਵੀ ਇੱਕ ਤਾਂ ਅਜਿਹੀ ਮਰਦਾਵੀਂ ਹਊਂ ਕੰਮ ਕਰਦੀ ਨਜ਼ਰ ਆਉਂਦੀ ਹੈ, ਪਰ ਨਾਲ ਹੀ ਉਹ ਮਰਦਾਵੀਂ ਧਿਰ ਦੀ ਕਿਤੇ ਨਾ ਕਿਤੇ ਰਾਜਸੀ ਅਤੇ ਧਾਰਮਿਕ ਬਚਾਅ ਕਰਦੀ ਵੀ ਨਜ਼ਰ ਆਉਂਦੀ ਹੈ। ਖਾਸ ਕਰਕੇ ਉਹ ਰਾਜਸੀ ਧਿਰ ਜੋ ਹਾਕਮ ਧਿਰ ਵੀ ਹੋਵੇ। ਅਜਿਹੇ ਮਨੀਪੁਰ ਸਮੇਤ ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿੱਚ ਵਾਪਰ ਰਿਹਾ ਹੈ ਅਤੇ ਦੇਸ਼ ਦੀਆਂ ਹਾਕਮ ਅਤੇ ਵਿਰੋਧੀ ਧਿਰਾਂ ਸਿਰੇ ਦੀ ਬੇਸ਼ਰਮੀ ਨਾਲ ਇੱਕ-ਦੂਜੇ 'ਤੇ ਦੋਸ਼ ਸਿੱਧ ਕਰਨ ਵਿੱਚ ਹੀ ਲੱਗੀਆਂ ਨਜ਼ਰ ਆਉਂਦੀਆਂ ਹਨ।

ਈਮਾਨਦਾਰੀ ਨਾਲ ਇਸ ਮਸਲੇ 'ਤੇ ਉਸ ਗੰਭੀਰਤਾ ਨਾਲ ਨਿੱਠ ਕੇ ਗੱਲ ਨਹੀਂ ਕਰ ਰਹੀਆਂ, ਜਿਸ ਗੰਭੀਰਤਾ ਦੀ ਮੰਗ ਇਹ ਅਤੇ ਅਜਿਹੇ ਹੋਰ ਮਸਲੇ ਮੰਗ ਕਰਦੇ ਹਨ, ਜਿਸ ਨਾਲ ਔਰਤ ਸਾਡੇ ਭਾਰਤ ਮਹਾਨ ਵਿੱਚ ਬਰਾਬਰੀ ਦੇ ਅਹਿਸਾਸ ਨਾਲ ਜੀਅ ਸਕੇ। ਅਜੇ ਤੱਕ ਡਾ. ਟਿਵਾਣਾ ਦੀ ਭਾਨੋ ਅਤੇ ਅੰਮ੍ਰਿਤਾ ਦੀ ਪੂਰੋ ਦਾ ਬਾਬਾ ਫਰੀਦ ਅਨੁਸਾਰ 'ਏਹੁ ਹਮਾਰਾ ਜੀਵਣਾ...' ਵਾਲੀ ਸਥਿਤੀ ਹੀ ਬਣੀ ਹੋਈ ਹੈ ਅਤੇ ਹਰ ਹਸਾਸ ਵਿਅਕਤੀ ਸ਼ਰਮਸਾਰ ਵੀ ਹੈ, ਖੌਫਜ਼ਦਾ ਵੀ।

-0-

# ਆਧੁਨਿਕ ਮਨੁੱਖੀ ਭਾਵਨਾਵਾਂ ਦੇ ਬਜ਼ਾਰ ਦਾ ਕੱਚ-ਸੱਚ

## ਲਵ ਪ੍ਰੋਜੈਕਟ (ਨਾਵਲ )

### ਬੂਟਾ ਸਿੰਘ ਚੌਹਾਨ

ਬੂਟਾ ਸਿੰਘ ਚੌਹਾਨ ਨੇ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਵੱਡਾ ਨਾਮ ਕਮਾਉਣ ਤੋਂ ਬਾਅਦ ਪੰਜਾਬੀ ਨਾਵਲ ਦੇ ਖੇਤਰ ਵਿੱਚ ਪ੍ਰਵੇਸ਼ ਪਾਇਆ ਤੇ ਵੇਖਦਿਆਂ ਹੀ ਵੇਖਦਿਆਂ ਉਹ ਇਸ ਖੇਤਰ ਦਾ ਜਾਣਿਆਂ ਪਛਾਣਿਆਂ ਹਸਤਾਖ਼ਰ ਬਣ ਗਿਆ। ਉਸਦੇ ਨਾਵਲ ਸੂਚਨਾ ਤੇ ਸੰਚਾਰ ਖੇਤਰ ਵਿੱਚ ਆਈ ਵਿਸ਼ਵ ਕ੍ਰਾਂਤੀ ਦੇ ਪ੍ਰਭਾਵ ਅਧੀਨ ਵਿਕਸਤ ਹੋ ਰਹੇ ਨਵ- ਸਮਾਜਿਕ ਯਥਾਰਥ ਨੂੰ ਰੂਪਮਾਨ ਕਰਨ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਉਸਦਾ ਨਵਾਂ ਨਾਵਲ 'ਲਵ ਪ੍ਰੋਜੈਕਟ' ਨਵੇਂ ਯੁੱਗ ਦੀਆਂ ਪੂੰਜੀ ਅਧਾਰਿਤ ਨਵੀਆਂ ਵਿਅਕਤੀਗਤ ਤਰਜੀਹਾਂ, ਇੱਛਾਵਾਂ ਤੇ ਲਾਲਸਾਵਾਂ ਦੀ ਨਿਸ਼ਾਨਦੇਹੀ ਕਰਕੇ ਗੁਆਚਦੀ ਜਾ ਰਹੀ ਰਵਾਇਤੀ ਮਨੁੱਖੀ ਜੀਵਨ ਸ਼ੈਲੀ ਦੇ ਮਸਲੇ ਨੂੰ

**ਨਿਰੰਜਣ ਬੋਹਾ**
ਮੁਬਾਇਲ - 89682-82700

ਵਿਸ਼ੇਸ਼ ਤੌਰ 'ਤੇ ਉਭਾਰਦਾ ਹੈ । ਨਾਵਲ ਅਨੁਸਾਰ ਭਾਵੇਂ ਸ਼ਹਿਰ ਦੇ ਮੁਕਾਬਲੇ ਵਿੱਚ ਪਿੰਡ ਅਜੇ ਵੀ ਮੋਹ ਪਿਆਰ 'ਤੇ ਅਧਾਰਿਤ ਆਪਣੀ ਪੁਰਾਣੀ ਸਭਿਆਚਾਰਕ ਪਛਾਣ ਬਰਕਰਾਰ ਰੱਖਣ ਲਈ ਜੱਦੋ- ਜਹਿਦ ਕਰ ਰਿਹਾ ਹੈ ਪਰ ਪਿਛਲੇ ਸਮੇਂ ਦੌਰਾਨ ਇਸ ਪਛਾਣ ਦੇ ਰੰਗ ਵੀ ਬਹੁਤ ਧੁੰਧਲੇ ਪੈ ਗਏ ਹਨ। ਨਾਵਲਕਾਰ ਦੀ ਚਿੰਤਾ ਤੇ ਚਿੰਤਨ ਦਾ ਕੇਂਦਰੀ ਨੁਕਤਾ ਇਹ ਹੈ ਕਿ ਬਜ਼ਾਰਵਾਦ ਦੇ ਵੱਧ ਰਹੇ ਪ੍ਰਭਾਵ ਨੇ ਮੋਹ -ਮੁਹੱਬਤ ਵਰਗੇ ਉੱਚੇ ਸੁੱਚੇ ਤੇ ਕੁਦਰਤੀ ਮਨੁੱਖੀ ਜਜ਼ਬਿਆਂ ਦਾ ਵੀ ਬਜ਼ਾਰੀਕਰਨ ਕਰ ਦਿੱਤਾ ਹੈ ਤੇ ਇਹ ਜਜ਼ਬੇ ਹੁਣ ਮੁਨਾਫਾ ਅਧਾਰਿਤ ਵੇਚੇ ਖਰੀਦੇ ਜਾਣ ਵਾਲੇ ਪ੍ਰੋਡੈਕਟ ਬਣ ਕੇ ਰਹਿ ਗਏ ਹਨ।

ਨਾਵਲ ਦੇ ਉਭਰਵੇਂ ਵਿਸਲੇਸ਼ਣੀ ਸਿੱਟਿਆਂ ਮੁਤਾਬਿਕ ਨਵੇਂ ਯੁੱਗ ਦੇ ਸੂਚਨਾ ਤੰਤਰ ਨੇ ਮਨੁੱਖ ਨੂੰ ਉਸਦੇ ਮਨੁੱਖੀ ਖਾਸੇ ਨਾਲੋਂ ਨਾਲ ਤੋੜ ਕੇ ਅਜਿਹੀ ਕੰਮਪਿਊਟਰੀ ਮਸ਼ੀਨ ਬਣਾ ਦਿੱਤਾ ਹੈ. ਜਿਸ ਵਿੱਚ ਸਿਰਫ਼ ਨਿੱਜੀ- ਨਫੇ ਨੁਕਸਾਨ ਦੇ ਹੀ ਡਾਟੇ ਫੀਡ ਹਨ। ਪਿਆਰ ਮੁਹੱਬਤ ਲਈ ਕੁਰਬਾਨ ਹੋਣ ਦੀ ਗੱਲ ਇਸ ਯੁੱਗ ਵਿੱਚ ਬੀਤੇ ਯੁੱਗ ਦੀ ਬਾਤ ਬਣ ਕੇ ਰਹਿ ਗਈ ਹੈ।ਨਾਵਲ ਅਨੁਸਾਰ ਹੁਣ ਪਿਆਰ ਹੁੰਦਾ ਨਹੀਂ, ਸਗੋਂ ਆਪਣੇ ਨਿੱਜੀ ਮੁਫਾਦਾਂ ਨੂੰ ਅੱਗੇ ਰੱਖਦਿਆਂ ਸੋਚ ਸਮਝ ਕੇ ਕੀਤਾ ਜਾਂਦਾ ਹੈ। ਅੱਜ ਦੇ ਨੌਜਵਾਨ ਮੁੰਡੇ ਕੁੜੀਆਂ ਪਿਆਰ ਨਹੀਂ ਸਗੋਂ ਲਵ ਕਰਦੇ ਹਨ ਤੇ ਇਹ ਲਵ ਵੀ ਇੱਕ ਪ੍ਰੋਜੈਕਟ ਵਾਂਗ ਇਸ ਤਰ੍ਹਾਂ ਦੇ ਵਿਉਂਤਬੱਧ ਢੰਗ ਨਾਲ ਕੀਤਾ ਜਾਂਦਾ ਹੈ ਕਿ ਇਸ ਤੋਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ। ਨਾਵਲ ਦੇ ਪਾਤਰ ਤਨਵੀਰ ਤੇ ਹੁਸਨਪ੍ਰੀਤ ਵਿੱਚਲੇ ਪਿਆਰ ਜਾਂ ਲਵ ਦੀ ਸ਼ੁਰੂਆਤ ਭਾਵੇਂ ਉਨ੍ਹਾਂ ਦੀ ਪਹਿਲੀ ਹੀ ਮੁਲਾਕਾਤ ਵਿੱਚ ਹੋ ਜਾਂਦੀ ਹੈ ਪਰ ਇਹ ਦਿਲ ਵੱਲੋਂ ਨਹੀਂ ਸਗੋਂ ਦਿਮਾਗ ਵੱਲੋਂ ਵਿਉਂਤਿਆ ਪਿਆਰ ਹੈ । ਇਸੇ ਲਈ ਤਨਵੀਰ ਦੀ ਨਜ਼ਰ ਕੁੜੀ ਦੀ ਸੂਰਤ ਤੇ ਸੀਰਤ ਨਾਲ ਉਸਦੀ ਆਰਥਿਕ ਸਥਿਤੀ ਦਾ ਆਂਕਲਣ ਵੱਧ ਕਰਦੀ ਹੈ । ਨਿਮਨ ਕਿਸਾਨੀ ਨਾਲ ਸਬੰਧਤ ਅੰਡਰ ਗਰੇਜੂਏਟ ਨੌਜਵਾਨ ਤਨਵੀਰ ਅੰਦਰਲੀਆਂ ਰਾਤੋ ਰਾਤ ਅਮੀਰ ਬਨਣ ਦੀ ਲਾਲਸਾਵਾਂ ਪਿਆਰ ਵਰਗੀਆਂ ਕੋਮਲ ਭਾਵਨਾਵਾਂ ਨੂੰ ਵਿਕਸਿਤ ਹੀ ਨਹੀਂ ਹੋਣ ਦਿੰਦੀਆਂ । ਭਾਵੇਂ ਹੁਸਨਪ੍ਰੀਤ ਦਾ ਹੁਸਨ ਵੀ ਉਸਨੂੰ ਆਪਣੇ ਵੱਲ ਖਿਚਦਾ ਹੈ ਪਰ ਉਸ ਅੰਦਰ ਵਧੇਰੇ ਖਿੱਚ ਇਸ ਗੱਲ ਨੂੰ ਲੈ ਕੇ ਪੈਦਾ ਹੁੰਦੀ ਹੈ ਕਿ ਉਹ ਅਮੀਰ ਘਰ ਨਾਲ ਸਬੰਧਤ ਇਸ ਕੁੜੀ ਨੂੰ ਆਪਣੇ ਪਿਆਰ ਟ੍ਰੈਪ ਵਿੱਚ ਫਸਾ ਲਵੇ ਤੇ ਉਸਦੇ ਪਰਿਵਾਰ ਦਾ ਘਰ ਜੁਆਈ ਬਣ ਸਕੇ। ਹੁਸਨਪ੍ਰੀਤ ਦੇ ਡੈਡੀ ਦੀ ਮੌਤ ਹੋ ਚੁੱਕੀ ਹੈ ਤੇ ਉਸਦਾ ਕੋਈ ਭਰਾ ਵੀ ਨਹੀਂ ਹੈ, ਇਸ ਲਈ ਤਨਵੀਰ ਨੂੰ ਲੱਗਦਾ ਹੈ ਕਿ ਉਹ ਛੇਤੀ ਹੀ ਇਸ ਪਰਿਵਾਰ ਦੀ ਜ਼ਮੀਨ ਦੀ ਵੱਡੀ ਢੇਰੀ ਦਾ ਮਾਲਕ ਬਣ ਸਕਦਾ ਹੈ।

ਭਾਵੇਂ ਉਹ ਛੋਟੇ ਪੱਧਰ 'ਤੇ ਇਕ ਰਿਕਾਰਡਿੰਗ ਸਟੂਡੀਓ ਖੋਲ੍ਹ ਕੇ, ਸੋਸ਼ਲ ਮੀਡੀਆਂ ਰਾਹੀਂ ਕਈ ਹੋਰ ਤਰ੍ਹਾਂ ਦੇ ਜੁਗਾੜ ਲਾ ਕੇ ਅਤੇ ਪੁਲਿਸ ਦਲਾਲੀ ਕਰਕੇ ਆਪਣੇ ਖਰਚ ਨਾਲੋਂ ਤੋਂ ਕਿਤੇ ਵੱਧ ਪੈਸੇ ਕਮਾ ਰਿਹਾ ਹੈ ਪਰ ਛੇਤੀ ਅਮੀਰ ਬਨਣ ਦੀ ਲਾਲਸਾ ਉਸਨੂੰ ਹਰ ਵੇਲੇ ਉਕਸਾਉਂਦੀ ਰਹਿੰਦੀ ਹੈ ਕਿ ਉਹ ਆਪਣੇ ਵੱਲੋਂ ਸਿਰਜੇ ਬਾਹਰੀ ਪ੍ਰਭਾਵ ਦੀ ਮੱਦਦ ਨਾਲ ਹੁਸ਼ਨਪ੍ਰੀਤ ਨੂੰ ਆਪਣੇ ਜਾਲ ਵਿਚ ਫਸਾ ਕੇ ਆਪਣੇ ਇਸ ਟੀਚੇ ਨੂੰ ਛੇਤੀ ਹਾਸਿਲ ਕਰੇ । ਭੋਲੀ ਭਾਲੀ ਹੋਣ ਕਾਰਨ ਹੁਸਨਪ੍ਰੀਤ ਉਸ ਵੱਲੋਂ ਬੁਣੇ ਜਾਲ ਵਿਚ ਫਸ ਵੀ ਜਾਂਦੀ ਹੈ ਪਰ ਤਨਵੀਰ ਅੰਦਰ ਬੈਠੇ ਇਹ ਡਰ ਦਾ ਖਾਤਮਾ ਨਹੀਂ ਹੁੰਦਾ ਕਿ ਉਸਦੀ ਪ੍ਰੇਮਿਕਾ ਦਾ ਅਮੀਰ ਦਾਦਕਾ ਤੇ ਨਾਨਕਾ ਪਰਿਵਾਰ ਉਸਦੇ ਇਸ ਪ੍ਰੋਜੈਕਟ ਨੂੰ ਅਸਾਨੀ ਨਾਲ ਉਹ ਹੁਸਨ ਨੂੰ ਆਪਣੇ ਨਾਲ ਕੋਰਟ ਮੈਰਿਜ਼ ਕਰਾਉਣ ਲਈ ਉਕਸਾਉਂਦਾ ਹੈ । ਉਹ ਇਸ ਤਰਕ ਰਾਹੀਂ ਆਪਣੇ ਆਪ ਨੂੰ ਵੀ ਮਾਨਸਿਕ ਤਸੱਲੀ ਦਿੰਦਾ ਹੈ ਕਿ ਕੋਰਟ ਮੈਰਿਜ਼ ਕਰਵਾ ਲਏ ਜਾਣ ਤੋਂ ਬਾਅਦ ਹੁਸਨ ਦੀ ਮਾਂ ਤੇ ਉਸਦੇ ਬਾਕੀ ਰਿਸ਼ਤੇਦਾਰਾਂ ਦੀ ਇਹ ਮਜਬੂਰੀ ਬਣ ਜਾਵੇਗੀ ਕਿ ਉਹ ਇਸ ਰਿਸ਼ਤੇ ਨੂੰ ਚੁੱਪ ਚਾਪ ਸਵੀਕਾਰ ਲੈਣ । ਵਾਰ ਵਾਰ ਅਦਾਲਤੀ ਵਿਆਹ ਲਈ ਪ੍ਰੇਰੇ ਜਾਣ ਤੋਂ ਬਾਅਦ ਵੀ ਜਦੋਂ ਹੁਸ਼ਨ ਆਪਣੀ ਮਾਂ ਵਿਰੁੱਧ ਬਗਾਵਤ ਕਰਨ ਦਾ ਹੌਸਲਾ ਨਹੀਂ ਕਰ ਪਾਉਂਦੀ ਤਾਂ ਉਸ ਨੂੰ ਆਪਣਾ ਇਹ ਪ੍ਰੋਜੈਕਟ ਖਟਾਈ ਵਿਚ ਜਾਂਦਾ ਵਿਖਾਈ ਦੇਣ ਲੱਗਦਾ ਹੈ ।

ਨਾਵਲ ਦੀ ਕਹਾਣੀ ਦੇ ਦੂਜੇ ਪੜਾਅ 'ਤੇ ਤਨਵੀਰ ਦਾ ਮੇਲ ਸਾਹਿਤਕ ਰੁਚੀਆਂ ਰੱਖਦੀ ਪੁਲਿਸ ਮੁਲਾਜ਼ਮ ਕੁੜੀ ਅਨੂਪ ਨਾਲ ਹੁੰਦਾ ਹੈ ਤਾਂ ਉਸਦੇ ਅਗਲੇ ਲਵ ਪ੍ਰੋਜੈਕਟ ਦੀ ਵਿਉਂਤਬੰਦੀ ਵੀ ਨਾਲ ਹੀ ਸ਼ੁਰੂ ਹੋ ਜਾਂਦੀ ਹੈ । ਪਹਿਲੇ ਪ੍ਰੋਜੈਕਟ ਦੇ ਕੇਂਦਰ ਵਿੱਚ ਹੁਸਨ ਦੇ ਹਿੱਸੇ ਆਉਣ ਵਾਲੀ ਜ਼ਮੀਨ ਰਹਿੰਦੀ ਹੈ ਤਾਂ ਇਸ ਨਵੇਂ ਪ੍ਰੋਜੈਕਟ ਦਾ ਅਧਾਰ ਅਨੂਪ ਨੂੰ ਮਿਲਣ ਵਾਲੀ ਬੱਝਵੀਂ




ਤਨਖਾਹ ਤੇ ਉਸਦੀ ਉਪਰਲੀ ਕਮਾਈ ਬਣਦੀ ਹੈ। ਆਪਣੇ ਇਸ ਨਵੇਂ ਪ੍ਰੋਜੈਕਟ ਨੂੰ ਸਫਲ ਬਣਾਉਣ ਤੇ ਅਨੂਪ ਨੂੰ ਆਪਣੇ ਵਿਸ਼ਵਾਸ ਵਿਚ ਲੈਣ ਲਈ ਉਹ ਆਪਣੀ ਜੇਬ ਵਿੱਚੋਂ ਖਰਚ ਕਰਕੇ ਅਨੂਪ ਦੀਆਂ ਕਵਿਤਾਵਾਂ ਦੀ ਕਿਤਾਬਾਂ ਵੀ ਛਪਾਉਂਦਾ ਹੈ ਛਪੀ ਕਿਤਾਬ ਤੇ ਪਰਚੇ ਲਿਖਵਾਉਣ, ਸਮਾਗਮ ਕਰਾਉਣ ਤੇ ਪ੍ਰੈਸ ਕਵਰੇਜ਼ ਕਰਾਉਣ 'ਤੇ ਵੀ ਖੁਲ੍ਹਾ ਖਰਚ ਕਰਦਾ ਹੈ।

ਉਸਦੇ ਪਹਿਲੇ ਤੇ ਦੂਜੇ ਪ੍ਰੋਜੈਕਟ ਵਿਚ ਫਰਕ ਇਹ ਹੈ ਕਿ ਜਿੱਥੇ ਹੁਸਨਪ੍ਰੀਤ ਇਕ ਅਣਭੋਲ ਤੇ ਮਾਸੂਮ ਕੁੜੀ ਸੀ , ਉੱਥੇ ਅਨੂਪ ਤਜਰਬੇਕਾਰ ਤੇ ਚੁਸਤ ਚਲਾਕ ਹੋਣ ਦਾ ਦਮ ਭਰਦੀ ਹੈ। ਅਤਿਅੰਤ ਗਰੀਬ ਪ੍ਰਜਾਪੱਤ ਪਰਿਵਾਰ ਵਿੱਚ ਜਨਮੀ ਹੋਣ ਕਾਰਨ ਉਸ ਅੰਦਰ ਵੀ ਤਨਵੀਰ ਵਾਂਗ ਹੀ ਛੇਤੀ ਅਮੀਰ ਹੋਣ ਦੀਆਂ ਅਥਾਹ ਲਾਲਸਾਵਾਂ ਹਨ। ਪਹਿਲੇ ਪ੍ਰੋਜੈਕਟ ਦੇ ਫੇਲ੍ਹ ਹੋ ਜਾਣ ਕਾਰਨ ਤਨਵੀਰ ਅੰਦਰ ਇਹ ਕਾਹਲ ਹੈ ਕਿ ਅਨੂਪ ਛੇਤੀ ਤੋਂ ਛੇਤੀ ਉਸ ਨਾਲ ਵਿਆਹ ਕਰਵਾ ਲਏ। ਭਾਵੇਂ ਬਾ- ਰੁਜ਼ਗਾਰ ਹੋਣ ਕਾਰਨ ਉਹ ਆਪਣੇ ਫੈਸਲੇ ਆਪ ਲੈਣ ਦੇ ਸਮਰੱਥ ਹੈ ਪਰ ਪੁਲਸੀਆ ਸੁਭਾਅ ਦੇ ਚਲਦਿਆਂ ਉਹ ਏਨੀ ਭਾਵੁਕ ਨਹੀਂ ਕਿ ਤਨਵੀਰ ਦੀ ਹਰ ਗੱਲ ਬਿਨਾਂ ਸੋਚੇ ਸਮਝੇ ਮੰਨ ਲਵੇ। ਜਦੋਂ ਉਹ ਆਪਣੀ ਮਾਂ ਨਾਲ ਸਲਾਹ ਕਰਕੇ ਤਨਵੀਰ ਨੂੰ ਸਾਫ ਸ਼ਬਦਾਂ ਵਿੱਚ ਕਹਿ ਦਿੰਦੀ ਹੈ ਕਿ ਉਹ ਆਪਣੇ ਪੱਲਸ ਟੂ ਵਿੱਚ ਪੜ੍ਹਦੇ ਭਰਾ ਨੂੰ ਵਿਦੇਸ਼ ਵਿਚ ਸੈੱਟ ਕਰਨ ਤੋਂ ਬਾਅਦ ਹੀ ਆਪਣੇ ਵਿਆਹ ਬਾਰੇ ਸੋਚੇਗੀ ਤਾਂ ਦੋਹਾਂ ਦੇ ਪਿਆਰ ਸਬੰਧਾਂ ਵਿਚਲੀ ਮਿਠਾਸ ਹੌਲੀ ਹੌਲੀ ਰੁੱਖੇਪਣ ਵਿੱਚ ਬਦਲਣ ਲੱਗਦੀ ਹੈ ।ਤਨਵੀਰ ਆਪਣੇ ਪ੍ਰੋਜੈਕਟ ਨੂੰ ਸਫਲ ਹੋਇਆ ਵੇਖਣ ਲਈ ਲਈ ਸਮਝੌਤੇਵਾਦੀ ਨੀਤੀ ਅਪਨਾਉਂਦਿਆਂ ਇਹ ਪੇਸ਼ਕਸ਼ ਵੀ ਕਰਦਾ ਹੈ ਕਿ ਅਨੂਪ ਆਪਣੇ ਭਰਾ ਦੇ ਵਿਦੇਸ਼ ਜਾਣ ਤੱਕ ਆਪਣੀ ਸਾਰੀ ਤਨਖਾਹ ਆਪਣੇ ਕੋਲ ਰੱਖ ਸਕਦੀ ਹੈ ਪਰ ਅਨੂਪ ਦੇ ਆਪਣੇ ਫੈਸਲੇ 'ਤੇ ਅਡਿੱਗ ਰਹਿਣ ਕਾਰਨ ਉਸ ਦਾ ਇਹ ਦੂਜਾ ਪ੍ਰੋਜੈਕਟ ਵੀ ਸਿਰੇ ਨਹੀ ਚੜ੍ਹਦਾ ਤੇ ਉਹ ਕਿਸੇ ਤੀਜੇ ਪ੍ਰੋਜੈਕਟ ਬਾਰੇ ਸੋਚਣ ਲੱਗਦਾ ਹੈ।

ਨਾਵਲ ਪੰਜਾਬ ਦੇ ਲੋਕਾਂ ਦੀਆਂ ਅਣਖ ਇੱਜ਼ਤ ਨਾਲ ਜੁੜੀਆਂ ਜਗੀਰਦਾਰੀ ਯੁੱਗ ਦੀਆਂ ਮਾਨਤਾਵਾਂ ਦੇ ਪੂੰਜੀਵਾਦੀ ਵਰਤਾਰਿਆਂ ਵਿੱਚ ਤਬਦੀਲ ਹੋਣ ਦੀ ਹਕੀਕਤ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਕੇਂਦਰ ਵਿੱਚ ਰੱਖਦਾ ਹੈ। ਨਾਵਲ ਅਨੁਸਾਰ ਸਿਰਫ ਆਪਣੇ ਨਿੱਜ 'ਤੇ ਕੇਂਦਰਿਤ ਨਵੀਆਂ ਮਨੁੱਖੀ ਤਰਜੀਹਾਂ ਨੇ ਵਿਆਹ ਬਾਹਰੀ ਜਿਨਸੀ ਸਬੰਧਾਂ ਬਾਰੇ ਬਣੀਆਂ ਹੋਈਆਂ ਸਮਾਜਿਕ ਧਾਰਨਾਵਾਂ ਵਿੱਚ ਬਹੁਤ ਵੱਡੀ ਤਬਦੀਲੀ ਲੈ ਆਂਦੀ ਹੈ ਅਤੇ ਇਹ ਸਬੰਧ ਨਵੇ ਯੁੱਗ ਵਿੱਚ ਆਮ ਸਮਾਜਿਕ ਵਰਤਾਰੇ ਵਜੋਂ ਸਵੀਕਾਰੇ ਜਾਣ ਲੱਗ ਪਏ ਹਨ । ਜਦੋਂ ਪੁਲਿਸ ਮੁਲਾਜ਼ਮ ਅਨੂਪ ਨੂੰ ਲੱਗਦਾ ਹੈ ਕਿ ਪੁਲਿਸ ਚੌਕੀ ਦੀ ਬਜਾਇ ਸ਼ਹਿਰੀ ਥਾਨੇ ਵਿਚ ਨਿਯੁੱਕਤ ਹੋ ਕੇ ਉਸਦੀ ਉਪਰਲੀ ਕਮਾਈ ਵੱਧ ਸਕਦੀ ਹੈ ਤਾਂ ਉਹ ਬਿਨਾਂ ਕਿਸੇ ਦੁਬਿਧਾ ਤੋਂ ਆਪਣੇ ਸਰੀਰ ਨੂੰ ਪੌੜੀ ਬਣਾ ਕੇ ਉੱਥੇ ਪਹੁੰਚ ਜਾਂਦੀ ਹੈ। ਉਸ ਨੂੰ ਤਨਵੀਰ ਨਾਲ ਵੀ ਵਿਆਹ ਤੋਂ ਪਹਿਲਾਂ ਜਿਨਸੀ ਸਬੰਧ ਬਣਾਉਣ ਵਿੱਚ ਕੋਈ ਸੰਕੋਚ ਨਹੀਂ ਹੈ। ਭਾਵੇਂ ਤਨਵੀਰ ਨੂੰ ਉਸ ਦੇ ਡੀ.ਐਸ. ਪੀ. ਨਾਲ ਜੁੜੇ ਸਬੰਧਾਂ ਦਾ ਪਤਾ ਲੱਗ ਜਾਂਦਾ ਹੈ ਪਰ ਬੱਝਵੀ ਤਨਖਾਹ ਦੇ ਲਾਲਚ ਵਿੱਚ ਉਹ ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਕਰਨ ਵਿੱਚ ਹੀ ਆਪਣਾ ਲਾਭ ਵੇਖਦਾ ਹੈ। ਉਸ ਦੇ ਅਵਚੇਤਨ ਵਿੱਚ ਭਾਵੇਂ ਉਸਦੇ ਜੱਟ ਜਾਤੀ ਨਾਲ ਸਬੰਧਤ ਹੋਣ ਦਾ ਅਹੰਮ ਵੀ ਪਿਆ ਹੈ ਪਰ ਉਸਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਆਪਣਾ ਇਹ ਅਹੰਮ ਤਿਆਗੇ ਬਿੰਨਾ ਉਸਦਾ ਪ੍ਰੋਜੈਕਟ ਪੂਰਾ ਨਹੀਂ ਹੋ ਸਕੇਗਾ।

ਜਿਸ ਉਮਰ ਵਿੱਚ ਆਮ ਬੰਦਾ ਆਪਣੇ ਬੀਤੇ ਵਕਤ ਭਾਵੁਕ ਲਗਾਓ ਰੱਖਣ ਲੱਗ ਪੈਂਦਾ ਹੈ ਅਤੇ ਇਸ ਦੇ ਗੁਆਚਣ ਦੇ ਹੇਰਵੇ ਦੀਆਂ ਗੱਲਾਂ ਕਰਨ ਲੱਗਦਾ ਹੈ ,ਜੇ ਉਸ ਉਮਰੇ ਬੂਟਾ ਸਿੰਘ ਚੌਹਾਨ ਬਦਲ ਰਹੇ ਸਮੇਂ ਨੂੰ ਉਸਦੀਆਂ ਸਾਰੀਆਂ ਬਾਹਰੀ ਤੇ ਅੰਦਰੂਨੀ ਪਰਤਾਂ ਸਮੇਤ ਫੜ੍ਹ ਰਿਹਾ ਹੈ ਤਾਂ ਇਸਦਾ ਅਰਥ ਇਹ ਹੈ ਕਿ ਉਹ ਵਧਦੀ ਉਮਰ ਨਾਲ ਹੋਰ ਜੁਆਨ ਹੁੰਦਾ ਜਾ ਰਿਹਾ ਹੈ। ਸ਼ੋਸ਼ਲ ਮੀਡੀਆਂ ਤੇ ਸੂਚਨਾ ਕ੍ਰਾਂਤੀ ਤੇ ਮਨੁੱਖੀਂ ਜੀਵਨ ਤੇ ਪੈ ਰਹੇ ਸੂਖਮ ਪ੍ਰਭਾਵਾਂ ਦੀ ਸ਼ਿੱਦਤ ਬਿਆਨੀ ਕਰਕੇ ਉਹ ਵੀ ਸਿੱਧ ਕਰ ਰਿਹਾ ਹੈ ਕਿ ਪੱਤਰਕਾਰੀ ਦੇ ਲੇਖੇ ਲਾਏ ਕਈ ਸਾਲ ਵੀ ਉਸਦੇ ਤਜ਼ਰਬੇ ਵਿਚ ਵੱਡਾ ਵਾਧਾ ਕਰਕੇ ਗਏ ਹਨ ਤੇ ਇਹਨਾਂ ਤਜ਼ਰਬਿਆਂ ਨੂੰ ਸਾਹਿਤਕ ਰੰਗਤ ਦੇਣ ਦੀ ਕਲਾ ਨੇ ਹੀ ਉਸ ਨੂੰ ਆਪਣੇ ਸਮਕਾਲ ਦਾ ਹਾਣੀ ਤੇ ਪ੍ਰਸੰਗਿਕ ਲੇਖਕ ਬਣਾਇਆ ਹੋਇਆ ਹੈ। ਉਸਦੇ ਨਾਵਲਾਂ ਵਿੱਚਲੇ ਅਨੁਭਵ ਵੀ ਦੂਜੇ ਨਾਵਲਕਾਰਾ ਨਾਲੋ ਵੱਖਰੇ ਹਨ ਤੇ ਇਹਨਾਂ ਅਨੁਭਵਾ ਨੂੰ ਅਭਿਵਿਅਕਤੀ ਵਿਚ ਬਦਲਣ ਸਬੰਧੀ ਉਸਦਾ ਅੰਦਾਜ਼ ਵੀ ਵੱਖਰਾ ਹੈ। ਉਸਦੇ ਇਸ ਨਾਵਲ ਦੀਆਂ ਬਹੁਤ ਸਾਰੀਆਂ ਪਰਤਾਂ ਹਨ, ਪਰ ਮੈਂ ਸਿਰਫ ਆਪਣੀ ਪਸੰਦ ਦੀਆਂ ਉਹਨਾਂ ਪਰਤਾਂ ਦੀ ਗੱਲ ਕੀਤੀ ਹੈ ਜਿਹੜੀਆਂ ਮੇਰੀਆਂ ਜਗਿਆਸੂ ਬਿਰਤੀਆਂ ਦੀ ਤ੍ਰਿਪਤੀ ਵਿੱਚ ਸਹਾਈ ਬਣੀਆਂ ਹਨ । ਹਰ ਪਾਠਕ ਇਸ ਨਾਵਲ ਵਿੱਚੋ ਆਪਣੇ ਲਈ ਕੁਝ ਨਵਾਂ ਤਲਾਸ਼ ਕਰ ਸਕਦਾ ਹੈ।

# ਜ਼ਾਕਿਰ ਹੁਸੈਨ ਦੀਆਂ ਰਗਾਂ ਵਿਚ ਖ਼ੂਨ ਵਾਂਗ ਦੌੜਦਾ ਸੀ ਸੰਗੀਤ

ਜ਼ਾਕਿਰ ਹੁਸੈਨ ਦੇ ਵਿਛੋੜੇ ਨਾਲ ਦੇਸ਼ ਨੇ ਸੰਗੀਤ ਦਾ ਅਜਿਹਾ ਅਨਮੋਲ ਜਾਦੂਗਰ ਗੁਆ ਲਿਆ ਹੈ ਜਿਹੜਾ ਤਬਲੇ 'ਤੇ ਆਪਣੀ ਥਾਪ ਨਾਲ ਜਾਦੂ ਕਰ ਕੇ ਲੋਕਾਂ ਨੂੰ "ਵਾਹ ਉਸਤਾਦ" ਕਹਿਣ 'ਤੇ ਮਜਬੂਰ ਕਰ ਦਿੰਦਾ ਸੀ। ਜ਼ਾਕਿਰ ਹੁਸੈਨ ਭਾਰਤ ਦੀ ਖੁਸ਼ਹਾਲ ਸੰਗੀਤ ਵਿਰਾਸਤ ਦਾ ਗਵਾਹ ਸੀ। ਸੰਗੀਤ ਉਸ ਦੀਆਂ ਰਗਾਂ 'ਚ ਖ਼ੂਨ ਵਾਂਗ ਦੌੜਦਾ ਸੀ।

ਉਨ੍ਹਾਂ ਦੇ ਪਿਤਾ ਉਸਤਾਦ ਅੱਲਾ ਰੱਖਾ ਖਾਨ ਵੀ ਮਸ਼ਹੂਰ ਤਬਲਾਵਾਦਕ ਸਨ। ਇਸ ਤੋਂ ਪਹਿਲਾਂ ਕਿ ਅਜ਼ਾਨ (ਪ੍ਰਾਰਥਨਾ ਦੀ ਪਹਿਲੀ ਪੁਕਾਰ) ਨਵਜੰਮੇ ਬੱਚੇ ਦੇ ਕੰਨਾਂ 'ਚ ਪਹੁੰਚਦੀ, ਅੱਲਾ ਰੱਖਾ ਨੇ ਉਨ੍ਹਾਂ ਨੂੰ ਤਬਲੇ ਦੀ ਥਾਪ ਤੋਂ ਜਾਣੂ ਕਰਾ ਦਿੱਤਾ ਸੀ।

ਜ਼ਾਕਿਰ ਹੁਸੈਨ ਦਾ ਬਚਪਨ ਮੁੰਬਈ 'ਚ ਬੀਤਿਆ। ਸਿਰਫ਼ 11ਸਾਲਾਂ ਦੀ ਉਮਰ 'ਚ ਉਸ ਨੇ ਆਪਣੇ ਖਾਸ ਤਬਲਾ ਹੁਨਰ ਨਾਲ ਸੰਗੀਤ ਦੀ ਦੁਨੀਆ 'ਚ ਆਪਣਾ ਜਾਦੂ ਚਲਾਉਣਾ ਸ਼ੁਰੂ ਕਰ ਦਿੱਤਾ। ਸਮੇਂ ਦੇ ਨਾਲ ਉਨ੍ਹਾਂ ਦੀ ਕਲਾ ਵੀ ਨਿਖਰਦੀ ਗਈ ਤੇ ਕੁਝ ਹੀ ਦਿਨਾਂ 'ਚ ਉਹ ਦੁਨੀਆ ਦੀ ਮਸ਼ਹੂਰ ਹਸਤੀ ਬਣ ਗਿਆ। ਉਸ ਦੀ ਪਹਿਲੀ ਐਲਬਮ, ਲਿਵਿੰਗ ਇਨ ਦ ਮਟੀਰੀਅਲ ਵਰਲਡ, 1973'ਚ ਰਿਲੀਜ਼ ਹੋਈ।

1979 ਤੋਂ 2007 ਤੱਕ ਉਨ੍ਹਾਂ ਨੇ ਕਈ ਕੌਮਾਂਤਰੀ ਸਮਾਗਮਾਂ 'ਚ ਆਪਣੇ ਤਬਲੇ ਦੀ ਥਾਪ ਦਾ ਜਾਦੂ ਵਿਖੇਰਿਆ। ਜ਼ਾਕਿਰ "ਸ਼ਕਤੀ" ਨਾਂ ਦੇ ਬੈਂਡ ਦਾ ਹਿੱਸਾ ਸੀ, ਜਿਸਨੇ ਇਸ ਸਾਲ ਦੇ ਸ਼ੁਰੂ 'ਚ ਗਰੈਮੀ ਐਵਾਰਡ ਜਿੱਤਿਆ ਸੀ। ਇਸ ਬੈਂਡ ਨੇ ਪੂਰਬੀ ਤੇ ਪੱਛਮੀ ਦੁਨੀਆ ਦੇ ਸੰਗੀਤਕਾਰਾਂ ਦੀ ਜੁਗਲਬੰਦੀ ਨਾਲ ਸਾਬਿਤ ਕੀਤਾ ਕਿ ਸੰਗੀਤ ਨੂੰ ਹੱਦਾਂ 'ਚ ਨਹੀਂ ਬੰਨ੍ਹਿਆ ਜਾ ਸਕਦਾ।

ਪਿਛਲੀ ਸਦੀ ਦੇ ਆਖਰੀ ਦਹਾਕੇ ਦੇ ਇਕ ਇਸ਼ਤਿਹਾਰ ਦੀਆਂ ਯਾਦਾਂ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਹਨ, ਜਿਸ ਨੇ "ਵਾਹ ਉਸਤਾਦ" ਨੂੰ ਉਸ ਦੇ ਨਾਮ ਨਾਲ ਪੱਕਾ ਹੀ ਜੋੜ ਦਿੱਤਾ।

## ਤਾਲ ਹੋਈ ਬੇਤਾਲ: ਵਾਹ ਉਸਤਾਦ



"ਮੈਂ ਕਿਵੇਂ ਯਕੀਨ ਕਰ ਸਕਦਾਂ ਕਿ 'ਭਗਵਾਨ' ਏਨੀ ਛੇਤੀ ਬੁਲਾ ਲਿਆ। ਮੈਂ ਇਸ ਬਾਰੇ ਸੋਚ ਵੀ ਨਹੀ ਸਕਦਾ। ਮੈਂ ਇਸ ਬਾਰੇ ਸੋਚ ਨਵੀ ਨਹੀਂ ਸਕਦਾ। ਮੈਨੂੰ ਲੱਗਦਾ ਹੈ ਕਿ ਇਹ ਖ਼ਬਰ ਝੂਠੀ ਹੈ। ਉਸ ਵਿਅਕਤੀ ਨਾਲ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ, ਜਿਹੜਾ ਸਿਰਫ਼ ਤਬਲੇ, ਲੈ ਤੇ ਧੁਨ ਲਈ ਜੀਉਂਦਾ ਸੀ।"

**ਹਰਿਪ੍ਰਸਾਦ ਚੌਰਸੀਆ,**
ਪ੍ਰਸਿੱਧ ਬਾਂਸੁਰੀ ਵਾਦਕ


"ਮੈਂ ਜ਼ਾਕਿਰ ਭਰਾ ਬਾਰੇ ਸੁਣ ਕੇ ਪੂਰੀ ਤਰ੍ਹਾਂ ਟੁੱਟ ਗਿਆ ਹਾਂ। ਉਹ ਅਦਭੁਤ ਵਿਅਕਤੀ ਸਨ। ਉਹ ਅਸ 'ਚ ਦੁਨੀਆ ਦੇ ਸਭ ਤੋਂ ਮਸ਼ਹੂਰ ਸੰਗੀਤਕਾਰਾਂ 'ਚੋਂ ਇਕ ਸਨ। ਉਨ੍ਹਾਂ ਦਾ ਤੁਰ ਜਾਣਾ ਸੰਗੀਤ ਜਗਤ ਨੂੰ ਵੱਡਾ ਘਾਟਾ ਹੈ। ਜਿਹੜਾ ਕਦੀ ਪੂਰਾ ਨਹੀਂ ਹੋ ਸਕਦਾ।"

**ਅਮਜ਼ਦ ਅਲੀ ਖ਼ਾਨ,**
ਮਸ਼ਹੂਰ ਸਰੋਦ ਵਾਦਕ

## ਜ਼ਾਕਿਰ ਹੁਸੈਨ ਦੀ ਜ਼ਿੰਦਗੀ ਨਾਲ ਜੁੜੇ ਕਿੱਸੇ

ਜ਼ਾਕਿਰ ਹੁਸੈਨ ਦੇ ਹੱਥ ਦੀ ਥਾਪ ਜਦੋਂ ਤਬਲੇ 'ਤੇ ਪੈਂਦੀ ਸੀ ਤਾਂ ਸੁਣਨ ਵਾਲੇ ਮਸਤ ਹੋ ਜਾਂਦੇ ਸਨ। ਭਾਰਤੀ ਸੰਗੀਤ ਦਾ ਝੰਡਾ ਪੂਰੀ ਦੁਨੀਆ 'ਚ ਲਹਿਰਾਉਣ ਵਾਲੇ ਜ਼ਾਕਿਰ ਹੁਸੈਨ ਦੀ ਜ਼ਿੰਦਗੀ ਨਾਲ ਜੁੜੇ ਕਈ ਅਹਿਮ ਕਿੱਸੇ ਹਨ, ਜਿਹੜੇ ਉਨ੍ਹਾਂ ਨੂੰ ਮਹਾਨ ਤਬਲਾ ਵਾਦਕ ਬਣਾਉਣ 'ਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਇਕ ਵਾਰੀ ਉਨ੍ਹਾਂ ਦੇ ਨਾਂ ਦੇ ਕਾਰਨ ਉਨ੍ਹਾਂ ਨੂੰ ਸਾਨ ਫ੍ਰਾਂਸਿਸਕੋ ਏਅਰਪੋਰਟ 'ਤੇ ਇਮੀਗਰੇਸ਼ਨ ਡਿਪਾਰਟਮੈਂਟ ਨੇ ਰੋਕਿਆ ਸੀ। ਉਨ੍ਹਾਂ ਦੀ ਪਤਨੀ ਨੂੰ ਜਾਣ ਲਈ ਕਿਹਾ ਗਿਆ, ਪਰ ਉਨ੍ਹਾਂ ਕਿਹਾ ਕਿ ਉਹ ਆਪਣੇ ਪਤੀ ਨਾਲ ਹੀ ਰੁਕਣਗੇ। ਉਨ੍ਹਾਂ ਨੂੰ ਸਵਾਲ ਪੁੱਛੇ ਗਏ ਕਿ ਤੁਸੀਂ ਕੀ ਕਰਦੇ ਹੋ? ਕੀ ਤੁਸੀਂ ਪੰਡਤ ਰਵੀਸ਼ੰਕਰ ਨੂੰ ਜਾਣਦੇ ਹੋ? ਜ਼ਾਕਿਰ ਨੇ ਕਿਹਾ ਕਿ ਹਾਂ, ਮੈਂ ਜਾਣਦਾ ਹਾਂ, ਉਹ ਸਿਤਾਰ ਵਾਦਕ ਹਨ। ਫਿਰ ਉਨ੍ਹਾਂ ਨੇ ਪੁੱਛਿਆ ਕਿ ਪੰਡਤ ਰਵੀਸ਼ੰਕਰ ਦੇ ਬਾਅਦ ਭਾਰਤ ਦਾ ਕਿਹੜਾ ਮਿਊਜ਼ੀਸ਼ੀਅਨ ਨੰਬਰ ਦੋ 'ਤੇ ਹੈ। ਇਸ ਸਵਾਲ 'ਤੇ ਜ਼ਾਕਿਰ ਦੀ ਪਤਨੀ ਨੇ ਕਿਹਾ ਕਿ ਉਹ ਜ਼ਾਕਿਰ ਹੀ ਹਨ, ਗੂਗਲ ਕਰਕੇ ਦੇਖ ਲਓ। ਇਮੀਗ੍ਰੇਸ਼ਨ ਅਧਿਕਾਰੀ ਦੰਗ ਰਹਿ ਗਏ ਕਿ ਉਹ ਕਿਸਨੂੰ ਰੋਕ ਰਹੇ ਸਨ।

ਜ਼ਾਕਿਰ 'ਤੇ ਪੰਡਤ ਰਵੀਸ਼ੰਕਰ ਦਾ ਕਾਫ਼ੀ ਪ੍ਰਭਾਵ ਰਿਹਾ ਹੈ। ਜ਼ਾਕਿਰ ਹਮੇਸ਼ਾ ਕਹਿੰਦੇ ਸਨ ਕਿ ਗੁਰੂਆਂ ਨਾਲ ਰਹਿ ਕੇ ਸਿੱਖਣਾ ਅਹਿਮ ਹੈ। ਇਕ ਵਾਰੀ ਉਨ੍ਹਾਂ ਨੇ ਇਕ ਸਟੇਜ ਸ਼ੋਅ ਦੌਰਾਨ ਕਿਹਾ ਸੀ ਕਿ ਚੇਲੇ ਨੂੰ ਕੰਧ 'ਤੇ ਚਿਪਕੀ ਉਸ ਮੱਖੀ ਵਾਂਗ ਹੋਣਾ ਚਾਹੀਦਾ ਹੈ ਜਿਹੜੀ ਹਮੇਸ਼ਾ ਆਪਣੇ ਗੁਰੂਆਂ ਨਾਲ ਰਹੇ। ਉਨ੍ਹਾਂ ਦੀ ਇਕ-ਇਕ ਚੀਜ਼ ਨੋਟ ਕਰੇ। ਮੈਂ ਆਪਣੇ ਪਿਤਾ ਉਸਤਾਦ ਅੱਲਾ ਰੱਖਾ ਨੂੰ ਦੇਖ ਕੇ ਸਿੱਖਿਆ ਹੈ ਕਿ ਉਹ ਕਿਵੇਂ ਮਿਊਜ਼ੀਸ਼ੀਅਨਜ਼ ਦੇ ਨਾਲ ਕੰਮ ਕਰਦੇ ਸਨ। ਮੈਂ ਉਸ ਸਮੇਂ ਸਿਰਫ਼ ਪੰਜ-ਸੱਤ ਸਾਲ ਦਾ ਸੀ।



ਉਨ੍ਹਾਂ ਕੋਲ ਬੈਠਦਾ ਸੀ। ਮੇਰੀ ਗੋਦ 'ਚ ਵੀ ਐਕਸਟ੍ਰਾ ਤਬਲਾ ਹੁੰਦਾ ਸੀ। ਪਹਿਲੀ ਵਾਰੀ ਜਦੋਂ ਪੰਡਤ ਰਵੀਸ਼ੰਕਰ ਨਾਲ ਤਬਲਾ ਵਜਾਇਆ ਸੀ ਤਾਂ ਮੈਂ ਸਿਰਫ਼ 15 ਸਾਲ ਦਾ ਸੀ। ਮੈਂ ਉਨ੍ਹਾਂ ਨੂੰ ਆਪਣੇ ਪਿਤਾ ਨਾਲ ਕਈ ਵਾਰੀ ਸਿਤਾਰ ਵਜਾਉਂਦਿਆਂ ਦੇਖਿਆ ਸੀ। ਮੈਂ ਉਨ੍ਹਾਂ ਨਾਲ ਚਾਰ-ਪੰਜ ਕੰਸਰਟ ਕੀਤੇ ਸਨ। ਇਕ ਵਾਰੀ ਪਲੇਨ 'ਚ ਉਨ੍ਹਾਂ ਨੇ ਮੈਨੂੰ ਦੇਖ ਕੇ ਕਿਹਾ ਕਿ ਤੁਸੀਂ ਇਹ ਨਾ ਸੋਚੋ ਕਿ ਜਿਵੇਂ ਮੈਂ ਤੁਹਾਡੇ ਪਿਤਾ ਨਾਲ ਵਜਾ ਰਿਹਾ ਸੀ, ਉਸ ਤਰ੍ਹਾਂ ਤੁਹਾਡੇ ਨਾਲ ਵੀ ਵਜਾਵਾਂਗਾ। ਮੈਂ ਤੁਹਾਡੇ ਨਾਲ ਕਲੀਨ ਸਲੇਟ ਨਾਲ ਵਜਾਵਾਂਗਾ।ਆਪਾਂ ਆਪਣੀ ਨਵੀਂ ਕਹਾਣੀ ਬਣਾਉਣੀ ਹੈ, ਜਿਹੜੀ ਅਸੀਂ ਸੰਗੀਤ ਨਾਲ ਬਣਾਵਾਂਗੇ।

## ਜ਼ਾਕਿਰ ਹੁਸੈਨ ਨੂੰ ਪੰਡਿਤ ਰਵੀਸ਼ੰਕਰ ਨੇ ਪਹਿਲੀ ਵਾਰ ਉਸਤਾਦ ਕਿਹਾ ਸੀ...

ਜ਼ਾਕਿਰ ਹੁਸੈਨ ਦਾ ਜਨਮ 9 ਮਾਰਚ 1951 ਨੂੰ ਮਹਾਰਾਸ਼ਟਰ ਚ ਉਸਤਾਦ ਅੱਲਾ ਰੱਖਾ ਤੇ ਬਾਵੀ ਬੇਗਮ ਦੇ ਘਰ ਹੋਇਆ। ਜ਼ਾਕਿਰ ਦਾ ਬਚਪਨ ਆਪਣੇ ਪਿਤਾ ਦੇ ਤਬਲੇ ਦੀ ਧੜਕਨ ਸੁਣਦਿਆਂ ਬੀਤਿਆ ਤੇ ਤਿੰਨ ਸਾਲ ਦੀ ਉਮਰ ਚ ਜ਼ਾਕਿਰ ਨੂੰ ਤਬਲਾ ਵੀ ਦੇ ਦਿੱਤਾ ਗਿਆ ਸੀ। ਆਪਣੇ ਪਿਤਾ ਅਤੇ ਪਹਿਲੇ ਗੁਰੂ ਉਸਤਾਦ ਅੱਲਾ ਰੱਖਾ ਤੋਂ ਇਲਾਵਾ ਜ਼ਾਕਿਰ ਨੇ ਉਸਤਾਦ ਲਤੀਫ ਅਹਿਮਦ ਖਾਨ ਅਤੇ ਉਸਤਾਦ ਵਲਾਇਤ ਹੁਸੈਨ ਖਾਨ ਤੋਂ ਵੀ ਤਬਲੇ ਦੀ ਸਿੱਖਿਆ ਲਈ ਸੀ। ਜ਼ਾਕਿਰ ਨੇ ਆਪਣਾ ਪਹਿਲਾ ਪ੍ਰੋਫੈਸ਼ਨਲ ਸ਼ੋਅ 11 ਸਾਲ ਦੀ ਉਮਰ ਵਿੱਚ ਕੀਤਾ ਸੀ। ਜਿਸ ਲਈ ਉਸਨੂੰ ਸੌ ਰੁਪਏ ਮਿਲੇ ਸਨ। ਸਾਲ 2010 ਚ ਉਸਤਾਦ ਅੱਲਾ ਰੱਖਾ ਇੰਸਟੀਚਿਊਟ ਆਫ ਮਿਊਜ਼ਿਕ ਵੱਲੋਂ ਜ਼ਾਕਿਰ ਹੁਸੈਨ ਨੂੰ ਪੰਜਾਬ ਘਰਾਣੇ ਚ ਤਬਲਾ ਵਾਦਨ ਦੇ ਮਹਾਨ ਗੁਰੂ ਹੋਣ ਦਾ ਖਿਤਾਬ ਦਿੱਤਾ ਗਿਆ ਸੀ। ਜ਼ਾਕਿਰ ਹੁਸੈਨ ਨੇ ਆਪਣੇ ਮਰਹੂਮ ਪਿਤਾ ਉਸਤਾਦ ਅੱਲਾ ਰੱਖਾ ਤੋਂ ਪੰਜਾਬ ਘਰਾਣੇ ਦੀ ਸਿਖਰ ਅਥਾਰਟੀ ਵਜੋਂ ਅਹੁਦਾ ਸੰਭਾਲਿਆ। ਉਸਤਾਦ ਅੱਲਾ ਰੱਖਾ ਇੰਸਟੀਚਿਊਟ ਆਫ ਮਿਊਜ਼ਿਕ ਨੇ ਜ਼ਾਕਿਰ ਹੁਸੈਨ ਨੂੰ ਪੰਜਾਬ ਘਰਾਣੇ ਦਾ ਗੁਰੂ ਬਣਾਇਆ। ਭਾਰਤ ਵਿਚ ਪੰਜਾਬ ਘਰਾਣੇ ਚ ਹੁਣ ਅੱਲਾ ਰੱਖਾ ਤੇ ਜ਼ਾਕਿਰ ਹੁਸੈਨ ਦੀ ਵੰਸ਼ ਦਾ ਦਬਦਬਾ ਹੈ ਜੋ ਕਿ ਹੋਰ ਪੰਜਾਬ ਵੰਸ਼ਾਂ ਤੋਂ ਵੱਖਰਾ ਹੈ। ਜ਼ਾਕਿਰ ਹੁਸੈਨ ਦਾ ਜੈਪੁਰ ਦੇ ਪਦਮ ਭੂਸ਼ਣ ਤੇ ਗ੍ਰਾਮੀ ਪੁਰਸਕਾਰ ਜੇਤੂ ਵੀਣਾਵਾਦਕ ਵਿਸ਼ਵਮੋਹਣ ਭੱਟ ਨਾਲ ਡੂੰਘਾ ਪਿਆਰ ਸੀ। ਇਹੀ ਕਾਰਨ ਹੈ ਕਿ ਇੱਕ ਵਾਰ ਉਹ ਜੈਪੁਰ ਆਏ ਤਾਂ ਵਿਸ਼ਵਮੋਹਣ ਭੱਟ ਨਾਲ ਸਕੂਟਰ ਤੇ ਬੈਠ ਕੇ ਉਹਨਾਂ ਦੇ ਘਰ ਗਏ ਸਨ। ਉਹਨਾਂ ਜ਼ਾਕਿਰ ਹੁਸੈਨ ਨਾਲ ਆਪਣੀਆਂ ਯਾਦਾਂ ਅਤੇ ਅਨੁਭਵ ਪੱਤਰਕਾਰਾਂ ਨਾਲ ਸਾਂਝੇ ਕੀਤੇ। ਪੰਡਿਤ ਵਿਸ਼ਵ ਮੋਹਣ ਭੱਟ ਨੇ ਕਿਹਾ ਕਿ ਅਸੀਂ ਕਈ ਵਾਰ ਇਕੱਠੇ ਪ੍ਰਦਰਸ਼ਨ ਕੀਤਾ ਹੈ। ਇੱਕ ਵਾਰ ਚੇਨਈ ਚ ਪ੍ਰੋਗਰਾਮ ਦੌਰਾਨ ਉਸਤਾਦ ਜ਼ਾਕਿਰ ਹੁਸੈਨ ਆਪਣੇ ਦੋਵਾਂ ਹੱਥਾਂ ਨਾਲ ਤਬਲਾ ਚੁੱਕ ਕੇ ਲਿਆਏ ਸਨ। ਉਹਨਾਂ ਕਿਹਾ ਕਿ ਅਸੀਂ ਕਦੇ ਕਿਸੇ ਹੋਰ ਨੂੰ ਉਹਨਾਂ ਦਾ ਤਬਲਾ ਚੁੱਕਦਿਆਂ ਨਹੀਂ ਵੇਖਿਆ। ਇਹੀ ਇੱਕ ਮਹਾਨ ਕਲਾਕਾਰ ਦੀ ਨਿਸ਼ਾਨੀ ਹੈ। ਪੰਡਿਤ ਵਿਸ਼ਵਮੋਹਣ ਭੱਟ ਨੇ ਕਿਹਾ ਕਿ ਉਸਤਾਦ ਜ਼ਾਕਿਰ ਹੁਸੈਨ ਨੂੰ ਤਬਲੇ ਨੂੰ ਆਮ ਆਦਮੀ ਤੱਕ ਪਹੁੰਚਾਉਣ ਦਾ ਸਿਹਰਾ ਜਾਂਦਾ ਹੈ। ਉਹਨਾਂ ਇਸ ਸਾਜ਼ ਨੂੰ ਏਨਾ ਸਰਲ ਬਣਾਇਆ ਕਿ ਘੋੜੇ ਦੀ ਥਾਪ, ਸ਼ੰਕਰ ਭਗਵਾਨ ਦਾ ਡਮਰੂ ਤੇ ਮੰਦਰ ਦੀ ਘੰਟੀ ਇਹਨਾਂ ਦੇ ਤਬਲੇ ਨਾਲ ਸੁਣੀ ਜਾ ਸਕਦੀ ਸੀ । ਉਹ ਇੱਕ ਅਸਲੀ ਮਨੋਰੰਜਕ ਸੀ ।ਸੰਗੀਤ ਸ਼ਾਸਤਰ ਦੇ ਵਿਗਿਆਨ ਨੂੰ ਲੋਕਾਂ ਨੂੰ ਆਸਾਨੀ ਨਾਲ ਸਮਝਾਉਣਾ ਉਹਨਾਂ ਦੀ ਵਿਸ਼ੇਸ਼ਤਾ ਸੀ। ਪੰਡਿਤ ਬਿਰਜੂ ਮਹਾਰਾਜ ਨੇ ਵੀ ਕਥਕ ਨਾਲ ਅਜਿਹਾ ਹੀ ਕੀਤਾ ਸੀ। ਉਹਨਾਂ ਜਦੋਂ ਤੱਕ ਸ਼ਾਸਤਰੀ ਸੰਗੀਤ ਚ ਮੁਹਾਰਤ ਹਾਸਿਲ ਕੀਤੀ, ਤਾਂ ਉਹਨਾਂ ਸਮਕਾਲੀ ਵਿਸ਼ਵ ਸੰਗੀਤ ਅਰਥਾਤ ਪੱਛਮ ਅਤੇ ਪੂਰਬ ਦੇ ਸੰਗੀਤ ਨੂੰ ਇਕੱਠੇ ਕਰਨ ਵਿੱਚ ਵੀ ਸਫਲਤਾ ਪ੍ਰਾਪਤ ਕੀਤੀ। ਛੋਟੀ ਉਮਰ ਵਿੱਚ ਹੀ ਇੱਕ ਅੰਤਰਰਾਸ਼ਟਰੀ ਕਲਾਕਾਰ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ ਅਤੇ ਉਹਨਾਂ ਮਿਕੀ ਹਾਰਟ,ਜੋਹਨ ਮਿਕਲਾਫਲਿਨ ਵਰਗੇ ਕਲਾਕਾਰਾਂ ਨਾਲ ਫਿਊਜ਼ਨ ਸੰਗੀਤ ਬਣਾਉਂਦੇ ਹੋਏ ਆਪਣਾ ਬੈਂਡ "ਸ਼ਕਤੀ" ਵੀ ਸ਼ੁਰੂ ਕੀਤਾ ਸੀ। ਫਿਊਜ਼ਨ ਮਿਊਜ਼ਿਕ ਬਣਾਉਣ ਤੋਂ ਬਾਅਦ ਵੀ ਉਹਨਾਂ ਕਦੇ ਤਬਲਾ ਨਹੀਂ ਛੱਡਿਆ, ਕਿਉਂਕਿ ਉਹਨਾਂ ਮੁਤਾਬਕ ਤਬਲਾ ਬਚਪਨ ਤੋਂ ਹੀ ਉਹਨਾਂ ਦਾ ਦੋਸਤ ਅਤੇ ਉਹਨਾਂ ਦੇ ਭਰਾ ਵਾਂਗ ਸੀ। ਸਿਨੇਮੇ ਦੀ ਦੁਨੀਆਂ ਚ ਉਸਤਾਦ ਜ਼ਾਕਿਰ ਹੁਸੈਨ ਦਾ ਯੋਗਦਾਨ ਵੀ ਮਹੱਤਵਪੂਰਨ ਹੈ। ਉਸਤਾਦ ਨੇ "ਬਾਬਰਚੀ" "ਸੱਤਿਅਮ ਸ਼ਿਵਮ ਸੁੰਦਰਮ" "ਹੀਰ ਰਾਂਝਾ" ਤੇ "ਸਾਜ਼" ਵਰਗੀਆਂ ਫਿਲਮਾਂ ਚ ਸੰਗੀਤ ਦੀ ਮੁੱਖ ਭੂਮਿਕਾ ਨਿਭਾਈ ਸੀ। "ਸਿਰਫ਼" "ਲਿਟਲ ਬੁੱਧਾ" ਤੇ "ਸਾਜ਼" ਵਰਗੀਆਂ ਫਿਲਮਾਂ ਚ ਵੀ ਕੰਮ ਕੀਤਾ ਸੀ। ਜ਼ਾਕਿਰ ਹੁਸੈਨ ਨੂੰ ਸਭ ਤੋਂ ਛੋਟੀ ਉਮਰ 37 ਸਾਲ ਦੀ ਉਮਰ ਚ 1988 ਚ ਪਦਮਸ਼੍ਰੀ ਸਨਮਾਨ ਮਿਲਿਆ ਸੀ। ਜਦੋਂ ਹੁਸੈਨ ਨੂੰ ਪਦਮਸ਼੍ਰੀ ਮਿਲਿਆ ਤਾਂ ਉਹਨਾਂ ਦੇ ਗੁਰੂ ਤੇ ਪਿਤਾ ਉਸਤਾਦ ਅੱਲਾ ਰੱਖਾ ਨੇ ਉਹਨਾਂ ਨੂੰ ਖੁਸ਼ੀ ਚ ਹਾਰ ਪਹਿਨਾਇਆ ਸੀ। ਇੱਕ ਵਿਦਿਆਰਥੀ ਅਤੇ ਸਪੁੱਤਰ ਲਈ ਇਸ ਤੋਂ ਵਧੀਆ ਅਤੇ ਯਾਦਗਾਰੀ ਪਲ ਕੀ ਹੋ ਸਕਦਾ ਹੈ? ਸਿਤਾਰ ਵਾਦਕ ਪੰਡਿਤ ਰਵੀਸ਼ੰਕਰ ਨੇ ਪਹਿਲੀ ਵਾਰ ਜ਼ਾਕਿਰ ਹੁਸੈਨ ਨੂੰ "ਉਸਤਾਦ" ਕਹਿ ਕੇ ਸੰਬੋਧਨ ਕੀਤਾ ਸੀ। ਇਸ ਤੋਂ ਬਾਅਦ ਇਹ ਸਿਲਸਿਲਾ ਕਦੇ ਨਹੀਂ ਰੁਕਿਆ "ਵਾਹ ਉਸਤਾਦ"!

### ਰਾਸ਼ਟਰਪਤੀ ਵਲੋਂ ਦੁੱਖ ਦਾ ਪ੍ਰਗਟਾਵਾ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ "ਉਸਤਾਦ ਜ਼ਾਕਿਰ ਹੁਸੈਨ ਦਾ ਦਿਹਾਂਤ ਸੰਗੀਤ ਦੀ ਦੁਨੀਆ ਲਈ ਇਕ ਵੱਡਾ ਘਾਟਾ ਹੈ। ਉਹ ਆਪਣੀ ਅਸਾਧਾਰਨ ਰਚਨਾਤਮਕਤਾ ਲਈ ਜਾਣੇ ਜਾਂਦੇ ਸਨ । ਉਹ ਭਾਰਤ ਤੇ ਪੱਛਮ ਦੀਆਂ ਸੰਗੀਤਕ ਪਰੰਪਰਾਵਾਂ ਵਿਚਕਾਰ ਇਕ ਪੁਲ ਸਨ।"







# ਸਮੂਹ ਸ਼ਹੀਦਾਂ ਨੂੰ ਸਮਰਪਿਤ



## ਸਹਿਜ ਪਾਠਾਂ ਦੇ ਭੋਗ ਅਤੇ ਮਹਾਨ ਕੀਰਤਨ ਦਰਬਾਰ

**25 ਦਸੰਬਰ 2024, ਦਿਨ ਬੁੱਧਵਾਰ, ਸਮਾਂ: ਸਵੇਰੇ 10:00 ਵਜੇ**



ਸਿੱਖ ਇਤਿਹਾਸ ਵਿੱਚ ਦਸੰਬਰ ਦਾ ਮਹੀਨਾ ਸ਼ਹੀਦੀਆਂ ਨਾਲ ਭਰਿਆ ਹੋਇਆ ਹੈ। ਦਸੰਬਰ ਦੇ ਮਹੀਨੇ ਵਿੱਚ ਹੀ ਚਾਰ ਸਾਹਿਬਜ਼ਾਦੇ ਅਤੇ ਅਨੇਕ ਸਿੰਘ ਸਿੰਘਣੀਆਂ ਸ਼ਹੀਦ ਹੋਏ ਸਨ। ਮਾਤਾ ਗੁਜਰ ਕੋਰ, ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆ ਗੁਰਦੁਆਰਾ ਸੰਤ ਸਾਗਰ ਵਿਖੇ 25 ਦਸੰਬਰ ਨੂੰ ਸਵੇਰੇ ਠੀਕ 10:00 ਵਜੇ ਪ੍ਰੇਮੀਆਂ ਵਲੋ ਘਰੋਂ ਘਰੀ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਉਪਰੰਤ ਦੁਪਿਹਰ 2 ਵਜੇ ਤਕ ਵਿਸ਼ੇਸ਼ ਮਹਾਨ ਕੀਰਤਨ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਜਸਬੀਰ ਸਿੰਘ ਜੀ ਖੁਸ਼ਦਿਲ, ਰਾਗੀ ਜਥੇ ਭਾਈ ਰਾਏ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬੱਲ੍ਹੜਵਾਲ, ਭਾਈ ਸੁਖਜਿੰਦਰ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਬਚਨ ਸਿੰਘ ਜੀ ਗੰਗਾਨਗਰ ਵਾਲੇ, ਭਾਈ ਅਮਰੀਕ ਸਿੰਘ ਗੁਰਦਾਸਪੁਰੀ ਗੁਰਬਾਣੀ ਕੀਰਤਨ ਨਾਲ ਅਤੇ ਭਾਈ ਮੋਹਨ ਸਿੰਘ ਜੀ ਬਡਾਨਾ ਦਾ ਜਥਾ ਢਾਡੀ ਵਾਰਾਂ ਨਾਲ ਸੰਗਤ ਨੂੰ ਗੁਰੂ ਚਰਣਾਂ ਨਾਲ ਜੋੜਣਗੇ। ਆਪ ਅੱਗੇ ਬੇਨਤੀ ਹੈ ਕਿ ਜਿੱਥੇ ਤੁਸੀਂ ਆਪ ਆਉਣਾ ਹੈ ਉਥੇ ਆਪ ਜੀ ਨੇ ਹੋਰਨਾ ਨੂੰ ਵੀ ਪਰੇਰ ਕੇ ਗੁਰੂ ਘਰ ਲਿਆਉਣਾ ਹੈ। ਅਪਣਾ ਯੋਗਦਾਨ ਪਾ ਕੇ ਇਸ ਉਲੀਕੇ ਗਏ ਪ੍ਰੋਗਰਾਮ ਨੂੰ ਸਫਲ ਬਣਾਓ ਜੀ।











GURDWARA
SANT SAGAR

242-25 Braddock Ave.
Bellerose NY 11426.
718-343-1030